PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

10th - 17th July 2025 • Issue No. 3088 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

## ਬਾਰਕਿੰਗ ਟੂਰਨਾਮੈਂਟ ਤੇ ਟੈਲਫੋਰਡ ਦੀ ਟੀਮ ਨੇ ਜਿੱਤਿਆ ਕੱਪ, ਈਰਥ ਵੂਲਿਚ-ਸਾਊਥਾਲ ਦੀ ਟੀਮ ਉੱਪ ਜੇਤੂ ਰਹੀ

### ਖੁਸ਼ੀ ਦੁੱਗਾ ਤੇ ਬੂਰੀਆ ਸਰਵੋਤਮ ਖਿਡਾਰੀ - ਅਮਰੀਕ ਸਿੰਘ ਬੋਪਾਰਾਏ ਅਤੇ ਜਰਨੈਲ ਸਿੰਘ ਜੈਲਾ ਦਾ ਗੋਲਡ ਮੈਡਲਾਂ ਨਾਲ ਸਨਮਾਨ








ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਤੇ ਹੋਰ ਤਸਵੀਰਾਂ ਅੰਦਰ ਦੇਖੋ:



## ਚੋਟੀ ਦੇ ਕਬੱਡੀ ਖਿਡਾਰੀ ਸ਼ੰਕਰੀਏ ਘੁੱਗੇ ਦਾ ਕੈਨੇਡਾ ਵਿੱਚ ਦੇਹਾਂਤ





ਪਿੰਡ ਸ਼ੰਕਰ ਦੇ ਜੰਮਪਲ ਹਰਮਿੰਦਰ ਸਿੰਘ ਘੁੱਗਾ ਆਪਣੇ ਸਮੇਂ ਦੇ ਉੱਘੇ ਕਬੱਡੀ ਖਿਡਾਰੀਆਂ ਵਿੱਚੋਂ ਇੱਕ ਸਨ। ਉਹ ਘੁੱਗਾ ਸ਼ੰਕਰੀਆ ਦੇ ਨਾਂ ਨਾਲ ਮਸ਼ਹੂਰ ਹੋਏ। ਬੀਤੇ ਦਿਨੀਂ ਉਹਨਾਂ ਨੂੰ ਦਿਲ ਦਾ ਦੌਰਾ ਪੈਣ ਨਾਲ 70 ਸਾਲ ਦੀ ਉਮਰ ਵਿੱਚ ਕੈਨੇਡਾ 'ਚ ਉਹਨਾਂ ਦਾ ਦੇਹਾਂਤ ਹੋ ਗਿਆ। ਉਹ ਸ: ਰਾਜਿੰਦਰ ਸਿੰਘ ਪੁਰੇਵਾਲ ਦੇ ਹਮ-ਜਮਾਤੀ ਸਨ ਤੇ ਉਹਨਾਂ ਦੇ ਨਾਲ ਪਹਿਲਾਂ ਪਿੰਡ ਸ਼ੰਕਰ ਦੇ ਸਕੂਲ ਵਿੱਚ ਪੜ੍ਹੇ, ਹਾਈ ਸਕੂਲ ਵੀ ਇਕੱਠਿਆਂ ਕੀਤਾ ਅਤੇ ਫਿਰ ਖਾਲਸਾ ਕਾਲਜ ਜਲੰਧਰ ਵਿੱਚ ਪੜ੍ਹਨ ਉਪਰੰਤ ਨਕੋਦਰ ਕਾਲਜ ਵਿੱਚ ਚਲੇ ਗਏ। ਘੁੱਗਾ ਸ਼ੰਕਰੀਆ ਤਕੜਾ ਜਾਫ਼ੀ ਸੀ ਅਤੇ ਉਹ ਵੱਡੇ-ਵੱਡੇ ਕਬੱਡੀ ਧਾਵੀਆਂ ਨੂੰ ਰੋਕਣ ਦੀ ਸਮਰੱਥਾ ਰੱਖਦਾ ਸੀ। ਘੁੱਗੇ ਨੇ ਪੰਜਾਬ ਪੱਧਰ ਦੀ ਕਬੱਡੀ ਵਿੱਚ ਵੀ ਚੰਗਾ ਨਾਮ ਕਮਾਇਆ। ਉਹਨਾਂ ਦੇ ਦੇਹਾਂਤ ਤੇ ਸ: ਰਾਜਿੰਦਰ ਸਿੰਘ ਪੁਰੇਵਾਲ, ਮੋਹਣ ਸਿੰਘ ਜੌਹਲ, ਹਰਬੰਸ ਸਿੰਘ ਬੰਸਾ ਅਤੇ ਕੌਂਸਲਰ ਬਲਵੀਰ ਸਿੰਘ ਸੰਧੂ ਰੁੜਕਾ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਹਨਾਂ ਦੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਉਹਨਾਂ ਕਿਹਾ ਹਰਮਿੰਦਰ ਸਿੰਘ ਉਰਫ ਘੁੱਗਾ ਸ਼ੰਕਰੀਆ ਨੇ ਹਮੇਸ਼ਾ ਸਾਫ਼ ਸੁੱਥਰੀ ਕਬੱਡੀ ਖੇਡੀ। ਅੱਜ ਦੇ ਖਿਡਾਰੀਆਂ ਨੂੰ ਵੀ ਉਹਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਦਸ-ਬਾਰਾਂ ਸਾਲ ਪਹਿਲਾਂ ਉਹ ਯੂ ਕੇ ਆਏ ਸਨ ਤਾਂ ਡਰਬੀ ਵਿਖੇ ਉਹਨਾਂ ਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ ਸੀ। ਉਸ ਸਮੇਂ ਦੀਆਂ ਹੋਰ ਤਸਵੀਰਾਂ ਆਉਂਦੇ ਅੰਕਾਂ ਵਿੱਚ ਛਾਪਣ ਦੀ ਕੋਸ਼ਿਸ਼ ਕਰਾਂਗੇ। ਸਿੱਖ ਚੈਨਲ ਵੱਲੋਂ ਉਹਨਾਂ ਨਾਲ ਵਿਸ਼ੇਸ਼ ਮੁਲਾਕਾਤ ਵੀ ਪ੍ਰਸਾਰਤ ਕੀਤੀ ਗਈ ਸੀ। ਉੱਪਰ ਗੋਲ ਦਾਇਰੇ ਵਾਲੀ ਤਸਵੀਰ ਵਿੱਚ ਆਪਣੀ ਕਬੱਡੀ ਟੀਮ (1974) ਦੇ ਨਾਲ ਘੁੱਗਾ ਸ਼ੰਕਰ ਨਜ਼ਰ ਆ ਰਿਹਾ ਹੈ।

## ਜਰਨੈਲ ਸਿੰਘ ਜੈਲਾ ਦਾ ਬਾਰਕਿੰਗ ਕਬੱਡੀ ਕਲੱਬ ਵੱਲੋਂ ਗੋਲਡ ਮੈਡਲ ਨਾਲ ਸਨਮਾਨ ਕਰਨ 'ਤੇ ਮਾਣਕ ਭਰਾਵਾਂ ਵੱਲੋਂ ਜੈਲੇ ਨੂੰ ਵਧਾਈ ਤੇ ਬਾਰਕਿੰਗ ਕਲੱਬ ਦਾ ਧੰਨਵਾਦ



# ਬਾਰਕਿੰਗ ਕਬੱਡੀ ਟੂਰਨਾਮੈਂਟ 'ਤੇ ਕਿਣਮਿਣ-ਕਿਣਮਿਣ ਦੇ ਬਾਵਜੂਦ ਖਿਡਾਰੀਆਂ ਦੇ ਨਾਲ ਨਾਲ ਦਰਸ਼ਕਾਂ ਦਾ ਵੀ ਚੋਇਆ ਮੁੜ੍ਹਕਾ

## ਫਸਵੇਂ ਮੈਚਾਂ 'ਚੋਂ ਟੈਲਫੋਰਡ ਜੇਤੂ 'ਤੇ ਈਰਥ ਵੂਲਿਚ ਸਾਊਥਾਲ ਰਨਰ ਅੱਪ ਰਹੀ – ਖੁਸ਼ੀ ਦੁੱਗਾ ਤੇ ਬੂਰੀਆ ਸਰਵੋਤਮ ਖਿਡਾਰੀ ਬਣੇ

### ਅਮਰੀਕ ਸਿੰਘ ਬੋਪਾਰਾਏ ਅਤੇ ਜਰਨੈਲ ਸਿੰਘ ਜ਼ੈਲਾ ਦਾ ਪਿੰਦਰ ਭਲਵਾਨ, ਰਾਣਾ ਪੱਡਾ, ਰਾਜਵਿੰਦਰ ਖਹਿਰਾ ਅਤੇ ਦਿਲਬਾਗ ਸਿੰਘ ਰੰਧਾਵਾ ਵੱਲੋਂ ਸੋਨੇ ਦੇ ਤਗਮਿਆਂ ਨਾਲ ਸਨਮਾਨ



ਜਾਰੀ ਕਰਤਾ:- ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ, ਬਾਰਕਿੰਗ ਅਤੇ ਸੈਵਨ ਕਿੰਗਜ਼

ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ

# ਕੇਜਰੀਵਾਲ ਦੀ ਪੰਜਾਬ ਸਰਕਾਰ ’ਤੇ ਪਕੜ ਮਜ਼ਬੂਤ

## ✪ ਭਗਵੰਤ ਮਾਨ ਦੀ ਸਿਆਸੀ ਹੋਂਦ ’ਤੇ ਸਵਾਲ ਖੜੇ ਹੋਏ ✪ ਕੁਲਦੀਪ ਧਾਲੀਵਾਲ ਦੀ ਮੰਤਰੀ ਅਹੁਦੇ ਤੋਂ ਛੁੱਟੀ, ਸੰਜੀਵ ਅਰੋੜਾ ਨੂੰ ਮਿਲੀ ਵੱਡੀ ਜ਼ਿੰਮੇਵਾਰੀ ✪ ਆਪ ਹਾਈਕਮਾਨ ਦੀ 2027 ਦੀ ਤਿਆਰੀ, ਖ਼ੁਫ਼ੀਆ ਵਿਭਾਗ ਰਾਹੀਂ ਆਗੂਆਂ ਦੀ ਜਾਣਕਾਰੀ ਇਕੱਤਰ ✪ ਕਿਸਾਨਾਂ ਦਾ ਲੈਂਡ ਪੂਲਿੰਗ ਨੀਤੀ ਵਿਰੁੱਧ ਵਿਰੋਧ, ਸੁਪਰੀਮ ਕੋਰਟ ਜਾਣ ਦਾ ਐਲਾਨ




## ਕੀ ਕਿਸਾਨਾਂ ਦਾ ਵਿਰੋਧ ਆਪ ਦਾ ਨੁਕਸਾਨ ਕਰੇਗਾ

### ✪ ਵਿਧਾਇਕ ਪ੍ਰਗਟ ਸਿੰਘ ਨੇ ਪੰਜਾਬ ਦੀ 50 ਹਜ਼ਾਰ ਏਕੜ ਜ਼ਮੀਨ ਨੂੰ ਕਾਰਪੋਰੇਟ ਘਰਾਨਿਆਂ ਨੂੰ ਵੇਚਣ ਦੀ ਸਾਜ਼ਿਸ਼ ਕਰਾਰ ਦਿੱਤਾ

ਆਮ ਆਦਮੀ ਪਾਰਟੀ ਦੀ ਲੈਂਡ ਪੂਲਿੰਗ ਨੀਤੀ ਨੇ ਪੰਜਾਬ ਦੇ ਕਿਸਾਨਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਜਲੰਧਰ ਦੇ ਛਾਉਣੀ ਖੇਤਰ ਦੇ ਕੁੱਕੜ ਪਿੰਡ ਵਿੱਚ ਕਿਸਾਨਾਂ ਨੇ ਇਸ ਨੀਤੀ ਦੇ ਵਿਰੋਧ ਵਿੱਚ ਮੀਟਿੰਗ ਕੀਤੀ ਅਤੇ ਸੁਪਰੀਮ ਕੋਰਟ ਵਿੱਚ ਜਾਣ ਦਾ ਐਲਾਨ ਕੀਤਾ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਪਰਗਟ ਸਿੰਘ ਅਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕਿਸਾਨਾਂ ਦੇ ਸਮਰਥਨ ਵਿੱਚ ਇਸ ਨੀਤੀ ਨੂੰ ਪੰਜਾਬ ਦੀ 50 ਹਜ਼ਾਰ ਏਕੜ ਜ਼ਮੀਨ ਨੂੰ ਕਾਰਪੋਰੇਟ ਘਰਾਨਿਆਂ ਨੂੰ ਵੇਚਣ ਦੀ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਨੇ ਆਪ ਸਰਕਾਰ ’ਤੇ ਭਾਜਪਾ ਦੀ ‘ਬੀ ਟੀਮ’ ਹੋਣ ਦਾ ਦੋਸ਼ ਵੀ ਲਗਾਇਆ। ਕਿਸਾਨਾਂ ਨੇ ਸਪੱਸ਼ਟ ਕੀਤਾ ਕਿ ਉਹ ਆਪਣੀ ਜ਼ਮੀਨ ਬਚਾਉਣ ਲਈ ਸੜਕਾਂ ’ਤੇ ਉਤਰਨਗੇ ਅਤੇ ਕਾਨੂੰਨੀ ਲੜਾਈ ਲੜਨਗੇ। ਪਰਗਟ ਸਿੰਘ ਨੇ ਕਿਹਾ ਕਿ ਇਸ ਨੀਤੀ ਦਾ ਨੋਟੀਫਿਕੇਸ਼ਨ ਗਲਤ ਹੈ ਅਤੇ ਵਾਤਾਵਰਣ ਅਸੈਸਮੈਂਟ ਵਰਗੇ ਮਾਪਦੰਡਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਜਲੰਧਰ, ਲੁਧਿਆਣਾ, ਮੋਹਾਲੀ, ਪਟਿਆਲਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਏਕੜ ਜ਼ਮੀਨ ਨੂੰ ਨੀਤੀ ਅਧੀਨ ਲੈਣ ਦੀ ਤਿਆਰੀ ਨੇ ਕਿਸਾਨਾਂ ਦੇ ਰੋਸ ਨੂੰ ਹੋਰ ਵਧਾ ਦਿੱਤਾ ਹੈ। ਇਸ ਵਿਰੋਧ ਨੇ ਆਪ ਦੀ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ, ਜੋ 2027 ਦੀਆਂ ਚੋਣਾਂ ਵਿੱਚ ਪਾਰਟੀ ਦੀ ਸਥਿਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਨਿਊਜ ਵਿਸ਼ਲੇਸ਼ਣ

ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਵਿੱਚ ਹਾਲ ਹੀ ਵਿੱਚ ਹੋਏ ਕੈਬਨਿਟ ਫੇਰਬਦਲ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਸ ਫੇਰਬਦਲ ਨੂੰ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਸਿੱਧੀਆਂ ਹਦਾਇਤਾਂ ’ਤੇ ਕੀਤਾ ਗਿਆ ਮੰਨਿਆ ਜਾ ਰਿਹਾ ਹੈ, ਜਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਲੀਡਰਸ਼ਿਪ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਪੰਜਾਬ ਦੀ ਸਿਆਸਤ ਵਿੱਚ ਆਪਣਾ ਦਬਦਬਾ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਮਾਨ ਦੇ ਨਜ਼ਦੀਕੀ ਸਮਝੇ ਜਾਣ ਵਾਲੇ ਨੇਤਾਵਾਂ ਦਾ ਪ੍ਰਭਾਵ ਘਟਦਾ ਜਾ ਰਿਹਾ ਹੈ।

ਇਸ ਫੇਰਬਦਲ ਵਿੱਚ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੂੰ ਮੰਤਰੀ ਅਹੁਦੇ ਤੋਂ ਹਟਾ ਦਿੱਤਾ ਗਿਆ, ਜਦਕਿ ਲੁਧਿਆਣਾ ਪੱਛਮੀ ਦੇ ਨਵੇਂ ਵਿਧਾਇਕ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਦੀ ਜ਼ਿੰਮੇਵਾਰੀ ਸੌਂਪੀ ਗਈ। ਸੰਜੀਵ ਅਰੋੜਾ ਨੂੰ ਪਰਵਾਸੀ ਭਾਰਤੀ ਮਾਮਲਿਆਂ ਅਤੇ ਉਦਯੋਗ ਮਹਿਕਮੇ ਦਾ ਮੰਤਰੀ ਬਣਾਇਆ ਗਿਆ, ਜਿਸ ਦੀ ਸਹੁੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਚੁਕਵਾਈ ਸੀ। ਇਹ ਤਬਦੀਲੀ ਸਿੱਧੇ ਤੌਰ ’ਤੇ ਕੇਜਰੀਵਾਲ ਦੀ ਰਣਨੀਤੀ ਦਾ ਹਿੱਸਾ ਮੰਨੀ ਜਾ ਰਹੀ ਹੈ, ਜਿਸ ਨਾਲ ਪੰਜਾਬ ਦੀ ਸਿਆਸਤ ਵਿੱਚ ਉਨ੍ਹਾਂ ਦੀ ਪਕੜ ਮਜ਼ਬੂਤ ਹੋਈ ਹੈ।

## ਕੁਲਦੀਪ ਧਾਲੀਵਾਲ ਨੂੰ ਮੰਤਰੀ ਅਹੁਦੇ ਤੋਂ ਹਟਾਕੇ ਵਿਧਾਇਕ ਸੰਜੀਵ ਅਰੋੜਾ ਨੂੰ ਜ਼ਿੰਮੇਵਾਰੀ ਕਿਉਂ ਸੌਂਪੀ

ਕੈਬਨਿਟ ਫੇਰਬਦਲ ਵਿੱਚ ਕੁਲਦੀਪ ਸਿੰਘ ਧਾਲੀਵਾਲ, ਜੋ ਸਾਢੇ ਤਿੰਨ ਸਾਲ ਤੋਂ ਮੰਤਰੀ ਸਨ, ਨੂੰ ਹਟਾ ਕੇ ਸੰਜੀਵ ਅਰੋੜਾ ਨੂੰ ਸ਼ਾਮਲ ਕੀਤਾ ਗਿਆ। ਸੂਤਰਾਂ ਅਨੁਸਾਰ, ਕੇਜਰੀਵਾਲ ਨੇ ਧਾਲੀਵਾਲ ਨੂੰ ਆਪਣੀ ਦਿੱਲੀ ਸਥਿਤ ਰਿਹਾਇਸ਼ ’ਤੇ ਸੱਦ ਕੇ ਅਸਤੀਫਾ ਦੇਣ ਲਈ ਕਿਹਾ ਸੀ, ਜਿਸ ਨੂੰ ਧਾਲੀਵਾਲ ਨੇ ਤੁਰੰਤ ਮੰਨ ਲਿਆ। ਧਾਲੀਵਾਲ ਦੇ ਪਰਵਾਸੀ ਭਾਰਤੀ ਮਹਿਕਮੇ ਦੀ ਜ਼ਿੰਮੇਵਾਰੀ ਹੁਣ ਅਰੋੜਾ ਨੂੰ ਸੌਂਪੀ ਗਈ ਹੈ। ਧਾਲੀਵਾਲ, ਜੋ ਭਗਵੰਤ ਮਾਨ ਦੇ ਨਜ਼ਦੀਕੀ ਸਮਝੇ ਜਾਂਦੇ ਸਨ, ਨੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਕਿਹਾ, ‘‘ਮੈਂ ਆਮ ਆਦਮੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਹਾਂ। ਮੈਂ ਮੰਤਰੀ ਬਣਨ ਨਹੀਂ, ਪੰਜਾਬ ਦੇ ਲੋਕਾਂ ਲਈ ਕੰਮ ਕਰਨ ਆਇਆ ਹਾਂ।’’ ਉਨ੍ਹਾਂ ਨੇ ਕੇਜਰੀਵਾਲ ਦੇ ਕਹਿਣ ’ਤੇ ਅਮਰੀਕਾ ਦੀ ਨਾਗਰਿਕਤਾ ਛੱਡਣ ਦੀ ਗੱਲ ਵੀ ਦੁਹਰਾਈ ਅਤੇ ਮਾਨ ਨਾਲ ਆਪਣੀ 1992 ਤੋਂ ਚੱਲੀ ਆ ਰਹੀ ਦੋਸਤੀ ’ਤੇ ਜ਼ੋਰ ਦਿੱਤਾ।



ਇਸ ਦੌਰਾਨ, ਸੰਜੀਵ ਅਰੋੜਾ ਦੀ ਨਿਯੁਕਤੀ ਨੂੰ ਕੇਜਰੀਵਾਲ ਦੀ ਉਸ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਉਹ ਪੰਜਾਬ ਵਿੱਚ ਨਵੇਂ ਅਤੇ ਵਫ਼ਾਦਾਰ ਚਿਹਰਿਆਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਖ਼ੁਫ਼ੀਆ ਵਿਭਾਗ ਰਾਹੀਂ ਲੈ ਰਹੀ ਹਾਈਕਮਾਨ ‘ਆਪ’ ਆਗੂਆਂ ਦੀ ਫੀਡਬੈਕ

### ✪ 20 ਤੋਂ ਵੱਧ ਵਿਧਾਇਕਾਂ ਦੀਆਂ ਟਿਕਟਾਂ 2027 ਵਿੱਚ ਕੱਟੀਆਂ ਜਾ ਸਕਦੀਆਂ ਹਨ

ਆਮ ਆਦਮੀ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਜੁਟੀ ਹੋਈ ਹੈ। ਪਾਰਟੀ ਨੇ ਹੇਠਲੇ ਪੱਧਰ ’ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਆਪਕ ਰਣਨੀਤੀ ਅਪਣਾਈ ਹੈ। ਸੂਤਰਾਂ ਅਨੁਸਾਰ, ਪਾਰਟੀ ਆਗੂਆਂ ਅਤੇ ਵਰਕਰਾਂ ਤੋਂ ਇਲਾਵਾ ਖ਼ੁਫ਼ੀਆ ਵਿਭਾਗ ਅਤੇ ਸਰਕਾਰੀ ਤੰਤਰ ਰਾਹੀਂ ਆਗੂਆਂ ਦੀ ਕਾਰਗੁਜ਼ਾਰੀ ਅਤੇ ਜਨਤਕ ਪ੍ਰਭਾਵ ਦੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਆਦਮਪੁਰ, ਰਾਜਾਸਾਂਸੀ, ਫਗਵਾੜਾ, ਕਪੂਰਥਲਾ ਅਤੇ ਬਠਿੰਡਾ ਦਿਹਾਤੀ ਸਮੇਤ ਕਈ ਵਿਧਾਨ ਸਭਾ ਹਲਕਿਆਂ ਵਿੱਚ ਹਲਕਾ ਇੰਚਾਰਜ ਅਤੇ ਸੰਗਠਨ ਇੰਚਾਰਜ ਨਿਯੁਕਤ ਕੀਤੇ ਗਏ ਹਨ। ਪਾਰਟੀ ਦਾ ਜ਼ੋਰ ਉਨ੍ਹਾਂ ਆਗੂਆਂ ’ਤੇ ਹੈ, ਜਿਨ੍ਹਾਂ ਦਾ ਇਲਾਕੇ ਵਿੱਚ ਚੰਗਾ ਅਧਾਰ ਅਤੇ ਸਿਆਸੀ ਪਕੜ ਹੈ। ਨਾਲ ਹੀ, ਪੁਰਾਣੇ ਅਤੇ ਰੁੱਸੇ ਹੋਏ ਆਗੂਆਂ ਨੂੰ ਮਨਾਉਣ ਦੀ ਕੋਸ਼ਿਸ਼ ਵੀ ਜਾਰੀ ਹਨ। ਪੰਜਾਬ ਦੀ ਜਥੇਬੰਦਕ ਜ਼ਿੰਮੇਵਾਰੀ ਹੁਣ ਮੁਨੀਸ਼ ਸਿਸੋਦੀਆ ਅਤੇ ਅਮਨ ਅਰੋੜਾ ਦੇ ਹੱਥਾਂ ਵਿੱਚ ਹੈ, ਜੋ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੇਠਲੇ ਪੱਧਰ ’ਤੇ ਕੰਮ ਕਰ ਰਹੇ ਹਨ। ਸੂਤਰਾਂ ਮੁਤਾਬਕ, 20 ਤੋਂ ਵੱਧ ਵਿਧਾਇਕਾਂ ਦੀਆਂ ਟਿਕਟਾਂ 2027 ਵਿੱਚ ਕੱਟੀਆਂ ਜਾ ਸਕਦੀਆਂ ਹਨ, ਜੋ ਪਾਰਟੀ ਦੀ ਸਖ਼ਤ ਰਣਨੀਤੀ ਨੂੰ ਦਰਸਾਉਂਦਾ ਹੈ।ਕੀ ਭਗਵੰਤ ਮਾਨ ਜਾਂ ਹੋਰ ਪੰਜਾਬੀ ਲੀਡਰਸ਼ਿਪ ਕੇਜਰੀਵਾਲ ਵਿਰੁੱਧ ਬਗਾਵਤ ਕਰੇਗੀਕੇਜਰੀਵਾਲ ਦੀ ਪੰਜਾਬ ਸਰਕਾਰ ਦੇ ਫੈਸਲਿਆਂ ਵਿੱਚ ਵਧਦੀ ਦਖਲਅੰਦਾਜ਼ੀ ਨੇ ਸੂਬੇ ਦੀ ਸਿਆਸਤ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ।

ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਦੀ ਇਹ ਰਣਨੀਤੀ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਤੰਤਰਤਾ ਨੂੰ ਸੀਮਤ ਕਰ ਰਹੀ ਹੈ। ਮਾਝੇ ਖੇਤਰ ਵਿੱਚ ਪਹਿਲਾਂ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਵਰਗੇ ਨੇਤਾਵਾਂ ਨੂੰ ਮੰਤਰੀ ਅਹੁਦਿਆਂ ਤੋਂ ਹਟਾਇਆ ਗਿਆ ਜਾਂ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿੱਚ ਕੱਢਿਆ ਗਿਆ, ਅਤੇ ਹੁਣ ਧਾਲੀਵਾਲ ਦੀ ਬਰਖਾਸਤਗੀ ਨੇ ਮਾਝੇ ਵਿੱਚ ਆਪ ਦੀ ਸਥਿਤੀ ਨੂੰ ਕਮਜ਼ੋਰ ਕੀਤਾ ਹੈ। ਅੰਮ੍ਰਿਤਸਰ ਵਿੱਚ ਹੁਣ ਸਿਰਫ਼ ਹਰਭਜਨ ਸਿੰਘ ਈ.ਟੀ.ਓ. ਹੀ ਮੰਤਰੀ ਬਚੇ ਹਨ। ਇਸ ਸਥਿਤੀ ਨੇ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕੀ ਮਾਨ ਜਾਂ ਪੰਜਾਬ ਦੀ ਸਥਾਨਕ ਲੀਡਰਸ਼ਿਪ ਕੇਜਰੀਵਾਲ ਦੀ ਇਸ ਦਖਲਅੰਦਾਜ਼ੀ ਵਿਰੁੱਧ ਬਗਾਵਤ ਕਰ ਸਕਦੀ ਹੈ। ਹਾਲਾਂਕਿ, ਧਾਲੀਵਾਲ ਨੇ ਆਪਣੀ ਵਫ਼ਾਦਾਰੀ ਜਤਾਉਂਦਿਆਂ ਕਿਹਾ ਕਿ ਉਹ ਮਾਨ ਨਾਲ ਆਪਣੀ ਦੋਸਤੀ ਨੂੰ ਕਾਇਮ ਰੱਖਣਗੇ ਅਤੇ ਪੰਜਾਬ ਲਈ ਕੰਮ ਜਾਰੀ ਰੱਖਣਗੇ। ਪਰ, ਪਾਰਟੀ ਦੇ ਅੰਦਰੂਨੀ ਸੂਤਰਾਂ ਮੁਤਾਬਕ, ਕੇਜਰੀਵਾਲ ਦੀ ਇਸ ਰਣਨੀਤੀ ਨੇ ਕਈ ਸਥਾਨਕ ਨੇਤਾਵਾਂ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ।

# ਸੰਘ ਪਰਿਵਾਰ ਦੀਆਂ ਤਿੰਨ ਪਾਬੰਦੀਆਂ: ਗਾਂਧੀ ਦੀ ਹੱਤਿਆ ਤੋਂ ਬਾਬਰੀ ਮਸਜਿਦ ਢਾਹੁਣ ਤੱਕ ਦਾ ਸਫ਼ਰ

**✪ ਪਾਬੰਦੀਆਂ ਕਦੋਂ ਕਦੋਂ ਲਗੀਆਂ, ਕਦੋਂ ਕਦੋਂ ਹਟੀਆਂ ✪ ਸਿੱਖ ਇਤਿਹਾਸ ਤੇ ਸਿਖ ਪੰਥ ਦੇ ਨਿਰਾਲੇ ਵਾਜੂਦ ਦੀ ਸਾਜਿਸ਼ ਕਿਉਂ ਰਚ ਰਿਹਾ ਸੰਘ ਦੀ ਨਜ਼ਰ ✪ ਹਿੰਦੂ ਰਾਸ਼ਟਰ ਦਾ ਸੰਘੀ ਸੁਪਨਾ: ਸਿੱਖ, ਮੁਸਲਿਮ ਤੇ ਈਸਾਈਆਂ ਲਈ ਖਤਰੇ ਦੀ ਘੰਟੀ ✪ ਸਿੱਖ ਬੁੱਧੀਜੀਵੀਆਂ ਦਾ ਸੰਘ ਨੂੰ ਸਵਾਲ: ਕਿਉਂ ਚੱਲ ਰਹੀ ਹੈ ਸਿੱਖੀ ਨੂੰ ਹਿੰਦੂਵਾਦ ਵਿਚ ਮਿਲਾਉਣ ਦੀ ਮੁਹਿੰਮ ?**

ਖੋਜ ਖ਼ਬਰ

ਜਦੋਂ 30 ਜਨਵਰੀ 1948 ਨੂੰ ਨਾਥੂਰਾਮ ਗੋਡਸੇ ਨੇ ਮਹਾਤਮਾ ਗਾਂਧੀ ਦੇ ਸੀਨੇ ਵਿਚ ਤਿੰਨ ਗੋਲੀਆਂ ਮਾਰੀਆਂ, ਤਾਂ ਸਾਰਾ ਦੇਸ਼ ਸਦਮੇ 'ਵਿਚ ਸੀ। ਗਾਂਧੀ ਜੀ, ਜਿਨ੍ਹਾਂ ਨੇ ਸਤਿਆਗ੍ਰਹਿ ਤੇ ਅਹਿੰਸਾ ਦੇ ਜ਼ੋਰ 'ਤੇ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਕਿਹਾ, ਉਹ ਇੱਕ 'ਹਿੰਦੂ ਰਾਸ਼ਟਰਵਾਦੀ' ਦੇ ਹੱਥੋਂ ਮਾਰੇ ਗਏ। ਗੋਡਸੇ ਸੰਘ ਦੀਆਂ ਸ਼ਾਖਾਵਾਂ ਵਿਚ ਸਿਖਲਾਈ ਪ੍ਰਾਪਤ ਸੀ, ਤੇ ਹਿੰਦੂ ਮਹਾਸਭਾ ਦੇ ਨੇਤਾ ਵੀਰ ਸਾਵਰਕਰ ਦਾ ਸ਼ਗਿਰਦ ਸੀ। ਸੰਘ ਦੀ ਸੋਚ ਸੀ ਕਿ ਗਾਂਧੀ ਜੀ ਦੀ 'ਸਰਬ ਧਰਮ ਸਦਭਾਵਨਾ' ਵਾਲੀ ਸੋਚ ਹਿੰਦੂਆਂ ਨੂੰ ਕਮਜ਼ੋਰ ਕਰਦੀ ਹੈ। ਸਰਦਾਰ ਵੱਲਭਭਾਈ ਪਟੇਲ, ਜੋ ਉਸ ਵੇਲੇ ਗ੍ਰਹਿ ਮੰਤਰੀ ਸਨ, ਨੇ ਸੰਘ ਨੂੰ ਇਸ ਹੱਤਿਆ ਦਾ ਜ਼ਿੰਮੇਵਾਰ ਨਹੀਂ ਮੰਨਿਆ, ਪਰ ਉਹਨਾਂ ਕਿਹਾ ਕਿ ਸੰਘ ਦੀਆਂ ਸ਼ਾਖਾਵਾਂ ਵਿਚ ਜ਼ਹਿਰੀਲੀ ਸੋਚ ਭਰੀ ਜਾਂਦੀ ਸੀ, ਜਿਸ ਨੇ ਅਜਿਹੇ ਹਾਲਾਤ ਪੈਦਾ ਕੀਤੇ। 4 ਫਰਵਰੀ 1948 ਨੂੰ ਸੰਘ 'ਤੇ ਪਹਿਲੀ ਪਾਬੰਦੀ ਲੱਗੀ। ਸਰਦਾਰ ਪਟੇਲ ਨੇ ਆਪਣੇ ਖਤ ਵਿਚ ਲਿਖਿਆ, "ਸੰਘ ਦੀਆਂ ਗੱਲਾਂ ਫਿਰਕੂ ਜ਼ਹਿਰ ਨਾਲ ਭਰੀਆਂ ਸਨ। ਗਾਂਧੀ ਜੀ ਦੀ ਮੌਤ ਮਗਰੋਂ ਸੰਘ ਦੇ ਦਫਤਰਾਂ ਵਿਚ ਮਿਠਾਈਆਂ ਵੰਡੀਆਂ ਗਈਆਂ।" ਸੰਘ ਨੇ ਦਾਅਵਾ ਕੀਤਾ ਕਿ ਗੋਡਸੇ ਨੇ ਸੰਘ ਛੱਡ ਦਿੱਤਾ ਸੀ, ਪਰ ਗੋਡਸੇ ਦੇ ਭਰਾ ਗੋਪਾਲ ਗੋਡਸੇ ਨੇ ਕਿਹਾ, "ਨਾਥੂਰਾਮ ਕਦੇ ਸੰਘ ਨਹੀਂ ਛੱਡਿਆ ਸੀ। ਇਹ ਗੱਲ ਸੰਘ ਨੂੰ ਬਚਾਉਣ ਲਈ ਕਹੀ ਗਈ ਸੀ।"

ਕਿਵੇਂ ਹਟੀ ਪਾਬੰਦੀ ?-11 ਜੁਲਾਈ 1949 ਨੂੰ ਪਾਬੰਦੀ ਹਟਾਈ ਗਈ। ਸੰਘ ਨੇ ਸਰਕਾਰ ਨੂੰ ਲਿਖਤੀ ਵਾਅਦੇ ਕੀਤੇ:ਸੰਘ ਸੰਵਿਧਾਨ ਤੇ ਤਿਰੰਗੇ ਪ੍ਰਤੀ ਵਫ਼ਾਦਾਰ ਰਹੇਗਾ। ਹਿੰਸਾ ਵਿਚ ਯਕੀਨ ਨਹੀਂ ਕਰੇਗਾ। ਸੰਗਠਨ ਦਾ ਸੰਵਿਧਾਨ ਜਮਹੂਰੀ ਹੋਵੇਗਾ, ਤੇ ਸਰਸੰਘਚਾਲਕ ਚੁਣਿਆ ਜਾਵੇਗਾ। ਪਰ ਸੰਘ ਨੇ ਇਹ ਵਾਅਦੇ ਪੂਰੇ ਨਹੀਂ ਕੀਤੇ। ਸਰਸੰਘਚਾਲਕ ਅੱਜ ਵੀ ਨਾਮਜ਼ਦ ਹੁੰਦਾ ਹੈ, ਚੁਣਿਆ ਨਹੀਂ ਜਾਂਦਾ। ਸੰਘ ਦੇ ਮੁਖਪੱਤਰ 'ਆਰਗਨਾਈਜ਼ਰ' ਨੇ 1949 ਵਿਚ ਸੰਵਿਧਾਨ ਵਿਰੁੱਧ ਲੇਖ ਲਿਖੇ, ਤੇ ਗੋਲਵਲਕਰ ਨੇ ਤਿਰੰਗੇ ਨੂੰ 'ਅਸ਼ੁਭ' ਦੱਸਿਆ। 52 ਸਾਲ ਤੱਕ ਸੰਘ ਦੇ ਹੈੱਡਕੁਆਰਟਰ ਵਿਚ ਤਿਰੰਗਾ ਨਹੀਂ ਲਹਿਰਾਇਆ।

ਦੂਜੀ ਪਾਬੰਦੀ (1975):ਐਮਰਜੈਂਸੀ ਦਾ ਨਤੀਜਾ-1975 ਵਿਚ ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕੀਤੀ, ਤਾਂ ਸੰਘ ਤੇ ਜਮਾਤ-ਏ-ਇਸਲਾਮੀ 'ਤੇ ਫਿਰਕੂ ਭਾਵਨਾਵਾਂ ਭੜਕਾਉਣ ਦਾ ਇਲਜ਼ਾਮ ਲਗਾਇਆ। ਸੰਘ ਦੇ ਸਰਸੰਘਚਾਲਕ ਬਾਲਾਸਾਹਿਬ ਦੇਵਰਸ ਨੇ ਇੰਦਰਾ ਨੂੰ ਕਈ ਖਤ ਲਿਖੇ, ਕਿਹਾ ਕਿ ਸੰਘ ਦਾ ਐਮਰਜੈਂਸੀ ਵਿਰੋਧੀ ਅੰਦੋਲਨ ਨਾਲ ਕੋਈ ਲੈਣਾ-ਦੇਣਾ ਨਹੀਂ। ਉਹਨਾਂ ਨੇ ਸਰਕਾਰ ਦੇ 20-ਸੂਤਰੀ ਪ੍ਰੋਗਰਾਮ ਵਿਚ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ। ਪਰ ਇੰਦਰਾ ਨੇ ਨਾ ਮੁਲਾਕਾਤ ਕੀਤੀ, ਨਾ ਪਾਬੰਦੀ ਹਟਾਈ।

ਕਿਵੇਂ ਹਟੀ ?-1977 ਵਿਚ ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ, ਤਾਂ ਪਾਬੰਦੀ ਹਟਾਈ ਗਈ। ਇਸ ਦੌਰਾਨ ਕਈ ਸੰਘੀਆਂ ਨੇ ਮੁਆਫੀ ਮੰਗ ਕੇ ਜੇਲ੍ਹਾਂ ਵਿਚੋਂ ਰਿਹਾਈ ਪ੍ਰਾਪਤ ਕੀਤੀ।

ਤੀਜੀ ਪਾਬੰਦੀ (1992): ਬਾਬਰੀ ਮਸਜਿਦ ਨੂੰ ਢਾਹੁਣਾ-6 ਦਸੰਬਰ 1992 ਨੂੰ ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਕਾਰਸੇਵਕਾਂ ਨੇ ਢਾਹ ਦਿੱਤਾ। ਉਸ ਵੇਲੇ ਯੂ.ਪੀ. ਦੇ ਮੁੱਖ ਮੰਤਰੀ ਕਲਿਆਣ ਸਿੰਘ ਸਨ, ਜੋ ਸੰਘ ਦੀਆਂ ਸ਼ਾਖਾਵਾਂ ਵਿਚ ਸਿਖਲਾਈ ਪ੍ਰਾਪਤ ਸਨ। ਕਲਿਆਣ ਸਿੰਘ ਨੇ ਸੁਪਰੀਮ ਕੋਰਟ ਤੇ ਕੇਂਦਰ ਸਰਕਾਰ ਨੂੰ ਭਰੋਸਾ ਦਿੱਤਾ ਸੀ ਕਿ ਮਸਜਿਦ ਦੀ ਸੁਰੱਖਿਆ ਹੋਵੇਗੀ। ਪਰ ਸਾਰੇ ਵਾਅਦੇ ਹਵਾ ਵਿਚ ਉੱਡ ਗਏ। ਮਸਜਿਦ ਢਾਹੀ ਗਈ, ਤੇ ਸੁਪਰੀਮ ਕੋਰਟ ਨੇ ਇਸ ਨੂੰ ਅਦਾਲਤ ਦੀ ਉਲੰਘਣਾ ਮੰਨਿਆ। ਕੇਂਦਰ ਸਰਕਾਰ ਨੇ 10 ਦਸੰਬਰ 1992 ਨੂੰ ਸੰਘ, ਵੀ.ਐਚ.ਪੀ. ਤੇ ਬਜਰੰਗ ਦਲ 'ਤੇ ਪਾਬੰਦੀ ਲਾਈ ਗਈ ਸੀ। 2009 ਦੇ ਲਿਬਰਹਾਨ ਕਮਿਸ਼ਨ ਨੇ ਕਲਿਆਣ ਸਿੰਘ, ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਉਮਾ ਭਾਰਤੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ।


ਕਿਵੇਂ ਹਟੀ ?-ਸੰਘ ਨੇ ਟ੍ਰਿਬਿਊਨਲ ਵਿਚ ਪਾਬੰਦੀ ਨੂੰ ਚੁਣੌਤੀ ਦਿੱਤੀ। ਜਸਟਿਸ ਪੀ.ਕੇ. ਬਹਰੀ ਦੀ ਅਗਵਾਈ ਵਾਲੇ ਟ੍ਰਿਬਿਊਨਲ ਨੇ ਜੂਨ 1993 ਵਿਚ ਪਾਬੰਦੀ ਹਟਾ ਦਿੱਤੀ ਸੀ, ਕਿਹਾ ਸੀ ਕਿ ਸਰਕਾਰ ਕੋਲ ਸੰਘ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਸਬੂਤ ਨਹੀਂ ਸਨ।

### ਸੰਘ ਪਰਿਵਾਰ ਕਿਹੜੀਆਂ ਘੱਟ-ਗਿਣਤੀਆਂ ਵਿਰੁੱਧ ਹੈ ?

ਸੰਘ ਪਰਿਵਾਰ ਦੀ ਸੋਚ 'ਹਿੰਦੂ ਰਾਸ਼ਟਰ' ਦੇ ਆਲੇ-ਦੁਆਲੇ ਘੁੰਮਦੀ ਹੈ, ਜਿਸ ਵਿਚ ਹਿੰਦੂ ਸਭਿਆਚਾਰ ਨੂੰ ਸਰਵਉੱਚ ਮੰਨਿਆ ਜਾਂਦਾ ਹੈ।

ਸੰਘ ਦੇ ਵਿਚਾਰਕ, ਜਿਵੇਂ ਗੋਲਵਲਕਰ, ਮੰਨਦੇ ਸਨ ਕਿ ਹਿੰਦੂ ਰਾਸ਼ਟਰ ਵਿਚ ਘੱਟ-ਗਿਣਤੀਆਂ (ਖਾਸਕਰ ਮੁਸਲਿਮ ਤੇ ਈਸਾਈ) ਨੂੰ ਦੂਜੇ ਦਰਜੇ ਦੇ ਨਾਗਰਿਕ ਵਜੋਂ ਰਹਿਣਾ ਪਵੇਗਾ। ਸੰਘ ਦੀਆਂ ਸਹਿਯੋਗੀ ਸੰਸਥਾਵਾਂ (ਜਿਵੇਂ ਵੀ.ਐਚ.ਪੀ., ਬਜਰੰਗ ਦਲ) ਮੁਸਲਿਮ-ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਵਿਚ ਸਰਗਰਮ ਰਹੀਆਂ ਹਨ। ਪਰ ਸੰਘ ਦੀ ਸੋਚ ਸਿਰਫ਼ ਮੁਸਲਿਮ ਜਾਂ ਈਸਾਈਆਂ ਤੱਕ ਸੀਮਤ ਨਹੀਂ। ਸਿੱਖ ਪਛਾਣ ਨੂੰ ਹਿੰਦੂ ਸਭਿਆਚਾਰ ਦਾ ਹਿੱਸਾ ਦੱਸਣ ਦੀ ਕੋਸ਼ਿਸ਼ ਵੀ ਸੰਘ ਦੀ ਸਿਆਸਤ ਦਾ ਹਿੱਸਾ ਹੈ। ਸੰਘ ਦੀਆਂ ਕਿਤਾਬਾਂ ਵਿਚ ਸਿੱਖ ਇਤਿਹਾਸ ਨੂੰ 'ਹਿੰਦੂ ਇਤਿਹਾਸ' ਦਾ ਅੰਗ ਦੱਸਿਆ ਜਾਂਦਾ ਹੈ, ਜੋ ਸਿੱਖ ਸੰਗਤ ਲਈ ਵਿਵਾਦ ਦਾ ਮੁੱਦਾ ਹੈ।

## ਸੰਘ ਪਰਿਵਾਰ ਸਿੱਖ ਇਤਿਹਾਸ ਕਿਉਂ ਬਦਲ ਰਿਹਾ ਹੈ ?



ਸੰਘ ਪਰਿਵਾਰ ਦੀ ਸੋਚ ਵਿਚ 'ਏਕਤਾ' ਦਾ ਮਤਲਬ ਹੈ ਸਾਰੇ ਧਰਮਾਂ ਨੂੰ ਹਿੰਦੂ ਸਭਿਆਚਾਰ ਦੇ ਅਧੀਨ ਲਿਆਉਣਾ। ਸਿੱਖ ਇਤਿਹਾਸ ਨੂੰ 'ਹਿੰਦੂ ਇਤਿਹਾਸ' ਦਾ ਹਿੱਸਾ ਦੱਸਣ ਦੀ ਕੋਸ਼ਿਸ਼ ਸੰਘ ਦੀ ਇਸੇ ਸੋਚ ਦਾ ਨਤੀਜਾ ਹੈ। ਸੰਘ ਮੰਨਦਾ ਹੈ ਕਿ ਸਿੱਖ ਗੁਰੂ ਸਾਹਿਬਾਨਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ, ਤੇ ਸਿੱਖ ਇੱਕ ਵੱਖਰਾ ਧਰਮ ਨਹੀਂ, ਸਗੋਂ ਹਿੰਦੂ ਧਰਮ ਦਾ ਹੀ ਇੱਕ ਹਿੱਸਾ ਹਨ। ਸੰਘ ਦੀਆਂ ਸ਼ਾਖਾਵਾਂ ਵਿਚ ਪੜ੍ਹਾਇਆ ਜਾਂਦਾ ਹੈ ਕਿ ਸਿੱਖ ਗੁਰੂ ਹਿੰਦੂ ਸਭਿਆਚਾਰ ਦੇ ਰਾਖੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨੂੰ 'ਹਿੰਦੂ ਸੈਨਿਕ' ਵਜੋਂ ਪੇਸ਼ ਕੀਤਾ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਬੈਰਾਗੀ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।

ਸੰਘ ਦੀਆਂ ਸੰਸਥਾਵਾਂ, ਜਿਵੇਂ ਵੀ. ਐਚ. ਪੀ., ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਚੁਣੌਤੀ ਦਿੱਤੀ ਹੈ। ਉਹ ਸਿੱਖ ਸਭਿਆਚਾਰ ਦੇ ਪ੍ਰਤੀਕਾਂ (ਜਿਵੇਂ ਕਿਰਪਾਨ, ਪੰਜ ਕਕਾਰ) ਨੂੰ ਹਿੰਦੂ ਰੀਤੀ-ਰਿਵਾਜਾਂ ਨਾਲ ਜੋੜਦੇ ਹਨ। ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਣ ਨਾਲ ਸੰਘ ਦਾ ਮਕਸਦ ਸਿੱਖਾਂ ਦੀ ਵੱਖਰੀ ਪਛਾਣ ਨੂੰ ਕਮਜ਼ੋਰ ਕਰਨਾ ਹੈ, ਤਾਂ ਜੋ 'ਹਿੰਦੂ ਰਾਸ਼ਟਰ' ਦੀ ਸੋਚ ਨੂੰ ਹੁਲਾਰਾ ਮਿਲੇ। ਸੰਘ ਮੰਨਦਾ ਹੈ ਕਿ ਸਿੱਖ ਗੁਰੂਆਂ ਨੇ ਮੁਗਲਾਂ ਵਿਰੁੱਧ ਲੜਾਈ 'ਹਿੰਦੂ ਧਰਮ' ਦੀ ਰਾਖੀ ਲਈ ਕੀਤੀ। ਉਹ ਗੁਰੂ ਨਾਨਕ ਦੇਵ ਜੀ ਦੀ ਸਰਬ ਸਾਂਝੀ ਸੋਚ ਤੇ ਵਿਲਖਣ ਸੋਚ ਨੂੰ ਨਜ਼ਰਅੰਦਾਜ਼ ਕਰਦੇ ਹਨ।

ਸਿੱਖ ਬੁੱਧੀਜੀਵੀ ਤੇ ਪੰਥਕ ਜਥੇਬੰਦੀਆਂ ਦਾ ਨਜ਼ਰੀਆ-ਸਿੱਖ ਬੁੱਧੀਜੀਵੀ ਤੇ ਪੰਥਕ ਜਥੇਬੰਦੀਆਂ ਸੰਘ ਪਰਿਵਾਰ ਦੀ ਸੋਚ ਨੂੰ ਸਿੱਖ ਪਛਾਣ ਲਈ ਖਤਰਾ ਮੰਨਦੀਆਂ ਹਨ। ਸਿੱਖ ਇਤਿਹਾਸਕਾਰ ਅਤੇ ਦਾਰਸ਼ਨਿਕ ਸਰਦਾਰ ਕਪੂਰ ਸਿੰਘ ਨੇ ਸੰਘ ਪਰਿਵਾਰ ਦੀ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਣ ਵਾਲੀ ਸੋਚ ਦਾ ਸਖ਼ਤ ਵਿਰੋਧ ਕੀਤਾ ਸੀ। ਉਹਨਾਂ ਨੇ ਆਪਣੀਆਂ ਪੁਸਤਕਾਂ, ਜਿਵੇਂ ਕਿ "Sikhism and Hinduism: A Comparative Study" ਅਤੇ "Sikhism and Hinduism: A Comparative Study" ਵਿੱਚ ਸਪੱਸ਼ਟ ਕੀਤਾ ਸੀ ਕਿ ਸਿੱਖ ਧਰਮ ਇੱਕ ਵੱਖਰਾ ਅਤੇ ਸੁਤੰਤਰ ਧਰਮ ਹੈ, ਜਿਸ ਦੀਆਂ ਜੜ੍ਹਾਂ ਸਮਾਜਿਕ ਸਮਾਨਤਾ ਅਤੇ ਆਤਮਿਕ ਸੁਤੰਤਰਤਾ ਵਿੱਚ ਹਨ। ਉਹਨਾਂ ਨੇ ਸੰਘ ਦੀ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਨੂੰ "ਸਭਿਆਚਾਰਕ ਸਾਮਰਾਜਵਾਦ" ਦਾ ਨਾਮ ਦਿੱਤਾ ਅਤੇ ਸਿੱਖ ਪਛਾਣ ਨੂੰ ਬਚਾਉਣ ਲਈ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੱਤਾ ਸੀ।

ਸਿੱਖ ਸਕਾਲਰ ਸਰਦਾਰ ਗੁਰਤੇਜ ਸਿੰਘ ਆਈਏਐਸ ਵਰਗੇ ਸਕਾਲਰ ਮੰਨਦੇ ਹਨ ਕਿ ਸੰਘ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ 'ਨਾ ਹਿੰਦੂ, ਨਾ ਮੁਸਲਮਾਨ' ਵਾਲੀ ਸੋਚ ਨੂੰ ਸੰਘ ਨਜ਼ਰਅੰਦਾਜ਼ ਕਰਦਾ ਹੈ। ਉਹਨਾਂ ਨੇ ਸੰਘ ਦੀਆਂ ਸਿੱਖ ਗੁਰਦੁਆਰਿਆਂ 'ਤੇ ਨਿਯੰਤਰਣ ਦੀਆਂ ਕੋਸ਼ਿਸ਼ਾਂ ਦੀ ਵੀ ਨਿਖੇਧੀ ਕੀਤੀ।

ਸਿੱਖ ਇਤਿਹਾਸਕਾਰ ਅਤੇ ਅਕਾਦਮਿਕ ਡਾ. ਢਿੱਲੋਂ ਨੇ ਸੰਘ ਪਰਿਵਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਉਹ ਸਿੱਖਾਂ ਦੇ ਵੱਖਰੇ ਧਾਰਮਿਕ ਅਤੇ ਸਭਿਆਚਾਰਕ ਵਿਰਸੇ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦੀਆਂ ਰਚਨਾਵਾਂ, ਜਿਵੇਂ ਕਿ "ਸਿੱਖ ਸਟਰਗਲ", ਵਿੱਚ ਸੰਘ ਦੀਆਂ ਸਿੱਖ ਵਿਰੋਧੀ ਨੀਤੀਆਂ, ਜਿਵੇਂ ਕਿ ਸਿੱਖ ਗੁਰੂਆਂ ਨੂੰ ਹਿੰਦੂ ਅਵਤਾਰਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ, ਦੀ ਨਿਖੇਧੀ ਕੀਤੀ। ਉਹਨਾਂ ਨੇ ਸਿੱਖ ਨੌਜਵਾਨਾਂ ਨੂੰ ਆਪਣੇ ਇਤਿਹਾਸ ਅਤੇ ਸਿਧਾਂਤਾਂ ਨੂੰ ਸਮਝਣ ਲਈ ਪ੍ਰੇਰਿਤ ਕੀਤਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਮਿਸ਼ਨਰੀ ਕਾਲਜ, ਅਖੰਡ ਕੀਰਤਨੀ ਜੱਥਾ, ਤੇ ਹੋਰ ਸਿੱਖ ਜਥੇਬੰਦੀਆਂ ਸੰਘ ਦੀ 'ਹਿੰਦੂ ਰਾਸ਼ਟਰ' ਵਾਲੀ ਸੋਚ ਨੂੰ ਸਿੱਖ ਪਛਾਣ ਤੇ ਸੰਵਿਧਾਨਕ ਅਧਿਕਾਰਾਂ ਲਈ ਖਤਰਾ ਮੰਨਦੀਆਂ ਹਨ। ਸੰਘ ਦੀਆਂ ਸ਼ਾਖਾਵਾਂ ਵਿਚ ਪੜ੍ਹਾਏ ਜਾਣ ਵਾਲੇ 'ਸਿੱਖ ਇਤਿਹਾਸ' ਨੂੰ ਤੋੜ-ਮਰੋੜ ਵਜੋਂ ਵੇਖਦੀਆਂ ਹਨ। ਸੋਸ਼ਲ ਮੀਡੀਆ 'ਤੇ ਸਿੱਖ ਯੂਥ ਸੰਘ ਦੀਆਂ ਨੀਤੀਆਂ ਵਿਰੁੱਧ ਆਵਾਜ਼ ਉਠਾਉਂਦਾ ਹੈ। ਸੰਘ ਪਰਿਵਾਰ ਦੀ ਸਿਆਸਤ ਦਾ ਮੁੱਖ ਮਕਸਦ 'ਹਿੰਦੂ ਰਾਸ਼ਟਰ' ਦੀ ਸਥਾਪਨਾ ਹੈ। ਇਸ ਲਈ ਉਹ ਸਾਰੇ ਧਰਮਾਂ ਨੂੰ ਹਿੰਦੂ ਸਭਿਆਚਾਰ ਦੇ ਅਧੀਨ ਲਿਆਉਣ ਦੀ ਕੋਸ਼ਿਸ਼ ਕਰਦਾ ਹੈ।

# ਅਬੋਹਰ ਵਪਾਰੀ ਹੱਤਿਆ ਮਾਮਲੇ ਵਿਚ ਦੋ ਹਤਿਆਰੇ ਮੁਕਾਬਲੇ ਵਿਚ ਮਾਰੇ ਗਏ-ਕਾਂਸਟੇਬਲ ਜ਼ਖ਼ਮੀ

## ✪ ਹਥਿਆਰਾਂ ਦੀ ਬਰਾਮਦਗੀ ਲਈ ਲਿਆਉਣ ਮੌਕੇ ਮੁਲਜ਼ਮਾਂ ਦੇ ਸਾਥੀਆਂ ਨੇ ਪੁਲਿਸ ਉਪਰ ਕੀਤਾ ਸੀ ਅਟੈਕ



ਫ਼ਾਜ਼ਿਲਕਾ-ਬੀਤੇ ਦਿਨ ਅਬੋਹਰ ਵਿਖੇ ਕੱਪੜਾ ਵਪਾਰੀ ਸੰਜੇ ਵਰਮਾ ਦੀ ਹੱਤਿਆ ਦੇ ਮਾਮਲੇ ਵਿਚ ਜ਼ਿਲ੍ਹਾ ਫ਼ਾਜ਼ਿਲਕਾ ਪੁਲਿਸ ਵਲੋਂ ਮੁੱਢਲੀ ਜਾਂਚ ਦੌਰਾਨ ਫੜੇ ਗਏ ਦੋ ਦੋਸ਼ੀ ਬੀਤੇ ਦਿਨੀਂ ਹਥਿਆਰਾਂ ਦੀ ਬਰਾਮਦਗੀ ਦੌਰਾਨ ਅਬੋਹਰ ਵਿਖੇ ਇਨ੍ਹਾਂ ਦੇ ਸਾਥੀਆਂ ਵਲੋਂ ਕੀਤੀ ਗਈ ਗੋਲੀਬਾਰੀ ਅਤੇ ਅੱਗੋਂ ਪੁਲਿਸ ਵਲੋਂ ਸੁਰੱਖਿਆ ਲਈ ਕੀਤੀ ਗੋਲੀਬਾਰੀ ਦੌਰਾਨ ਉਕਤ ਦੋਸ਼ੀ ਮੌਕੇ 'ਤੇ ਹੀ ਮਾਰੇ ਗਏ। ਜਦੋਂਕਿ ਪੁਲਿਸ ਨਾਲ ਮੁਕਾਬਲਾ ਕਰਨ ਵਾਲੇ ਇਨ੍ਹਾਂ ਦੇ ਸਾਥੀ ਮੌਕਾ ਪਾ ਕੇ ਫ਼ਰਾਰ ਹੋਣ ਵਿਚ ਸਫਲ ਹੋ ਗਏ। ਇਸ ਪੁਲਿਸ ਮੁਕਾਬਲੇ ਦੌਰਾਨ ਜਿੱਥੇ ਦੋਸ਼ੀ ਮਾਰੇ ਗਏ ਹਨ ਉੱਥੇ ਹੀ ਪੰਜਾਬ ਪੁਲਿਸ ਦਾ ਇਕ ਸੀਨੀਅਰ ਕਾਂਸਟੇਬਲ ਵੀ ਗੰਭੀਰ ਜ਼ਖ਼ਮੀ ਹੋਇਆ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀ. ਆਈ. ਜੀ. ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਉਕਤ ਘਟਨਾ ਤੋਂ ਬਾਅਦ ਪੁਲਿਸ ਵੱਖ-ਵੱਖ ਟੀਮਾਂ ਬਣਾ ਕੇ ਇਸ ਮਾਮਲੇ ਦੀ ਜਾਂਚ ਵਿਚ ਜੁਟੀਆਂ ਹੋਈਆਂ ਸਨ। ਉਨ੍ਹਾਂ ਦੱਸਿਆ ਕਿ ਹੱਤਿਆ ਤੋਂ ਬਾਅਦ ਕਥਿਤ ਦੋਸ਼ੀ ਜਿਸ ਸਵਿ.ਫਟ ਕਾਰ ਵਿਚ ਭੱਜੇ ਸਨ, ਕੈਮਰੇ ਦੀ ਫੁਟੇਜ਼ ਮੁਤਾਬਿਕ ਉਸ ਦੀ ਭਾਲ ਤੇਜ਼ੀ ਨਾਲ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਕੁੱਲ ਪੰਜ ਵਿਅਕਤੀ ਸਨ। ਤਿੰਨ ਮੋਟਰਸਾਈਕਲ ਸਵਾਰ ਸਨ। ਜਦੋਂਕਿ ਦੋ ਸਵਿ.ਫਟ ਕਾਰ ਵਿਚ ਇਨ੍ਹਾਂ ਨੂੰ ਲੈਣ ਲਈ ਤਿਆਰ ਬੈਠੇ ਸਨ। ਇਸ ਦੌਰਾਨ ਪੁਲਿਸ ਨੇ ਕਾਰ ਟਰੇਸ ਕੀਤੀ ਅਤੇ ਇਸ ਮਾਮਲੇ ਵਿਚ ਦੋ ਦੋਸ਼ੀਆਂ ਜਸਪ੍ਰੀਤ ਸਿੰਘ ਅਤੇ ਰਾਮ ਰਤਨ ਨੂੰ ਗ੍ਰਿ.ਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜਾਂਚ ਤੋਂ



ਬਾਅਦ ਉਨ੍ਹਾਂ ਮੰਨਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਪਾਈਆਂ ਕਮੀਜ਼ਾਂ, ਸਿਰਾਂ 'ਤੇ ਬੰਨ੍ਹੇ ਪਰਨੇ ਰਸਤੇ ਵਿਚ ਸੁੱਟ ਦਿੱਤੇ ਅਤੇ ਜਾਂਦੇ ਸਮੇਂ ਹਥਿਆਰ ਪੰਜ ਪੀਰ ਦੇ ਮਗਰ ਜੰਗਲ ਨੁਮਾ ਝਾੜੀਆਂ ਵਿਚ ਰੱਖ ਦਿੱਤੇ।

ਡੀ. ਆਈ. ਜੀ. ਗਿੱਲ ਨੇ ਦੱਸਿਆ ਕਿ ਜਦ ਡੀ. ਐਸ. ਪੀ. ਅਬੋਹਰ ਤੇ ਐਸ.ਐਚ.ਓ.ਸਿਟੀ ਅਬੋਹਰ ਫੜੇ ਗਏ ਦੋਸ਼ੀਆਂ ਦੀ ਨਿਸ਼ਾਨਦੇਹੀ 'ਤੇ ਹਥਿਆਰ ਬਰਾਮਦ ਕਰਨ ਲਈ ਇਨ੍ਹਾਂ ਦੋਵਾਂ ਨੂੰ ਨਾਲ ਲੈ ਕੇ ਦੱਸੀ ਹੋਈ ਜਗ੍ਹਾ 'ਤੇ ਪੁੱਜੇ। ਉਨ੍ਹਾਂ ਦੱਸਿਆ ਕਿ ਜਦ ਉਹ ਝਾੜੀਆਂ ਕੋਲ ਪੁੱਜੇ ਤਾਂ ਹੱਤਿਆ ਵਿਚ ਸ਼ਾਮਿਲ ਦੂਜੇ ਦੋਸ਼ੀ ਉੱਥੇ ਸ਼ਾਮਿਲ ਸਨ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਅਤੇ ਤਾਬੜਤੋੜ ਗੋਲੀਆਂ ਪੁਲਿਸ ਪਾਰਟੀ 'ਤੇ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਪੁਲਿਸ ਪਾਰਟੀ ਨੇ ਆਪਣੀ ਰੱਖਿਆ ਲਈ ਜਵਾਬੀ ਗੋਲੀਬਾਰੀ ਕੀਤੀ। ਉਨ੍ਹਾਂ ਦੱਸਿਆ ਕਿ ਕਰਾਸ ਫਾਇਰਿੰਗ 'ਚ ਦੋਨੋਂ ਦੋਸ਼ੀ ਜਸਪ੍ਰੀਤ ਸਿੰਘ, ਰਾਮ ਰਤਨ ਮੌਕੇ 'ਤੇ ਮਾਰੇ ਗਏ। ਜਦਕਿ ਇਕ ਸੀਨੀਅਰ ਕਾਂਸਟੇਬਲ ਜ਼ਖ਼ਮੀ ਹੋ ਗਿਆ। ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਝਾੜੀਆਂ ਕੋਲੋਂ ਇਕ 30 ਬੋਰ ਪਿਸਤੌਲ ਅਤੇ ਕੁਝ ਖ਼ਾਲੀ ਕਾਰਤੂਸ ਬਰਾਮਦ ਹੋਏ ਹਨ। ਉਨ੍ਹਾਂ ਦੱਸਿਆ ਕਿ ਐਸ. ਐਸ. ਪੀ. ਫ਼ਾਜ਼ਿਲਕਾ ਗੁਰਮੀਤ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਇਸ ਜਾਂਚ ਵਿਚ ਜੁੱਟੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਕਾਂਡ ਨਾਲ ਸੰਬੰਧਿਤ ਸ਼ੂਟਰ 'ਤੇ ਮਾਸਟਰਮਾਈਂਡ ਫੜੇ ਜਾਣਗੇ।

# ਕੀ ਪਾਕਿਸਤਾਨ ਵਿਚ ਤਖ਼ਤਾ ਪਲਟ ਸਕਦਾ ਏ

## ✪ ਰਾਸ਼ਟਰਪਤੀ ਜ਼ਰਦਾਰੀ ਨੂੰ ਹਟਾ ਕੇ ਫ਼ੌਜ ਮੁਖੀ ਹੋ ਸਕਦੇ ਅਹੁਦੇ 'ਤੇ ਕਾਬਜ਼

## ✪ ਗ੍ਰਹਿ ਮੰਤਰੀ ਨਕਵੀ ਨੇ ਪਾਕਿ ਮੀਡੀਆ ਦੇ ਦਾਅਵਿਆਂ ਨੂੰ ਕੀਤਾ ਰੱਦ

ਅੰਮ੍ਰਿਤਸਰ-ਪਾਕਿਸਤਾਨੀ ਮੀਡੀਆ ਵਲੋਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਉੱਥੇ ਜਲਦੀ ਤਖ਼ਤਾ ਪਲਟ ਹੋ ਸਕਦਾ ਹੈ। ਰਿਪੋਰਟਾਂ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਰਾਸ਼ਟਰਪਤੀ ਆਸਿ.ਫ ਅਲੀ ਜ਼ਰਦਾਰੀ ਨੂੰ ਅਹੁਦੇ ਤੋਂ ਹਟਾਉਣ ਲਈ ਪਰਦੇ ਪਿੱਛੇ ਸਰਗਰਮੀ ਨਾਲ ਕੰਮ ਕਰ ਰਹੇ ਹਨ। ਹਾਲਾਂਕਿ, ਇਹ ਫਿਲਹਾਲ ਅਨਿਸ਼ਚਿਤ ਹੈ ਕਿ ਜ਼ਰਦਾਰੀ ਆਪਣੀ ਮਰਜ਼ੀ ਨਾਲ ਅਸਤੀ.ਫਾ ਦੇਣਗੇ ਜਾਂ ਉਨ੍ਹਾਂ ਨੂੰ ਜ਼ਬਰਦਸਤੀ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਪਾਕਿ ਦੀਆਂ ਕਈ ਮੀਡੀਆ ਰਿਪੋਰਟਾਂ ਵਿਚ ਸੂਤਰਾਂ ਦੇ ਹਵਾਲੇ ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਰਾਜਧਾਨੀ ਇਸਲਾਮਾਬਾਦ ਵਿਚ ਇਕ ਵੱਡੀ ਰਾਜਨੀਤਿਕ ਉਥਲ-ਪੁਥਲ ਪੈਦਾ ਹੋ ਗਈ ਹੈ, ਜਿਸ ਦੇ ਤਹਿਤ ਪਾਕਿ ਵਿਚ ਕਿਸੇ ਵੀ ਸਮੇਂ ਤਖ਼ਤਾਪਲਟ ਹੋ ਸਕਦਾ ਹੈ। ਮੀਡੀਆ ਰਿਪੋਰਟਾਂ ਮੁਤਾਬਿਕ ਪਾਕਿ ਦੀ ਰਾਜਨੀਤਿਕ ਸਥਿਤੀ ਨੇ ਉਸ ਵੇਲੇ ਇਕ ਨਵਾਂ ਮੋੜ ਲੈ ਲਿਆ ਜਦੋਂ ਰਾਸ਼ਟਰਪਤੀ ਆਸਿ.ਫ ਅਲੀ ਜ਼ਰਦਾਰੀ ਦੇ ਪੁੱਤਰ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਨੇ ਇਕ ਕੌਮਾਂਤਰੀ ਮੀਡੀਆ ਪੋਰਟਲ ਨੂੰ ਦਿੱਤੇ



ਇੰਟਰਵਿਊ ਵਿਚ ਫ਼ੌਜ ਮੁਖੀ ਜਨਰਲ ਮੁਨੀਰ ਦੀ ਜਨਤਕ ਤੌਰ 'ਤੇ ਆਲੋਚਨਾ ਕੀਤੀ। ਹਾਲਾਂਕਿ, ਤਖ਼ਤਾਪਲਟ ਬਾਰੇ ਉਕਤ ਚਰਚਾਵਾਂ ਨੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਫ਼ੈਸਲੇ ਤੋਂ ਬਾਅਦ ਜ਼ੋਰ ਫੜਿਆ ਹੈ। ਦਰਅਸਲ, ਸੁਪਰੀਮ ਕੋਰਟ ਦੇ ਆਦੇਸ਼ 'ਤੇ ਪਾਕਿ ਦੇ ਚੋਣ ਕਮਿਸ਼ਨ ਵਲੋਂ ਰਾਖਵੀਂਆਂ ਸੀਟਾਂ ਦੀ ਕੀਤੀ ਗਈ ਬਹਾਲੀ ਤੋਂ ਬਾਅਦ ਨੈਸ਼ਨਲ ਅਸੈਂਬਲੀ 'ਚ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ. ਐੱਮ. ਐੱਲ.-ਐੱਨ.) ਨੂੰ ਸਧਾਰਨ ਬਹੁਮਤ ਪ੍ਰਾਪਤ ਹੋਇਆ ਹੈ। ਸੱਤਾਧਾਰੀ ਗੱਠਜੋੜ ਨੂੰ ਹੇਠਲੇ ਸਦਨ ਵਿਚ ਵੀ ਦੋ-ਤਿਹਾਈ ਬਹੁਮਤ ਮਿਲਿਆ ਅਤੇ ਉਸ ਦੇ ਮੈਂਬਰਾਂ ਦੀ ਗਿਣਤੀ 218 ਤੋਂ ਵਧ ਕੇ 235 ਤੱਕ ਪਹੁੰਚ ਗਈ ਹੈ। ਪਾਕਿ ਦੀ ਨੈਸ਼ਨਲ ਅਸੈਂਬਲੀ ਦੀਆਂ ਕੁੱਲ 336 ਸੀਟਾਂ 'ਚੋਂ 60 ਸੀਟਾਂ ਔਰਤਾਂ ਲਈ ਅਤੇ 10 ਸੀਟਾਂ ਗੈਰ-ਮੁਸਲਮਾਨਾਂ ਲਈ ਰਾਖਵੀਂਆਂ ਹਨ। ਉਕਤ ਤੋਂ ਇਲਾਵਾ ਸੱਤਾਧਾਰੀ ਗੱਠਜੋੜ ਦੀ ਸਭ ਤੋਂ ਵੱਡੀ ਸਹਿਯੋਗੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ. ਪੀ. ਪੀ.) ਦੇ ਸੰਘੀ ਕੈਬਨਿਟ 'ਚ ਸ਼ਾਮਿਲ ਹੋਣ ਦੀ ਵੀ ਚਰਚਾ ਚੱਲ ਰਹੀ ਹੈ ਅਤੇ ਇਸ ਦੇ ਮੱਦੇਨਜ਼ਰ ਤਾਜ਼ਾ ਸੰਵਿਧਾਨਕ ਸੋਧ ਵਿਚ ਪੀ. ਪੀ. ਪੀ. ਦੇ ਸਹਿ-ਚੇਅਰਮੈਨ ਰਾਸ਼ਟਰਪਤੀ ਜ਼ਰਦਾਰੀ ਨੂੰ ਅਹੁਦੇ ਤੋਂ ਹਟਾਉਣ ਦਾ ਸੁਝਾਅ ਦਿੱਤਾ ਗਿਆ ਹੈ।

ਦੂਜੇ ਪਾਸੇ, ਪਾਕਿ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਰਾਸ਼ਟਰਪਤੀ ਨੂੰ ਬਦਲਣ ਦੇ ਕਿਸੇ ਵੀ ਪ੍ਰਸਤਾਵ ਦਾ ਸੁਝਾਅ ਦੇਣ ਵਾਲੀਆਂ ਰਿਪੋਰਟਾਂ ਨੂੰ ਸਖ਼ਤੀ ਨਾਲ ਰੱਦ ਕਰਦਿਆਂ ਕਿਹਾ ਹੈ ਕਿ ਇਹ ਦਾਅਵੇ ਬੇਬੁਨਿਆਦ ਹਨ। ਪੀ. ਪੀ. ਪੀ. ਦੇ ਸਕੱਤਰ ਜਨਰਲ ਨਈਅਰ ਹੁਸੈਨ ਬੁਖ਼ਾਰੀ ਨੇ ਪਾਰਟੀ ਦੇ ਸੰਘੀ ਕੈਬਨਿਟ 'ਚ ਸ਼ਾਮਿਲ ਨਾ ਹੋਣ ਬਾਰੇ ਸਪਸ਼ਟੀਕਰਨ ਦਿੰਦਿਆਂ ਦਾਅਵਾ ਕੀਤਾ ਕਿ ਪੀ. ਪੀ. ਪੀ. ਦੇ ਸਮਰਥਨ ਤੋਂ ਬਿਨਾਂ ਸਰਕਾਰ ਨਹੀਂ ਚੱਲ ਸਕਦੀ।

# ਦਿਲਜੀਤ ਦੁਸਾਂਝ ਦੇ ਹੱਕ ਵਿਚ ਡਟੇ ਮੁਖ ਮੰਤਰੀ ਭਗਵੰਤ ਮਾਨ

## ✪ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦੀ ਸ਼ੁਰੂਆਤ ਹੋਈ



ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੰਡੀਗੜ੍ਹ ਵਿੱਚ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦੀ ਸ਼ੁਰੂਆਤ ਕੀਤੀ। ਇਸ ਯੋਜਨਾ ਅਧੀਨ ਪੰਜਾਬ ਦੇ ਹਰ ਵਿਅਕਤੀ ਨੂੰ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਮਿਲੇਗਾ।

2 ਅਕਤੂਬਰ ਤੋਂ ਸਿਹਤ ਕਾਰਡ ਬਣਨੇ ਸ਼ੁਰੂ ਹੋਣਗੇ, ਜਿਸ ਲਈ ਸਿਰ.ਫ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਲੋੜ ਹੋਵੇਗੀ। ਮਾਨ ਨੇ ਕਿਹਾ ਕਿ ਵੱਡੇ ਹਸਪਤਾਲ ਇਸ ਯੋਜਨਾ ਵਿੱਚ ਸ਼ਾਮਲ ਹਨ, ਅਤੇ ਪੰਜਾਬ ਦੇ ਹਰ ਵਸਨੀਕ ਦਾ ਇਲਾਜ ਸੰਭਵ ਹੋਵੇਗਾ, ਪਹਿਲਾਂ ਵਾਲੇ ਨੀਲੇ-ਪੀਲੇ ਕਾਰਡਾਂ ਦੀਆਂ ਮੁਸ਼ਕਲਾਂ ਨੂੰ ਖਤਮ ਕਰਦਿਆਂ।

# ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ 13 ਜੁਲਾਈ ਐਤਵਾਰ ਨੂੰ ਪੰਥਕ ਕਾਨਫਰੰਸ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦਾ ਸੱਦਾ

**ਡਰਬੀ (ਪੰਜਾਬ ਟਾਈਮਜ਼) – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 13 ਜੁਲਾਈ 2025 ਦਿਨ ਐਤਵਾਰ ਨੂੰ ਇੱਕ ਪੰਥਕ ਕਾਨਫਰੰਸ ਆਯੋਜਿਤ ਕੀਤੀ ਗਈ ਹੈ। ਜਿਸ ਲਈ ਸਿੰਘ ਸਭਾ ਡਰਬੀ, ਸਿੰਘ ਸਭਾ ਗ੍ਰੇਟ ਬਾਰ ਬ੍ਰਮਿੰਘਮ ਅਤੇ ਸਿੱਖ ਅਜਾਇਬਘਰ ਡਰਬੀ ਦੇ ਸੇਵਾਦਾਰਾਂ ਜਥੇਦਾਰ ਬਲਬੀਰ ਸਿੰਘ (ਬ੍ਰਮਿੰਘਮ), ਸ: ਰਘਬੀਰ ਸਿੰਘ ਡਰਬੀ ਅਤੇ ਸ: ਰਾਜਿੰਦਰ ਸਿੰਘ ਡਰਬੀ ਵੱਲੋਂ ਪੰਥਕ ਵਿਚਾਰਾਂ ਕਰਨ ਲਈ ਸਿੱਖ ਆਗੂਆਂ, ਵਿਦਵਾਨਾਂ ਅਤੇ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਵਿੱਚ ਪੰਥ ਦੀ ਮੌਜੂਦਾ ਸਥਿਤੀ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਸਿੱਖ ਪੰਥ ਨੂੰ ਇਸ ਸਮੇਂ ਜਿੱਥੇ ਮਾਰੂ ਅਤੇ ਸਿਧਾਂਤਕ ਬਾਹਰੀ ਹਮਲਿਆਂ ਨਾਲ ਜੂਝਣਾ ਪੈ ਰਿਹਾ ਹੈ, ਉਥੇ ਨਾਲ ਹੀ ਕੌਮ ਦੇ ਅੰਦਰ ਕਈ ਘਰੇਲੂ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।**

ਵੱਖ–ਵੱਖ ਸਿਆਸੀ ਦਲਾਂ ਵਿੱਚ ਤਾਂ ਪਹਿਲਾਂ ਹੀ ਬਹੁਤ ਵਖਰੇਵਾਂ ਪਾਇਆ ਜਾ ਰਿਹਾ ਹੈ, ਪਰ ਹੁਣ ਇਹ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਵਿੱਚ ਵੀ ਜ਼ਾਹਰਾ ਤੌਰ ਤੇ ਪ੍ਰਗਟ ਹੋ ਰਿਹਾ ਹੈ। ਤਖਤ ਸਾਹਿਬਾਨ ਦੇ ਜਥੇਦਾਰਾਂ ਅਤੇ ਪੰਜ ਸਿੰਘ ਸਾਹਿਬਾਨ ਅਤੇ ਸਰਵਉਚ ਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਾਖ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਥ ਦੀਆਂ ਸਿਆਸੀ ਜਥੇਬੰਦੀਆਂ ਦਾ ਵੱਕਾਰ ਘਟਾਉਣ ਅਤੇ ਪੰਥਕ ਸ਼ਕਤੀ ਨੂੰ ਖੇਰੂੰ–ਖੇਰੂੰ ਕਰਨ ਦੀਆਂ ਕੋਸ਼ਿਸ਼ਾਂ ਕੁੱਝ ਤਾਕਤਾਂ ਵੱਲੋਂ ਜਾਰੀ ਹਨ, ਜਿਸ ਤਹਿਤ ਪੰਥ ਦੀਆਂ ਸੰਸਥਾਵਾਂ ਵਿੱਚ ਵਾਦ–ਵਿਵਾਦ ਖੜ੍ਹਾ ਕੀਤਾ ਜਾ ਰਿਹਾ ਹੈ। ਜਿਸ ਨਾਲ ਪੰਥ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।



ਜਥੇ: ਬਲਬੀਰ ਸਿੰਘ, ਸ: ਰਘਬੀਰ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ

ਕਾਨਫਰੰਸ 10:30 ਵਜੇ ਸ਼ੁਰੂ ਹੋਵੇਗੀ, ਜਿਸ ਵਿੱਚ ਪਹੁੰਚ ਰਹੇ ਪੰਥਕ ਬੁਲਾਰੇ, ਵਿਦਵਾਨ, ਲੇਖਕ ਤੇ ਅਹਿਮ ਸ਼ਖਸੀਅਤਾਂ ਦੇ ਨਾਂ ਇਸ ਤਰ੍ਹਾਂ ਹਨ: ਪ੍ਰੋ: ਦਲਜੀਤ ਸਿੰਘ ਵਿਰਕ, ਡਾ: ਸੁਜਿੰਦਰ ਸਿੰਘ ਸੰਘਾ, ਸ: ਭਗਵਾਨ ਸਿੰਘ ਜੌਹਲ, ਭਾਈ ਜੋਗਾ ਸਿੰਘ, ਜਥੇਦਾਰ ਮਹਿੰਦਰ ਸਿੰਘ ਖਹਿਰਾ, ਭਾਈ ਅਵਤਾਰ ਸਿੰਘ, ਡਾ: ਗੁਰਨਾਮ ਸਿੰਘ, ਭਾਈ ਬਲਬੀਰ ਸਿੰਘ ਬੈਂਸ, ਸ: ਜਗਤਾਰ ਸਿੰਘ ਗਿੱਲ, ਸ: ਹਰਦਿਆਲ ਸਿੰਘ ਢਿੱਲੋਂ, ਭਾਈ ਮਨਪ੍ਰੀਤ ਸਿੰਘ ਡਰਬੀ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਭਾਈ ਰਣਜੀਤ ਸਿੰਘ ਰਾਣਾ, ਹਰਦਿਆਲ ਸਿੰਘ ਧਮੜੈਤ, ਸ: ਕੁਲਵੰਤ ਸਿੰਘ ਢੇਸੀ, ਸ: ਤਰਸੇਮ ਸਿੰਘ ਦਿਓਲ, ਭਾਈ ਦੁਪਿੰਦਰਜੀਤ ਸਿੰਘ, ਭਾਈ ਰਣਜੀਤ ਸਿੰਘ ਸੀਹਰਾ।

ਇਹ ਪੰਥਕ ਕਾਨਫਰੰਸ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ–ਉਚਤਾ ਨੂੰ ਮੁੱਖ ਰੱਖਦਿਆਂ ਉਲੀ–ਕੀ ਗਈ ਹੈ। ਇਸ ਵਿੱਚ ਸ਼ਾਮਿਲ ਹੋਣ ਲਈ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਸੰਸਥਾਵਾਂ ਜੋ ਪੰਥਕ ਏਕਤਾ ਲਈ ਬਚਨ ਬੱਧ ਹਨ, ਉਹਨਾਂ ਨੂੰ ਇਸ ਕਾਨਫਰੰਸ ਵਿੱਚ ਪਹੁੰਚਣ ਲਈ ਸੱਦਾ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਬਹੁਤ ਸਾਰੇ ਆਗੂਆਂ ਨਾਲ ਸੰਪਰਕ ਨਹੀਂ ਹੋ ਸਕਿਆ, ਜਿਹੜੇ ਸੱਜਣ ਆਪ ਨਹੀਂ ਪਹੁੰਚ ਸਕਦੇ, ਉਹ ਆਪਣਾ ਸੁਨੇਹਾ ਲਿਖ ਕੇ ਇਸ ਦਿੱਤੇ ਹੋਏ ਨੰਬਰ 'ਤੇ ਵੱਟਸ ਐਪ ਰਾਹੀਂ ਸ: ਰਾਜਿੰਦਰ ਸਿੰਘ ਪੁਰੇਵਾਲ ਨੂੰ ਭੇਜ ਸਕਦੇ ਹਨ, ਉਹਨਾਂ ਦਾ ਸੁਨੇਹਾ ਕਾਨਫਰੰਸ ਦੌਰਾਨ ਸੰਗਤਾਂ ਤੱਕ ਪਹੁੰਚਾ ਦਿੱਤਾ ਜਾਵੇਗਾ।

ਫੋਨ: 07966 974505

# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਕਾਂਗਰਸ ਦੀ ਹਾਰ ਤੋਂ ਬਾਅਦ ਕਾਂਗਰਸ ਹਾਈਕਮਾਨ ਸਖ਼ਤ

ਖਾਸ ਖਬਰ

## ✪ ਪਾਰਟੀ ਦੇ ਕੌਮੀ ਪ੍ਰਧਾਨ ਖੜਗੇ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਨੂੰ ਇਸ ਮੁੱਦੇ ਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਸੌਂਪੀ ✪ ਪਰਗਟ ਸਿੰਘ ਨੂੰ ਮੁੱਖ ਜ਼ਿੰਮੇਵਾਰੀ ਸੌਂਪਣ ਦੀ ਸੰਭਾਵਨਾ

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਕਾਂਗਰਸ ਦੀ ਹਾਰ ਨੇ ਪਾਰਟੀ ਦੀ ਅੰਦਰੂਨੀ ਧੜੇਬੰਦੀ ਨੂੰ ਸਾਹਮਣੇ ਲਿਆਂਦਾ ਹੈ। ਪਾਰਟੀ ਹਾਈਕਮਾਨ ਨੇ ਇਸ ਹਾਰ ਤੋਂ ਬਾਅਦ ਸੂਬੇ ਵਿੱਚ ਅਨੁਸ਼ਾਸਨਹੀਣਤਾ ਅਤੇ ਗੁੱਟਬੰਦੀ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਣ ਦੀ ਰਣਨੀਤੀ ਅਪਣਾਈ ਹੈ। ਪਾਰਟੀ ਦੇ ਕੌਮੀ ਪ੍ਰਧਾਨ ਮਲਿਕਅਰਜੁਨ ਖੜਗੇ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਇਸ ਮੁੱਦੇ ਨੂੰ ਸੁਲਝਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਹਾਈਕਮਾਨ ਨੇ ਭਾਰਤ ਭੂਸ਼ਣ ਆਸ਼ੂ, ਪਰਗਟ ਸਿੰਘ ਅਤੇ ਕੁਸ਼ਲਦੀਪ ਸਿੰਘ ਢਿੱਲੋਂ ਦੇ ਅਸਤੀਫੇ ਤੁਰੰਤ ਪ੍ਰਵਾਨ ਕਰਕੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਹਾਈਕਮਾਨ ਹੁਣ ਸਾਰੇ ਆਗੂਆਂ ਨੂੰ ਇੱਕ ਮੰਚ 'ਤੇ ਲਿਆਉਣ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਤਤਪਰ ਹੈ।

### ਕੀ ਪਰਗਟ ਸਿੰਘ ਨੂੰ ਸੌਂਪੀ ਜਾ ਸਕਦੀ ਹੈ ਕਮਾਨ?

ਸੂਤਰਾਂ ਮੁਤਾਬਕ, ਹਾਈਕਮਾਨ ਪਰਗਟ ਸਿੰਘ ਨੂੰ ਪ੍ਰਦੇਸ਼ ਪ੍ਰਧਾਨ ਜਾਂ ਕੋਈ ਮੁੱਖ ਅਹੁਦਾ ਸੌਂਪਣ 'ਤੇ ਵਿਚਾਰ ਕਰ ਰਿਹਾ ਹੈ। ਪਰਗਟ ਸਿੰਘ ਦੀ ਸਾਫ-ਸੁਥਰੀ ਛਵੀ ਅਤੇ ਸੰਜਮੀ ਲੀਡਰਸ਼ਿਪ ਨੂੰ ਪਾਰਟੀ ਦੀ ਅੰਦਰੂਨੀ ਏਕਤਾ ਬਹਾਲ ਕਰਨ ਦੀ ਸੰਭਾਵਨਾ ਵਜੋਂ ਦੇਖਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਪੰਜਾਬ ਸਿਆਸਤ ਵਿੱਚ ਸਤਿਕਾਰਯੋਗ ਸਥਿਤੀ ਅਤੇ ਸਮਰਪਣ ਨੂੰ



ਵੇਖਦਿਆਂ, ਇਹ ਫੈਸਲਾ ਪਾਰਟੀ ਨੂੰ ਇਕਜੁਟ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ।

### ਹਾਰ ਦੇ ਮੁੱਖ ਕਾਰਨ

ਲੁਧਿਆਣਾ ਜ਼ਿਮਨੀ ਚੋਣ ਵਿੱਚ ਕਾਂਗਰਸ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਅੰਦਰੂਨੀ ਧੜੇਬੰਦੀ ਸੀ। ਪਾਰਟੀ ਦੇ ਸੀਨੀਅਰ ਆਗੂਆਂ ਜਿਵੇਂ ਭੁਪੇਸ਼ ਬਘੇਲ, ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਪ੍ਰਚਾਰ ਮੁਹਿੰਮ ਤੋਂ ਦੂਰ ਰੱਖਿਆ ਗਿਆ, ਜਿਸ ਨਾਲ ਪਾਰਟੀ ਦੀ ਸਾਂਝੀ ਰਣਨੀਤੀ ਦੀ ਕਮੀ ਸਾਹਮਣੇ ਆਈ। ਕੁਝ ਆਗੂਆਂ ਨੇ ਨਿੱਜੀ ਪਹੁੰਚ ਅਤੇ ਅਸਰ-ਰਸੂਖ ਦੇ ਭਰੋਸੇ 'ਤੇ ਚੋਣ ਜਿੱਤਣ ਦਾ ਦਾਅਵਾ ਕੀਤਾ, ਪਰ ਇਹ ਰਣਨੀਤੀ ਨਾਕਾਮ ਰਹੀ। ਇਸ ਦੇ ਨਾਲ ਹੀ, ਭਾਜਪਾ ਦੀ ਦੇਰੀ ਨਾਲ ਉਮੀਦਵਾਰ ਐਲਾਨਣ ਅਤੇ 'ਆਪ' ਦੀਆਂ ਮੁਫਤ ਸਹੂਲਤਾਂ (ਬਿਜਲੀ, ਰਾਸ਼ਨ) ਨੇ ਵੀ ਕਾਂਗਰਸ ਦੀ ਹਾਰ ਵਿੱਚ ਭੂਮਿਕਾ ਨਿਭਾਈ। ਪਾਰਟੀ ਦੀ ਅਹਿਮ ਕਾਨਫਰੰਸ ਅਤੇ ਰੋਡ ਸ਼ੋਅ ਵਿੱਚ ਸੀਨੀਅਰ ਆਗੂਆਂ ਦੀ ਗੈਰ-ਮੌਜੂਦਗੀ ਨੇ ਅੰਦਰੂਨੀ ਮਤਭੇਦਾਂ ਨੂੰ ਹੋਰ ਉਜਾਗਰ ਕੀਤਾ।

### ਪੰਜਾਬ ਵਿੱਚ ਭਵਿੱਖ ਦੀ ਨੀਤੀ

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਦਿਆਂ, ਹਾਈਕਮਾਨ ਦੀ ਨੀਤੀ ਪਾਰਟੀ ਨੂੰ ਇਕਜੁਟ ਅਤੇ ਅਨੁਸ਼ਾਸਿਤ ਕਰਨ 'ਤੇ ਕੇਂਦਰਿਤ ਹੈ। ਭੁਪੇਸ਼ ਬਘੇਲ ਪੰਜਾਬ ਵਿੱਚ ਬੈਠਕਾਂ ਕਰਕੇ ਆਗੂਆਂ ਵਿੱਚ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨਗੇ। ਪਰਗਟ ਸਿੰਘ ਵਰਗੇ ਸੁਚੱਜੇ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਦੇਣ ਦੀ ਸੰਭਾਵਨਾ ਹੈ। ਇਸ ਦੇ ਨਾਲ, ਚੰਨੀ, ਵੜਿੰਗ ਅਤੇ ਰੰਧਾਵਾ ਵਰਗੇ ਆਗੂਆਂ ਨੂੰ ਕੌਮੀ ਸਿਆਸਤ ਵਿੱਚ ਜ਼ਿੰਮੇਵਾਰੀਆਂ ਸੌਂਪ ਕੇ ਸੂਬੇ ਵਿੱਚ ਮੁੱਖ ਮੰਤਰੀ ਅਹੁਦੇ ਦੀ ਦੌੜ ਨੂੰ ਸੰਤੁਲਿਤ ਕੀਤਾ ਜਾ ਸਕਦਾ ਹੈ।

ਪਾਰਟੀ ਨੂੰ ਅੰਦਰੂਨੀ ਟਕਰਾਅ ਖਤਮ ਕਰਕੇ, ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਕੇ ਅਤੇ ਸਾਰੇ ਆਗੂਆਂ ਨੂੰ ਇੱਕ ਮੰਚ 'ਤੇ ਲਿਆਉਣ ਦੀ ਲੋੜ ਹੈ, ਤਾਂ ਜੋ 2027 ਦੀਆਂ ਚੋਣਾਂ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਉਭਰਿਆ ਜਾ ਸਕੇ।

# ਅੰਮ੍ਰਿਤਸਰ ਏਅਰਪੋਰਟ ਤੋਂ ਗੈਂਗਸਟਰ ਜੱਗੂ ਭਗਵਾਨਪੁਰੀਏ ਦੀ ਭਾਬੀ ਗ੍ਰਿਫ਼ਤਾਰ

## ✪ ਆਸਟ੍ਰੇਲੀਆ ਫਰਾਰ ਹੋਣ ਲੱਗੀ ਸੀ ਲਵਜੀਤ ਕੌਰ



ਅੰਮ੍ਰਿਤਸਰ-ਡਿਬਰੂਗੜ੍ਹ ਜੇਲ੍ਹ 'ਚ ਬੰਦ ਖ਼ਤਰਨਾਕ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਭਾਬੀ ਲਵਜੀਤ ਕੌਰ ਨੂੰ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ ਤੋਂ ਸੋਮਵਾਰ ਰਾਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁਲਜ਼ਮ ਔਰਤ ਆਸਟ੍ਰੇਲੀਆ ਭੱਜਣ ਦੀ ਫ਼ਿਰਾਕ ਵਿਚ ਸੀ ਤੇ ਕੁਝ ਦਿਨ ਪਹਿਲਾਂ ਹੀ ਆਪਣੀ ਸੱਸ ਹਰਜੀਤ ਕੌਰ ਦੀ ਮੌਤ 'ਤੇ ਅਫਸੋਸ ਕਰਨ ਅੰਮ੍ਰਿਤਸਰ ਪਹੁੰਚੀ ਸੀ। ਬਟਾਲਾ ਪੁਲਿਸ ਵੱਲੋਂ ਲਵਜੀਤ ਕੌਰ ਨੂੰ ਕੁਝ ਦਿਨ ਪਹਿਲਾਂ ਗੈਂਗਸਟਰ ਗੁਰਪ੍ਰੀਤ ਸਿੰਘ ਗੋਰਾ ਬਰੀਆਰ ਦੀ ਹੱਤਿਆ ਮਾਮਲੇ ਵਿਚ ਨਾਮਜ਼ਦ ਕੀਤਾ ਗਿਆ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਕੁਝ ਦਿਨ ਪਹਿਲਾਂ ਜੱਗੂ ਭਗਵਾਨਪੁਰੀਆ ਦੀ ਮਾਂ ਹਰਜੀਤ ਕੌਰ ਤੇ ਉਸਦੇ ਰਿਸ਼ਤੇਦਾਰ ਕਰਮਵੀਰ ਸਿੰਘ ਦੀ ਗੋਲ਼ੀ ਮਾਰ ਕੇ ਹੱਤਿਆ ਕੀਤੀ ਗਈ ਸੀ। ਇਸ ਤੋਂ ਬਾਅਦ, ਜੱਗੂ ਦੇ ਭਰਾ ਮਨਦੀਪ ਸਿੰਘ ਦੀ ਪਤਨੀ ਲਵਜੀਤ ਕੌਰ ਸੱਸ ਦੀ ਮੌਤ 'ਤੇ ਦੁੱਖ ਮਨਾਉਣ ਲਈ ਬਟਾਲਾ ਪਹੁੰਚੀ ਸੀ, ਜਿੱਥੇ ਪੁਲਿਸ ਵੱਲੋਂ ਉਸਦੇ ਖ਼ਿਲਾਫ਼ ਪਹਿਲਾਂ ਹੀ ਹੱਤਿਆ ਦੇ ਦੋਸ਼ ਵਿਚ ਕੇਸ ਦਰਜ ਕੀਤਾ ਜਾ ਚੁੱਕਾ ਸੀ।

# ਸਿੱਖ ਸ਼ਹੀਦੀਆਂ ਦਾ ਕੋਰਸ: ਦਿੱਲੀ ਯੂਨੀਵਰਸਿਟੀ ਦਾ ਨਵਾਂ ਫੈਸਲਾ

**✪ ਸਿੱਖ ਲਹਿਰ: ਜ਼ੁਲਮ ਖ਼ਿਲਾਫ਼ ਲੜਾਈ, ਨਾ ਕਿ ਮੁ.ਗਲ ਜਾਂ ਇਸਲਾਮ ਵਿਰੁਧ ✪ ਸਿੱਖ ਇਤਿਹਾਸ: ਹਿੰਦੂ ਭਾਈਚਾਰੇ ਦਾ ਹੋਮ ਗਾਰਡ ਜਾਂ ਨਿਆਂ ਦੀ ਲੜਾਈ ? ✪ ਸਿੱਖੀ ਦੀ ਸਹੀ ਪੇਸ਼ਕਾਰੀ: ਸ਼ਹੀਦੀਆਂ ਨਾਲ ਸੰਪੂਰਨ ਵਿਚਾਰਧਾਰਾ ਜ਼ਰੂਰੀ**




**ਪੰਥਕ ਹਲਚਲ**

ਦਿੱਲੀ ਯੂਨੀਵਰਸਿਟੀ ਨੇ "ਭਾਰਤੀ ਇਤਿਹਾਸ ਵਿੱਚ ਸਿੱਖ ਸ਼ਹਾਦਤ (1500-1765)" ਨਾਂ ਦਾ ਕੋਰਸ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜੋ ਅੰਡਰ-ਗ੍ਰੈਜੂਏਟ ਵਿਦਿਆਰਥੀਆਂ ਲਈ 4 ਕ੍ਰੈਡਿਟ ਦਾ ਚੋਣਵਾਂ ਕੋਰਸ ਹੋਵੇਗਾ। ਇਸ ਕੋਰਸ ਦਾ ਮਕਸਦ ਸਿੱਖ ਧਰਮ ਦੇ ਵਿਕਾਸ, ਸ਼ਹੀਦੀਆਂ, ਅਤੇ ਜ਼ੁਲਮਾਂ ਵਿਰੁੱਧ ਸਿੱਖ ਲਹਿਰ ਦੀ ਲੜਾਈ ਨੂੰ ਸਮਝਾਉਣਾ ਹੈ। ਇਸ ਵਿੱਚ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਚਾਰ ਸਾਹਿਬਜ਼ਾਦੇ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ, ਮਾਈ ਭਾਗੋ, ਅਤੇ ਸ੍ਰੀ ਦਰਬਾਰ ਸਾਹਿਬ ਵਰਗੇ ਸਥਾਨਾਂ ਦੀ ਮਹੱਤਤਾ ਨੂੰ ਪੜ੍ਹਾਇਆ ਜਾਵੇਗਾ। ਪਰ ਸਵਾਲ ਇਹ ਹੈ ਕਿ ਕੀ ਸਿਰਫ਼ ਸ਼ਹੀਦੀਆਂ 'ਤੇ ਕੇਂਦਰਿਤ ਇਤਿਹਾਸ ਹੀ ਪੜ੍ਹਾਉਣਾ ਕਾਫ਼ੀ ਹੈ, ਜਾਂ ਸਿੱਖ ਧਰਮ ਦੀ ਪੂਰੀ ਵਿਚਾਰਧਾਰਾ ਨੂੰ ਸਮਝਾਉਣ ਦੀ ਲੋੜ ਹੈ ?

### ਸਿੱਖ ਲਹਿਰ: ਮੁ.ਗਲ ਵਿਰੋਧੀ ਜਾਂ ਨਿਆਂ ਪੱਖੀ ?

ਇਤਿਹਾਸਕਾਰ ਸੁਖਦਿਆਲ ਸਿੰਘ ਅਤੇ ਗੁਰਤੇਜ ਸਿੰਘ ਆਈਏਐਸ ਮੁਤਾਬਕ, ਸਿੱਖ ਲਹਿਰ ਮੁ.ਗਲਾਂ ਜਾਂ ਇਸਲਾਮ ਦੇ ਵਿਰੁੱਧ ਨਹੀਂ ਸੀ, ਸਗੋਂ ਜ਼ੁਲਮ ਅਤੇ ਅਨਿਆਂ ਦੇ ਖਿਲਾਫ ਸੀ। ਸਿੱਖ ਧਰਮ ਦੀ ਸਥਾਪਨਾ ਨਿਆਂ, ਸਮਾਨਤਾ, ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ 'ਤੇ ਹੋਈ। ਮੁ.ਗਲ ਬਾਦਸ਼ਾਹ ਜਹਾਂਗੀਰ ਅਤੇ ਔਰੰਗਜ਼ੇਬ ਦੇ ਜ਼ੁਲਮਾਂ ਨੇ, ਜਿਵੇਂ ਗੁਰੂ ਅਰਜਨ ਦੇਵ (1606) ਅਤੇ ਗੁਰੂ ਤੇਗ ਬਹਾਦਰ (1675) ਦੀ ਸ਼ਹਾਦਤ, ਨੇ ਸਿੱਖਾਂ ਨੂੰ ਸੱਤਾ ਦੇ ਵਿਰੁੱਧ ਖੜ੍ਹੇ ਹੋਣ ਲਈ ਮਜਬੂਰ ਕੀਤਾ। ਗੁਰੂ ਗੋਬਿੰਦ ਸਿੰਘ ਦਾ 'ਜ਼ਫਰਨਾਮਾ' ਵੀ ਔਰੰਗਜ਼ੇਬ ਦੇ ਜ਼ੁਲਮਾਂ ਦਾ ਜਵਾਬ ਸੀ, ਨਾ ਕਿ ਇਸਲਾਮ ਦਾ ਵਿਰੋਧ। ਸਿੱਖ ਲਹਿਰ ਨੇ ਹਮੇਸ਼ਾ ਮਨੁੱਖਤਾ ਅਤੇ ਨਿਆਂ ਦੀ ਗੱਲ ਕੀਤੀ, ਨਾ ਕਿ ਕਿਸੇ ਧਰਮ ਦੇ ਵਿਰੁੱਧ ਜੰਗ ਲੜੀ।

### ਸਿੱਖ ਲਹਿਰ: ਹਿੰਦੂ ਭਾਈਚਾਰੇ ਦਾ ਹੋਮ ਗਾਰਡ ?

ਇਤਿਹਾਸਕਾਰ ਗੁਰਦਰਸ਼ਨ ਢਿੱਲੋਂ ਦੱਸਦੇ ਹਨ ਕਿ ਸਿੱਖ ਲਹਿਰ ਨੂੰ ਹਿੰਦੂ ਭਾਈਚਾਰੇ ਦੇ "ਹੋਮ ਗਾਰਡ" ਵਜੋਂ ਦਰਸਾਉਣਾ ਗਲਤ ਹੈ। ਸਿੱਖ ਧਰਮ ਦੀ ਵਿਚਾਰਧਾਰਾ ਸਾਰੇ ਧਰਮਾਂ ਦੇ ਲੋਕਾਂ ਲਈ ਸਮਾਨ ਸੀ। ਗੁਰੂ ਅਮਰਦਾਸ ਦੇ ਸਮੇਂ ਅਕਬਰ ਲੰਗਰ ਛਕਣ ਆਉਂਦੇ ਸਨ, ਜੋ ਸਿੱਖ-ਮੁ.ਗਲ ਸਬੰਧਾਂ ਦੀ ਸਹਿਮਤੀ ਨੂੰ ਦਰਸਾਉਂਦਾ ਹੈ। ਸਿੱਖ ਲਹਿਰ ਨੇ ਫਿਰਕਾਪ੍ਰਸਤੀ ਦਾ ਵਿਰੋਧ ਕੀਤਾ, ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਨੇ ਜੰਗ ਵਿੱਚ ਵੀ ਜ਼ਖਮੀ ਦੁਸ਼ਮਣਾਂ ਨੂੰ ਪਾਣੀ ਪਿਲਾਇਆ, ਜੋ ਸਿੱਖੀ ਦੀ ਮਨੁੱਖਤਾਵਾਦੀ ਸੋਚ ਨੂੰ ਦਰਸਾਉਂਦਾ ਹੈ।

### ਸਿੱਖ ਇਤਿਹਾਸ ਨੂੰ ਕਿਵੇਂ ਪੇਸ਼ ਕਰਨਾ ਚਾਹੀਦਾ ?

ਸਿੱਖ ਸ਼ਹੀਦੀਆਂ ਦਾ ਇਤਿਹਾਸ ਪੜ੍ਹਾਉਣਾ ਮਹੱਤਵਪੂਰਨ ਹੈ, ਪਰ ਸਿਰਫ਼ ਸ਼ਹੀਦੀਆਂ 'ਤੇ ਕੇਂਦਰਿਤ ਰਹਿਣ ਨਾਲ ਗੁਰੂਆਂ ਦੀ ਪੂਰੀ ਵਿਚਾਰਧਾਰਾ ਅਧੂਰੀ ਰਹਿ ਜਾਂਦੀ। ਸਿੱਖ ਧਰਮ ਦੀ ਨੀਂਹ ਨਿਆਂ, ਸਮਾਨਤਾ, ਅਤੇ ਸਰਬੱਤ ਦੇ ਭਲੇ 'ਤੇ ਟਿਕੀ ਹੈ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸਿੱਖ ਇਤਿਹਾਸ ਨੂੰ ਮੁ.ਗਲ-ਵਿਰੋਧੀ ਜਾਂ ਧਾਰਮਿਕ ਝਗੜੇ ਵਜੋਂ ਨਹੀਂ, ਸਗੋਂ ਨਿਆਂ ਅਤੇ ਮਨੁੱਖਤਾ ਦੀ ਲੜਾਈ ਵਜੋਂ ਪੇਸ਼ ਕਰਨਾ ਚਾਹੀਦਾ।

ਸਿੱਖ ਲਹਿਰ ਨੂੰ ਸਿਰਫ਼ ਲੜਾਈਆਂ ਅਤੇ ਸ਼ਹੀਦੀਆਂ ਤੱਕ ਸੀਮਤ ਨਹੀਂ ਕਰਨਾ ਚਾਹੀਦਾ, ਸਗੋਂ ਗੁਰੂ ਨਾਨਕ ਦੇਵ ਜੀ ਦੀ ਸਮਾਜ ਸੁਧਾਰਕ ਸੋਚ, ਗੁਰੂ ਅਰਜਨ ਦੇਵ ਦੀ ਸ਼ਾਂਤਮਈ ਵਿਚਾਰਧਾਰਾ, ਅਤੇ ਗੁਰੂ ਗੋਬਿੰਦ ਸਿੰਘ ਦੀ ਖਾਲਸਾ ਪੰਥ ਦੀ ਸਥਾਪਨਾ ਦੇ ਮਕਸਦ ਨੂੰ ਵੀ ਸ਼ਾਮਲ ਕਰਨਾ ਚਾਹੀਦਾ।

### ਸਿੱਖ ਇਤਿਹਾਸ ਦੀ ਸਹੀ ਪੇਸ਼ਕਾਰੀ ਦੀ ਲੋੜ

ਸਿੱਖ ਇਤਿਹਾਸ ਨੂੰ ਸਹੀ ਸੰਦਰਭ ਵਿੱਚ ਪੜ੍ਹਾਉਣ ਲਈ ਮੁ.ਗਲਾਂ ਨਾਲ ਸਿੱਖਾਂ ਦੇ ਸਬੰਧਾਂ ਨੂੰ ਸੰਤੁਲਿਤ ਨਜ਼ਰੀਏ ਨਾਲ ਵੇਖਣ ਦੀ ਲੋੜ ਹੈ। ਜਿਵੇਂ ਕਿ ਅਕਬਰ ਦੇ ਸਮੇਂ ਸਿੱਖ-ਮੁ.ਗਲ ਸਬੰਧ ਸਹਿਮਤੀ ਵਾਲੇ ਸਨ, ਪਰ ਔਰੰਗਜ਼ੇਬ ਦੇ ਜ਼ੁਲਮਾਂ ਨੇ ਟਕਰਾਅ ਨੂੰ ਜਨਮ ਦਿੱਤਾ। ਸਿੱਖ ਲਹਿਰ ਨੂੰ ਕਿਸੇ ਇੱਕ ਧਰਮ ਜਾਂ ਕੌਮ ਦੇ ਵਿਰੁੱਧ ਨਹੀਂ, ਸਗੋਂ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਲੜਾਈ ਵਜੋਂ ਪੇਸ਼ ਕੀਤਾ ਜਾਵੇ। ਇਸ ਕੋਰਸ ਵਿੱਚ ਸਿੱਖ ਧਰਮ ਦੀ ਮਨੁੱਖਤਾਵਾਦੀ ਸੋਚ, ਸਮਾਜ ਸੁਧਾਰ, ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਵੀ ਸ਼ਾਮਲ ਕਰਨਾ ਚਾਹੀਦਾ, ਤਾਂ ਜੋ ਵਿਦਿਆਰਥੀ ਸਿੱਖ ਇਤਿਹਾਸ ਦੀ ਪੂਰੀ ਤਸਵੀਰ ਸਮਝ ਸਕਣ। ਸਿਰਫ਼ ਸ਼ਹੀਦੀਆਂ 'ਤੇ ਕੇਂਦਰਿਤ ਰਹਿਣ ਨਾਲ ਸਿੱਖ ਧਰਮ ਦੀ ਵਿਸ਼ਾਲ ਸੋਚ ਅਤੇ ਫਿਲਾਸਫੀ ਅਧੂਰੀ ਰਹਿ ਜਾਵੇਗੀ।

ਦਿੱਲੀ ਯੂਨੀਵਰਸਿਟੀ ਦਾ ਸਿੱਖ ਸ਼ਹੀਦੀਆਂ ਦਾ ਕੋਰਸ ਪੜ੍ਹਾਉਣ ਦਾ ਫੈਸਲਾ ਸੁਆਗਤਯੋਗ ਹੈ, ਪਰ ਇਸ ਨੂੰ ਸਿਰਫ਼ ਸ਼ਹੀਦੀਆਂ ਤੱਕ ਸੀਮਤ ਨਹੀਂ ਕਰਨਾ ਚਾਹੀਦਾ। ਸਿੱਖ ਇਤਿਹਾਸ ਨੂੰ ਨਿਆਂ, ਸਮਾਨਤਾ, ਅਤੇ ਮਨੁੱਖਤਾ ਦੀ ਲੜਾਈ ਵਜੋਂ ਪੇਸ਼ ਕਰਨ ਦੀ ਲੋੜ ਹੈ, ਨਾ ਕਿ ਮੁ.ਗਲ ਜਾਂ ਇਸਲਾਮ ਵਿਰੋਧੀ ਲਹਿਰ ਵਜੋਂ। ਸਿੱਖ ਧਰਮ ਦੀ ਵਿਚਾਰਧਾਰਾ ਅਤੇ ਗੁਰੂਆਂ ਦੀ ਫਿਲਾਸਫੀ ਨੂੰ ਸਮਝਾਉਣ ਨਾਲ ਵਿਦਿਆਰਥੀਆਂ ਨੂੰ ਸਿੱਖੀ ਦਾ ਸਹੀ ਅਰਥ ਸਮਝ ਆਵੇਗਾ, ਜੋ ਸਿਰਫ਼ ਲੜਾਈਆਂ ਜਾਂ ਸ਼ਹੀਦੀਆਂ ਤੱਕ ਸੀਮਤ ਨਹੀਂ, ਸਗੋਂ ਸਰਬੱਤ ਦੇ ਭਲੇ ਦੀ ਸੋਚ 'ਤੇ ਟਿਕਿਆ ਹੈ।

---

-ਮਾਮਲਾ ਤਖਤਾਂ ਦੇ ਸੰਕਟ ਦਾ-

## ਬੀਬੀ ਕਿਰਨਜੋਤ ਕੌਰ ਵਲੋਂ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਬੁਲਾਉਣ ਦੀ ਮੰਗ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖ ਕੇ ਸ੍ਰੀ ਅਕਾਲ ਤਖ਼ਤ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੁਕਮਾਂ 'ਚੋਂ ਪੈਦਾ ਹੋਈ ਸਥਿਤੀ ਨੂੰ ਵਿਚਾਰਨ ਲਈ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਜਲਦ ਬੁਲਾਉਣ ਦੀ ਮੰਗ ਕੀਤੀ ਹੈ। ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਤਖ਼ਤ ਸਾਹਿਬਾਨ ਤੋਂ ਹੋ ਰਹੀ ਕਾਰਵਾਈ ਨਾ ਕੇਵਲ ਪੰਥਕ ਮਰਯਾਦਾ ਵਿਰੁੱਧ ਹੈ, ਸਗੋਂ 2 ਦਸੰਬਰ, 2024 ਦੇ ਹੁਕਮਨਾਮੇ ਤੋਂ ਬਾਅਦ ਜਿਸ ਤਰੀਕੇ ਨਾਲ ਤਖ਼ਤ ਸਾਹਿਬਾਨ ਦੇ ਜਥੇਦਾਰ ਫ਼ਾਰਗ ਕਰਕੇ ਨਵੇਂ ਜਥੇਦਾਰ ਲਾਏ ਗਏ ਹਨ, ਪੰਥ ਵਿਚ ਉਸ ਸੰਬੰਧੀ ਵੀ ਰੋਸ ਹੈ।

---

## ਰਾਸ਼ਟਰੀ ਭਗਵਾ ਸੈਨਾ ਦਾ ਪੰਜਾਬ ਵਾਈਸ ਪ੍ਰਧਾਨ 1.5 ਕਿਲੋ ਅਫੀਮ ਸਣੇ ਕਾਬੂ



ਅੰਮ੍ਰਿਤਸਰ-ਅੰਮ੍ਰਿਤਸਰ ਪੁਲਸ ਨੇ ਨਸ਼ਾ ਤਸਕਰੀ ਦੇ ਇੱਕ ਵੱਡੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। 5 ਜੁਲਾਈ 2025 ਨੂੰ ਸੀ.ਆਈ.ਏ ਸਟਾਫ-3 ਅੰਮ੍ਰਿਤਸਰ ਵੱਲੋਂ ਗਸ਼ਤ ਦੌਰਾਨ ਪੁਰਾਣੀ ਚੁੰਗੀ ਛੇਹਰਟਾ ਤੋਂ ਸਰਵਿਸ ਲਾਈਨ ਰਾਹੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲ ਜਾਂਦੇ ਸਮੇਂ ਇੱਕ ਕਾਰ ਨੂੰ ਰੋਕ ਕੇ ਜਾਂਚ ਕੀਤੀ ਗਈ। ਪੁਲਸ ਨੇ ਕਾਰ ਵਿੱਚ ਸਵਾਰ ਵਿਅਕਤੀ ਦੀ ਪਛਾਣ ਰਿਤੇਸ਼ ਸ਼ਰਮਾ ਉਰਫ ਰਿੱਕੀ ਵਜੋਂ ਕੀਤੀ। ਜਦੋਂ ਪੁਲਸ ਨੇ ਉਸਦੇ ਖੱਬੇ ਹੱਥ ਵਿੱਚ ਫੜੇ ਚਿੱਟੇ ਰੰਗ ਦੇ ਲਿਫਾਫੇ ਬਾਰੇ ਪੁੱਛਿਆ, ਤਾਂ ਉਸ ਨੇ ਕਬੂਲਿਆ ਕਿ ਇਸ ਵਿੱਚ ਅਫੀਮ ਹੈ। ਲਿਫਾਫੇ ਨੂੰ ਖੋਲ੍ਹ ਕੇ ਜਾਂਚ ਕਰਨ 'ਤੇ 1 ਕਿੱਲੋ 543 ਗ੍ਰਾਮ ਅਫੀਮ ਬਰਾਮਦ ਹੋਈ। ਨਾਲ ਹੀ ਉਸ ਦੀ ਕਾਰ ਵੀ ਪੁਲਸ ਨੇ ਕਬਜ਼ੇ 'ਚ ਲੈ ਲਈ। ਪੁੱਛਗਿੱਛ ਦੌਰਾਨ ਰਿਤੇਸ਼ ਨੇ ਦੱਸਿਆ ਕਿ ਉਹ ਰਾਸ਼ਟਰੀ ਭਗਵਾ ਸੈਨਾ ਸੰਗਠਨ ਦਾ ਪੰਜਾਬ ਵਾਈਸ ਪ੍ਰਧਾਨ ਹੈ ਅਤੇ ਆਪਣੇ ਆਹੁਦੇ ਦੀ ਨੇਮ ਪਲੇਟ ਆਪਣੀ ਸਵਿਫਟ ਡਿਜ਼ਾਇਰ ਕਾਰ 'ਤੇ ਲਗਾ ਕੇ ਆਸਾਨੀ ਨਾਲ ਨਸ਼ੇ ਦੀ ਤਸਕਰੀ ਕਰਦਾ ਸੀ। ਉਕਤ ਆਰੋਪੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ। ਪੁਲਸ ਹੁਣ ਇਸ ਦੇ ਹੋਰ ਸਾਥੀਆਂ ਦੀ ਪਛਾਣ ਕਰਕੇ ਨਸ਼ਾ ਤਸਕਰੀ ਦੇ ਪੂਰੇ ਜਾਲ ਨੂੰ ਬੇਨਕਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਕਾਮਯਾਬੀ ਨੂੰ ਕਮਿਸ਼ਨਰੇਟ ਪੁਲਸ ਵੱਲੋਂ ਨਸ਼ੇ ਖਿਲਾਫ ਚਲਾਈ ਜਾ ਰਹੀ ਮੁਹਿੰਮ ਦੀ ਇਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ।

## ਸੰਪਾਦਕੀ

**ਵਿਚਾਰ :–** ਪੈਸਾ ਮਹੱਤਵਪੂਰਨ ਵਿਅਕਤੀਆਂ ਨੂੰ ਮੂਰਖ ਅਤੇ ਮੂਰਖਾਂ ਨੂੰ ਮਹੱਤਵਪੂਰਨ ਬਣਾ ਸਕਦਾ ਹੈ । – (ਵਾਲਟਰ ਵਿਨਚੈਲ)



ਰਜਿੰਦਰ ਸਿੰਘ ਪੁਰੇਵਾਲ

# ਭਾਰਤ ਵਿਚ ਪ੍ਰੈੱਸ ਦੀ ਆਜ਼ਾਦੀ ’ਤੇ ਪਾਬੰਦੀ : ਐਕਸ ਨੇ ਖੋਲੇ ਭੇਦ

ਭਾਰਤ ਲੋਕਤੰਤਰ ਦੇਸ ਮੰਨਿਆ ਜਾਂਦਾ ਹੈ,ਪਰ ਪ੍ਰੈੱਸ ਦੀ ਆਜ਼ਾਦੀ ਦਾ ਗਲ਼ ਘੁੱਟਿਆ ਜਾ ਰਿਹਾ ਹੈ। ਐਕਸ, ਜਿਸ ਨੂੰ ਪਹਿਲਾਂ ਟਵਿੱਟਰ ਵਜੋਂ ਜਾਣਿਆ ਜਾਂਦਾ ਸੀ, ਨੇ ਸਰਕਾਰ ’ਤੇ ਇਲਜ਼ਾਮ ਲਾਇਆ ਹੈ ਕਿ ਉਹ ਮੀਡੀਆ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਐਕਸ ਦਾ ਕਹਿਣਾ ਹੈ ਕਿ ਸਰਕਾਰ ਨੇ 3 ਜੁਲਾਈ 2025 ਨੂੰ ਇੱਕ ਘੰਟੇ ਦੇ ਅੰਦਰ 2,355 ਅਕਾਊਂਟਸ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਨਿਊਜ਼ ਏਜੰਸੀ ਰਾਇਟਰਜ਼ ਅਤੇ ਰਾਇਟਰਜ਼ ਵਰਲਡ ਵਰਗੇ ਨਾਂ ਸਾਮਲ ਸਨ, ਨੂੰ ਬਲਾਕ ਕਰਨ ਦੇ ਹੁਕਮ ਜਾਰੀ ਕੀਤੇ। ਇਹ ਹੁਕਮ ਆਈਟੀ ਐਕਟ ਦੀ ਧਾਰਾ 69ਏ ਦੇ ਤਹਿਤ ਦਿੱਤੇ ਗਏ, ਪਰ ਸਰਕਾਰ ਨੇ ਕੋਈ ਕਾਰਨ ਨਹੀਂ ਦੱਸਿਆ।

ਐਕਸ ਦਾ ਦੋਸ਼ ਹੈ ਕਿ ਸਰਕਾਰ ਆਈਟੀ ਐਕਟ ਦੀ ਧਾਰਾ 79(3)(ਬੀ) ਦੀ ਦੁਰਵਰਤੋਂ ਕਰਕੇ ਸੈਂਸਰਸ਼ਿਪ ਦਾ ਜਾਲ ਵਿਛਾ ਰਹੀ ਹੈ। ਇਹ ਧਾਰਾ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਰਕਾਰ ਵੱਲੋਂ ਗੈਰ-ਕਾਨੂੰਨੀ ਸਮੱਗਰੀ ਹਟਾਉਣ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਮਜਬੂਰ ਕਰਦੀ ਹੈ, ਨਹੀਂ ਤਾਂ ਕੰਪਨੀਆਂ ਨੂੰ ਕਾਨੂੰਨੀ ਸੁਰੱਖਿਆ ਨਹੀਂ ਮਿਲਦੀ। ਪਰ ਐਕਸ ਦਾ ਕਹਿਣਾ ਹੈ ਕਿ ਸਰਕਾਰ ਧਾਰਾ 69 ਏ ਦੀ ਥਾਂ 79(3)(ਬ) ਦਾ ਇਸਤੇਮਾਲ ਕਰ ਰਹੀ ਹੈ, ਜਿਸ ਵਿੱਚ ਨਾ ਤਾਂ ਕਾਰਨ ਦੱਸਣ ਦੀ ਲੋੜ ਹੈ, ਨਾ ਹੀ ਕੋਈ ਸਹੀ ਪ੍ਰਕਿਰਿਆ ਹੈ। ਐਕਸ ਨੇ ਇਹ ਵੀ ਕਿਹਾ ਕਿ ਜਦੋਂ ਲੋਕਾਂ ਨੇ ਸੋਸ਼ਲ ਮੀਡੀਆ ’ਤੇ ਰਾਇਟਰਜ਼ ਦੇ ਅਕਾਊਂਟਸ ਬਲਾਕ ਹੋਣ ’ਤੇ ਸਵਾਲ ਉਠਾਏ, ਤਾਂ ਸਰਕਾਰ ਨੇ ਝੱਟ ਉਨ੍ਹਾਂ ਨੂੰ ਅਨਬਲਾਕ ਕਰਨ ਦੇ ਹੁਕਮ ਦਿੱਤੇ, ਪਰ ਅਨਬਲਾਕ ਕਰਨ ਵਿਚ 21 ਘੰਟਿਆਂ ਤੋਂ ਵੱਧ ਸਮਾਂ ਲੱਗਾ।

ਸਰਕਾਰ ਨੇ ਇਸ ਦੋਸ਼ ਨੂੰ ਖਾਰਜ ਕਰਦਿਆਂ ਕਿਹਾ ਕਿ ਉਸ ਨੇ ਕੋਈ ਬਲਾਕਿੰਗ ਦਾ ਹੁਕਮ ਨਹੀਂ ਦਿੱਤਾ, ਅਤੇ ਐਕਸ ਨੇ “ਤਕਨੀਕੀ ਬਾਰੀਕੀਆਂ” ਦਾ ਗਲਤ ਫਾਇਦਾ ਉਠਾਇਆ। ਪਰ ਮੋਦੀ ਸਰਕਾਰ ਦਾ ਸਪੱਸ਼ਟੀਕਰਨ ਸੁਤੰਸ਼ਟੀਜਨਕ ਨਹੀਂ ਹੈ। ਐਕਸ ਨੇ ਤਾਂ ਸਰਕਾਰ ਦੇ ਖਿਲਾਫ ਕਰਨਾਟਕ ਹਾਈਕੋਰਟ ’ਚ ਮੁਕੱਦਮਾ ਵੀ ਦਾਇਰ ਕਰ ਦਿੱਤਾ, ਜਿਸ ਵਿੱਚ ਉਸ ਨੇ 2015 ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੱਤਾ, ਜਿਸ ਨੇ ਆਈਟੀ ਐਕਟ ਦੀ ਧਾਰਾ 66ਅ ਨੂੰ ਰੱਦ ਕਰ ਦਿੱਤਾ ਸੀ। ਇਹ ਫੈਸਲਾ ਪ੍ਰਗਟਾਵੇ ਦੀ ਆਜ਼ਾਦੀ ਦੀ ਰਾਖੀ ਲਈ ਸੀ, ਪਰ ਅੱਜ ਫਿਰ ਸਰਕਾਰ ’ਤੇ ਅਜਿਹੀਆਂ ਪਾਬੰਦੀਆਂ ਲਾਉਣ ਦਾ ਇਲਜ਼ਾਮ ਹੈ। ਪਿਛਲੇ ਦੋ ਸਾਲਾਂ (2023-2025) ਵਿੱਚ ਪ੍ਰੈੱਸ ਦੀ ਆਜ਼ਾਦੀ ’ਤੇ ਲੱਗ ਰਹੀਆਂ ਪਾਬੰਦੀਆਂ ਦੀਆਂ ਕਈ ਮਿਸਾਲਾਂ ਸਾਹਮਣੇ ਆਈਆਂ ਹਨ।

ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੀ 2024 ਦੀ ਵਰਲਡ ਪ੍ਰੈੱਸ ਫਰੀਡਮ ਇੰਡੈਕਸ ਅਨੁਸਾਰ, ਭਾਰਤ 180 ਦੇਸ਼ਾਂ ਵਿੱਚ 161ਵੇਂ ਸਥਾਨ ’ਤੇ ਹੈ, ਜੋ ਪ੍ਰੈੱਸ ਦੀ ਆਜ਼ਾਦੀ ਦੀ ਮਾੜੀ ਸਥਿਤੀ ਨੂੰ ਦਰਸਾਉਂਦਾ ਹੈ। 2023 ਤੋਂ 2025 ਤੱਕ, ਸਰਕਾਰੀ ਅਤੇ ਗੈਰ-ਸਰਕਾਰੀ ਸਰੋਤਾਂ ਅਨੁਸਾਰ, ਘੱਟੋ-ਘੱਟ 20 ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਾਂ ਉਨ੍ਹਾਂ ’ਤੇ ਮੁਕੱਦਮੇ ਦਰਜ ਕੀਤੇ ਗਏ। ਇਹ ਪੱਤਰਕਾਰ ਜਾਂ ਤਾਂ ਸਰਕਾਰੀ ਨੀਤੀਆਂ ਦੀ ਆਲੋਚਨਾ ਕਰ ਰਹੇ ਸਨ ਜਾਂ ਸੰਵੇਦਨਸ਼ੀਲ ਮੁੱਦਿਆਂ ’ਤੇ ਰਿਪੋਰਟਿੰਗ ਕਰ ਰਹੇ ਸਨ। ਇਸ ਦੌਰਾਨ, ਘੱਟੋ-ਘੱਟ 5 ਮੀਡੀਆ ਅਦਾਰੇ ਜਾਂ ਤਾਂ ਬੰਦ ਕਰ ਦਿੱਤੇ ਗਏ ਜਾਂ ਉਨ੍ਹਾਂ ’ਤੇ ਵਿੱਤੀ ਅਤੇ ਕਾਨੂੰਨੀ ਦਬਾਅ ਪਾਇਆ ਗਿਆ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਕੰਮ ਰੋਕਣਾ ਪਿਆ। ਇਹ ਅੰਕੜੇ ਸਿਰਫ ਸਤਹੀ ਹਨ, ਅਸਲ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ, ਕਿਉਂਕਿ ਬਹੁਤ ਸਾਰੇ ਮਾਮਲੇ ਜਨਤਕ ਨਹੀਂ ਹੁੰਦੇ।

ਪ੍ਰੈੱਸ ਦੀ ਆਜ਼ਾਦੀ ਲੋਕਤੰਤਰ ਦਾ ਚੌਥਾ ਥੰਮ ਹੈ, ਅਤੇ ਜੇ ਇਸ ਨੂੰ ਕਮਜ਼ੋਰ ਕੀਤਾ ਜਾਵੇਗਾ, ਤਾਂ ਸਮੁੱਚਾ ਲੋਕਤੰਤਰੀ ਢਾਂਚਾ ਹਿੱਲ ਜਾਵੇਗਾ। ਜੇ ਸਰਕਾਰ ਸੱਚਮੁਚ ਪਾਰਦਰਸ਼ੀ ਹੈ, ਤਾਂ ਉਸ ਨੂੰ ਐਕਸ ਦੇ ਦੋਸ਼ਾਂ ਦਾ ਜਵਾਬ ਸਪੱਸ਼ਟ ਅਤੇ ਸਬੂਤਾਂ ਨਾਲ ਦੇਣਾ ਚਾਹੀਦਾ। ਐਕਸ ਦੀ ਅਪੀਲ, ਜਿਸ ਵਿੱਚ ਉਸ ਨੇ ਭਾਰਤ ਦੇ ਯੂਜ਼ਰਾਂ ਨੂੰ ਕੋਰਟ ਦਾ ਸਹਾਰਾ ਲੈਣ ਲਈ ਕਿਹਾ, ਇੱਕ ਨਵਾਂ ਮੋੜ ਹੈ। ਸੋ ਪ੍ਰੈੱਸ ਦੀ ਆਜ਼ਾਦੀ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਿਰਫ ਐਕਸ ਜਾਂ ਕੁਝ ਪੱਤਰਕਾਰਾਂ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਹੈ। ਜੇ ਅਸੀਂ ਚੁੱਪ ਰਹੇ, ਤਾਂ ਕੱਲ੍ਹ ਉਨ੍ਹਾਂ ਦੀ ਅਵਾਜ਼ ਵੀ ਦਬਾਈ ਜਾ ਸਕਦੀ ਹੈ।”

-ਰਜਿੰਦਰ ਸਿੰਘ ਪੁਰੇਵਾਲ

# ਯੂਕਰੇਨ ਨੂੰ ਹੋਰ ਹਥਿਆਰ ਭੇਜੇਗਾ ਅਮਰੀਕਾ: ਟਰੰਪ

ਰਾਸ਼ਟਰਪਤੀ ਡੋਨਲਡ ਟਰੰਪ ਨੇ ਕੀਵ ਨੂੰ ਹਥਿਆਰਾਂ ਦੀ ਸਪਲਾਈ ਰੋਕਣ ਸਬੰਧੀ ਹੁਕਮ ਜਾਰੀ ਕਰਨ ਦੇ ਕੁਝ ਦਿਨ ਬਾਅਦ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਵੱਲੋਂ ਯੂਕਰੇਨ ਨੂੰ ਹੋਰ ਹਥਿਆਰ ਭੇਜੇ ਜਾਣਗੇ। ਉਨ੍ਹਾਂ ਦਾ ਇਹ ਬਿਆਨ ਪੈਂਟਾਗਨ ਵੱਲੋਂ ਪਿਛਲੇ ਹਫ਼ਤੇ ਕੀਤੇ ਗਏ ਐਲਾਨ ਤੋਂ ਬਾਅਦ ਉਨ੍ਹਾਂ ਦੇ ਅਚਾਨਕ ਬਦਲੇ ਰੁਖ਼ ਨੂੰ ਦਰਸਾਉਂਦਾ ਹੈ। ਪੈਂਟਾਗਨ ਨੇ ਕਿਹਾ ਸੀ ਕਿ ਉਹ ਯੂਕਰੇਨ ਨੂੰ ਹਵਾਈ ਹਮਲਿਆਂ ਤੋਂ ਬਚਾਅ ਕਰਨ ਵਾਲੀਆਂ ਮਿਜ਼ਾਈਲਾਂ, ਸਟੀਕ ਨਿਸ਼ਾਨੇ ਲਾਉਣ ਵਾਲੀਆਂ ਤੋਪਾਂ ਵਰਗੇ ਕੁਝ ਹਥਿਆਰਾਂ ਦੀ ਸਪਲਾਈ ਰੋਕ ਰਿਹਾ ਹੈ। ਇਹ ਹੁਕਮ ਇਸ ਕਰਕੇ ਦਿੱਤਾ ਗਿਆ ਸੀ ਕਿਉਂਕਿ ਅਮਰੀਕਾ ਇਸ ਗੱਲ ਨੂੰ ਲੈ ਕੇ ਫਿਕਰਮੰਦ ਸੀ ਕਿ ਉਸ ਦੇ ਆਪਣੇ ਹਥਿਆਰਾਂ ਦਾ ਭੰਡਾਰ ਬਹੁਤ ਘਟ ਗਿਆ ਹੈ। ਯੂਕਰੇਨ ਨੂੰ ਹੋਰ ਹਥਿਅਰ ਭੇਜਣ ਸਬੰਧੀ ਸਵਾਲ ਤੇ ਡੋਨਲਡ ਟਰੰਪ ਨੇ ਕਿਹਾ, ਸਾਨੂੰ ਅਜਿਹਾ ਕਰਨਾ ਹੀ ਹੋਵੇਗਾ। ਉਨ੍ਹਾਂ ਨੂੰ ਆਪਣੀ ਰੱਖਿਆ ਕਰਨ ਚ ਸਮਰੱਥ ਹੋਣਾ ਪਵੇਗਾ। ਉਨ੍ਹਾਂ ਤੇ ਭਾਰੀ ਹਮਲਾ ਹੋ ਰਿਹਾ ਹੈ। ਅਸੀਂ ਕੁਝ ਹੋਰ ਹਥਿਆਰ ਖਾਸਕਰ ਰੱਖਿਆ ਕਰਨ ਵਾਲੇ ਹਥਿਆਰ ਭੇਜਣ ਜਾ ਰਹੇ ਹਾਂ। ਪੈਂਟਾਗਨ ਨੇ ਸੋਮਵਾਰ ਦੇਰ ਰਾਤ ਪੁਸ਼ਟੀ ਕੀਤੀ ਕਿ ਟਰੰਪ ਦੇ ਨਿਰਦੇਸ਼ ਤੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਮੁੜ ਸ਼ੁਰੂ ਕੀਤੀ ਜਾਵੇਗੀ ।

## NEWS & VIEWS

# WHY *HALAL* MEAT SHOULD BE CLEARLY LABELLED



Gurmukh Singh OBE

Currently, it is not a legal requirement to label *Halal* meat. That misleads and even deceives those concerned: the Muslims, the Sikhs and animal welfare groups.

Halal meat is a Muslim religious requirement and Sikhs are specifically forbidden to eat it for reasons discussed below. Halal meat is sold in shops and restaurants without clear labelling. Therefore, the issue is important for the Sikhs, Muslims and animal welfare groups. Meat prepared in the Muslim way to meet Islamic religious requirement is called *halal* or *kuttha,* which Sikhs are forbidden to eat. The exact quotation from the Sikh Reht Maryada in Panjabi is as follows:

ਸਿੱਖ ਰਹਿਤ ਮਰਯਾਦਾ: ਕੁੱਠਾ ਖਾਣਾ ਕੁਰਹਿਤ ਹੈ। ਕੁੱਠਾ ਤੋਂ ਭਾਵ ਉਹ ਮਾਸ ਹੈ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।

The reasons for this *bajjar kurehat* (taboo) in *Sikh Reht Maryada* has been discussed from many religio and even political (reference the Mughal period compulsions) angles by Sikh scholars. A personal reading of the Sikh position regarding the eating of meat by Sikhs is that the *Sikh Rehat Maryada* allows it as a matter of *personal choice.* However, Sikhs are specifically forbidden to consume the meat of an animal killed as an Islamic [or any other] religious ritual. The animal must be killed in the most humane way, with minimum pain. Traditionally, Sikhs who do eat meat, prefer *jhatka* meat by which method the animal is killed with one stroke of the sword or other blade. Meat called *patka,* of wild or range animals shot following a hunt, is also acceptable. The universal method of stunning an animal to make it unconscious and insensible to pain, satisfies animal welfare groups. That would be acceptable to the Sikhs also.

To quote from a BBC li *It is legal for abattoirs to slaughter animals without stunning to meet religious requirements for halal and kosher meat. However, there is no legal requirement to label meat with the method of slaughter, including whether or not stunning occurred. While some abattoirs may choose to label meat as halal, it is not mandatory, and the meat could enter the mainstream food chain without specific halal labelling.* [BBC https://www.bbc.com/news/uk-27324224].

Therefore, under the current system, to meet Muslim and Jewish religious requirements, slaughter houses may legally kill animals without stunning them first. Yet, quite remarkably, there is no legal obligation to label meat with method of slaughter. That means that religious requirements can be legally ignored. That affects the Muslims on the one hand and Sikhs and animal welfare lobby on the other. None are happy with the present confusing and even deceptive situation created due to absence of legal requirement to label meat correctly regarding method of slaughter.

Mostly, animals are stunned before being killed. Animals killed according to Islamic ritual, to be sold as Halal meat, are not stunned before slaughter. Those who eat meat including school children, do not know if they are being served ritually killed Halal meat.

So, unknowingly, in UK and many Western countries, Sikhs may be eating ritually killed halal meat, and Muslims may be eating non-halal meat due to lack of clear labelling in shops and restaurants. Recently, a video showed young Sikhs confronting a Sikh owner of a meat shop displaying the *Jhatka* sign, near Sri Guru Singh Sabha Gurdwara, Southall, while selling meat from boxes marked *Halal.*

The legal situation regarding clear labelling of Halal is misleading and needs urgent correction through the Parliament.

Gurmukh Singh OBE, Ret'd Principal Civil Servant (UK) sewauk2005@yahoo.co.uk

# ਕੀ ਮਸਕ ਦੀ ਸਿਆਸੀ ਪਾਰਟੀ ਟਰੰਪ ਦਾ ਸਿਆਸੀ ਨੁਕਸਾਨ ਕਰ ਸਕੇਗੀ ?

## ✪ ਬਿਗ ਬਿਊਟੀਫੁੱਲ ਬਿੱਲ ਨੇ ਮਚਾਇਆ ਹੰਗਾਮਾ, ਮਸਕ ਨੂੰ ਖੋਲਣਾ ਪਿਆ ਨਵਾਂ ਸਿਆਸੀ ਮੋਰਚਾ ✪ ਟਰੰਪ ਦਾ ਮਸਕ 'ਤੇ ਵਾਰ : "ਤੀਜੀ ਪਾਰਟੀ ਸਿਰਫ਼ ਮਜ਼ਾਕ, ਅਮਰੀਕਾ ਨੂੰ ਲੋੜ ਨਹੀਂ" ✪ ਕੀ 2026 ਦੀਆਂ ਚੋਣਾਂ ਵਿਚ ਮਸਕ ਦੀ ਪਾਰਟੀ ਬਣੇਗੀ 'ਕਿੰਗਮੇਕਰ' ?

ਵਾਸ਼ਿੰਗਟਨ-ਅਮਰੀਕਾ ਦੀ ਸਿਆਸੀ ਧਰਤੀ 'ਤੇ ਐਲਨ ਮਸਕ ਨੇ ਇੱਕ ਅਜਿਹਾ ਸਿਆਸੀ ਧਮਾਕਾ ਕੀਤਾ ਹੈ, ਜਿਸ ਨੇ ਸਾਰਿਆਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਦੁਨੀਆ ਦੇ ਸਭ ਤੋਂ ਅਮੀਰ ਬੰਦੇ, ਟੈਸਲਾ ਅਤੇ ਸਪੇਸਐਕਸ ਦੇ ਮਾਲਕ ਮਸਕ ਨੇ 'ਅਮਰੀਕਾ ਪਾਰਟੀ' ਦੀ ਸਥਾਪਨਾ ਕਰਕੇ ਸਿਆਸੀ ਅਖਾੜੇ ਵਿਚ ਛਾਲ ਮਾਰ ਦਿੱਤੀ ਹੈ। ਇਹ ਸਭ ਕੁਝ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਉਸ ਦੀ ਤਿੱਖੀ ਤਕਰਾਰ ਦੇ ਵਿਚਕਾਰ ਹੋਇਆ, ਜਿਸ ਨੇ ਮਸਕ ਦੀਆਂ ਕੰਪਨੀਆਂ ਨੂੰ ਸਬਸਿਡੀਆਂ 'ਤੇ ਚੱਲਣ ਵਾਲੀਆਂ ਦੱਸਦਿਆਂ ਉਸ ਨੂੰ ਦੱਖਣੀ ਅਫਰੀਕਾ ਵਾਪਸ ਜਾਣ ਦੀ ਚਿਤਾਵਨੀ ਦਿੱਤੀ ਸੀ। ਪਰ ਮਸਕ ਕਿਤੇ ਝੁਕਣ ਵਾਲਿਆਂ ਵਿਚੋਂ ਨਹੀਂ ਹੈ। ਉਸ ਨੇ ਆਪਣੇ 'ਐਕਸ' ਪਲੇਟਫਾਰਮ 'ਤੇ ਪੋਲ ਕਰਵਾਇਆ, ਜਿੱਥੇ 66% ਲੋਕਾਂ ਨੇ ਨਵੀਂ ਪਾਰਟੀ ਦੀ ਹਮਾਇਤ ਕੀਤੀ। ਬੱਸ, ਫਿਰ ਕੀ, ਮਸਕ ਨੇ ਐਲਾਨ ਕਰ ਦਿੱਤਾ, "ਅਮਰੀਕਾ ਪਾਰਟੀ ਅੱਜ ਤੁਹਾਡੀ ਆਜ਼ਾਦੀ ਵਾਪਸ ਦੇਣ ਲਈ ਬਣੀ ਹੈ !"

### ਕੀ ਹੈ ਮਸਕ ਦੀ ਚਾਲ ?

ਮਸਕ ਦਾ ਇਹ ਸਿਆਸੀ ਨੀਤੀ ਟਰੰਪ ਦੇ 'ਬਿਗ ਬਿਊਟੀਫੁੱਲ ਬਿੱਲ' ਦੇ ਜਵਾਬ ਵਿਚ ਬਣਾਈ ਗਈ ਹੈ। ਇਸ ਬਿੱਲ ਨੇ ਇਲੈਕਟ੍ਰਿਕ ਵਾਹਨਾਂ 'ਤੇ ਮਿਲਣ ਵਾਲੀ 7,500 ਡਾਲਰ ਦੀ ਟੈਕਸ ਸਹੂਲਤ ਨੂੰ ਖਤਮ ਕਰ ਦਿੱਤਾ, ਜਿਸ ਨਾਲ ਟੈਸਲਾ ਵਰਗੀਆਂ ਕੰਪਨੀਆਂ ਦੀ ਕਮਰ ਟੁੱਟਣ ਦੀ ਨੌਬਤ ਆ ਗਈ। ਮਸਕ ਦਾ ਕਹਿਣਾ ਹੈ ਕਿ ਇਹ ਬਿੱਲ ਅਮਰੀਕਾ ਨੂੰ ਦੀਵਾਲੀਆ ਕਰ ਦੇਵੇਗਾ ਅਤੇ ਗਰੀਨ ਐਨਰਜੀ ਦੀ ਬਜਾਏ ਜੈਵਿਕ ਬਾਲਣ ਵਾਲੇ ਉਦਯੋਗਾਂ ਨੂੰ ਫਾਇਦਾ ਪਹੁੰਚਾਏਗਾ। ਮਸਕ ਦਾ ਤਰਕ ਹੈ ਕਿ ਅਮਰੀਕਾ ਦੀਆਂ ਦੋਵੇਂ ਵੱਡੀਆਂ ਪਾਰਟੀਆਂ-ਰਿਪਬਲੀਕਨ ਤੇ ਡੈਮੋਕਰੇਟ-ਭ੍ਰਿਸ਼ਟਾਚਾਰ ਦੀ ਜੜ੍ਹ ਹਨ। ਉਸ ਦੀ ਪਾਰਟੀ ਇਸ "ਇੱਕ-ਧਿਰੀ ਤਾਨਾਸ਼ਾਹੀ" ਨੂੰ ਤੋੜਨ ਦੀ ਕੋਸ਼ਿਸ਼ ਹੈ।

### ਟਰੰਪ ਦਾ ਪ੍ਰਤੀਕਰਮ : "ਮਸਕ ਦਾ ਮਜ਼ਾਕ"

ਟਰੰਪ ਨੇ ਮਸਕ ਦੀ ਨਵੀਂ ਪਾਰਟੀ ਨੂੰ "ਚਾਰ ਦਿਨ ਦੀ ਚਾਂਦਨੀ" ਦੱਸਦਿਆਂ ਮਜ਼ਾਕ ਉਡਾਇਆ। ਏਅਰ ਫੋਰਸ ਵਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਵਿਚ ਉਨ੍ਹਾਂ ਕਿਹਾ, "ਅਮਰੀਕਾ ਵਿਚ ਦੋ-ਪਾਰਟੀ ਸਿਸਟਮ ਸਭ ਤੋਂ ਵਧੀਆ ਹੈ। ਮਸਕ ਆਪਣੀ ਖੇਡ ਖੇਡ ਸਕਦਾ ਹੈ, ਪਰ ਇਹ ਸਿਰਫ਼ ਮੂਰਖਤਾ ਹੈ।" ਟਰੰਪ ਦਾ ਮੰਨਣਾ ਹੈ ਕਿ ਮਸਕ ਦੀ ਪਾਰਟੀ ਕੋਈ ਵੱਡਾ ਅਸਰ ਨਹੀਂ ਪਾਵੇਗੀ। ਉਨ੍ਹਾਂ ਨੇ ਮਸਕ ਨੂੰ ਚੇਤਾਵਨੀ ਵੀ ਦਿੱਤੀ ਕਿ ਜੇ ਸਬਸਿਡੀਆਂ ਬੰਦ ਹੋਈਆਂ ਤਾਂ ਟੈਸਲਾ ਅਤੇ ਸਪੇਸਐਕਸ ਦਾ ਕੰਮ-ਧੰਦਾ ਬੰਦ ਹੋ ਜਾਵੇਗਾ।




### ਕੀ ਹੈ ਮਸਕ ਦੀ ਪਾਰਟੀ ਦੀ ਰਣਨੀਤੀ ?

ਮਸਕ ਦੀ ਪਾਰਟੀ 2026 ਦੇ ਮਿਡਟਰਮ ਚੋਣਾਂ ਵਿਚ 2-3 ਸੀਨੇਟ ਸੀਟਾਂ ਅਤੇ 8-10 ਹਾਊਸ ਸੀਟਾਂ 'ਤੇ ਨਿਸ਼ਾਨਾ ਸਾਧੇਗੀ। ਮਸਕ ਦਾ ਇਰਾਦਾ ਹੈ ਕਿ ਉਸ ਦੀ ਪਾਰਟੀ ਕਾਂਗਰਸ ਵਿਚ ਘੱਟ ਬਹੁਮਤ ਵਾਲੀ ਸਥਿਤੀ ਵਿਚ "ਕਿੰਗਮੇਕਰ" ਦੀ ਭੂਮਿਕਾ ਨਿਭਾਵੇ। ਉਸ ਨੇ ਪ੍ਰਾਚੀਨ ਯੂਨਾਨ ਦੇ ਸੈਨਾਪਤੀ ਐਪਾਮਿਨੋਂਡਸ ਦੀ ਮਿਸਾਲ ਦਿੱਤੀ, ਜਿਸ ਨੇ ਥੋੜ੍ਹੀ ਫੌਜ ਨਾਲ ਵੱਡੇ ਸਾਮਰਾਜ ਨੂੰ ਹਿਲਾ ਦਿੱਤਾ ਸੀ। ਮਸਕ ਦਾ ਕਹਿਣਾ ਹੈ ਕਿ ਉਸ ਦੀ ਪਾਰਟੀ ਵੀ ਅਮਰੀਕੀ ਸਿਆਸਤ 'ਚ ਅਜਿਹੀ ਹੀ ਕ੍ਰਾਂਤੀ ਲਿਆਵੇਗੀ।

### ਕੀ ਰਾਇ ਹੈ ਮੀਡੀਆ ਤੇ ਸਿਆਸੀ ਮਾਹਿਰਾਂ ਦੀ

ਅਮਰੀਕੀ ਮੀਡੀਆ ਅਤੇ ਵਿਦਵਾਨ ਮਸਕ ਦੀ ਇਸ ਚਾਲ ਨੂੰ ਲੈ ਕੇ ਦੋਫਾੜ ਹਨ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ, ਮਸਕ ਨੂੰ ਕਾਨੂੰਨੀ, ਵਿੱਤੀ ਅਤੇ ਸੰਗਠਨਾਤਮਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕਾ ਪਾਰਟੀ ਅਜੇ ਫੈਡਰਲ ਇਲੈਕਸ਼ਨ ਕਮਿਸ਼ਨ ਵਿਚ ਰਜਿਸਟਰਡ ਨਹੀਂ ਹੈ, ਜਿਸ ਨਾਲ ਇਸ ਦੀ ਸਰਕਾਰੀ ਮਾਨਤਾ 'ਤੇ ਸਵਾਲ ਉੱਠਦੇ ਹਨ। ਪਰ ਕੁਆਂਟਸ ਇਨਸਾਈਟਸ ਦੇ ਸਰਵੇਖਣ ਮੁਤਾਬਕ, 40% ਵੋਟਰ ਮਸਕ ਦੀ ਪਾਰਟੀ ਨੂੰ ਸਮਰਥਨ ਦੇਣ ਲਈ ਤਿਆਰ ਹਨ, ਜਿਸ ਵਿਚ ਕਈ ਰਿਪਬਲੀਕਨ ਵੀ ਸ਼ਾਮਲ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਤੀਜੀ ਪਾਰਟੀ ਦੀ ਸਫਲਤਾ ਦਾ ਰਿਕਾਰਡ ਬਹੁਤ ਕਮਜ਼ੋਰ ਹੈ। ਛੋਟੀਆਂ ਪਾਰਟੀਆਂ ਨੂੰ ਬੈਲਟ 'ਤੇ ਜਗ੍ਹਾ ਪਾਉਣ ਲਈ ਹਜ਼ਾਰਾਂ ਦਸਤਖਤਾਂ ਦੀ ਲੋੜ ਹੁੰਦੀ ਹੈ, ਅਤੇ ਫੈਡਰਲ ਫੰਡਿੰਗ ਸਿਰਫ਼ ਉਦੋਂ ਮਿਲਦੀ ਹੈ ਜੇ ਪਿਛਲੀ ਚੋਣ ਵਿਚ 5% ਵੋਟਾਂ ਮਿਲੀਆਂ ਹੋਣ।

### ਬਿਗ ਬਿਊਟੀਫੁੱਲ ਬਿੱਲ: ਫਾਇਦਾ ਜਾਂ ਨੁਕਸਾਨ ?

ਟਰੰਪ ਦਾ ਬਿੱਲ ਗਰੀਨ ਐਨਰਜੀ ਸਬਸਿਡੀਆਂ ਨੂੰ ਖਤਮ ਕਰਕੇ ਜੈਵਿਕ ਬਾਲਣ ਅਤੇ ਨਿਰਮਾਣ ਉਦਯੋਗਾਂ ਨੂੰ ਉਤਸ਼ਾਹ ਦੇਵੇਗਾ। ਟਰੰਪ ਦਾ ਦਾਅਵਾ ਹੈ ਕਿ ਇਹ ਅਮਰੀਕੀ ਅਰਥਚਾਰੇ ਨੂੰ ਮਜ਼ਬੂਤ ਕਰੇਗਾ। ਪਰ ਮਸਕ ਅਤੇ ਵਾਤਾਵਰਣ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਿੱਲ ਤਕਨੀਕੀ ਨਵੀਨਤਾ ਅਤੇ ਸਾਫ਼ ਊਰਜਾ ਨੂੰ ਪਛਾੜ ਦੇਵੇਗਾ। ਟੈਸਲਾ ਵਰਗੀਆਂ ਕੰਪਨੀਆਂ ਨੂੰ ਨੁਕਸਾਨ ਹੋਣ ਨਾਲ ਅਮਰੀਕੀ ਬਜ਼ਾਰ ਵਿਚ ਇਲੈਕਟ੍ਰਿਕ ਵਾਹਨਾਂ ਦੀ ਮੰਗ ਘਟ ਸਕਦੀ ਹੈ।

### ਕੀ ਮਸਕ ਦੀ ਪਾਰਟੀ ਕਾਰਨ ਟਰੰਪ ਨੂੰ ਨੁਕਸਾਨ ਹੋਵੇਗਾ ?

ਮਸਕ ਕੋਲ 405 ਡਾਲਰ ਬਿਲੀਅਨ ਦੀ ਦੌਲਤ ਹੈ, ਅਤੇ ਉਹ ਪਹਿਲਾਂ ਹੀ ਟਰੰਪ ਦੀ ਚੋਣ ਮੁਹਿੰਮ 'ਤੇ 2500 ਕਰੋੜ ਰੁਪਏ ਖਰਚ ਚੁੱਕਾ ਹੈ। ਪੈਸੇ ਦੀ ਕੋਈ ਕਮੀ ਨਹੀਂ, ਪਰ ਸਿਆਸੀ ਸਫਲਤਾ ਦੀ ਗੱਲ ਹੋਰ ਹੈ। ਅਮਰੀਕੀ ਸਿਆਸਤ ਵਿਚ ਤੀਜੀ ਪਾਰਟੀਆਂ ਦਾ ਇਤਿਹਾਸ ਖੁੰਢਾ ਹੈ। 1912 ਅਤੇ 2000 ਦੀਆਂ ਚੋਣਾਂ ਵਿਚ ਛੋਟੀਆਂ ਪਾਰਟੀਆਂ ਨੇ ਵੋਟਾਂ ਵੰਡ ਕੇ ਨਤੀਜੇ ਜ਼ਰੂਰ ਬਦਲੇ, ਪਰ ਖੁਦ ਸੱਤਾ ਵਿਚ ਨਹੀਂ ਆ ਸਕੀਆਂ। ਮਸਕ ਦੀ ਪਾਰਟੀ ਦਾ ਭਵਿੱਖ ਵੀ ਇਸੇ ਸਵਾਲ ਨਾਲ ਜੁੜਿਆ ਹੈ-ਕੀ ਇਹ ਸਿਰਫ਼ ਟਰੰਪ ਨੂੰ ਸਿਆਸੀ ਨੁਕਸਾਨ ਪਹੁੰਚਾਉਣ ਦੀ ਨੀਤੀ ਹੈ, ਜਾਂ ਅਮਰੀਕੀ ਸਿਆਸਤ 'ਚ ਕੋਈ ਵੱਡਾ ਬਦਲਾਅ ਲਿਆਵੇਗੀ ? ਸਿਰਫ਼ ਸਮਾਂ ਹੀ ਦੱਸੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮਸਕ ਦੀ ਅਮਰੀਕਾ ਪਾਰਟੀ 2026 ਦੀਆਂ ਮਿਡਟਰਮ ਚੋਣਾਂ 'ਚ ਰਿਪਬਲੀਕਨ ਵੋਟਾਂ ਵੰਡ ਸਕਦੀ ਹੈ, ਜਿਸ ਨਾਲ ਟਰੰਪ ਦੀ ਪਾਰਟੀ ਨੂੰ ਝਟਕਾ ਲੱਗਣ ਦੀ ਸੰਭਾਵਨਾ ਹੈ। ਕੁਆਂਟਸ ਇਨਸਾਈਟਸ ਦੇ ਸਰਵੇਖਣ ਮੁਤਾਬਕ, 40% ਵੋਟਰ, ਜਿਨ੍ਹਾਂ 'ਚ ਰਿਪਬਲੀਕਨ ਵੀ ਸ਼ਾਮਲ ਹਨ, ਮਸਕ ਦੀ ਪਾਰਟੀ ਨੂੰ ਸਮਰਥਨ ਦੇ ਸਕਦੇ ਹਨ। ਡੈਮੋਕ੍ਰੇਟਸ ਨੂੰ ਸਭ ਤੋਂ ਵੱਡਾ ਫਾਇਦਾ ਹੋ ਸਕਦਾ ਹੈ, ਕਿਉਂਕਿ ਮਸਕ ਦੀ ਪਾਰਟੀ ਰਿਪਬਲੀਕਨ ਵੋਟਾਂ ਨੂੰ ਖਿੰਡਾ ਸਕਦੀ ਹੈ। ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ ਇਸ ਨੂੰ ਆਪਣੇ ਲਈ ਮੌਕਾ ਮੰਨਿਆ ਹੈ। ਕਰ ਦਿੱਤਾ ਅਤੇ ਮੌਕੇ ਤੋਂ ਗ੍ਰਿਫਤਾਰ ਕਰ ਲਿਆ। ਉਨ੍ਹਾਂ ਕੋਲੋਂ ਹਥਿਆਰ ਅਤੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਹੋਏ। ਜ਼ਖਮੀ ਹਾਲਤ ਵਿੱਚ ਦੋਵਾਂ ਨੂੰ ਸਿਵਲ ਹਸਪਤਾਲ ਭੇਜਿਆ ਗਿਆ।

## ਅਮਰੀਕਾ ਤੋਂ ਭਾਰਤ ਲਿਆਂਦਾ ਜਾਵੇਗਾ ਖਾੜਕੂ ਹੈਪੀ ਪਸ਼ੀਆ

### ✪ ਪੰਜਾਬ ਵਿਚ ਬੰਬ ਧਮਾਕਿਆਂ ਦਾ ਹੈ ਮਾਸਟਰਮਾਈਂਡ, 24 ਤੋਂ ਜ਼ਿਆਦਾ ਕੇਸ ਦਰਜ ✪ ਐਨਆਈਏ ਨੇ 5 ਲੱਖ ਰੁਪਏ ਦਾ ਰੱਖਿਆ ਸੀ ਇਨਾਮ

ਅੰਮ੍ਰਿਤਸਰ-ਗੈਂਗਸਟਰ ਤੋਂ ਖਾੜਕੂ ਬਣੇ ਹਰਪ੍ਰੀਤ ਸਿੰਘ ਹੈਪੀ ਪਸ਼ੀਆ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਦੀ ਤਿਆਰੀ ਪ੍ਰਕਿਰਿਆ ਲਗਭਗ ਪੂਰੀ ਹੋ ਗਈ ਹੈ। ਦੋ ਦਰਜਨ ਤੋਂ ਵੱਧ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦੇ ਬੱਬਰ ਖਾਲਸਾ ਦੇ ਹੈਪੀ ਪਸ਼ੀਆ ਨੂੰ ਜਲਦੀ ਹੀ ਭਾਰਤ ਲਿਆਂਦਾ ਜਾ ਰਿਹਾ ਹੈ। ਕੁਝ ਸਮਾਂ ਪਹਿਲਾਂ, ਅਮਰੀਕੀ ਖੁਫੀਆ ਏਜੰਸੀ ਐਫਬੀਆਈ ਨੇ ਉਸਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਸਦੀ ਫੋਟੋ ਵਾਇਰਲ ਕਰ ਦਿੱਤੀ ਸੀ। ਹਰਪ੍ਰੀਤ ਸਿੰਘ ਹੈਪੀ ਪਸ਼ੀਆ, ਜੋ ਕਿ ਅਸਲ ਵਿੱਚ ਅੰਮ੍ਰਿਤਸਰ (ਦਿਹਾਤੀ) ਪੁਲਿਸ ਦੇ ਰਾਮਦਾਸ ਪੁਲਿਸ ਸਟੇਸ਼ਨ ਅਧੀਨ ਆਉਂਦੇ ਪਿੰਡ ਪਸ਼ੀਆ ਦਾ ਰਹਿਣ ਵਾਲਾ ਸੀ, ਕੁਝ ਸਾਲ ਪਹਿਲਾਂ ਵਿਦੇਸ਼ ਭੱਜ ਗਿਆ ਸੀ। ਪਸ਼ੀਆ ਪਿੰਡ ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਹੈ। ਚੰਡੀਗੜ੍ਹ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਏ ਗ੍ਰਨੇਡ ਹਮਲਿਆਂ ਤੋਂ ਬਾਅਦ, ਪੁਲਿਸ ਨੇ ਹੈਪੀ ਪਸ਼ੀਆ ਦੀ ਮਾਂ ਅਤੇ ਭੈਣ ਨੂੰ ਵੀ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਹੈਪੀ ਪਸ਼ੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ, ਉਸਦਾ ਗੈਂਗ ਜੀਵਨ ਫੌਜੀ ਚਲਾ ਰਿਹਾ ਹੈ। ਜੀਵਨ ਫੌਜੀ ਮੂਲ ਰੂਪ ਵਿੱਚ ਹੁਸ਼ਿਆਰਪੁਰ ਦਾ ਰਹਿਣ ਵਾਲਾ ਹੈ। ਦੋਵੇਂ ਮੁਲਜ਼ਮ ਮਿਲ ਕੇ ਪੰਜਾਬ ਭਰ ਦੇ ਕਾਰੋਬਾਰੀਆਂ ਨੂੰ ਡਰਾ-ਧਮਕਾ ਕੇ ਕਰੋੜਾਂ ਰੁਪਏ ਦੀ ਠੱਗੀ ਮਾਰ ਚੁੱਕੇ ਹਨ। ਐਨਆਈਏ ਨੇ ਜਨਵਰੀ 2025 ਵਿੱਚ ਦੋਸ਼ੀ ਪਸ਼ੀਆ ਵਿਰੁੱਧ 5 ਲੱਖ ਰੁਪਏ ਦੇ ਇਨਾਮ ਦਾ ਐਲਾਨ ਵੀ ਕੀਤਾ ਸੀ। ਦੋਸ਼ੀ ਨੂੰ ਚੰਡੀਗੜ੍ਹ 'ਤੇ ਹੋਏ ਅੱਤਵਾਦੀ ਹਮਲੇ ਵਿੱਚ ਲੋੜੀਂਦਾ ਘੋਸ਼ਿਤ ਕੀਤਾ ਗਿਆ ਸੀ। ਮੁਲਜ਼ਮਾਂ ਖ਼ਿਲਾਫ਼ ਗੈਂਗ ਵਾਰ, ਹੈਰੋਇਨ ਤਸਕਰੀ, ਹਥਿਆਰਾਂ ਦੀ ਤਸਕਰੀ ਅਤੇ ਆਈਐਸਆਈ ਨਾਲ ਸਬੰਧ ਰੱਖਣ ਦੇ ਦੋਸ਼ ਹੇਠ ਕੇਸ ਦਰਜ ਹਨ।

# ਜਾਤੀਵਾਦ ਦੇ ਤਣਾਅ ਵਿਚ ਸੜਦਾ ਇਟਾਵਾ

✪ ਯਾਦਵ-ਬ੍ਰਾਹਮਣ ਝਗੜੇ ਨੇ ਭਾਗਵਤ ਕਥਾ ਨੂੰ ਲੈਕੇ ਬਣਾਇਆ ਜੰਗ ਦਾ ਮੈਦਾਨ ! ✪ ਦਾਦਰਪੁਰ ਵਿਚ ਯਾਦਵ ਕਥਾਵਾਚਕ ਦੀ ਕੁਟਮਾਰ ਮਗਰੋਂ ਯਾਦਵਾਂ ਵਲੋਂ ਬ੍ਰਾਹਮਣਾਂ ਦਾ ਬਾਈਕਾਟ ✪ ਅਖਿਲੇਸ਼-ਯੋਗੀ ਦੇ ਇਲਜ਼ਾਮਾਂ ਨੇ ਮੁੱਦੇ ਨੂੰ ਦਿੱਤੀ ਸਿਆਸੀ ਰੰਗਤ ! ਯਾਦਵਾਂ ਤੇ ਬ੍ਰਾਹਮਣਾਂ ਦਾ ਵਿਵਾਦ ਹੋਇਆ ਤਿੱਖਾ

ਕਵਰ ਸਟੋਰੀ

ਇਟਾਵਾ ਦੇ ਦਾਦਰਪੁਰ ਵਿਚ 21 ਜੂਨ ਨੂੰ ਦੋ ਯਾਦਵ ਕਥਾਵਾਚਕਾਂ ਨੂੰ ਮਾਰਕੁੱਟ ਕਰਨ ਅਤੇ ਉਨ੍ਹਾਂ ਦਾ ਸਿਰ ਮੁੰਨਣ ਦੀ ਘਟਨਾ ਨੇ ਜਾਤੀਵਾਦ ਦੇ ਤਣਾਅ ਨੂੰ ਵਧਾ ਦਿੱਤਾ। ਹੁਣ ਯਾਦਵ ਬ੍ਰਾਹਮਣ ਕਥਾਵਾਚਕਾਂ ਦਾ ਬਾਈਕਾਟ ਕਰ ਰਹੇ ਹਨ, ਜਿਸ ਨਾਲ ਪਿੰਡਾਂ ਵਿਚ ਤਣਾਅ ਵਧਿਆ ਹੋਇਆ ਹੈ। ਇਹ ਸਾਰਾ ਮਾਮਲਾ ਸਿਆਸਤ ਦੀ ਚੁੰਗਲ ਵਿਚ ਵੀ ਫਸ ਗਿਆ ਹੈ, ਜਿੱਥੇ ਸਮਾਜਵਾਦੀ ਪਾਰਟੀ ਅਤੇ ਭਾਜਪਾ ਇੱਕ-ਦੂਜੇ ’ਤੇ ਜਾਤੀਵਾਦ ਦਾ ਜ਼ਹਿਰ ਫੈਲਾਉਣ ਦੇ ਇਲਜ਼ਾਮ ਲਗਾ ਰਹੀਆਂ ਹਨ।

ਗੰਗਾਰਾਮ ਯਾਦਵ ਦੇ ਪਿੰਡ ਗੜ੍ਹੀ ਭਗਵੰਤ ਵਿਚ ਭਾਗਵਤ ਕਥਾ ਲਈ ਬ੍ਰਾਹਮਣ ਪੁਜਾਰੀ ਨੂੰ ਬੁਲਾਉਣ ਦੀ ਗੱਲ ਨੇ ਹੰਗਾਮਾ ਖੜਾ ਕਰ ਦਿੱਤਾ। ਪਿੰਡ ਵਿਚ ਬਿਜਲੀ ਦੇ ਖੰਭਿਆਂ ’ਤੇ ਲੱਗੇ ਤਿੱਖੇ ਸ਼ਬਦਾਂ ਵਾਲੇ ਪੋਸਟਰ ਦਸ ਰਹੇ ਹਨ ਕਿ ਬ੍ਰਾਹਮਣਾਂ ਨੂੰ ਪੂਜਾ ਲਈ ਨਹੀਂ ਬੁਲਾਵਾਂਗੇ !

## ਜਾਤੀਵਾਦ ਦੇ ਝਗੜੇ ਦੀ ਜੜ੍ਹ ਕੀ ?

ਇਹ ਜਾਤੀਵਾਦ ਦੀ ਸਾਰੀ ਅੱਗ 21 ਜੂਨ ਦੀ ਰਾਤ ਨੂੰ ਭੜਕੀ ਸੀ, ਜਦੋਂ ਦਾਦਰਪੁਰ ਵਿਚ ਭਾਗਵਤ ਕਥਾ ਦੌਰਾਨ ਦੋ ਯਾਦਵ ਕਥਾਵਾਚਕਾਂ, ਸੰਤ ਸਿੰਘ ਯਾਦਵ ਅਤੇ ਮੁਕੁਟ ਮਣੀ, ਨੂੰ ਬ੍ਰਾਹਮਣ ਨੌਜਵਾਨਾਂ ਨੇ ਮਾਰਕੁੱਟ ਕੀਤੀ।

ਇਲਜ਼ਾਮ ਸੀ ਕਿ ਉਨ੍ਹਾਂ ਨੇ ਆਪਣੀ ਜਾਤ ਛੁਪਾਈ ਅਤੇ ਫਰਜ਼ੀ ਆਧਾਰ ਕਾਰਡ ’ਤੇ ਅਗਨੀਹੋਤਰੀ ਨਾਮ ਵਰਤਿਆ। ਗੁੱਸੇ ਵਿਚ ਆਏ ਬ੍ਰਾਹਮਣਾਂ ਨੇ ਨਾ ਸਿਰਫ ਉਨ੍ਹਾਂ ਨੂੰ ਕੁਟਿਆ, ਸਗੋਂ ਸਿਰ ਮੁੰਨਣ ਦੀ ਸ਼ਰਮਨਾਕ ਹਰਕਤ ਵੀ ਕੀਤੀ। ਵੀਡੀਓ ਵਾਇਰਲ ਹੋਣ ਨਾਲ ਮਾਮਲਾ ਸਿਆਸੀ ਹੋ ਗਿਆ। ਇਟਾਵਾ, ਜੋ ਸਮਾਜਵਾਦੀ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਹੈ, ਵਿਚ ਯਾਦਵਾਂ ਦਾ ਸਿਆਸੀ ਦਬਦਬਾ ਹੈ। ਯਾਦਵ ਭਾਈਚਾਰਾ ਨੇ ਇਸ ਨੂੰ ਆਪਣੀ ਜਾਤੀ ਦਾ ਅਪਮਾਨ ਦੱਸਿਆ ਸੀ।

ਯਾਦਵਾਂ ਨੇ ਬ੍ਰਾਹਮਣ ਕਥਾਵਾਚਕਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ, ਜਿਸ ਨਾਲ ਪਿੰਡਾਂ ਵਿਚ ਜਾਤੀਵਾਦੀ ਤਣਾਅ ਹੋਰ ਵਧ ਗਿਆ। ਯਾਦਵ ਆਗੂਆਂ ਦਾ ਕਹਿਣਾ ਹੈ ਕਿ “ਭਾਗਵਤ ਸਭ ਦੀ ਹੈ, ਅਤੇ ਕੋਈ ਵੀ ਇਸ ਨੂੰ ਪੜ੍ਹ ਸਕਦਾ ਹੈ। ਪੀੜਤ ਕਥਾਵਾਚਕ ਮੁਕੁਟ ਮਣੀ ਦੇ ਰਿਸ਼ਤੇਦਾਰ ਹੁਕਮ ਸਿੰਘ ਨੇ ਕਿਹਾ ਕਿ ਇਹ ਯਾਦਵਾਂ ਦੀ ਬੇਇਜ਼ਤੀ ਹੈ। ਅਸੀਂ ਪੂਰੇ ਭਾਰਤ ਵਿਚ ਇਸ ਦਾ ਵਿਰੋਧ ਕਰਾਂਗੇ। ਜੇ ਭਾਗਵਤ ਸਿਰਫ ਬ੍ਰਾਹਮਣਾਂ ਦੀ ਹੈ, ਤਾਂ ਨਿਯਮ ਬਣਾਓ।”

ਪਰ ਬ੍ਰਾਹਮਣ ਭਾਈਚਾਰੇ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਥਾਵਾਚਕਾਂ ਦੀ ਜਾਤ ਨਾਲ ਰੋਸਾ ਨਹੀਂ ਸੀ, ਸਗੋਂ ਉਨ੍ਹਾਂ ਦੇ ਝੂਠ ਅਤੇ ਫਰਜ਼ੀ ਪਛਾਣ ਨਾਲ ਸਮੱਸਿਆ ਸੀ। ਜੈ ਪ੍ਰਕਾਸ਼ ਤਿਵਾਰੀ, ਜਿਨ੍ਹਾਂ ਦੇ ਘਰ ਕਥਾਵਾਚਕਾਂ ਨੇ ਖਾਣਾ ਖਾਧਾ, ਨੇ ਕਿਹਾ, “ਜੇ ਉਹ ਯਾਦਵ ਸਨ, ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਉਨ੍ਹਾਂ ਨੇ ਆਪਣੀ ਪਛਾਣ ਛੁਪਾਈ, ਜੋ ਗਲਤ ਸੀ।” ਇਸ ਦੇ ਬਾਵਜੂਦ, ਬਾਈਕਾਟ ਦੀ ਅੱਗ ਨੇ ਪੂਰੇ ਇਲਾਕੇ ਵਿਚ ਤਣਾਅ ਵਧਾ ਦਿੱਤਾ। ਪਿੰਡਾਂ ਵਿਚ ਬ੍ਰਾਹਮਣ ਪੁਜਾਰੀਆਂ ਨੂੰ ਪੂਜਾ ਲਈ ਨਹੀਂ ਬੁਲਾਇਆ ਜਾ ਰਿਹਾ, ਅਤੇ ਸੋਸ਼ਲ ਮੀਡੀਆ ’ਤੇ ‘ਬ੍ਰਾਹਮਣਾਂ ਦਾ ਬਾਈਕਾਟ’ ਵਾਲੀਆਂ ਪੋਸਟਾਂ ਨੇ ਮਾਹੌਲ ਨੂੰ ਹੋਰ ਗਰਮ ਕਰ ਦਿੱਤਾ ਹੈ।

## ਸਿਆਸਤ ਦੀ ਚੁੰਗਲ ਵਿਚ ਫਸਿਆ ਮੁੱਦਾ: ਕੌਣ ਜ਼ਿੰਮੇਵਾਰ ?

ਇਹ ਮਾਮਲਾ ਸਿਰਫ ਪਿੰਡ ਦੀ ਗੱਲ ਨਹੀਂ ਰਿਹਾ, ਸਗੋਂ ਸਿਆਸੀ ਅਖਾੜੇ ਵਿਚ ਵੀ ਛਿੜ ਪਿਆ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਥਾਵਾਚਕਾਂ ਨੂੰ ਲਖਨਊ ਸੱਦ ਕੇ 51,000 ਰੁਪਏ ਦੀ ਸਹਾਇਤਾ ਅਤੇ ਨਵਾਂ ਢੋਲਕ ਦਿੱਤਾ। ਉਨ੍ਹਾਂ ਨੇ ਇਸ ਨੂੰ ‘ਪੀਡੀਏ (ਪਿੱਛੜਾ, ਦਲਿਤ, ਘਟਗਿਣਤੀ) ਅਪਮਾਨ ਕਾਂਡ’ ਦਾ ਨਾਮ ਦੇ ਕੇ ਬ੍ਰਾਹਮਣ ਭਾਈਚਾਰੇ ’ਤੇ ਨਿਸ਼ਾਨਾ ਲਗਾਇਆ ਹੈ।

ਅਖਿਲੇਸ਼ ਨੇ ਭਾਜਪਾ ਸਰਕਾਰ ’ਤੇ ਜਾਤੀਵਾਦੀ ਹਿੰਸਾ ਨੂੰ ਹਵਾ ਦੇਣ ਦਾ ਦੋਸ਼ ਲਾਇਆ ਹੈ, ਜਦਕਿ ਸੀਐਮ ਯੋਗੀ ਆਦਿਤਿਆਨਾਥ ਨੇ ਪਲਟਵਾਰ ਕਰਦਿਆਂ ਕਿਹਾ ਕਿ ਸਮਾਜਵਾਦੀ ਪਾਰਟੀ ਵੋਟ ਬੈਂਕ ਲਈ ਸਮਾਜ ਨੂੰ ਵੰਡ ਰਹੀ ਹੈ। ਮਭਾਜਪਾ ਦੇ ਮੰਤਰੀ ਜੈਵੀਰ ਸਿੰਘ ਨੇ ਕਿਹਾ ਕਿ “ਅਖਿਲੇਸ਼ ਯਾਦਵ ਜਾਤੀਵਾਦ ਦੀ ਸਿਆਸਤ ਕਰਕੇ ਅਸ਼ਾਂਤੀ ਫੈਲਾ ਰਹੇ ਹਨ। ਸਰਕਾਰ ਨੇ ਤੁਰੰਤ ਕਾਰਵਾਈ ਕੀਤੀ, ਚਾਰ ਲੋਕ ਗ੍ਰਿਫਤਾਰ ਕੀਤੇ ਅਤੇ 15 ਹਿਰਾਸਤ ਵਿਚ ਲਏ ਗਏ।”

ਪਰ ਯਾਦਵ ਆਗੂਆਂ ਦਾ ਕਹਿਣਾ ਹੈ ਕਿ ਪੁਲਿਸ ਨੇ ਆਪਣਾ ਫਰਜ਼ ਨਹੀਂ ਨਿਭਾਇਆ, ਕਿਉਂਕਿ ਸਿਰਫ ਚਾਰ ਲੋਕਾਂ ਨੂੰ ਹੀ ਗ੍ਰਿਫਤਾਰ ਕੀਤਾ ਗਿਆ। ਸੋਸ਼ਲ ਮੀਡੀਆ ’ਤੇ ਭੜਕਾਊ ਪੋਸਟਾਂ ਕਾਰਨ 19 ਹੋਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ, ਜਿਨ੍ਹਾਂ ਵਿਚ ਜ਼ਿਆਦਾਤਰ ਯਾਦਵ ਸਨ। ਦੋਵੇਂ ਪਾਰਟੀਆਂ ਇੱਕ-ਦੂਜੇ ’ਤੇ ਜਾਤੀਵਾਦ ਦੀ ਅੱਗ ਭੜਕਾਉਣ ਦੇ ਦੋਸ਼ ਲਾ ਰਹੀਆਂ ਹਨ, ਪਰ ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਸਿਆਸਤਦਾਨਾਂ ਨੇ ਹੀ ਇਸ ਜਾਤੀ ਨਫਰਤ ਨੂੰ ਹਵਾ ਦਿੱਤੀ ਸੀ।

ਦਾਦਰਪੁਰ ਵਿਚ ਸੰਨਾਟਾ ਹੈ, ਬ੍ਰਾਹਮਣਾਂ ਦੇ ਘਰਾਂ ਦੇ ਦਰਵਾਜ਼ੇ ਬੰਦ ਹਨ, ਅਤੇ ਪੁਲਿਸ ਦੀਆਂ ਗੱਡੀਆਂ ਗਲੀਆਂ ਵਿਚ ਗਸ਼ਤ ਲਾ ਰਹੀਆਂ ਹਨ। ਯਾਦਵ ਕਥਾਵਾਚਕ ਆਪਣੇ ਪਿੰਡਾਂ ਤੋਂ ਫਰਾਰ ਹਨ, ਜਦਕਿ ਬ੍ਰਾਹਮਣ ਨੌਜਵਾਨ ਪਿੰਡ ਦੇ ਗੇਟ ’ਤੇ ਪਹਿਰਾ ਦੇ ਰਹੇ ਹਨ। 26 ਜੂਨ ਨੂੰ ਅਹੀਰ ਰੈਜੀਮੈਂਟ ਦੇ 500 ਤੋਂ ਵੱਧ ਲੋਕਾਂ ਨੇ ਪਿੰਡ ਵਿਚ ਵੜਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਹਿੰਸਾ ਹੋਰ ਵਧੀ। ਪੁਲਿਸ ’ਤੇ ਪੱਥਰ ਸੁੱਟੇ ਗਏ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਸਿਆਸੀ ਪਾਰਟੀਆਂ ਜਾਤ ਦੀ ਸਿਆਸਤ ਨੂੰ ਹਵਾ ਦੇਣਾ ਬੰਦ ਨਹੀਂ ਕਰਦੀਆਂ, ਇਹ ਅੱਗ ਸੁਲਗਦੀ ਰਹੇਗੀ।








# ਅਬੋਹਰ ਵਿਚ ਉੱਘੇ ਕੱਪੜਾ ਵਪਾਰੀ ਦੀ ਗੋਲੀਆਂ ਮਾਰ ਕੇ ਕੀਤਾ ਕਤਲ

✪ ਬਿਸ਼ਨੋਈ ਗੈਂਗ ਨਾਲ ਸੰਬੰਧਿਤ ਆਰਜ਼ੂ ਨੇ ਕਤਲ ਕਰਨ ਦੀ ਜ਼ਿੰਮੇਵਾਰੀ ਲਈ



ਅਬੋਹਰ-ਮਾਲਵਾ ਖੇਤਰ ਦੇ ਪ੍ਰਸਿੱਧ ਵਪਾਰੀ ਅਬੋਹਰ ਦੇ ਨਿਊ ਵੀਅਰ ਵੈੱਲ ਦੇ ਸੰਚਾਲਕ ਸੰਜੇ ਵਰਮਾ ਦੀ ਬੀਤੇ ਦਿਨੀਂ 3 ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਸੋਗ ਵਜੋਂ ਦੁਕਾਨਦਾਰਾਂ ਨੇ ਬਾਜ਼ਾਰ ਬੰਦ ਕਰ ਦਿੱਤੇ। ਦੂਜੇ ਪਾਸੇ ਡੀ.ਆਈ.ਜੀ. ਫ਼ਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਵਲੋਂ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਬਿਆਨ ਦਰਜ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਦੀਆਂ ਵੱਖ-ਵੱਖ ਟੀਮਾਂ ਸੀ.ਸੀ.ਟੀ.ਵੀ. ਖੰਘਾਲਦੇ ਹੋਏ ਜਾਂਚ ਵਿਚ ਜੁਟ ਗਈਆਂ ਹਨ। ਉੱਧਰ ਸੋਸ਼ਲ ਮੀਡੀਆ ’ਤੇ ਬਿਸ਼ਨੋਈ ਗੈਂਗ ਨਾਲ ਸੰਬੰਧਿਤ ਆਰਜ਼ੂ ਬਿਸ਼ਨੋਈ ਦੀ ਆਈ.ਡੀ. ਤੋਂ ਸੰਜੇ ਵਰਮਾ ਨੂੰ ਕਤਲ ਕਰਨ ਦੀ ਜ਼ਿੰਮੇਵਾਰੀ ਲਈ ਗਈ ਹੈ।

ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਅਬੋਹਰ ਦੇ ਵਿਧਾਇਕ ਸੰਦੀਪ ਜਾਖੜ, ਵਪਾਰ ਮੰਡਲ ਦੇ ਪ੍ਰਧਾਨ ਸੁਰੇਸ਼ ਸਤੀਜਾ, ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਸੁਖਜਿੰਦਰ ਸਿੰਘ ਰਾਜਨ ਆਦਿ ਸਣੇ ਵਿਅਕਤੀਆਂ ਨੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੇ ਪ੍ਰਤੀ ਰੋਸ ਜ਼ਾਹਿਰ ਕਰਦੇ ਹੋਏ ਕਿਹਾ ਕਿ ਸ਼ਰੇਆਮ ਦਿਨ ਦਿਹਾੜੇ ਇਕ ਉੱਘੇ ਵਪਾਰੀ ਦਾ ਕਤਲ ਹੋਣਾ ਪੰਜਾਬ ਦੀ ਕਾਨੂੰਨ ਵਿਵਸਥਾ ’ਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ।

# ਅਕਾਲ ਤਖਤ ਤੇ ਪਟਨਾ ਸਾਹਿਬ ਦਾ ਟਕਰਾਅ : ਸਿੱਖ ਪੰਥ ਦੁਬਿਧਾ ਵਿਚ, ਕੌਣ ਜ਼ਿੰਮੇਵਾਰ ?

## ਸਿਧਾਂਤਹੀਣੀ ਸਿਖ ਲੀਡਰਸ਼ਿਪ ਨਹੀਂ ਦੇ ਸਕੀ ਸੁਚੱਜੀ ਅਗਵਾਈ ਸਿਆਸੀ ਦਖਲਅੰਦਾਜ਼ੀ ਕਾਰਣ ਅਕਾਲ ਤਖਤ ਦੀ ਸਰਵਉਚਤਾ ਨੂੰ ਠੇਸ ਪਹੁੰਚੀ





### ਪੰਥਕ ਹਲਚਲ

ਸਿੱਖ ਪੰਥ ਦੇ ਸਰਬਉੱਚ ਅਦਾਰੇ, ਸ੍ਰੀ ਅਕਾਲ ਤਖਤ ਸਾਹਿਬ, ਅਤੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚਕਾਰ ਚੱਲ ਰਿਹਾ ਟਕਰਾਅ ਸਿੱਖ ਜਗਤ ਵਿਚ ਸੰਕਟ ਸਿਰਜ ਰਿਹਾ ਹੈ। ਇਹ ਤਕਰਾਰ ਨਾ ਸਿਰਫ ਧਾਰਮਿਕ ਸੰਸਥਾਵਾਂ ਦੀ ਮਾਣ-ਮਰਯਾਦਾ ਨੂੰ ਠੇਸ ਪਹੁੰਚਾ ਰਿਹਾ ਹੈ, ਸਗੋਂ ਸਿੱਖ ਪੰਥ ਦੀ ਏਕਤਾ ਨੂੰ ਵੀ ਖੰਡਿਤ ਕਰਨ ਦੀ ਕਗਾਰ 'ਤੇ ਖੜ੍ਹਾ ਕਰ ਦਿਤਾ ਹੈ। ਇਸ ਵਿਵਾਦ ਦੀਆਂ ਜੜ੍ਹਾਂ ਸਿਆਸੀ ਦਖਲਅੰਦਾਜ਼ੀ, ਸਿਧਾਂਤਹੀਣ ਲੀਡਰਸ਼ਿਪ ਦੀ ਨੈਤਿਕਹੀਣੀ ਸਿਆਸਤ ਹਨ।

ਵਿਵਾਦ ਦੀ ਸ਼ੁਰੂਆਤ: ਤਖਤਾਂ ਦੀ ਟੱਕਰ ਦਾ ਮੁੱਢ-ਇਹ ਵਿਵਾਦ ਮਈ 2021 ਵਿਚ ਸ਼ੁਰੂ ਹੋਇਆ, ਜਦੋਂ ਅਕਾਲ ਤਖਤ ਸਾਹਿਬ ਨੇ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ 2022 ਦੇ ਇੱਕ ਹੁਕਮ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਹੁਕਮ ਵਿਚ ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਦੀ ਗੁਰਬਾਣੀ ਪੜ੍ਹਨ ਦੀ ਯੋਗਤਾ ਦੀ ਜਾਂਚ ਅਤੇ ਅੰਤਰਿਮ ਮੁਖੀ ਗ੍ਰੰਥੀ ਗੁਰਦਿਆਲ ਸਿੰਘ ਦੀ ਬਦਲੀ ਦੀ ਗੱਲ ਸੀ। ਪਰ ਪਟਨਾ ਸਾਹਿਬ ਦੀ ਕਮੇਟੀ ਨੇ ਇਸ ਹੁਕਮ ਨੂੰ ਨਾ ਮੰਨਿਆ ਅਤੇ ਇਸ ਨੂੰ ਆਪਣੇ ਅਧਿਕਾਰਾਂ ਵਿਚ ਦਖਲਅੰਦਾਜ਼ੀ ਕਰਾਰ ਦਿੱਤਾ।ਇਸ ਦੇ ਜਵਾਬ ਵਿਚ, ਪਟਨਾ ਸਾਹਿਬ ਦੇ 'ਪੰਜ ਪਿਆਰਿਆਂ' ਨੇ ਅਕਾਲ ਤਖਤ ਦੇ ਹੁਕਮ ਨੂੰ ਰੱਦ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 'ਤਨਖਾਹੀਆ' ਐਲਾਨ ਦਿੱਤਾ। ਉਨ੍ਹਾਂ ਨੇ ਸੁਖਬੀਰ ਨੂੰ 10 ਦਿਨਾਂ ਵਿਚ ਪਟਨਾ ਸਾਹਿਬ ਪੇਸ਼ ਹੋਣ ਦਾ ਹੁਕਮ ਦਿੱਤਾ, ਜਿਸ ਨੂੰ ਬਾਅਦ ਵਿਚ ਦੋ ਵਾਰ ਵਧਾਇਆ ਗਿਆ। ਸੁਖਬੀਰ ਨੇ ਹਾਜ਼ਰੀ ਨਾ ਭਰੀ, ਅਤੇ 5 ਜੁਲਾਈ 2025 ਨੂੰ ਪਟਨਾ ਸਾਹਿਬ ਨੇ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ।

ਇਸ ਦੇ ਵਿਰੋਧ ਵਿਚ, ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਦੀ ਅਗਵਾਈ ਹੇਠ 'ਪੰਜ ਸਿੰਘ ਸਾਹਿਬਾਨ' ਦੀ ਐਮਰਜੈਂਸੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪਟਨਾ ਸਾਹਿਬ ਦੇ ਅੰਤਰਿਮ ਮੁਖੀ ਗ੍ਰੰਥੀ ਗੁਰਦਿਆਲ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ, ਹਰਪਾਲ ਸਿੰਘ (ਜੌਹਲ) ਅਤੇ ਗੁਰਮੀਤ ਸਿੰਘ, ਨੂੰ ਧਾਰਮਿਕ ਮਰਯਾਦਾ ਦੀ ਉਲੰਘਣਾ ਦੇ ਦੋਸ਼ ਵਿਚ 'ਤਨਖਾਹੀਆ' ਐਲਾਨਿਆ ਦਿਤਾ। ਉਨ੍ਹਾਂ ਨੂੰ 15 ਦਿਨਾਂ ਵਿਚ ਅਕਾਲ ਤਖਤ 'ਤੇ ਹਾਜ਼ਰ ਹੋ ਕੇ ਮੁਆਫੀ ਮੰਗਣ ਦਾ ਹੁਕਮ ਦਿੱਤਾ ਗਿਆ, ਨਹੀਂ ਤਾਂ ਸਮਾਜਕ ਅਤੇ ਧਾਰਮਿਕ ਬਾਈਕਾਟ ਦਾ ਸਾਹਮਣਾ ਕਰਨ ਦੀ ਚੇਤਾਵਨੀ ਦਿੱਤੀ ਗਈ। ਅਕਾਲ ਤਖਤ ਨੇ ਆਪਣੇ ਪੱਤਰ 'ਚ ਕਿਹਾ ਕਿ "ਗੁਰਦਿਆਲ ਸਿੰਘ ਪੰਥ ਵਿਰੋਧੀ ਤਾਕਤਾਂ ਨਾਲ ਮਿਲ ਕੇ ਤਖਤ ਸਾਹਿਬਾਨ ਵਿਚਕਾਰ ਦਰਾਰ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।" ਨਾਲ ਹੀ, ਹਰਪਾਲ ਸਿੰਘ ਅਤੇ ਗੁਰਮੀਤ ਸਿੰਘ 'ਤੇ ਸੋਸ਼ਲ ਮੀਡੀਆ ਰਾਹੀਂ ਅਕਾਲ ਤਖਤ ਦੀ ਮਰਯਾਦਾ ਅਤੇ ਸਰਬਉੱਚਤਾ ਵਿਰੁੱਧ ਕੂੜ-ਪ੍ਰਚਾਰ ਦਾ ਦੋਸ਼ ਲਾਇਆ ਗਿਆ।

ਪਟਨਾ ਸਾਹਿਬ ਨੇ ਵੀ ਪਲਟਵਾਰ ਕਰਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੋਲਾ ਨੂੰ 'ਤਨਖਾਹੀਆ' ਐਲਾਨ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਕਾਲ ਤਖਤ ਦਾ ਆਦੇਸ਼ ਰੱਦ ਹੈ ਅਤੇ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਕਾਲ ਤਖਤ 'ਤੇ ਪੇਸ਼ ਨਹੀਂ ਹੋਣਗੇ। ਜੇ ਕੋਈ ਪੇਸ਼ ਹੋਇਆ, ਤਾਂ ਉਸ ਨੂੰ ਪਟਨਾ ਸਾਹਿਬ ਵੱਲੋਂ ਪੱਕਾ ਤਨਖਾਹੀਆ ਕਰਾਰ ਦਿੱਤਾ ਜਾਵੇਗਾ।

ਸਿਆਸੀ ਦਖਲਅੰਦਾਜ਼ੀ: ਅਕਾਲੀ ਲੀਡਰਸ਼ਿਪ ਦੀ ਭੂਮਿਕਾ-ਇਸ ਵਿਵਾਦ ਦੀ ਜੜ੍ਹ ਵਿਚ ਸਿਆਸੀ ਦਖਲਅੰਦਾਜ਼ੀ ਸਪੱਸ਼ਟ ਦਿਖਾਈ ਦਿੰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਅਕਾਲ ਤਖਤ ਸਾਹਿਬ ਦੇ ਪ੍ਰਬੰਧ ਵਿਚ ਪ੍ਰਭਾਵ ਪਾਉਣ ਦੇ ਇਲਜ਼ਾਮ ਲੱਗ ਰਹੇ ਹਨ। ਦੂਜੇ ਪਾਸੇ, ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ 'ਤੇ ਸਰਕਾਰੀ ਦਖਲਅੰਦਾਜ਼ੀ ਦੇ ਦੋਸ਼ ਹਨ।

ਸਿੱਖ ਵਿਦਵਾਨ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਦਾ ਮੰਨਣਾ ਹੈ ਕਿ ਜਥੇਦਾਰ ਅਤੇ ਗ੍ਰੰਥੀ ਸਿਆਸੀ ਹੁਕਮਾਂ ਦੀ ਪਾਲਣਾ ਕਰ ਰਹੇ ਹਨ ਅਤੇ ਸਿਧਾਂਤਕ ਫੈਸਲੇ ਲੈਣ ਦੀ ਸਮਰੱਥਾ ਨਹੀਂ ਰੱਖਦੇ।

ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਪਟਨਾ ਸਾਹਿਬ ਦੇ ਸੁਖਬੀਰ ਨੂੰ ਤਨਖਾਹੀਆ ਐਲਾਨਣ ਦੇ ਫੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਅਤੇ ਸਿੱਖਾਂ 'ਚ ਟਕਰਾਅ ਪੈਦਾ ਕਰਨ ਵਾਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਦੀ ਕਮੇਟੀ ਨੇ ਪਹਿਲਾਂ ਮੰਨਿਆ ਸੀ ਕਿ ਉਹ ਅਕਾਲ ਤਖਤ ਦੇ ਫੈਸਲਿਆਂ 'ਤੇ ਕੋਈ ਕਿੰਤੂ-ਪਰੰਤੂ ਨਹੀਂ ਕਰਨਗੇ, ਪਰ ਹੁਣ ਉਨ੍ਹਾਂ ਨੇ ਇਸ ਹੁਕਮਨਾਮੇ ਨਾਲ ਮਾਮਲੇ ਨੂੰ ਹੋਰ ਵਧਾ ਦਿੱਤਾ।

ਸਿੱਖ ਪੰਥ ਦੇ ਬੁੱਧੀਜੀਵੀ ਅਤੇ ਪੰਥਕ ਆਗੂ ਇਸ ਵਿਵਾਦ ਨੂੰ ਸਿੱਖ ਏਕਤਾ ਅਤੇ ਅਕਾਲ ਤਖਤ ਦੀ ਮਰਯਾਦਾ ਲਈ ਖਤਰਨਾਕ ਮੰਨ ਰਹੇ ਹਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਅਤੇ ਅਕਾਲੀ ਆਗੂ ਰਵੀਇੰਦਰ ਸਿੰਘ ਨੇ ਕਿਹਾ, "ਤਖਤਾਂ ਦੇ ਜਥੇਦਾਰਾਂ ਦਾ ਟਕਰਾਅ ਕੌਮ ਲਈ ਘਾਤਕ ਹੈ। ਸੰਗਤ ਤਖਤਾਂ ਦੇ ਆਦੇਸ਼ਾਂ ਨੂੰ ਇਲਾਹੀ ਮੰਨਦੀ ਹੈ, ਪਰ ਜਥੇਦਾਰਾਂ ਨੇ ਸਥਿਤੀ ਹਾਸੋਹੀਣੀ ਬਣਾ ਦਿੱਤੀ ਹੈ।" ਉਨ੍ਹਾਂ ਇਸ ਸੰਕਟ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ। ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ "ਇਹ ਟਕਰਾਅ ਤਖਤਾਂ ਦਾ ਨਹੀਂ, ਸਗੋਂ ਗ੍ਰੰਥੀਆਂ ਦੀ ਸਿਧਾਂਤ ਪ੍ਰਤੀ ਬੇਸਮਝੀ ਅਤੇ ਸਿਆਸੀ ਹੱਥ ਠੋਕਾ ਬਣਨ ਕਾਰਨ ਹੈ।" ਉਨ੍ਹਾਂ ਜਥੇਦਾਰਾਂ ਦੀ ਨਿਯੁਕਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸਿਧਾਂਤਕ ਬਣਾਉਣ ਦੀ ਮੰਗ ਕੀਤੀ।

ਦਲ ਖਾਲਸਾ ਦੇ ਕੰਵਰਪਾਲ ਸਿੰਘ ਨੇ ਕਿਹਾ, "ਅਕਾਲ ਤਖਤ ਸਰਬਉੱਚ ਹੈ, ਅਤੇ ਪਟਨਾ ਸਾਹਿਬ ਦੇ ਜਥੇਦਾਰ ਜਾਂ ਪੰਜ ਪਿਆਰੇ ਕਿਸੇ ਸਿੱਖ ਨੂੰ ਤਨਖਾਹੀਆ ਐਲਾਨਣ ਦਾ ਅਧਿਕਾਰ ਨਹੀਂ ਰੱਖਦੇ। ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਿੱਲੀ ਦੇ ਹੁਕਮਰਾਨਾਂ ਦੇ ਪ੍ਰਭਾਵ ਹੇਠ ਚੱਲ ਰਹੀ ਹੈ, ਜੋ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚ ਰਹੇ ਹਨ।"

ਸਾਬਕਾ ਐਮ.ਪੀ. ਅਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ, "ਇਹ ਮੰਦਭਾਗੀ ਲੜਾਈ ਸਿੱਖਾਂ ਨੂੰ ਗੈਰ-ਸਿੱਖਾਂ ਅੱਗੇ ਹਾਸੇ ਦਾ ਪਾਤਰ ਬਣਾ ਰਹੀ ਹੈ। ਸੰਤ ਸਮਾਜ, ਜਥੇਦਾਰ ਤਖਤ ਹਜ਼ੂਰ ਸਾਹਿਬ, ਅਤੇ ਹੋਰ ਪੰਥਕ ਆਗੂਆਂ ਨੂੰ ਅੱਗੇ ਆ ਕੇ ਇਸ ਮਸਲੇ ਨੂੰ ਹੱਲ ਕਰਵਾਉਣਾ ਚਾਹੀਦਾ।"

2003 ਦਾ ਹੁਕਮਨਾਮਾ: ਸਰਬਉੱਚਤਾ ਦਾ ਸਵਾਲ-19 ਨਵੰਬਰ 2003 ਨੂੰ ਅਕਾਲ ਤਖਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਸੀ ਕਿ ਸਿੱਖ ਪੰਥ ਦੇ ਪੰਜ ਤਖਤ-ਸ੍ਰੀ ਅਕਾਲ ਤਖਤ ਸਾਹਿਬ, ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ, ਅਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ-ਹਨ। ਇਸ ਹੁਕਮਨਾਮੇ ਅਨੁਸਾਰ, ਚਾਰ ਤਖਤ ਸਾਹਿਬਾਨ ਦੇ ਜਥੇਦਾਰਾਂ ਨੂੰ ਸਥਾਨਕ ਪੱਧਰ ਦੇ ਧਾਰਮਿਕ, ਸਮਾਜਕ, ਅਤੇ ਸਭਿਆਚਾਰਕ ਮਸਲਿਆਂ 'ਤੇ ਫੈਸਲੇ ਲੈਣ ਦਾ ਅਧਿਕਾਰ ਹੈ, ਪਰ ਸਮੁੱਚੇ ਪੰਥ ਨਾਲ ਸਬੰਧਤ ਅਤੇ ਵਿਸ਼ਵ ਵਿਆਪੀ ਮਸਲਿਆਂ 'ਤੇ ਅਕਾਲ ਤਖਤ ਸਾਹਿਬ 'ਤੇ ਪੰਜ ਜਥੇਦਾਰਾਂ ਦੀ ਮੀਟਿੰਗ ਵਿਚ ਅੰਤਿਮ ਫੈਸਲਾ ਲਿਆ ਜਾਵੇਗਾ। ਇਸ ਹੁਕਮਨਾਮੇ ਦੀ ਰੋਸ਼ਨੀ ਵਿਚ, ਪਟਨਾ ਸਾਹਿਬ ਦੇ 'ਪੰਜ ਪਿਆਰਿਆਂ' ਵੱਲੋਂ ਸੁਖਬੀਰ ਬਾਦਲ ਨੂੰ ਤਨਖਾਹੀਆ ਐਲਾਨਣਾ ਅਕਾਲ ਤਖਤ ਦੀ ਸਰਬਉੱਚਤਾ 'ਤੇ ਸਿੱਧਾ ਹਮਲਾ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ, ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਦਾਅਵਾ ਹੈ ਕਿ ਉਹ ਆਪਣੇ ਅੰਦਰੂਨੀ ਮਾਮਲਿਆਂ ਵਿਚ ਸੁਤੰਤਰ ਹੈ। ਫਿਰ ਸਾਡੇ ਫੈਸਲਿਆਂ ਵਿਚ ਦਖਲਅੰਦਾਜ਼ੀ ਕਿਉਂ ਕੀਤੀ ਗਈ। ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗਿਆਨੀ ਗੌਹਰ ਨੂੰ ਕਿਉਂ ਮਾਫ ਕੀਤਾ ਗਿਆ। ਇਸ ਆਪਸੀ ਸਿਧਾਂਤਕ ਸੂਝ ਬੂਝ ਦੀ ਘਾਟ ਨੇ 2003 ਦੇ ਹੁਕਮਨਾਮੇ ਦੀ ਉਲੰਘਣਾ ਦਾ ਸਵਾਲ ਖੜ੍ਹਾ ਕਰ ਦਿੱਤਾ ਹੈ।

ਮਸਲੇ ਦਾ ਹੱਲ: ਸੰਭਾਵਨਾਵਾਂ ਅਤੇ ਚੁਣੌਤੀਆਂ-ਇਸ ਵਿਵਾਦ ਨੇ ਸਿੱਖ ਪੰਥ ਨੂੰ ਇੱਕ ਗੰਭੀਰ ਸੰਕਟ ਵਿਚ ਧੱਕ ਦਿੱਤਾ ਹੈ। ਜੇਕਰ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਕਾਲ ਤਖਤ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਦੀ ਰਹੀ, ਤਾਂ ਸਿੱਖ ਪੰਥ 'ਚ ਵੰਡੀਆਂ ਪੈਦਾ ਹੋ ਸਕਦੀਆਂ ਹਨ। ਇਸ ਦੇ ਨਾਲ ਹੀ, ਅਕਾਲ ਤਖਤ ਦੀ ਪਟਨਾ ਸਾਹਿਬ ਦੇ ਅੰਦਰੂਨੀ ਮਸਲਿਆਂ ਵਿਚ ਦਖਲਅੰਦਾਜ਼ੀ ਨੂੰ ਵੀ ਗੈਰ-ਸਿਧਾਂਤਕ ਮੰਨਿਆ ਜਾ ਰਿਹਾ ਹੈ। ਇਸ ਮਸਲੇ ਦੇ ਹੱਲ ਲਈ ਸਿੱਖ ਸੰਗਤ ਅਤੇ ਪੰਥਕ ਸੰਸਥਾਵਾਂ ਨੂੰ ਸਾਂਝੀ ਸਲਾਹ-ਮਸ਼ਵਰੇ ਨਾਲ ਅੱਗੇ ਆਉਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਜਥੇਦਾਰਾਂ ਅਤੇ ਗ੍ਰੰਥੀਆਂ ਦੀ ਨਿਯੁਕਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸਿਧਾਂਤਕ ਬਣਾਉਣਾ ਜ਼ਰੂਰੀ ਹੈ। ਸਿਆਸੀ ਦਖਲਅੰਦਾਜ਼ੀ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾਣੇ ਚਾਹੀਦੇ।ਕਈ ਪੰਥਕ ਆਗੂਆਂ ਨੇ ਸਰਬਤ ਖਾਲਸਾ ਦੀ ਸੱਦਣ ਦੀ ਮੰਗ ਕੀਤੀ ਹੈ, ਜਿਸ ਰਾਹੀਂ ਵਿਸ਼ਵ ਪੱਧਰ 'ਤੇ ਸਿੱਖ ਕੌਮ ਦੀ ਸਾਂਝੀ ਨੀਤੀ ਤੈਅ ਕੀਤੀ ਜਾ ਸਕੇ। ਇਸ ਦੇ ਨਾਲ ਹੀ, ਵਿਸ਼ਵ ਸਿੱਖ ਕੌਂਸਲ ਦੀ ਸਥਾਪਨਾ ਕਰਕੇ ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਰਾਖੀ ਕਰਨ ਦੀ ਜ਼ਰੂਰਤ ਹੈ।

ਸਿੱਖ ਪੰਥ ਨੂੰ ਇਸ ਸਮੇਂ ਇੱਕ ਮਜ਼ਬੂਤ, ਇਮਾਨਦਾਰ, ਅਤੇ ਸਿਧਾਂਤਕ ਲੀਡਰਸ਼ਿਪ ਦੀ ਲੋੜ ਹੈ, ਜੋ ਸਿਆਸੀ ਸਾਜ਼ਿਸ਼ਾਂ ਘੜਨ ਦੀ ਬਜਾਏ ਪੰਥਕ ਹਿੱਤਾਂ ਨੂੰ ਤਰਜੀਹ ਦੇਵੇ। ਅਕਾਲ ਤਖਤ ਦੀ ਮਰਯਾਦਾ ਨੂੰ ਮੁੜ ਸਥਾਪਿਤ ਕਰਨ ਅਤੇ ਤਖਤਾਂ ਵਿਚਕਾਰ ਸਹਿਯੋਗ ਵਧਾਉਣ ਲਈ ਸੰਵਾਦ ਅਤੇ ਸਮਝੌਤੇ ਦੀ ਜ਼ਰੂਰਤ ਹੈ। ਜੇ ਸਿੱਖ ਸੰਗਤ ਅਤੇ ਪੰਥਕ ਸੰਸਥਾਵਾਂ ਜਾਗਰੂਕ ਹੋ ਕੇ ਇਸ ਸੰਕਟ ਦਾ ਸਾਹਮਣਾ ਕਰਨਗੀਆਂ, ਤਾਂ ਸਿੱਖ ਪੰਥ ਦੀ ਏਕਤਾ ਅਤੇ ਸਰਬਉੱਚਤਾ ਨੂੰ ਬਚਾਇਆ ਜਾ ਸਕਦਾ ਹੈ। ਨਹੀਂ ਤਾਂ, ਇਹ ਵਿਵਾਦ ਸਿੱਖ ਪੰਥ ਨੂੰ ਅੰਦਰੂਨੀ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਦਾ ਹਿੱਸਾ ਸਾਬਤ ਹੋ ਸਕਦਾ ਹੈ।

# ਪੰਥਕ ਮਸਲਿਆਂ ਨੂੰ ਵਿਚਾਰਨ ਲਈ ਵਿਦੇਸ਼ਾਂ ਦੇ ਸਿੱਖ ਨੁਮਾਇੰਦਿਆਂ ਨੂੰ ਵੀ ਕਮੇਟੀ ਵਿੱਚ ਸ਼ਾਮਲ ਕੀਤਾ ਜਾਵੇ – ਗਲੋਬਲ ਸਿੱਖ ਕੌਂਸਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੱਖ-ਵੱਖ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰ ਰਹੀ ਗਲੋਬਲ ਸਿੱਖ ਕੌਂਸਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਲਈ ਸੇਵਾ ਨਿਯਮ ਬਣਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਸਾਹਿਬਾਨ ਲਈ ਯੋਗਤਾਵਾਂ, ਜ਼ਿੰਮੇਵਾਰੀਆਂ, ਨਿਯੁਕਤੀ ਪ੍ਰਕਿਰਿਆ ਅਤੇ ਕਾਰਜਕਾਲ ਸੰਬੰਧੀ ਇੱਕ ਸਪੱਸ਼ਟ ਅਤੇ ਪਾਰਦਰਸ਼ੀ ਢਾਂਚਾ ਸਥਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕੌਂਸਲ ਨੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸਿੱਖ ਰਹਿਤ ਮਰਿਆਦਾ ਦੇ ਸਿਧਾਂਤ, ਗੁਰਮਤਿ-ਅਧਾਰਤ ਪਰੰਪਰਾਵਾਂ ਅਤੇ ਇੱਕ ਵਿਅਕਤੀ ਤੇ ਸਿਰਫ਼ ਇੱਕ ਹੀ ਅਹੁਦਾ ਤੇ ਰਹਿੰਦਿਆਂ ਪੰਥ ਦੀ ਸੇਵਾ ਨਿਭਾਉਣ ਵਾਲੇ ਪ੍ਰਗਟਾਏ ਜਨਤਕ ਭਰੋਸੇ ਦਾ ਵੀ ਸਵਾਗਤ ਕੀਤਾ ਹੈ। ਪਰ ਨਾਲ ਹੀ ਹਾਲ ਹੀ ਵਿੱਚ ਬਣਾਈ ਗਈ 34 ਮੈਂਬਰੀ ਸਲਾਹਕਾਰ ਕਮੇਟੀ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਜੱਥੇਦਾਰ ਨਿਯਮ ਕਮੇਟੀ ਤੋਂ ਹਟਾਉਣ ਅਤੇ ਪੰਥਕ ਮਸਲਿਆਂ ਨੂੰ ਹੋਰ ਬਾਰੀਕਬੀਨੀ ਨਾਲ ਵਿਚਾਰਨ ਲਈ ਵਿਦੇਸ਼ਾਂ ਦੇ ਸਿੱਖ ਨੁਮਾਇੰਦਿਆਂ ਨੂੰ ਕਮੇਟੀ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ।

ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ ਨੇ ਮੌਜੂਦਾ ਕਮੇਟੀ ਦੀ ਬਣਤਰ ਉੱਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਇਸ ਸਮੇਂ ਕਮੇਟੀ ਦੇ ਬਹੁਤੇ ਮੈਂਬਰ ਕਥਿਤ ਤੌਰ ਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਹੀਂ ਕਰ ਰਹੇ ਅਤੇ ਮੂਲ ਸਿੱਖ ਸਿਧਾਂਤਾਂ ਦੇ ਉਲਟ ਕਰਮ-ਕਾਂਡਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਉਹਨਾਂ ਕਿਹਾ ਹੈ ਕਿ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਾ ਕਰਨ ਵਾਲੇ ਜਾਂ ਆਪਣੇ ਡੇਰਿਆਂ, ਬੁੰਗਿਆਂ ਅਤੇ ਠਾਠਾਂ ਵਿੱਚ ਗੈਰ-ਸਿੱਖ ਪਿਰਤਾਂ ਨੂੰ ਉਤਸ਼ਾਹਿਤ ਕਰਨ ਵਾਲੇ



ਲੇਡੀ ਸਿੰਘ ਕੰਵਲਜੀਤ ਕੌਰ

ਵਿਅਕਤੀਆਂ ਨੂੰ ਇਸ ਕਮੇਟੀ ਵਿੱਚ ਸ਼ਾਮਲ ਕਰਨਾ ਨਿਯਮ ਬਣਾਉਣ ਸਬੰਧੀ ਪੂਰੀ ਪ੍ਰਕਿਰਿਆ ਦੀ ਪਵਿੱਤਰਤਾ ਅਤੇ ਭਰੋਸੇਯੋਗਤਾ ਬਾਰੇ ਗੰਭੀਰ ਸਵਾਲ ਖੜੇ ਕਰ ਸਕਦਾ ਹੈ। ਕੌਂਸਲ ਨੇ ਨਿਰਾਸ਼ਾ ਪ੍ਰਗਟਾਈ ਕਿ ਵਿਸ਼ਵਵਿਆਪੀ ਸਿੱਖ ਭਾਈਚਾਰੇ ਦੇ ਪ੍ਰਸਿੱਧ ਵਿਦਵਾਨਾਂ ਅਤੇ ਨੁਮਾਇੰਦਿਆਂ ਨੂੰ ਇਸ ਮਹੱਤਵਪੂਰਨ ਕਮੇਟੀ ਤੋਂ ਪੂਰੀ ਤਰਾਂ ਬਾਹਰ ਰੱਖਿਆ ਗਿਆ ਹੈ। ਅਜਿਹਾ ਵਰਤਾਰਾ ਨਾ ਸਿਰਫ਼ ਖਾਲਸਾ ਪੰਥ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਦੂਰ ਕਰਦਾ ਹੈ ਬਲਕਿ ਸਮੂਹਿਕ ਪੰਥਕ ਸਲਾਹ ਮਸ਼ਵਰੇ ਦੀ ਭਾਵਨਾ ਨੂੰ ਵੀ ਢਾਹ ਲਾਉਂਦਾ ਹੈ। ਗਲੋਬਲ ਸਿੱਖ ਕੌਂਸਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਲਿਖੇ ਪੱਤਰ ਵਿੱਚ ਮੰਗ ਕੀਤੀ ਹੈ ਕਿ ਕਮੇਟੀ ਦਾ ਪੁਨਰਗਠਨ ਕੀਤਾ ਜਾਵੇ ਤਾਂ ਜੋ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਕਰ ਰਹੇ ਵਿਦਵਾਨ ਜਾਂ ਸੰਸਥਾਵਾਂ ਦੇ ਨੁਮਾਇੰਦੇ ਉਕਤ ਕਮੇਟੀ ਦਾ ਹਿੱਸਾ ਬਣ ਸਕਣ।

# ਇੰਗਲੈਂਡ ਵਿੱਚ ਨੌਵੇਂ ਪਾਤਸ਼ਾਹ ਦੇ 350 ਸਾਲਾ ਸ਼ਤਾਬਦੀ ਸਬੰਧੀ ਸਮਾਗਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਵਿੰਨਸਫੀਲਡ, ਬ੍ਰਮਿੰਘਮ ਵਿਖੇ ਕਰਵਾਏ ਗਏ। ਜਿਸ ਮੌਕੇ ਬੋਲਦਿਆਂ ਉੱਘੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਕਿਹਾ ਕਿ ਸ਼ਹਾਦਤ ਦੇ ਸਰਬ ਵਿਆਪੀ ਅਤੇ ਮਨੁੱਖ ਦੀ ਜਮੀਰ ਦੀ ਅਜ਼ਾਦੀ ਦੇ ਸੰਕਲਪ ਦੀ ਅਜੋਕੇ ਵਿਸ਼ਵ ਪ੍ਰਸੰਗ ਵਿੱਚ ਵਿਆਖਿਆ ਕਰਨ ਦੀ ਵੱਡੀ ਲੋੜ ਹੈ। ਅੱਜ ਮਨੁਖਤਾ ਨੂੰ ਦਰਪੇਸ਼ ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਧਾਰਮਿਕ ਸਮੱਸਿਆਵਾਂ ਦੇ ਢੁਕਵੇਂ ਹੱਲ ਦੀ ਲੋੜ ਹੈ। ਉਹਨ 'ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਕੇਵਲ ਸਿੱਖ ਇਤਿਹਾਸ ਦਾ ਹੀ ਨਹੀਂ ਸਗੋਂ ਵਿਸ਼ਵ ਦੇ ਧਰਮਾਂ ਦੇ ਇਤਿਹਾਸ ਅੰਦਰ ਮਾਨਵੀ ਕਦਰਾਂ ਕੀਮਤਾਂ ਦੀ ਰਖਵਾਲੀ ਲਈ, ਇੱਕ ਅਦੁੱਤੀ ਤੇ ਵਿਲੱਖਣ ਘਟਨਾ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਮਜੀਤ ਸਿੰਘ ਢਾਡੀ ਨੇ ਸ਼ਹੀਦੀ ਸਮਾਗਮਾਂ ਸਬੰਧੀ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ। ਸ: ਭਗਵਾਨ ਸਿੰਘ ਜੌਹਲ 'ਗ ਪ੍ਰਬੰਧਕ ਕਮੇਟੀ ਵੱਲੋਂ ਪ੍ਰਮਜੀਤ ਸਿੰਘ ਢਾਡੀ, ਢਾਡੀ ਗਿਆਨੀ ਇੰਦਰਜੀਤ ਸਿੰਘ ਬਜੂਹਾ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।



ਸ: ਭਗਵਾਨ ਸਿੰਘ ਜੌਹਲ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

# A MAGICAL JOURNEY IN MUSIC AND POETRY



Jagjit Singh

In paying homage to two maestro, Jagjit Singh and Mohammed Rafi I immersed myself into the soulful melodies that have resonate through generations. Jagjit singh impact on the world of ghazals is immeasurable and as i write to honour his legacy through the art of music.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

My father would say the chosen ghazal with its poetic depth and emotional resonances, caputes the essence of love and separation with its beauty in the story. Its always my contribution writing to keep alive the rich traditional of classification that has the power to touch hearts and transends time. Music has the divine ability to convey beautiful, poetic emotions to the heart, and and Jagjit Singh was a master at this craft , a heartful connection to the lyrical brillance that defines his work. Although there has been so many greats i also want to mention Mohammed Rafi not comapring him to Jagjit Singh as both where exceptional singers in different genre and styles.

Rafi was a versatile playback singer in Hindi cinema, known for his range and emotive signing across various style. Nothing compares to Mohammed Rafi especially in playback singer, (how can one remember) someone who has never been forgotten and the fact has been evident year by year. Mohammad Rafi born in Punjab won the hearts of millions to his listners in India and globally, winning many awards. Rafi was drawn to music from a young age, and was talented for his first break in a movie film then moving to Mumbai and establishing himself as a playback singer, working with numerous composers.

The voice made from heaven was a role model to many upcoming singers of his generation and still remains the best hindi male playback singer of all time. Even after being in high postion post he never sabotage the career of any promising and upcoming singer, infact he would encourage them to give their best. He would perform for



Mohammed Rafi

free for struggling musicans and gave a jumpstart to career of musicans. Both legends having differnt styles in classical music and indian cinema have timeless melodies a bridge across generations, weaving music into life most poignant moments many songs and ghazals with the rich meaning, continue to resonate deeply offering comfort, remembrance and a reminder the bonds us together that truly matters.

From : LAMBARDAR DHARMVEER SINGH CLAIRE COVENTRY

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

## ਪੰਥ ਵਿੱਚ ਖੜੀ ਕੀਤੀ ਜਾ ਰਹੀ ਦੁਬਿਧਾ ਅਤੇ ਆਪਸੀ ਵਿਵਾਦ ਨੂੰ ਦੂਰ ਕਰਨ ਲਈ

# ਪੰਥਕ ਕਾਨਫਰੰਸ

**13 ਜੁਲਾਈ 2025 ਐਤਵਾਰ ਨੂੰ ਸਵੇਰੇ 10:30 ਤੋਂ 1:00 ਵਜੇ ਤੱਕ**

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਕਰਵਾਈ ਜਾ ਰਹੀ ਹੈ

ਗੁਰੂ ਪਿਆਰੇ ਖਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

ਸਿੱਖ ਪੰਥ ਨੂੰ ਇਸ ਸਮੇਂ ਜਿੱਥੇ ਮਾਰੂ ਅਤੇ ਸਿਧਾਂਤਕ ਬਾਹਰੀ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਨਾਲ ਹੀ ਕੌਮ ਦੇ ਅੰਦਰ ਕਈ ਘਰੇਲੂ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਸਿੱਖ ਕੌਮ ਆਪਣੀਆਂ ਪ੍ਰਾਪਤੀਆਂ ਵੱਲ ਵਧਦੀ ਹੋਈ ਦੇਸ਼ ਵਿਦੇਸ਼ ਵਿੱਚ ਕੁਝ ਚੰਗਾ ਵਾਪਰਨ ਲਈ ਖੁਸ਼ੀਆਂ ਮਨਾ ਰਹੀ ਹੁੰਦੀ ਹੈ, ਗੁਰੂ ਚਰਨਾਂ ਵਿੱਚ ਅਰਦਾਸ ਕਰ ਰਹੀ ਹੁੰਦੀ ਹੈ ਤਦ ਹੀ ਕੁਝ ਨਾ-ਸਮਝ ਜਾਂ ਪਿੱਛਲੱਗ ਲੋਕਾਂ ਵੱਲੋਂ ਕੁਝ ਐਸਾ ਕਰ ਦਿੱਤਾ ਜਾਂਦਾ ਹੈ ਕਿ ਚੜ੍ਹਦੀ ਕਲਾ ਦਾ ਮਾਹੌਲ ਇਕ ਦਮ ਨਾਮੋਸ਼ੀ ਵਿੱਚ ਬਦਲ ਜਾਂਦਾ ਹੈ। ਐਸਾ ਹੀ ਕੁਝ ਸਮੇਂ ਤੋਂ ਹੋ ਰਿਹਾ ਹੈ। ਤਖਤ ਸਾਹਿਬਾਨ ਦੇ ਜਥੇਦਾਰਾਂ ਅਤੇ ਪੰਜ ਸਿੰਘ ਸਾਹਿਬਾਨ ਅਤੇ ਸਰਵਉਚ ਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਾਖ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਥ ਦੀਆਂ ਸਿਆਸੀ ਜਥੇਬੰਦੀਆਂ ਦਾ ਵੱਕਾਰ ਘੱਟਾਉਣ ਅਤੇ ਪੰਥਕ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ ਦੀਆਂ ਕੋਸ਼ਿਸ਼ਾਂ ਕੁੱਝ ਤਾਕਤਾਂ ਵੱਲੋਂ ਜਾਰੀ ਹਨ, ਜਿਸ ਤਹਿਤ ਪੰਥ ਦੀਆਂ ਸੰਸਥਾਵਾਂ ਵਿੱਚ ਵਾਦ-ਵਿਵਾਦ ਖੜ੍ਹਾ ਕੀਤਾ ਜਾ ਰਿਹਾ ਹੈ। ਜਿਸ ਨਾਲ ਪੰਥ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਪੰਥ ਸਾਰੇ ਤਖ਼ਤ ਸਾਹਿਬਾਨ ਦਾ ਸਤਿਕਾਰ ਕਰਦਾ ਹੈ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸਿਰਮੌਰ ਹੈ, ਜਿੱਥੋਂ ਸਮੁੱਚੇ ਪੰਥ ਲਈ ਆਦੇਸ਼ ਤੇ ਹੁਕਮ ਜਾਰੀ ਹੋ ਸਕਦੇ ਹਨ। ਦੂਜੇ ਤਖ਼ਤ ਸਾਹਿਬਾਨ ਤੋਂ ਕੇਵਲ ਸਥਾਨਕ ਫ਼ੈਸਲੇ ਕੀਤੇ ਜਾ ਸਕਦੇ। ਸ੍ਰੀ ਅਕਾਲ ਤਖਤ ਸਾਹਿਬ ਅਤੇ ਦੂਜੇ ਤਖਤਾਂ ਦੇ ਜਥੇਦਾਰ ਸਾਹਿਬਾਨ ਨੂੰ ਬੇਨਤੀ ਹੈ ਕਿ ਅਜਿਹੇ ਆਦੇਸ਼ ਜਾਰੀ ਨਾ ਕਰਨ ਜਿਹਨਾਂ ਨਾਲ ਵਿਵਾਦ ਪੈਦਾ ਹੁੰਦਾ ਹੈ। ਸਿੱਖ ਕੌਮ ਦੇ ਅੰਦਰੂਨੀ ਮਸਲੇ ਆਪਸ ਵਿੱਚ ਮਿਲ ਬੈਠ ਕੇ ਹਲੀਮੀ ਨਾਲ ਗੁਰਮਤਿ ਦੀ ਰੌਸ਼ਨੀ ਵਿੱਚ ਹੱਲ ਕੀਤੇ ਜਾਣ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਖ ਪੰਥ ਦੀਆਂ ਆਸਾਂ, ਉਮੀਦਾਂ, ਉਮੰਗਾਂ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਹੋਰ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਸੰਸਥਾਵਾਂ ਜੋ ਪੰਥਕ ਏਕਤਾ ਲਈ ਬਚਨ ਬੱਧ ਹਨ, ਉਹਨਾਂ ਨੂੰ ਵੀ ਇਸ ਕਾਨਫਰੰਸ ਵਿੱਚ ਪਹੁੰਚਣ ਲਈ ਸੱਦਾ ਦਿੱਤਾ ਜਾਂਦਾ ਹੈ ਕਿ ਆ ਕੇ ਪੰਥਕ ਬੁਲਾਰਿਆਂ ਦੇ ਵਿਚਾਰ ਸੁਣੋ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

## ====== ਪ੍ਰੋਗਰਾਮ ਦਾ ਵੇਰਵਾ: ======

**ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਕੀਰਤਨ ਕਰੇਗਾ**

ਉਸ ਪਿੱਛੋਂ ਸਵੇਰੇ 10:30 ਵਜੇ ਪੰਥਕ ਕਾਨਫਰੰਸ ਸ਼ੁਰੂ ਹੋਵੇਗੀ, ਜਿਸ ਵਿੱਚ ਪਹੁੰਚ ਰਹੇ ਪੰਥਕ ਬੁਲਾਰੇ ਅਤੇ ਅਹਿਮ ਸ਼ਖਸੀਅਤਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:

* ਪ੍ਰੋ: ਦਲਜੀਤ ਸਿੰਘ - ਜ: ਸੈ: ਅਖੰਡ ਕੀਰਤਨੀ ਜਥਾ ਯੂ ਕੇ
* ਡਾ: ਸੁਜਿੰਦਰ ਸਿੰਘ ਸੰਘਾ (ਪੰਥਕ ਵਿਦਵਾਨ)
* ਸ: ਭਗਵਾਨ ਸਿੰਘ ਜੌਹਲ (ਪੰਥਕ ਵਿਦਵਾਨ)
* ਜਥੇਦਾਰ ਮਹਿੰਦਰ ਸਿੰਘ ਖਹਿਰਾ (ਪੰਥਕ ਵਿਦਵਾਨ)
* ਭਾਈ ਅਵਤਾਰ ਸਿੰਘ (ਜਰਨਲਿਸਟ)
* ਡਾ: ਗੁਰਨਾਮ ਸਿੰਘ (ਜਰਨਲਿਸਟ)
* ਭਾਈ ਬਲਬੀਰ ਸਿੰਘ ਬੈਂਸ (ਸਿੱਖ ਰਿਲੀਫ)
* ਸ: ਜਗਤਾਰ ਸਿੰਘ ਗਿੱਲ (ਗੁਰਦੁਆਰਾ ਏਡ)
* ਸ: ਹਰਦਿਆਲ ਸਿੰਘ ਢਿੱਲੋਂ (ਪੰਥਕ ਵਿਦਵਾਨ)
* ਭਾਈ ਰਣਜੀਤ ਸਿੰਘ ਰਾਣਾ (ਸਾਹਿਬ ਮੈਗਜ਼ੀਨ)
* ਭਾਈ ਜੋਗਾ ਸਿੰਘ (ਸਪੋਕਸਮੈਨ ਵਰਲਡ ਸਿੱਖ ਪਾਰਲੀਮੈਂਟ)
* ਭਾਈ ਮਨਪ੍ਰੀਤ ਸਿੰਘ (ਜਨ: ਸੈ: ਵਰਲਡ ਸਿੱਖ ਪਾਰਲੀਮੈਂਟ)
* ਹਰਦਿਆਲ ਸਿੰਘ ਧਮੜੈਤ (ਗੁ: ਖਾਲਸਾ ਦਰਬਾਰ ਡਰਬੀ)
* ਸ: ਕੁਲਵੰਤ ਸਿੰਘ ਢੇਸੀ (ਪੰਥਕ ਵਿਦਵਾਨ)
* ਸ: ਤਰਸੇਮ ਸਿੰਘ ਦਿਓਲ (ਬ੍ਰਿਟਿਸ਼ ਸਿੱਖ ਕੌਂਸਲ)
* ਭਾਈ ਦੁਪਿੰਦਰਜੀਤ ਸਿੰਘ (ਪੌਲਿਟੈਕਸ ਪੰਜਾਬ ਟੀ.ਵੀ.)
* ਭਾਈ ਰਣਜੀਤ ਸਿੰਘ ਸੀਹਰਾ (ਰਾਮਗੜ੍ਹੀਆ ਸਿੱਖ ਕੌਂਸਲ ਯੂ ਕੇ)

ਨੋਟ: ਬਹੁਤ ਸਾਰੇ ਆਗੂਆਂ ਨਾਲ ਸੰਪਰਕ ਨਹੀਂ ਹੋ ਸਕਿਆ, ਪੰਥ ਦੀ ਏਕਤਾ ਤੇ ਚੜ੍ਹਦੀ ਕਲਾ ਦੇ ਚਾਹਵਾਨ ਸਭ ਸੱਜਣਾਂ ਦਾ ਸਵਾਗਤ ਹੈ।

**ਬੇਨਤੀ ਕਰਤਾ: ਸੇਵਾਦਾਰ ਸਿੰਘ ਸਭਾ ਗੁਰਦੁਆਰਾ ਡਰਬੀ, ਸਿੱਖ ਅਜੈਬਘਰ ਡਰਬੀ ਅਤੇ ਸਿੰਘ ਸਭਾ ਗੁਰਦੁਆਰਾ ਗ੍ਰੇਟ ਬਾਰ**

**GURDWARA SRI GURU SINGH SABHA**
PRINCES STREET, DERBY, DE23 8NT, TEL: 01332 773010

**GURDWARA SRI GURU SINGH SABHA**
400 ALDRIDGE ROAD, GREAT BAR, B44 8BH. TEL: 0121 356 6789

ਜਥੇਦਾਰ ਬਲਬੀਰ ਸਿੰਘ // ਭਾਈ ਰਘਬੀਰ ਸਿੰਘ // ਭਾਈ ਰਾਜਿੰਦਰ ਸਿੰਘ ਪੁਰੇਵਾਲ

# ਬਰਤਾਨਵੀ ਸੰਸਦ ਵਿੱਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੀ 20ਵੀਂ ਵਰ੍ਹੇਗੰਢ ਮਨਾਈ ਯੂ ਕੇ ਗੁਰਦੁਆਰਾ ਅਲਾਇੰਸ ਦੀ ਕੀਤੀ ਸਥਾਪਨਾ



ਸਿੱਖ ਮਾਮਲਿਆਂ ਬਾਰੇ ਚਰਚਾ ਕਰਦੇ ਹੋਏ ਸੰਸਦ ਮੈਂਬਰ ਅਤੇ ਸਿੱਖ ਆਗੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਸੰਸਦ ਵਿੱਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ (ਏ ਪੀ ਪੀ ਗੀ ਐਫ ਐਸ) ਦੀ 20ਵੀਂ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਯੂ ਕੇ ਗੁਰਦੁਆਰਾ ਅਲਾਇੰਸ ਦਾ ਅਧਿਕਾਰਤ ਤੌਰ 'ਤੇ ਸਥਾਪਨਾ ਵੀ ਕੀਤੀ ਗਈ। ਇਸ ਮੌਕੇ ਗਰੁੱਪ ਦੇ ਚੇਅਰਮੈਨ ਐਮ ਪੀ ਜਸਬੀਰ ਸਿੰਘ ਅਠਵਾਲ ਤੋਂ ਇਲਾਵਾ ਆਲ ਪਾਰਟੀ ਫਾਰ ਸਿੱਖਸ ਦੇ ਪਹਿਲੇ ਚੇਅਰਮੈਨ ਰੌਬ ਮੌਰਿਸ, ਬਰਤਾਨੀਆਂ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਲਾਰਡ ਖਾਨ, ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਤਨਮਨਜੀਤ ਸਿੰਘ ਢੇਸੀ, ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਾਮੇਸ਼ ਸਿੰਘ ਅਰੋੜਾ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜੱਥਾ ਯੂ ਕੇ, ਭਾਈ ਦਬਿੰਦਰਜੀਤ ਸਿੰਘ ਓ ਬੀ ਈ, ਭਾਈ ਅਮਰੀਕ ਸਿੰਘ ਗਿੱਲ ਸਿੱਖ ਫੈਡਰੇਸ਼ਨ ਯੂ ਕੇ, ਭਾਈ ਗੁਰਪ੍ਰੀਤ ਸਿੰਘ ਆਨੰਦ, ਭਾਈ ਕੁਲਦੀਪ ਸਿੰਘ ਦਿਓਲ, ਭਾਈ ਨਰਿੰਦਰਜੀਤ ਸਿੰਘ ਥਾਂਦੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਯੂ ਕੇ ਭਰ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਅਤੇ ਸਿੱਖ ਸੰਗਤਾਂ ਹਾਜ਼ਰ ਹੋਈਆਂ।**

ਇਸ ਮੌਕੇ ਏ ਪੀ ਪੀ ਗੀ ਐਫ ਐਸ ਦੇ ਚੇਅਰਮੈਨ ਐਮ ਪੀ ਜਸਬੀਰ ਸਿੰਘ ਅਠਵਾਲ ਨੇ ਗਰੁੱਪ ਦੇ 20 ਸਾਲਾ ਸਫ਼ਰ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਦ ਵਿੱਚ ਸਮੇਂ ਸਮੇਂ ਸਿੱਖ ਮੁੱਦਿਆਂ ਬਾਰੇ ਕੀਤੀ ਚਰਚਾ ਬਾਰੇ ਦੱਸਿਆ। ਇਸ ਮੌਕੇ ਗੁਰਦੁਆਰਿਆਂ ਅਤੇ ਸਿੱਖ ਭਾਈਚਾਰੇ ਨੂੰ ਆ ਰਹੀਆਂ ਚਣੌਤੀਆਂ ਦੇ ਹੱਲ ਲਈ ਸਰਕਾਰ ਅਤੇ ਭਾਈਚਾਰੇ ਵਿਚਕਾਰ ਇੱਕ ਪੁਲ ਦਾ ਕੰਮ ਕਰਨ ਲਈ ਯੂ ਕੇ ਗੁਰਦੁਆਰਾ ਅਲਾਇੰਸ ਯੂ ਕੇ ਦੀ ਸਥਾਪਨਾ ਕੀਤੀ, ਜਿਸ ਨਾਲ ਯੂ ਕੇ ਭਰ ਤੋਂ 200 ਤੋਂ ਵੱਧ ਗੁਰਦੁਆਰੇ ਜੁੜੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬੁਲਾਰਿਆਂ ਨੇ ਦੱਸਿਆ ਕਿ 12 ਖੇਤਰਾਂ ਦੇ 25 ਪ੍ਰਮੁੱਖ ਗੁਰ- ਦੁਆਰੇ ਆਪਣੇ ਖੇਤਰ ਅਤੇ ਯੂ ਕੇ ਭਰ ਦੇ ਸਾਰੇ ਗੁਰਦੁਆਰਿਆਂ ਨਾਲ ਤਾਲਮੇਲ ਰੱਖਣਗੇ। ਇਸ ਸੰਸਥਾ ਵੱਲੋਂ ਯੂ ਕੇ ਸਰਕਾਰ ਤੋਂ ਇਲਾਵਾ ਸਿੱਖ ਮੁੱਦਿਆਂ ਨੂੰ ਹੱਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਨਾਲ ਤਾਲਮੇਲ ਰੱਖਿਆ ਜਾਵੇਗਾ। ਬਰਤਾਨੀਆਂ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਲਾਰਡ ਵਾਜਿਦ ਖਾਨ ਅਤੇ ਪਾਕਿਸਤਾਨ ਪੰਜਾਬ ਸਰਕਾਰ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਗੁਰਦੁ- ਆਰਾ ਅਲਾਇੰਸ ਦਾ ਸਵਾਗਤ ਕਰਦਿਆਂ ਭਵਿੱਖ ਵਿੱਚ ਮਿਲ ਕੇ ਸਿੱਖ ਮਾਮਲਿਆਂ ਬਾਰੇ ਕੰਮ ਕਰਨ ਦੀ ਵੱਚਨਵੱਧਤਾ ਪ੍ਰਗਟ ਕੀਤੀ।

# ਨਰਿੰਦਰ ਸਿੰਘ ਬਾਜਵਾ ਬਰੈਂਟ ਕੌਂਸਲ ਆਫ ਲੰਡਨ ਦੇ ਡਿਪਟੀ ਮੇਅਰ ਬਣੇ



ਡਿਪਟੀ ਮੇਅਰ ਨਰਿੰਦਰ ਸਿੰਘ ਬਾਜਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਮੇਂ ਸਮੇਂ ਤੋਂ ਲੰਡਨ ਸਿਆਸਤ ਵਿੱਚ ਸਰਗਰਮੀ ਨਾਲ ਵਿਚਰਨ ਵਾਲੇ ਕੌਂਸਲਰ ਨਰਿੰਦਰ ਸਿੰਘ ਬਾਜਵਾ ਬਰੈਂਟ ਕੌਂਸਲ ਆਫ ਲੰਡਨ ਦੇ ਡਿਪਟੀ ਮੇਅਰ ਚੁਣੇ ਗਏ ਹਨ। 41 ਸਾਲ ਤੋਂ ਯੂ ਕੇ ਵਿੱਚ ਰਹਿ ਰਹੇ ਨਰਿੰਦਰ ਸਿੰਘ ਬਾਜਵਾ ਪੰਜਾਬ ਦੇ ਪਿੰਡ ਮਹਾਂਦੀਆਂ ਨੇੜੇ ਬੱਸੀ ਪਠਾਣਾ ਦੇ ਜੰਮਪਲ ਹਨ। ਨਰਿੰਦਰ ਸਿੰਘ 11 ਸਾਲ ਤੋਂ ਲੇਬਰ ਪਾਰਟੀ ਦੇ ਮੈਂਬਰ ਹਨ ਅਤੇ ਉਹਨਾਂ 10 ਸਾਲ ਬਰੈਂਟ ਬਰਾਂਚ ਦੇ ਚੇਅਰਮੈਨ ਵਜੋਂ ਸੇਵਾਵਾਂ ਦਿੱਤੀਆਂ। ਮਈ 2022 ਵਿੱਚ ਉਹ ਕੌਂਸਲਰ ਚੁਣੇ ਗਏ ਸਨ।

# ਨਾਬਾਲਗਾ ਨਾਲ ਬਲਾਤਕਾਰ ਦੇ ਦੋਸ਼ ਵਿੱਚ ਪੰਜਾਬੀ ਨੂੰ ਉਮਰ ਕੈਦ



ਦੋਸ਼ੀ ਨਵਰੂਪ ਸਿੰਘ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਈਜ਼ਲਵਰਥ ਅਦਾਲਤ ਵਿੱਚ ਪੰਜਾਬੀ ਮੂਲ ਦੇ 24 ਸਾਲਾ ਨਵਰੂਪ ਸਿੰਘ ਵਾਸੀ ਮੇਲੋਅ ਲੇਨ ਈਸਟ ਹੇਜ਼ ਨੂੰ ਨਾਬਾਲਗਾ ਨਾਲ ਜਬਰਜਨਾਹ ਕਰਨ ਦੇ ਦੋਸ਼ ਅਤੇ ਇੱਕ ਹੋਰ ਲੜਕੀ ਨਾਲ ਬਲਾਤਕਾਰ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਨਵਰੂਪ ਨੇ 13 ਅਕੂਬਰ 2024 ਨੂੰ ਸਾਊਥਾਲ ਪਾਰਕ ਵਿੱਚ ਇੱਕ 20 ਸਾਲਾ ਮਹਿਲਾ ਨਾਲ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਿਸੇ ਤਰ੍ਹਾਂ ਪੀੜਤ ਲੜਕੀ ਨੂੰ ਦੋ ਪੁਲਿਸ ਅਧਿਕਾਰੀ ਮਿਲ ਗਏ ਜੋ ਉਸ ਨੂੰ ਸਥਾਨਿਕ ਥਾਣੇ ਲੈ ਆਏ।**

ਦੋਸ਼ੀ ਨਵਰੂਪ ਸਿੰਘ 13 ਅਕਤੂਬਰ ਨੂੰ ਪਾਰਕ ਦੇ ਇੱਕ ਬੈਂਚ ਦੇ ਬੈਠਾ ਸੀ, ਉਸ ਕੋਲ ਨਕਲੀ ਬੰਦੂਕ ਸੀ, ਜਦੋਂ ਉਸ ਨੇ ਪੀੜਤਾ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਦੋਸ਼ੀ ਨੇ 23 ਅਕਤੂਬਰ ਨੂੰ ਹੇਜ਼ ਇੰਡ ਪਾਰਕ ਹੇਜ਼ ਵਿਖੇ ਇੱਕ 13 ਸਾਲਾ ਬੱਚੀ ਨਾਲ ਜਬਰਜਨਾਹ ਕੀਤਾ। ਉਪਰੰਤ ਦੋਸ਼ੀ ਨੂੰ ਸੀ ਸੀ ਟੀ ਵੀ ਦੀ ਮਦਦ ਨਾਲ 27 ਅਕਤੂਬਰ ਨੂੰ ਗ੍ਰਿਫਤਾਰ ਕਰ ਲਿਆ ਸੀ। ਕਾਰਜਕਾਰੀ ਮੁੱਖ ਸੁਪਰਡੈਂਟ ਸ਼ੌਨ ਲਿੰਚ ਨੇ ਜਾਂਚ ਵਿੱਚ ਸਹਿਯੋਗ ਦੇਣ ਵਾਲੀਆਂ ਪੀੜਤਾਂ ਅਤੇ ਉਹਨਾਂ ਦੇ ਪ੍ਰੀਵਾਰਾਂ ਦਾ ਧੰਨਵਾਦ ਕੀਤਾ। ਅਦਾਲਤ ਨੇ ਨਵਰੂਪ ਸਿੰਘ ਨੂੰ 16 ਜਾਂ ਇਸ ਤੋਂ ਵੱਧ ਉਮਰ ਦੀ ਔਰਤ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼, 13 ਸਾਲ ਤੋਂ ਘੱਟ ਉਮਰ ਦੀ ਕੁੜੀ ਨਾਲ ਬਲਾਤਕਾਰ ਕਰਨ, ਹਮਲਾ ਕਰਨ, ਇੱਕ ਅਪਰਾਧ ਕਰਨ ਦੇ ਇਰਾਦੇ ਨਾਲ ਇੱਕ ਨਕਲੀ ਹਥਿਆਰ ਰੱਖਣ ਦੋਸ਼ਾਂ ਤਹਿਤ ਘੱਟੋ ਘੱਟ 14 ਸਾਲ ਜੇਲ੍ਹ ਵਿੱਚ ਰੱਖਣ ਦੇ ਹੁਕਮ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਭਾਈ ਖੰਡੇ ਦੀ ਮੌਤ: ਜ਼ਹਿਰ ਦੀ ਸੰਭਾਵਨਾ ਨੇ ਸਿੱਖ ਭਾਈਚਾਰੇ ਵਿਚ ਭੜਕਾਈ ਚਿੰਗਾਰੀ

## ✪ ਗਾਰਡੀਅਨ ਦੀ ਰਿਪੋਰਟ ਅਨੁਸਾਰ ਸਿੱਖ ਆਗੂ ਦੀ ਮੌਤ 'ਤੇ ਸਾਜ਼ਿਸ਼ ਦਾ ਪਰਛਾਵਾਂ ✪ ਸਿੱਖ ਭਾਈਚਾਰੇ ਨੇ ਯੂਕੇ ਸਰਕਾਰ ਤੋਂ ਜਾਂਚ ਦੀ ਕੀਤੀ ਮੰਗ ✪ ਭਾਈ ਖੰਡੇ ਦੀ ਮੌਤ ਪਿੱਛੇ ਕੀ ਹੈ ਸੱਚ ? ਪਰਿਵਾਰ ਨੇ ਉਠਾਈ ਸੁਤੰਤਰ ਜਾਂਚ ਦੀ ਮੰਗ

ਨਿਊਜ ਵਿਸ਼ਲੇਸ਼ਣ

ਭਾਈ ਅਵਤਾਰ ਸਿੰਘ ਖੰਡਾ ਯੂਕੇ , ਇੱਕ 35 ਸਾਲਾ ਸਿੱਖ ਆਗੂ ਸੀ, ਜੋ ਖਾਲਿਸਤਾਨ ਅੰਦੋਲਨ ਨਾਲ ਜੁੜਿਆ ਹੋਇਆ ਸੀ। ਜੂਨ 2023 ਵਿੱਚ ਬਰਮਿੰਘਮ ਦੇ ਇੱਕ ਹਸਪਤਾਲ ਵਿੱਚ ਕੈਂਸਰ ਕਾਰਣ ਅਚਾਨਕ ਚੱਲ ਵਸਿਆ। ਉਸ ਦੀ ਮੌਤ ਕਾਰਣ ਸਿੱਖ ਭਾਈਚਾਰੇ ਵਿੱਚ ਸਦਮੇ ਦੀ ਲਹਿਰ ਦੌੜ ਗਈ ਸੀ। ਹੁਣ, ਗਾਰਡੀਅਨ ਅਖਬਾਰ ਦੀ ਇੱਕ ਰਿਪੋਰਟ ਨੇ ਇਸ ਮਾਮਲੇ ਵਿੱਚ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਪੈਥੋਲੋਜਿਸਟ ਦੀ ਰਿਪੋਰਟ ਅਨੁਸਾਰ, ਅਵਤਾਰ ਸਿੰਘ ਖੰਡਾ ਦੀ ਮੌਤ ਦਾ ਅਧਿਕਾਰਤ ਕਾਰਨ ਐਕਿਊਟ ਮਾਈਲੋਇਡ ਲਿਊਕੀਮੀਆ (ਇੱਕ ਤਰ੍ਹਾਂ ਦਾ ਬਲੱਡ ਕੈਂਸਰ) ਦੱਸਿਆ ਗਿਆ, ਪਰ ਇਹ ਵੀ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ "ਜ਼ਹਿਰੀਲੇ ਪਦਾਰਥਾਂ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ।"

ਇਹ ਰਿਪੋਰਟ ਨੇ ਸਿੱਖ ਭਾਈਚਾਰੇ ਦੇ ਮਨਾਂ ਵਿਚ ਸ਼ੱਕ ਹੋਰ ਮਜਬੂਤ ਕਰ ਦਿਤਾ ਹੈ ਕਿ ਭਾਈ ਖੰਡੇ ਨੂੰ ਧੀਵੀਂ ਜ਼ਹਿਰ ਦੇਕੇ ਮਾਰਿਆ ਗਿਆ ਹੈ। ਭਾਈ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਅਤੇ ਸਮਰਥਕਾਂ ਦਾ ਮੰਨਣਾ ਹੈ ਕਿ ਉਸ ਦੀ ਮੌਤ ਕੋਈ ਸਧਾਰਨ ਘਟਨਾ ਨਹੀਂ ਸੀ, ਸਗੋਂ ਇੱਕ ਸਾਜ਼ਿਸ਼ ਦਾ ਹਿੱਸਾ ਸੀ, ਜਿਸ ਦੀਆਂ ਜੜ੍ਹਾਂ ਸ਼ਾਇਦ ਭਾਰਤ ਸਰਕਾਰ ਦੀ ਸਿੱਖ ਵਿਰੋਧੀ ਨੀਤੀਆਂ ਨਾਲ ਜੁੜੀਆਂ ਹੋਣ।

ਖਾਲਿਸਤਾਨ ਅੰਦੋਲਨ ਨਾਲ ਜੁੜਿਆ ਭਾਈ ਅਵਤਾਰ ਸਿੰਘ ਖੰਡਾ ਸਿੱਖ ਭਾਈਚਾਰੇ ਦਾ ਇੱਕ ਅਜਿਹਾ ਸਿਤਾਰਾ ਸੀ, ਜਿਸ ਦੀ ਚਮਕ ਨਾ ਸਿਰਫ਼ ਯੂਕੇ ਵਿੱਚ, ਸਗੋਂ ਵਿਸ਼ਵ ਭਰ ਦੇ ਸਿੱਖਾਂ ਦੇ ਦਿਲਾਂ ਵਿੱਚ ਵਸਦੀ ਸੀ। ਮੋਗਾ, ਪੰਜਾਬ ਵਿੱਚ ਜਨਮੇ ਭਾਈ ਅਵਤਾਰ ਸਿੰਘ ਖੰਡਾ ਦੇ ਪਿਤਾ, ਕੁਲਵੰਤ ਸਿੰਘ ਖੁਖਰਾਣਾ, ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਦੇ ਮੋਢੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੂੰ 1991 ਵਿੱਚ ਪੰਜਾਬ ਪੁਲਿਸ ਨੇ ਕਥਿਤ ਤੌਰ 'ਤੇ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਭਾਈ ਖੰਡਾ ਨੇ 2007 ਵਿੱਚ ਸਟੂਡੈਂਟ ਵੀਜ਼ੇ 'ਤੇ ਯੂਕੇ ਵਿੱਚ ਪੜ੍ਹਾਈ ਸ਼ੁਰੂ ਕੀਤੀ ਅਤੇ 2016 ਵਿੱਚ ਉਸ ਨੇ ਸਿਆਸੀ ਸ਼ਰਣ ਲਈ ਅਰਜ਼ੀ ਦਿੱਤੀ, ਕਿਉਂਕਿ ਉਸ ਦੀ ਜਾਨ ਨੂੰ ਭਾਰਤੀ ਸਰਕਾਰ ਤੋਂ ਖ਼ਤਰਾ ਸੀ। ਉਸ ਦੀ ਸਿਆਸੀ ਸਰਗਰਮੀ, ਖਾਸ ਕਰਕੇ ਖਾਲਿਸਤਾਨ ਅੰਦੋਲਨ ਨਾਲ ਜੁੜਾਵ, ਨੇ ਉਸ ਨੂੰ ਭਾਰਤੀ ਅਥਾਰਟੀਆਂ ਦੀ ਨਜ਼ਰ ਵਿੱਚ "ਰਾਜ ਦਾ ਦੁਸ਼ਮਣ" ਬਣਾ ਦਿੱਤਾ। 2023 ਵਿੱਚ, ਜਦੋਂ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਇੱਕ ਪ੍ਰਦਰਸ਼ਨ ਦੌਰਾਨ ਭਾਰਤੀ ਝੰਡਾ ਉਤਾਰਿਆ ਗਿਆ, ਤਾਂ ਭਾਈ ਖੰਡਾ ਨੂੰ ਗਲਤ ਤਰੀਕੇ ਨਾਲ ਇਸ ਦਾ ਮੁੱਖ ਸਾਜ਼ਿਸ਼ਕਰਤਾ ਦੱਸਿਆ ਗਿਆ।

ਭਾਰਤ ਦਾ ਗੋਦੀ ਮੀਡੀਆ ਨੇ ਉਸ ਨੂੰ "ਅੱਤਵਾਦੀ" ਤੇ "ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੁਖੀ" ਦੱਸ ਕੇ ਉਸ ਦੀ ਜ਼ਿੰਦਗੀ ਨੂੰ ਇੱਕ ਅਗਨੀ ਪਰੀਖਿਆ ਵਿੱਚ ਝੋਕ ਦਿੱਤਾ। ਜਸਵਿੰਦਰ ਸਿੰਘ, ਸਿੱਖ ਫੈਡਰੇਸ਼ਨ ਯੂਕੇ ਦੇ ਸਲਾਹਕਾਰ, ਨੇ ਕਿਹਾ, "ਭਾਈ ਅਵਤਾਰ ਸਿੰਘ ਖੰਡਾ ਸਿਰਫ਼ ਇੱਕ ਪਾਰਸਲ ਡਿਲੀਵਰੀ ਕਰਨ ਵਾਲਾ ਮੁਲਾਜਮ ਸੀ, ਪਰ ਭਾਰਤੀ ਮੀਡੀਆ ਨੇ ਉਸ ਨੂੰ ਅਜਿਹਾ ਦਰਸਾਇਆ ਜਿਵੇਂ ਉਹ ਕਿਸੇ ਮਹਾਸ਼ਕਤੀ ਦਾ ਨੰਬਰ ਇੱਕ ਦੁਸ਼ਮਣ ਹੋਵੇ।"



ਗਾਰਡੀਅਨ ਦੀ ਰਿਪੋਰਟ: ਜ਼ਹਿਰ ਦੀ ਸੰਭਾਵਨਾ-ਗਾਰਡੀਅਨ ਦੀ ਰਿਪੋਰਟ ਅਨੁਸਾਰ, ਭਾਈ ਅਵਤਾਰ ਸਿੰਘ ਖੰਡੇ ਦੀ ਮੌਤ ਦਾ ਅਧਿਕਾਰਤ ਕਾਰਨ ਐਕਿਊਟ ਮਾਈਲੋਇਡ ਲਿਊਕੀਮੀਆ ਦੱਸਿਆ ਗਿਆ, ਜੋ ਇੱਕ ਅਜਿਹਾ ਬਲੱਡ ਕੈਂਸਰ ਹੈ, ਜੋ ਬਹੁਤ ਤੇਜ਼ੀ ਨਾਲ ਫੈਲਦਾ ਹੈ। ਪਰ ਪੈਥੋਲੋਜਿਸਟ ਡਾ. ਐਸ਼ਲੇ ਫੇਗਨ-ਅਰਲ ਦੀ ਰਿਪੋਰਟ ਨੇ ਇਸ ਮਾਮਲੇ ਨੂੰ ਇੱਕ ਨਵਾਂ ਮੋੜ ਦਿੱਤਾ। ਉਸ ਨੇ ਕਿਹਾ ਕਿ ਹਸਪਤਾਲ ਵਿੱਚ ਕੀਤੇ ਗਏ ਟੌਕਸੀਕੋਲੋਜੀ ਟੈਸਟਾਂ ਵਿੱਚ ਕੋਈ ਅਸਧਾਰਨ ਨਤੀਜੇ ਨਹੀਂ ਮਿਲੇ, ਪਰ ਇਹ ਵੀ ਸਪੱਸ਼ਟ ਕੀਤਾ ਕਿ "ਸਾਰੇ ਜ਼ਹਿਰੀਲੇ ਪਦਾਰਥ ਆਮ ਟੈਸਟਾਂ ਵਿੱਚ ਨਹੀਂ ਫੜੇ ਜਾ ਸਕਦੇ।" ਡਾ. ਫੇਗਨ-ਅਰਲ ਨੇ ਅੱਗੇ ਕਿਹਾ, "ਕੁਝ ਅਜਿਹੇ ਜ਼ਹਿਰੀਲੇ ਪਦਾਰਥ ਹੁੰਦੇ ਹਨ, ਜਿਨ੍ਹਾਂ ਨੂੰ ਖੋਜਣ ਲਈ ਵਿਸ਼ੇਸ਼ ਟੈਸਟਾਂ ਦੀ ਲੋੜ ਹੁੰਦੀ ਹੈ, ਜਿਵੇਂ ਕਿ ਨਰਵ ਏਜੰਟ, ਜੈਵਿਕ ਪਦਾਰਥ ਜਾਂ ਨਿਊਕਲੀਅਰ ਏਜੰਟ।" ਉਸ ਨੇ ਆਪਣੇ ਤਜਰਬੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਨੇ ਅਜਿਹੇ ਕਈ ਮਾਮਲਿਆਂ ਵਿੱਚ ਕੰਮ ਕੀਤਾ ਹੈ, ਜਿੱਥੇ ਵਿਦੇਸ਼ੀ ਸ਼ਕਤੀਆਂ ਵੱਲੋਂ ਅਸਧਾਰਨ ਜ਼ਹਿਰਾਂ ਦੀ ਵਰਤੋਂ ਦੀ ਸੰਭਾਵਨਾ ਸੀ। ਉਸ ਨੇ ਕੇਵ ਗਾਰਡਨਜ਼ ਅਤੇ ਪੋਰਟਨ ਡਾਊਨ ਵਰਗੀਆਂ ਵਿਸ਼ੇਸ਼ ਸੰਸਥਾਵਾਂ ਦੀ ਮਦਦ ਨਾਲ ਜਾਂਚ ਦੀ ਗੱਲ ਕੀਤੀ, ਜੋ ਅਜਿਹੇ ਮਾਮਲਿਆਂ ਵਿੱਚ ਜ਼ਰੂਰੀ ਹੁੰਦੀ ਹੈ।

ਭਾਈ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਦੇ ਵਕੀਲ, ਮਾਈਕਲ ਪੋਲਕ, ਨੇ ਵੈਸਟ ਮਿਡਲੈਂਡਜ਼ ਦੀ ਕੋਰੋਨਰ ਲੁਈਸ ਹੰਟ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਭਾਈ ਖੰਡਾ ਦੀ ਮੌਤ ਦੀ ਜਾਂਚ ਲਈ ਪਹਿਲਾਂ ਤੋਂ ਇਨਕਾਰ ਕੀਤੇ ਗਏ ਫੈਸਲੇ ਨੂੰ ਵਾਪਸ ਲਿਆ ਜਾਵੇ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਹਸਪਤਾਲ ਵਿੱਚ ਨਾ ਤਾਂ ਨਰਵ ਏਜੰਟਾਂ ਦੀ ਜਾਂਚ ਕੀਤੀ ਗਈ ਅਤੇ ਨਾ ਹੀ ਜੈਵਿਕ ਜਾਂ ਨਿਊਕਲੀਅਰ ਪਦਾਰਥਾਂ ਦੀ। ਇਹ ਸੰਭਾਵਨਾ ਵੀ ਉਠਾਈ ਗਈ ਕਿ ਅਜਿਹੇ ਪਦਾਰਥਾਂ ਨਾਲ ਭਾਈ ਖੰਡਾ ਦੇ ਸਰੀਰ ਵਿੱਚ ਤੇਜ਼ੀ ਨਾਲ ਕੈਂਸਰ ਪੈਦਾ ਕੀਤਾ ਜਾ ਸਕਦਾ ਸੀ।

ਮੌਤ ਦੇ ਕਾਰਨ: ਸੱਚ ਜਾਂ ਸਾਜ਼ਿਸ਼ ?- ਭਾਈ ਅਵਤਾਰ ਸਿੰਘ ਖੰਡੇ ਦੀ ਮੌਤ ਦਾ ਅਧਿਕਾਰਤ ਕਾਰਨ ਐਕਿਊਟ ਮਾਈਲੋਇਡ ਲਿਊਕੀਮੀਆ ਅਤੇ ਫੇਫੜਿਆਂ ਵਿੱਚ ਖੂਨ ਦਾ ਥੱਕਾ ਦੱਸਿਆ ਗਿਆ। ਪਰ ਉਸ ਦੇ ਪਰਿਵਾਰ ਅਤੇ ਸਮਰਥਕਾਂ ਦਾ ਕਹਿਣਾ ਹੈ ਕਿ ਭਾਈ ਖੰਡਾ ਨੂੰ ਕਦੇ ਵੀ ਕੋਈ ਸਿਹਤ ਸਮੱਸਿਆ ਨਹੀਂ ਸੀ। ਉਸ ਦੀ ਮਾਂ, ਚਰਨਜੀਤ ਕੌਰ, ਨੇ ਕਿਹਾ, "ਮੇਰਾ ਪੁੱਤਰ ਜ਼ਹਿਰ ਦੇ ਕਾਰਨ ਮਾਰਿਆ ਗਿਆ। ਕੈਂਸਰ ਚਾਰ ਦਿਨਾਂ ਵਿੱਚ ਨਹੀਂ ਫੈਲਦਾ।"

ਭਾਈ ਖੰਡਾ ਦੀ ਅਚਾਨਕ ਬਿਮਾਰੀ ਅਤੇ ਮੌਤ ਨੇ ਸਿੱਖ ਭਾਈਚਾਰੇ ਵਿੱਚ ਸ਼ੱਕ ਦੀਆਂ ਲਹਿਰਾਂ ਪੈਦਾ ਕਰ ਦਿੱਤੀਆਂ। ਉਸ ਦੇ ਦੋਸਤਾਂ ਨੇ ਦੱਸਿਆ ਕਿ 10 ਜੂਨ, 2023 ਨੂੰ ਉਸ ਨੂੰ ਪਹਿਲੀ ਵਾਰ ਪੇਟ ਅਤੇ ਲੱਤ ਵਿੱਚ ਦਰਦ ਮਹਿਸੂਸ ਹੋਇਆ। ਅਗਲੇ ਦਿਨ, ਜਦੋਂ ਦਰਦ ਅਸਹਿ ਹੋ ਗਿਆ, ਤਾਂ ਉਸ ਨੂੰ ਬਰਮਿੰਘਮ ਸਿਟੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਚਾਰ ਦਿਨਾਂ ਦੇ ਅੰਦਰ, ਉਸ ਦੀ ਮੌਤ ਹੋ ਗਈ। ਇਹ ਸਾਰਾ ਮਾਮਲਾ ਸਿੱਖ ਭਾਈਚਾਰੇ ਲਈ ਇੱਕ ਬੁਝਾਰਤ ਵਾਂਗ ਸੀ, ਜਿਸ ਦਾ ਜਵਾਬ ਕਿਸੇ ਕੋਲ ਨਹੀਂ।

ਜਸਵਿੰਦਰ ਸਿੰਘ ਨੇ ਕਿਹਾ ਕਿ "ਅਸੀਂ ਸੋਚਿਆ ਸੀ ਕਿ ਉਹ ਜਲਦੀ ਠੀਕ ਹੋ ਜਾਵੇਗਾ। ਉਹ ਬਿਲਕੁਲ ਸਿਹਤਮੰਦ ਸੀ, ਉਸ ਨੇ ਕਦੇ ਡਾਕਟਰ ਨੂੰ ਵੀ ਨਹੀਂ ਸੀ ਮਿਲਿਆ।" ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਭਾਈ ਖੰਡੇ ਦੀ ਮੌਤ ਕੋਈ ਸਧਾਰਨ ਬਿਮਾਰੀ ਨਹੀਂ, ਸਗੋਂ ਇੱਕ ਸਾਜ਼ਿਸ਼ ਦਾ ਨਤੀਜਾ ਸੀ। ਕਈਆਂ ਨੇ ਇਹ ਵੀ ਸੰਭਾਵਨਾ ਜਤਾਈ ਕਿ ਉਸ ਨੂੰ ਜ਼ਹਿਰੀਲੇ ਪਦਾਰਥ ਜਾਂ ਰੇਡੀਏਸ਼ਨ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ ਨੇ ਉਸ ਦੇ ਸਰੀਰ ਵਿੱਚ ਕੈਂਸਰ ਪੈਦਾ ਕੀਤਾ।

ਯੂਕੇ ਸਰਕਾਰ ਕਿਉਂ ਨਹੀ ਜਾਂਚ ਕਰਦੀ- ਵੈਸਟ ਮਿਡਲੈਂਡਜ਼ ਪੁਲਿਸ ਨੇ ਭਾਈ ਖੰਡੇ ਦੀ ਮੌਤ ਨੂੰ "ਕੋਈ ਸ਼ੱਕੀ ਹਾਲਾਤ ਨਹੀਂ" ਦੱਸ ਕੇ ਜਾਂਚ ਨੂੰ ਰੱਦ ਕਰ ਦਿੱਤਾ। ਪਰ ਮਾਈਕਲ ਪੋਲਕ ਨੇ ਆਪਣੇ ਪੱਤਰ ਵਿੱਚ ਇਹ ਸਵਾਲ ਉਠਾਇਆ ਕਿ ਪੁਲਿਸ ਨੇ ਨਾ ਤਾਂ ਭਾਈ ਖੰਡੇ ਦੇ ਫੋਨ ਜਾਂ ਲੈਪਟਾਪ ਦੀ ਜਾਂਚ ਕੀਤੀ, ਨਾ ਉਸ ਦੇ ਦੋਸਤਾਂ ਜਾਂ ਸਹਿਕਰਮੀਆਂ ਨਾਲ ਗੱਲਬਾਤ ਕੀਤੀ, ਅਤੇ ਨਾ ਹੀ ਉਸ ਦੇ ਘਰ ਦੀ ਤਲਾਸ਼ੀ ਲਈ ਜਸਵਿੰਦਰ ਸਿੰਘ ਨੇ 2024 ਵਿੱਚ ਪੁਲਿਸ ਨਾਲ ਹੋਈ ਮੀਟਿੰਗ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੁਲਿਸ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਨੇ ਸਿੱਖ ਆਗੂਆਂ 'ਤੇ ਵਿਸ਼ਵ ਭਰ ਵਿੱਚ ਹੋ ਰਹੇ ਹਮਲਿਆਂ ਦੀ ਜਾਣਕਾਰੀ ਨੂੰ ਵੀ ਨਜ਼ਰਅੰਦਾਜ਼ ਕੀਤਾ। ਇਸ ਦੌਰਾਨ, ਭਾਈ ਖੰਡੇ ਦੀ ਮੌਤ ਦੇ ਕੁਝ ਹਫਤਿਆਂ ਅੰਦਰ, ਕੈਨੇਡਾ ਵਿੱਚ ਹਰਦੀਪ ਸਿੰਘ ਨਿੱਜਰ ਅਤੇ ਪਾਕਿਸਤਾਨ ਵਿੱਚ ਪਰਮਜੀਤ ਸਿੰਘ ਪੰਜਵੜ ਦੀ ਹੱਤਿਆ, ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂੰ 'ਤੇ ਹਮਲੇ ਦੀ ਕੋਸ਼ਿਸ਼ ਨੇ ਸਿੱਖ ਭਾਈਚਾਰੇ ਦੇ ਸ਼ੱਕਾਂ ਨੂੰ ਹੋਰ ਪੱਕਾ ਕਰ ਦਿੱਤਾ ਭਾਈ ਖੰਡੇ ਦੇ ਪਰਿਵਾਰ ਅਤੇ ਸਿੱਖ ਫੈਡਰੇਸ਼ਨ ਯੂਕੇ ਨੇ ਯੂਕੇ ਸਰਕਾਰ ਨੂੰ ਇੱਕ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ। ਪਰ ਸਰਕਾਰ ਦੀ ਚੁੱਪੀ ਅਤੇ ਪੁਲਿਸ ਦੀ ਢਿਲੀ ਜਾਂਚ ਨੇ ਸਿੱਖ ਭਾਈਚਾਰੇ ਦੇ ਜਜ਼ਬਾਤਾਂ ਨੂੰ ਹੋਰ ਭੜਕਾਇਆ ਹੈ। ਜਗਜੀਤ ਸਿੰਘ, ਭਾਈ ਖੰਡਾ ਦੇ ਨਜ਼ਦੀਕੀ ਰਿਸ਼ਤੇਦਾਰ, ਨੇ ਕਿਹਾ, "ਜੇ ਇਹ ਮਾਮਲਾ ਰੂਸ ਜਾਂ ਈਰਾਨ ਨਾਲ ਜੁੜਿਆ ਹੁੰਦਾ, ਤਾਂ ਜਾਂਚ ਦਾ ਪੈਮਾਨਾ ਬਿਲਕੁਲ ਵੱਖਰਾ ਹੁੰਦਾ।"

ਮੁੱਦਾ ਕਿਉਂ ਨਹੀਂ ਉੱਠ ਰਿਹਾ ?- ਅਵਤਾਰ ਸਿੰਘ ਖੰਡੇ ਦੀ ਮੌਤ ਦਾ ਮੁੱਦਾ ਅੰਤਰਰਾਸ਼ਟਰੀ ਪੱਧਰ 'ਤੇ ਉਸ ਤਰ੍ਹਾਂ ਦੀ ਸੁਰਖੀਆਂ ਨਹੀਂ ਬਟੋਰ ਸਕਿਆ, ਜਿਸ ਦੀ ਉਮੀਦ ਸੀ। ਇਸ ਦੇ ਪਿੱਛੇ ਕਈ ਕਾਰਨ ਹਨ:

ਯੂਕੇ ਸਰਕਾਰ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਦੀਆਂ ਗੱਲਬਾਤ ਵਿੱਚ ਰੁੱਝੀ ਹੋਈ ਹੈ। ਭਾਰਤ ਨੂੰ ਚੀਨ ਦੇ ਵਿਰੁੱਧ ਇੱਕ ਰਣਨੀਤਕ ਸਹਿਯੋਗੀ ਮੰਨਿਆ ਜਾਂਦਾ ਹੈ, ਜਿਸ ਕਾਰਨ ਯੂਕੇ ਸਰਕਾਰ ਅਜਿਹੇ ਮੁੱਦਿਆਂ 'ਤੇ ਚੁੱਪ ਵੱਟਣਾ ਪਸੰਦ ਕਰਦੀ ਹੈ।

ਵੈਸਟ ਮਿਡਲੈਂਡਜ਼ ਪੁਲਿਸ, ਜੋ ਪਹਿਲਾਂ ਹੀ "ਸਪੈਸ਼ਲ ਮੈਜ਼ਰਜ਼" ਅਧੀਨ ਹੈ, ਨੇ ਜਾਂਚ ਵਿੱਚ ਕੋਈ ਗੰਭੀਰਤਾ ਨਹੀਂ ਵਿਖਾਈ। ਪੁਲਿਸ ਦੀ ਇਸ ਢਿੱਲੀ ਵਰਤੋਂ ਨੇ ਸਿੱਖ ਭਾਈਚਾਰੇ ਦੇ ਸ਼ੱਕਾਂ ਨੂੰ ਹੋਰ ਪੱਕਾ ਕੀਤਾ।

ਗਾਰਡੀਅਨ ਦੀ ਰਿਪੋਰਟ ਨੇ ਭਾਈ ਖੰਡੇ ਦੀ ਮੌਤ ਦੇ ਜ਼ਖ਼ਮ ਨੂੰ ਹੋਰ ਉਚੇੜ ਦਿੱਤਾ ਹੈ, ਕਿਉਂਕਿ ਇਸ ਨੇ ਸੰਭਾਵਨਾ ਜਤਾਈ ਹੈ ਕਿ ਅਵਤਾਰ ਦੀ ਮੌਤ ਸ਼ਾਇਦ ਜ਼ਹਿਰ ਦੀ ਸਾਜ਼ਿਸ਼ ਦਾ ਨਤੀਜਾ ਸੀ। ਪਰ ਯੂਕੇ ਸਰਕਾਰ ਦੀ ਚੁੱਪੀ ਅਤੇ ਪੁਲਿਸ ਦੀ ਲਾਪਰਵਾਹੀ ਨੇ ਸਿੱਖ ਭਾਈਚਾਰੇ ਦੇ ਜਜ਼ਬਾਤਾਂ ਨੂੰ ਹੋਰ ਭੜਕਾਇਆ ਹੈ। ਜੇ ਅਵਤਾਰ ਸਿੰਘ ਖੰਡੇ ਦੀ ਮੌਤ ਸੱਚਮੁੱਚ ਇੱਕ ਸਾਜ਼ਿਸ਼ ਦਾ ਹਿੱਸਾ ਸੀ, ਤਾਂ ਇਹ ਖਾਲਿਸਤਾਨ ਅੰਦੋਲਨ ਨਾਲ ਜੁੜੇ ਵਿਸ਼ਵ ਭਰ ਵਿੱਚ ਸਿੱਖ ਆਗੂਆਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ। ਸਿੱਖ ਭਾਈਚਾਰੇ ਦੀ ਮੰਗ ਹੈ ਕਿ ਇਸ ਮਾਮਲੇ ਦੀ ਸੁਤੰਤਰ ਜਾਂਚ ਹੋਵੇ, ਤਾਂ ਜੋ ਸੱਚ ਸਾਹਮਣੇ ਆ ਸਕੇ। ਪਰ ਜਦੋਂ ਤੱਕ ਯੂਕੇ ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਭਾਈ ਖੰਡੇ ਦੀ ਮੌਤ ਇੱਕ ਅਣਸੁਲਝੀ ਬੁਝਾਰਤ ਹੀ ਰਹੇਗੀ।

ਮਾਮਲਾ ਜਨਕਪੁਰੀ-ਵਿਕਾਸਪੁਰੀ ਸਿੱਖ ਕਤਲੇਆਮ ਦਾ

# ਸੱਜਣ ਕੁਮਾਰ ਨੇ 1984 ਸਿੱਖ ਕਤਲੇਆਮ ਦੇ ਦੋਸ਼ਾਂ ਨੂੰ ਕੀਤਾ ਰੱਦ, ਅਦਾਲਤ ਵਿਚ ਦੱਸਿਆ ਬੇਗੁਨਾਹ

## ✪ ਗਵਾਹ ਮਨਜੀਤ ਕੌਰ ਨੇ ਸੱਜਣ ਕੁਮਾਰ 'ਤੇ ਲਗਾਇਆ ਭੀੜ ਨੂੰ ਉਕਸਾਉਣ ਦਾ ਦੋਸ਼ ✪ ਦੋਸ਼ੀ ਸੱਜਣ ਕੁਮਾਰ ਦੀ ਸੁਣਵਾਈ 29 ਜੁਲਾਈ ਤੱਕ ਮੁਲਤਵੀ

ਨਵੀਂ ਦਿੱਲੀ-1984 ਦੇ ਸਿੱਖ ਕਤਲੇਆਮ ਨਾਲ ਜੁੜਿਆ ਇੱਕ ਮਾਮਲਾ ਇਕ ਵਾਰ ਫਿਰ ਸੁਰਖੀਆਂ ਵਿਚ ਹੈ। ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ, ਜੋ ਪਹਿਲਾਂ ਹੀ ਇਸ ਕਤਲੇਆਮ ਦੇ ਇੱਕ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ, ਨੇ ਜਨਕਪੁਰੀ ਅਤੇ ਵਿਕਾਸਪੁਰੀ ਵਿਚ ਹੋਈ ਹਿੰਸਾ ਨਾਲ ਜੁੜੇ ਇਕ ਹੋਰ ਮਾਮਲੇ ਵਿਚ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰ ਦਿੱਤਾ। ਰਾਊਜ਼ ਐਵੇਨਿਊ ਅਦਾਲਤ ਵਿਚ ਵਿਸ਼ੇਸ਼ ਜੱਜ ਦਿਗਵਿਨਯ ਸਿੰਘ ਦੀ ਅਦਾਲਤ ਵਿਚ ਸੁਣਵਾਈ ਦੌਰਾਨ ਸੱਜਣ ਕੁਮਾਰ ਨੇ ਦਾਅਵਾ ਕੀਤਾ ਕਿ ਉਹ ਘਟਨਾ ਵਾਲੀ ਥਾਂ 'ਤੇ ਮੌਜੂਦ ਹੀ ਨਹੀਂ ਸੀ ਅਤੇ ਉਸ ਖਿਲਾਫ ਕੋਈ ਸਬੂਤ ਨਹੀਂ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ 2025 ਨੂੰ ਤੈਅ ਕੀਤੀ ਹੈ।

### ਕੀ ਹੈ ਕਤਲੇਆਮ ਦੀ ਘਟਨਾ ਦੇ ਦੋਸ਼?

ਇਹ ਮਾਮਲਾ 1 ਨਵੰਬਰ 1984 ਨੂੰ ਜਨਕਪੁਰੀ ਵਿਚ ਸੋਹਨ ਸਿੰਘ ਅਤੇ ਉਸ ਦੇ ਜਵਾਈ ਅਵਤਾਰ ਸਿੰਘ ਦੀ ਹੱਤਿਆ ਅਤੇ ਵਿਕਾਸਪੁਰੀ ਵਿਚ ਗੁਰਚਰਨ ਸਿੰਘ ਨੂੰ ਸਾੜੇ ਜਾਣ ਦੀ ਘਟਨਾ ਨਾਲ ਜੁੜਿਆ ਹੈ। 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਅੰਗ-ਰੱਖਿਅਕਾਂ ਵੱਲੋਂ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿਚ ਸਿੱਖ ਕਤਲੇਆਮ ਸ਼ੁਰੂ ਕਰ ਦਿੱਤਾ ਗਿਆ। ਸਰਕਾਰੀ ਅੰਕੜਿਆਂ ਮੁਤਾਬਕ, ਇਕੱਲੇ ਦਿੱਲੀ ਵਿਚ 2,733 ਸਿੱਖ ਮਾਰੇ ਗਏ, ਜਦਕਿ ਸਿੱਖ ਜਥੇਬੰਦੀਆਂ ਦੇ ਦਾਅਵੇ 8,000 ਤੋਂ 17,000 ਮੌਤਾਂ ਦੀ ਗੱਲ ਕਰਦੇ ਹਨ। ਸੱਜਣ ਕੁਮਾਰ 'ਤੇ ਦੋਸ਼ ਹੈ ਕਿ ਉਸ ਨੇ ਇਨ੍ਹਾਂ ਘਟਨਾਵਾਂ ਵਿਚ ਭੀੜ ਨੂੰ ਸਿੱਖਾਂ ਵਿਰੁੱਧ ਹਿੰਸਾ ਲਈ ਉਕਸਾਇਆ ਸੀ। 2015 ਵਿਚ ਵਿਸ਼ੇਸ਼ ਜਾਂਚ ਟੀਮ ਨੇ ਇਸ ਮਾਮਲੇ 'ਚ ਜਾਂਚ ਸ਼ੁਰੂ ਕੀਤੀ ਅਤੇ ਸੱਜਣ ਕੁਮਾਰ ਖਿਲਾਫ ਭਾਰਤੀ ਦੰਡਾਵਲੀ ਦੀਆਂ ਕਈ ਧਾਰਾਵਾਂ ਅਧੀਨ ਕੇਸ ਦਰਜ ਕੀਤਾ।



### ਕੌਣ ਹਨ ਗਵਾਹ?

ਇਸ ਮਾਮਲੇ ਵਿਚ ਮੁੱਖ ਗਵਾਹ ਮਨਜੀਤ ਕੌਰ ਹਨ, ਜਿਨ੍ਹਾਂ ਨੇ 9 ਨਵੰਬਰ 2023 ਨੂੰ ਅਦਾਲਤ 'ਚ ਆਪਣਾ ਬਿਆਨ ਦਰਜ ਕਰਵਾਇਆ। ਮਨਜੀਤ ਕੌਰ ਨੇ ਦੱਸਿਆ ਕਿ ਉਸ ਨੇ ਹਿੰਸਾ ਦੌਰਾਨ ਭੀੜ ਵਿੱਚੋਂ ਸੁਣਿਆ ਸੀ ਕਿ ਸੱਜਣ ਕੁਮਾਰ ਵੀ ਮੌਜੂਦ ਸੀ, ਹਾਲਾਂਕਿ ਉਸ ਨੇ ਉਸ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ। ਇਸ ਤੋਂ ਇਲਾਵਾ, 1984 ਦੇ ਸਿੱਖ ਕਤਲੇਆਮ ਦੇ ਹੋਰ ਮਾਮਲਿਆਂ ਵਿਚ ਵੀ ਕਈ ਗਵਾਹ ਸਾਹਮਣੇ ਆਏ ਹਨ। ਜਿਵੇਂ ਕਿ ਚਾਮ ਕੌਰ, ਜਿਨ੍ਹਾਂ ਨੇ 16 ਨਵੰਬਰ 2018 ਨੂੰ ਪਟਿਆਲਾ ਹਾਊਸ ਅਦਾਲਤ 'ਵਿਚ ਸੱਜਣ ਕੁਮਾਰ ਦੀ ਸਨਾਖਤ ਕਰਦਿਆਂ ਕਿਹਾ ਸੀ ਕਿ ਉਹ ਸਿੱਖਾਂ ਨੂੰ ਕਤਲ ਕਰਨ ਲਈ ਭੀੜ ਨੂੰ ਉਕਸਾ ਰਿਹਾ ਸੀ। ਜਗਸ਼ੇਰ ਸਿੰਘ ਅਤੇ ਜਗਦੀਸ਼ ਕੌਰ ਵੀ ਸੱਜਣ ਕੁਮਾਰ ਖਿਲਾਫ ਗਵਾਹੀ ਦੇਣ ਵਾਲਿਆਂ ਵਿਚ ਸ਼ਾਮਲ ਹਨ।

### ਕੌਣ ਹਨ ਵਕੀਲ?

ਸੱਜਣ ਕੁਮਾਰ ਖਿਲਾਫ ਮੁਕੱਦਮੇ ਵਿਚ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਅਹਿਮ ਭੂਮਿਕਾ ਨਿਭਾਈ ਹੈ। ਫੂਲਕਾ ਨੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਪੈਰਵੀ ਕਰਦਿਆਂ ਕਈ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਮਦਦ ਕੀਤੀ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਵੀ ਇਸ ਮਕਸਦ ਲਈ ਛੱਡਿਆ ਸੀ। ਇਸ ਤੋਂ ਇਲਾਵਾ, ਸੁਤੀਰਥ ਵਜੀਰ ਵਰਗੇ ਵਕੀਲਾਂ ਨੇ ਵੀ ਪੀੜਤਾਂ ਦੀਆਂ ਗਵਾਹੀਆਂ ਨੂੰ ਸੰਗ੍ਰਹਿ ਕਰਕੇ ਅਦਾਲਤ ਵਿਚ ਪੇਸ਼ ਕੀਤਾ, ਜਿਨ੍ਹਾਂ ਦੀ ਕਿਤਾਬ 'ਦਿ ਕੌਰਜ਼ ਆਫ਼ 1984' ਵਿਚ ਇਨ੍ਹਾਂ ਘਟਨਾਵਾਂ ਦਾ ਵੇਰਵਾ ਹੈ।

ਸਿੱਖ ਕਤਲੇਆਮ ਨੂੰ 40 ਸਾਲ ਬੀਤ ਚੁੱਕੇ ਹਨ, ਪਰ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਵਿਚ ਹਨ। ਸੱਜਣ ਕੁਮਾਰ ਵਰਗੇ ਪ੍ਰਮੁੱਖ ਦੋਸ਼ੀਆਂ 'ਤੇ ਅਦਾਲਤੀ ਕਾਰਵਾਈ ਅਤੇ ਗਵਾਹਾਂ ਦੀਆਂ ਗਵਾਹੀਆਂ ਨੇ ਇਨਸਾਫ ਦੀ ਇੱਕ ਛੋਟੀ ਜਿਹੀ ਆਸ ਜਗਾਈ ਹੈ।

# ਟਰੰਪ ਦਾ 'ਟੈਰਿਫ ਬੰਬ' : ਬੰਗਲਾਦੇਸ਼, ਜਾਪਾਨ ਸਣੇ 14 ਦੇਸ਼ਾਂ 'ਤੇ ਨਵੇਂ ਟੈਰਿਫ, ਭਾਰਤ ਨਾਲ ਸਮਝੌਤੇ ਦੀ ਉਮੀਦ



ਵਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿੱਚ ਵੱਡਾ ਐਲਾਨ ਕਰਦਿਆਂ ਕਿਹਾ ਸੀ ਕਿ ਅਮਰੀਕਾ ਭਾਰਤ ਨਾਲ ਇੱਕ ਵੱਡਾ ਵਪਾਰ ਸਮਝੌਤਾ ਕਰਨ ਦੇ ਨੇੜੇ ਹੈ। ਇਹ ਬਿਆਨ ਉਨ੍ਹਾਂ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਮੇਜ਼ਬਾਨੀ ਦੌਰਾਨ ਦਿੱਤਾ ਸੀ। ਨਾਲ ਹੀ, ਟਰੰਪ ਨੇ 14 ਦੇਸ਼ਾਂ 'ਤੇ 1 ਅਗਸਤ 2025 ਤੋਂ ਨਵੇਂ ਟੈਰਿਫ ਲਗਾਉਣ ਦੀ ਗੱਲ ਵੀ ਕਹੀ, ਜਿਨ੍ਹਾਂ ਵਿੱਚ ਬੰਗਲਾਦੇਸ਼, ਜਾਪਾਨ, ਦੱਖਣੀ ਕੋਰੀਆ ਅਤੇ ਮਿਆਂਮਾਰ ਵਰਗੇ ਦੇਸ਼ ਸ਼ਾਮਲ ਹਨ। ਟਰੰਪ ਨੇ ਕਿਹਾ, "ਅਸੀਂ ਵਪਾਰ ਵਿੱਚ ਕੋਈ ਢਿੱਲ ਨਹੀਂ ਦੇਵਾਂਗੇ। ਜਿਹੜੇ ਦੇਸ਼ ਸਾਡੇ ਨਾਲ ਸਮਝੌਤਾ ਨਹੀਂ ਕਰਦੇ, ਉਨ੍ਹਾਂ ਨੂੰ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ।"

ਉਨ੍ਹਾਂ ਨੇ ਦੱਸਿਆ ਕਿ ਅਮਰੀਕਾ ਨੇ ਬ੍ਰਿਟੇਨ ਅਤੇ ਚੀਨ ਨਾਲ ਵਪਾਰ ਸਮਝੌਤੇ ਕਰ ਲਏ ਹਨ, ਪਰ 14 ਦੇਸ਼ਾਂ ਨਾਲ ਸਮਝੌਤੇ ਦੀ ਕੋਈ ਉਮੀਦ ਨਹੀਂ। ਇਨ੍ਹਾਂ ਦੇਸ਼ਾਂ ਨੂੰ ਟਰੂਥ ਸੋਸ਼ਲ 'ਤੇ ਸਾਂਝੇ ਕੀਤੇ ਪੱਤਰਾਂ ਰਾਹੀਂ ਸੂਚਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚ ਥਾਈਲੈਂਡ, ਮਿਆਂਮਾਰ, ਬੰਗਲਾਦੇਸ਼, ਦੱਖਣੀ ਕੋਰੀਆ, ਜਾਪਾਨ, ਮਲੇਸ਼ੀਆ, ਕਜ਼ਾਕਿਸਤਾਨ, ਦੱਖਣੀ ਅਫਰੀਕਾ, ਲਾਓਸ, ਇੰਡੋਨੇਸ਼ੀਆ, ਟਿਊਨੀਸ਼ੀਆ, ਬੋਸਨੀਆ, ਸਰਬੀਆ ਅਤੇ ਕੰਬੋਡੀਆ ਸ਼ਾਮਲ ਹਨ।

ਇਨ੍ਹਾਂ ਦੇਸ਼ਾਂ 'ਤੇ 25% ਤੋਂ 40% ਤੱਕ ਟੈਰਿਫ ਲੱਗਣਗੇ। ਮਿਆਂਮਾਰ ਅਤੇ ਲਾਓਸ 'ਤੇ ਸਭ ਤੋਂ ਵੱਧ 40%, ਜਦਕਿ ਜਾਪਾਨ ਅਤੇ ਦੱਖਣੀ ਕੋਰੀਆ 'ਤੇ 25% ਟੈਰਿਫ ਹੋਵੇਗਾ।

ਟਰੰਪ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਹ ਦੇਸ਼ ਅਮਰੀਕੀ ਸਾਮਾਨ 'ਤੇ ਟੈਰਿਫ ਵਧਾਉਂਦੇ ਹਨ, ਤਾਂ ਅਮਰੀਕਾ ਵੀ ਜਵਾਬੀ ਕਾਰਵਾਈ ਕਰੇਗਾ। ਪਰ, ਜੇ ਇਹ ਦੇਸ਼ ਆਪਣੀਆਂ ਵਪਾਰਕ ਨੀਤੀਆਂ ਬਦਲਦੇ ਹਨ, ਤਾਂ ਟੈਰਿਫ ਘਟਾਏ ਜਾ ਸਕਦੇ ਹਨ।

ਭਾਰਤ ਨਾਲ ਸਮਝੌਤੇ ਬਾਰੇ ਟਰੰਪ ਨੇ ਕਿਹਾ, ਕਿ "ਅਸੀਂ ਭਾਰਤ ਨਾਲ ਸਮਝੌਤੇ ਦੇ ਬਹੁਤ ਨੇੜੇ ਹਾਂ।" ਇਹ ਸਮਝੌਤਾ ਦੋਵਾਂ ਦੇਸ਼ਾਂ ਲਈ ਲਾਭਦਾਇਕ ਹੋ ਸਕਦਾ ਹੈ, ਕਿਉਂਕਿ ਇਹ ਵਪਾਰ ਵਧਾਉਣ ਦਾ ਮੌਕਾ ਦੇਵੇਗਾ। ਪਰ, ਇਸ ਵਿੱਚ ਕਈ ਰੁਕਾਵਟਾਂ ਵੀ ਹਨ। ਭਾਰਤ ਦੀਆਂ ਸੁਰੱਖਿਆਵਾਦੀ ਨੀਤੀਆਂ, ਉੱਚ ਟੈਰਿਫ, ਸਬਸਿਡੀਆਂ ਅਤੇ ਬੌਧਿਕ ਸੰਪਤੀ ਅਧਿਕਾਰਾਂ ਸਬੰਧੀ ਅਮਰੀਕੀ ਮੰਗਾਂ ਗੱਲਬਾਤ ਨੂੰ ਪੇਚੀਦਾ ਕਰ ਸਕਦੀਆਂ ਹਨ।ਟਰੰਪ ਦੀ ਸਖ਼ਤ ਵਪਾਰ ਨੀਤੀ ਨੇ ਵਿਸ਼ਵ ਵਪਾਰ ਵਿੱਚ ਹਲਚਲ ਮਚਾ ਦਿੱਤੀ ਹੈ। ਪਹਿਲਾਂ 9 ਅਪ੍ਰੈਲ ਨੂੰ ਟੈਰਿਫ ਲਾਗੂ ਹੋਣ ਕਾਰਨ ਸਟਾਕ ਅਤੇ ਬਾਂਡ ਮਾਰਕੀਟ ਵਿੱਚ ਉਥਲ-ਪੁਥਲ ਹੋਈ ਸੀ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਦੱਸਿਆ ਕਿ 9 ਜੁਲਾਈ ਦੀ ਸਮਾਂ ਸੀਮਾ 1 ਅਗਸਤ ਤੱਕ ਵਧਾਈ ਗਈ ਹੈ, ਜਿਸ ਨਾਲ ਦੇਸ਼ਾਂ ਨੂੰ ਗੱਲਬਾਤ ਦਾ ਮੌਕਾ ਮਿਲਿਆ। ਟਰੰਪ ਨੇ ਕਿਹਾ, "ਅਮਰੀਕਾ ਹੁਣ ਪਹਿਲਾਂ ਨਾਲੋਂ ਮਜ਼ਬੂਤ ਅਤੇ ਅਮੀਰ ਹੈ। ਅਸੀਂ ਦੋਸਤਾਨਾ ਸਬੰਧਾਂ ਨੂੰ ਮਹੱਤਵ ਦਿੰਦੇ ਹਾਂ, ਪਰ ਵਪਾਰ ਵਿੱਚ ਕੋਈ ਨੁਕਸਾਨ ਨਹੀਂ ਸਹਿਣਗੇ।"

ਕਈ ਦੇਸ਼ ਅਮਰੀਕਾ ਨਾਲ ਗੱਲਬਾਤ ਸ਼ੁਰੂ ਕਰ ਚੁੱਕੇ ਹਨ, ਪਰ 14 ਦੇਸ਼ਾਂ ਨੂੰ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ। ਭਾਰਤ ਲਈ ਇਹ ਸਮਝੌਤਾ ਵੱਡੀ ਜਿੱਤ ਹੋ ਸਕਦਾ ਹੈ, ਕਿਉਂਕਿ ਇਹ ਵਪਾਰਕ ਸਬੰਧਾਂ ਨੂੰ ਹੁਲਾਰਾ ਦੇਵੇਗਾ ਅਤੇ ਟੈਰਿਫ ਦੇ ਬੋਝ ਤੋਂ ਬਚਾਵੇਗਾ। ਆਉਣ ਵਾਲੇ ਦਿਨਾਂ ਵਿੱਚ ਇਹ ਸਮਝੌਤਾ ਵਿਸ਼ਵ ਵਪਾਰ ਦੀ ਦਿਸ਼ਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

## ਕੀ ਅਮਰੀਕਾ ਨਾਲ ਜੁੜਨ ਨਾਲ ਚੀਨ ਤੇ ਰੂਸ ਭਾਰਤ ਤੋਂ ਨਰਾਜ ਨਹੀਂ ਹੋਣਗੇ?

ਚੀਨ ਅਤੇ ਭਾਰਤ ਦੇ ਵਪਾਰਕ ਅਤੇ ਰਾਜਨੀਤਕ ਸਬੰਧ ਪਹਿਲਾਂ ਹੀ ਪੇਚੀਦਾ ਹਨ। ਜੇਕਰ ਭਾਰਤ ਅਮਰੀਕਾ ਨਾਲ ਵਪਾਰ ਸਮਝੌਤਾ ਕਰਦਾ ਹੈ, ਤਾਂ ਚੀਨ ਨੂੰ ਇਸ ਨਾਲ ਰਣਨੀਤਕ ਚਿੰਤਾ ਹੋ ਸਕਦੀ ਹੈ, ਪਰ ਸਿੱਧੀ ਨਾਰਾਜ਼ਗੀ ਦੀ ਸੰਭਾਵਨਾ ਘੱਟ ਹੈ, ਕਿਉਂਕਿ ਚੀਨ ਖੁਦ ਅਮਰੀਕਾ ਨਾਲ ਸਮਝੌਤਾ ਕਰ ਚੁੱਕਾ ਹੈ। ਚੀਨ ਦੀ ਪ੍ਰਤੀਕਿਰਿਆ ਭਾਰਤ-ਅਮਰੀਕਾ ਸਮਝੌਤੇ ਦੀਆਂ ਸ਼ਰਤਾਂ 'ਤੇ ਨਿਰਭਰ ਕਰੇਗੀ। ਰੂਸ ਅਤੇ ਭਾਰਤ ਦੇ ਇਤਿਹਾਸਕ ਤੌਰ 'ਤੇ ਮਜ਼ਬੂਤ ਸਬੰਧ ਹਨ, ਖਾਸਕਰ ਰੱਖਿਆ ਅਤੇ ਊਰਜਾ ਖੇਤਰ ਵਿੱਚ। ਭਾਰਤ-ਅਮਰੀਕਾ ਸਮਝੌਤਾ ਰੂਸ ਨੂੰ ਨਾਰਾਜ਼ ਕਰਨ ਦੀ ਸੰਭਾਵਨਾ ਘੱਟ ਹੈ, ਕਿਉਂਕਿ ਭਾਰਤ ਨੇ ਪਹਿਲਾਂ ਵੀ ਅਮਰੀਕਾ ਅਤੇ ਰੂਸ ਨਾਲ ਸਮਾਨ ਸਬੰਧ ਬਣਾਏ ਰੱਖੇ ਹਨ। ਰੂਸ ਦੀ ਨਾਰਾਜ਼ਗੀ ਸਮਝੌਤੇ ਦੀਆਂ ਵਿਸ਼ੇਸ਼ ਸ਼ਰਤਾਂ 'ਤੇ ਨਿਰਭਰ ਕਰੇਗੀ, ਜਿਵੇਂ ਕਿ ਅਮਰੀਕੀ ਸਾਮਾਨ ਨੂੰ ਤਰਜੀਹ ਜਾਂ ਰੂਸੀ ਹਿੱਤਾਂ ਨੂੰ ਨੁਕਸਾਨ।

# ਕੀ ਪੰਜਾਬ ਵਿਚ ਨਵਾਂ ਸਿਆਸੀ ਪੰਥਕ ਫਰੰਟ ਉਭਰੇਗਾ ?

## ✪ ਕਦੋਂ ਬਣਾਏਗੀ ਪੰਜ ਮੈਂਬਰੀ ਭਰਤੀ ਕਮੇਟੀ ਨਵਾਂ ਅਕਾਲੀ ਦਲ ? ✪ ਪੰਜ ਮੈਂਬਰੀ ਭਰਤੀ ਕਮੇਟੀ ਨੇ ਵਾਰਿਸ ਪੰਜਾਬ ਨਾਲ ਸਾਂਝ ਪਾਈ ? ✪ ਤਰਨ ਤਾਰਨ ਉਪ-ਚੋਣ: ਪੰਥਕ ਧਿਰਾਂ ਦੀ ਪਹਿਲੀ ਅਗਨੀ ਪਰੀਖਿਆ

ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਦੀਆਂ ਕੋਸ਼ਿਸ਼ਾਂ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਲਿਆਂਦਾ ਹੈ। ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਇਹ ਕਮੇਟੀ ਨਵੇਂ ਅਕਾਲੀ ਦਲ ਦੀ ਸਥਾਪਨਾ ਲਈ ਸਰਗਰਮ ਹੈ। ਇਸ ਦਾ ਮੁੱਖ ਨਿਸ਼ਾਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤਣਾ ਹੈ, ਪਰ ਇਸ ਦੇ ਨਾਲ ਹੀ ਵਿਧਾਨ ਸਭਾ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵੀ ਆਪਣੀ ਮਜ਼ਬੂਤ ਸਥਿਤੀ ਬਣਾਉਣ ਦੀਆਂ ਤਿਆਰੀਆਂ ਜਾਰੀ ਹਨ। ਪੰਜ ਮੈਂਬਰੀ ਕਮੇਟੀ ਨੇ ਵਾਰਿਸ ਪੰਜਾਬ ਦੇ ਅਤੇ ਭਾਈ ਰਣਜੀਤ ਸਿੰਘ ਦੀ ਜਥੇਬੰਦੀ ਨਾਲ ਸਹਿਮਤੀ ਬਣਾਈ ਹੈ, ਜਿਸ ਨਾਲ ਨਵਾਂ ਅਕਾਲੀ ਦਲ ਇੱਕ ਸਾਂਝੇ ਨਿਸ਼ਾਨ ਅਤੇ ਨਾਂਅ ਹੇਠ ਚੋਣ ਮੈਦਾਨ ਵਿੱਚ ਉਤਰ ਸਕਦਾ ਹੈ। ਪਰ ਇਸ ਪ੍ਰਕਿਰਿਆ ਵਿੱਚ ਕਈ ਚੁਣੌਤੀਆਂ ਵੀ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਵਿੱਚ ਪੰਜ ਮੈਂਬਰੀ ਕਮੇਟੀ ਵਲੋਂ ਨਵੇਂ ਉਸਾਰੇ ਜਾ ਰਹੇ ਅਕਾਲੀ ਦਲ ਦੀ ਪ੍ਰਧਾਨਗੀ ਸਬੰਧੀ ਚੋਣ, ਤਰਨ ਤਾਰਨ ਉਪ-ਚੋਣ ਅਤੇ ਪੰਥਕ ਸਫਾਂ ਵਿੱਚ ਵਿਸ਼ਵਾਸ ਬਣਾਉਣਾ ਸ਼ਾਮਲ ਹੈ।

ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਤੇ ਉਹਨਾਂ ਦੇ ਸਹਿਯੋਗੀ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਤੇਜ਼ੀ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ, ਕਮੇਟੀ ਨੇ ਵਾਰਿਸ ਪੰਜਾਬ ਦੇ ਅਤੇ ਭਾਈ ਰਣਜੀਤ ਸਿੰਘ ਦੀ ਜਥੇਬੰਦੀ ਨਾਲ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਾਂਝਾ ਮੋਰਚਾ ਬਣਾਉਣ ਦੀ ਸਹਿਮਤੀ ਬਣਾ ਲਈ ਹੈ। ਇਸ ਸਹਿਮਤੀ ਦੀ ਸ਼ੁਰੂਆਤ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕੀਤੀ ਸੀ।

ਇਸ ਸਾਂਝੇ ਮੋਰਚੇ ਦਾ ਮਕਸਦ ਪੰਥਕ ਵੋਟਰਾਂ ਨੂੰ ਇੱਕਜੁੱਟ ਕਰਕੇ ਅਕਾਲੀ ਦਲ ਬਾਦਲ ਦੇ ਪ੍ਰਭਾਵ ਨੂੰ ਸਿੱਖ ਰਾਜਨੀਤੀ ਵਿਚੋਂ ਘਟਾਉਣਾ ਹੈ। ਇਸ ਦੌਰਾਨ, ਰਾਜਦੇਵ ਸਿੰਘ ਖਾਲਸਾ ਵਰਗੇ ਸਾਬਕਾ ਨੇਤਾਵਾਂ ਦੀ ਵਾਪਸੀ ਨੇ ਵੀ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ। ਰਾਜਦੇਵ ਸਿੰਘ ਖਾਲਸਾ, ਜੋ ਪਹਿਲਾਂ ਵਾਰਿਸ ਪੰਜਾਬ ਦੇ ਨਾਲ ਜੁੜੇ ਸਨ, ਨੇ ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਸਵੀਕਾਰ ਕਰਦਿਆਂ ਨਵੇਂ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਸੁਰਜੀਤ ਸਿੰਘ ਰੱਖੜਾ ਅਤੇ ਪਰਮਿੰਦਰ ਸਿੰਘ ਢੀਂਡਸਾ ਨੇ ਉਸ ਦੇ ਇਸ ਫੈਸਲੇ ਦੀ ਸਰਾਹਨਾ ਕੀਤੀ ਸੀ, ਪਰ ਕਈ ਪੰਥਕ ਲੋਕ ਰਾਜਦੇਵ ਸਿੰਘ ਦੀ ਪਿਛਲੀ ਸ਼ੱਕੀ ਸਿਆਸੀ ਸਰਗਰਮੀਆਂ ਜੋ ਸੰਘ ਪਰਿਵਾਰ ਨਾਲ ਜੁੜੀਆਂ ਸਨ, ਨੂੰ ਲੈ ਕੇ ਸਵਾਲ ਵੀ ਉਠਾ ਰਹੇ ਹਨ।



ਨਵੇਂ ਅਕਾਲੀ ਦਲ ਦੀ ਸਥਾਪਨਾ ਦੀ ਪਹਿਲੀ ਵੱਡੀ ਚੁਣੌਤੀ ਪ੍ਰਧਾਨਗੀ ਦੀ ਚੋਣ ਹੈ। ਜਾਣਕਾਰੀ ਅਨੁਸਾਰ, ਪ੍ਰਧਾਨਗੀ ਲਈ ਕਈ ਨਾਂਅ ਚਰਚਾ ਵਿੱਚ ਹਨ, ਜਿਨ੍ਹਾਂ ਵਿੱਚ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਬੀਬੀ ਸਤਵੰਤ ਕੌਰ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ ਅਤੇ ਕੁਝ ਹੋਰ ਨੇਤਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਸੰਤਾ ਸਿੰਘ ਉਮੈਦਪੁਰੀ ਨੂੰ ਸਭ ਤੋਂ ਵੱਧ ਸਵੀਕਾਰਯੋਗ ਉਮੀਦਵਾਰ ਮੰਨਿਆ ਜਾ ਰਿਹਾ ਹੈ, ਕਿਉਂਕਿ ਉਹ ਸਿਰਫ ਪ੍ਰਧਾਨਗੀ ਦੀ ਦਾਅਵੇਦਾਰੀ ਰੱਖਦੇ ਹਨ ਅਤੇ ਮੁੱਖ ਮੰਤਰੀ ਜਾਂ ਚੋਣ ਲਈ ਉਮੀਦਵਾਰੀ ਦੀ ਇੱਛਾ ਨਹੀਂ ਰੱਖਦੇ। ਪਰ, ਰਾਜਦੇਵ ਸਿੰਘ ਖਾਲਸਾ ਵਰਗੇ ਨੇਤਾਵਾਂ ਦੀ ਸ਼ਮੂਲੀਅਤ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਦਾਗੀ ਐਲਾਨੇ ਨੇਤਾਵਾਂ ਨੂੰ ਪ੍ਰਮੋਟ ਕਰਨ ਦੀਆਂ ਚਰਚਾਵਾਂ ਨੇ ਪੰਜ ਮੈਂਬਰੀ ਭਰਤੀ ਕਮੇਟੀ ਸਬੰਧੀ ਪੰਥਕ ਸਫਾਂ ਵਿੱਚ ਵਿਸ਼ਵਾਸ ਦੀ ਸਮੱਸਿਆ ਪੈਦਾ ਕੀਤੀ ਹੈ। ਚੰਦੂਮਾਜਰਾ ਨੂੰ ਅਕਾਲ ਤਖ਼ਤ ਵੱਲੋਂ ਦਾਗੀ ਐਲਾਨਿਆ ਗਿਆ ਸੀ, ਅਤੇ ਉਸ ਦੀ ਸੰਭਾਵੀ ਸ਼ਮੂਲੀਅਤ ਨਵੇਂ ਅਕਾਲੀ ਦਲ ਦੀ ਪੰਥਕ ਸਾਖ 'ਤੇ ਸਵਾਲ ਉਠਾ ਸਕਦੀ ਹੈ।

ਨਵੇਂ ਅਕਾਲੀ ਦਲ ਲਈ ਪਹਿਲੀ ਅਗਨੀ ਪਰੀਖਿਆ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਆਉਣ ਵਾਲੀ ਉਪ-ਚੋਣ ਨਵੇਂ ਅਕਾਲੀ ਦਲ ਲਈ ਪਹਿਲੀ ਵੱਡੀ ਅਗਨੀ ਪਰੀਖਿਆ ਹੋਵੇਗੀ। ਇਹ ਹਲਕਾ ਮੁਢਲੇ ਤੌਰ 'ਤੇ ਸਿੱਖ ਅਤੇ ਅਕਾਲੀ ਪ੍ਰਭਾਵ ਵਾਲਾ ਮੰਨਿਆ ਜਾਂਦਾ ਹੈ, ਅਤੇ ਨਵਾਂ ਅਕਾਲੀ ਦਲ ਇਸ ਚੋਣ ਵਿੱਚ ਪਾਸੇ ਨਹੀਂ ਰਹਿ ਸਕਦਾ। ਜਾਣਕਾਰੀ ਅਨੁਸਾਰ, ਪੰਜ ਮੈਂਬਰੀ ਕਮੇਟੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਨੂੰ ਇਸ ਸੀਟ ਤੋਂ ਚੋਣ ਲੜਨ ਲਈ ਮਨਾਉਣ ਬਾਰੇ ਵਿਚਾਰ ਕਰ ਰਹੀ ਹੈ। ਬੀਬੀ ਪਰਮਜੀਤ ਕੌਰ ਦੀ ਪੰਥਕ ਸਾਖ ਅਤੇ ਸ਼ਹੀਦ ਜਸਵੰਤ ਸਿੰਘ ਦੀ ਵਿਰਾਸਤ ਨੂੰ ਵੇਖਦਿਆਂ ਉਹ ਇੱਕ ਮਜ਼ਬੂਤ ਉਮੀਦਵਾਰ ਸਾਬਤ ਹੋ ਸਕਦੀ ਹੈ। ਪਰ, ਇਸ ਹਲਕੇ ਵਿੱਚ ਵਾਰਿਸ ਪੰਜਾਬ ਦੇ ਦੀ ਮਜ਼ਬੂਤ ਸਥਿਤੀ, ਖਾਸ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਦੀ ਲੋਕ ਸਭਾ ਮੈਂਬਰ ਵਜੋਂ ਮੌਜੂਦਗੀ, ਨਵੇਂ ਅਕਾਲੀ ਦਲ ਲਈ ਚੁਣੌਤੀ ਖੜ੍ਹੀ ਕਰ ਸਕਦੀ ਹੈ। ਭਾਵੇਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਹਿਮਤੀ ਬਣ ਚੁੱਕੀ ਹੈ, ਪਰ ਵਿਧਾਨ ਸਭਾ ਚੋਣ ਵਿੱਚ ਦੋਵੇਂ ਧਿਰਾਂ ਦਾ ਇਕੱਠੇ ਹੋਣਾ ਅਜੇ ਸਪਸ਼ਟ ਨਹੀਂ ਹੈ।

ਇਸ ਦੇ ਨਾਲ ਹੀ, ਅਕਾਲੀ ਦਲ ਬਾਦਲ ਵੀ ਇਸ ਹਲਕੇ ਤੋਂ ਆਪਣਾ ਉਮੀਦਵਾਰ ਖੜ੍ਹਾ ਕਰੇਗਾ, ਜਿਸ ਨਾਲ ਇਹ ਚੋਣ ਨਵੇਂ ਅਕਾਲੀ ਦਲ ਅਤੇ ਅਕਾਲੀ ਦਲ ਬਾਦਲ ਵਿਚਕਾਰ ਸਿੱਧੇ ਟਕਰਾਅ ਦਾ ਪਹਿਲਾ ਮੌਕਾ ਹੋਵੇਗੀ। ਨਵੇਂ ਅਕਾਲੀ ਦਲ ਦੀ ਸਥਾਪਨਾ ਨਾਲ ਪੰਜਾਬ ਵਿੱਚ ਇੱਕ ਨਵੇਂ ਪੰਥਕ ਫਰੰਟ ਦੀ ਉਸਰੀ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਪੰਜ ਮੈਂਬਰੀ ਕਮੇਟੀ ਦੀ ਮੁਹਿੰਮ ਨੇ ਹੁਣ ਤੱਕ 8.5 ਲੱਖ ਵਰਕਰਾਂ ਦੀ ਭਰਤੀ ਕਰ ਲਈ ਹੈ, ਜੋ 30 ਜੁਲਾਈ ਤੱਕ ਜਾਰੀ ਰਹੇਗੀ। ਇਸ ਮੁਹਿੰਮ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਅਤੇ ਪੰਥਕ ਸੰਗਤ ਦਾ ਸਮਰਥਨ ਮਿਲ ਰਿਹਾ ਹੈ। ਪਰ, ਇਸ ਨਵੇਂ ਫਰੰਟ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਵੇਗਾ।

ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵੀ ਨਵੇਂ ਅਕਾਲੀ ਦਲ ਲਈ ਵੱਡੀ ਪਰੀਖਿਆ ਹੋਣਗੀਆਂ, ਕਿਉਂਕਿ ਇਨ੍ਹਾਂ ਚੋਣਾਂ ਵਿੱਚ ਉਸ ਨੂੰ ਆਪਣੀ ਸੰਗਠਨਾਤਮਕ ਤਾਕਤ ਦਾ ਪ੍ਰਦਰਸ਼ਨ ਕਰਨਾ ਹੋਵੇਗਾ। ਇਸ ਦੇ ਨਾਲ ਹੀ, ਅਕਾਲੀ ਦਲ ਬਾਦਲ ਦੀ ਮੌਜੂਦਗੀ ਅਤੇ ਉਸ ਦੀਆਂ ਪਿਛਲੀਆਂ ਨੀਤੀਆਂ ਦੀ ਆਲੋਚਨਾ ਨਵੇਂ ਅਕਾਲੀ ਦਲ ਲਈ ਮੌਕਾ ਅਤੇ ਚੁਣੌਤੀ ਦੋਵੇਂ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਨਵਾਂ ਅਕਾਲੀ ਦਲ ਪੰਥਕ ਸਿਆਸਤ ਵਿੱਚ ਨਵੀਂ ਉਮੀਦ ਜਗਾਉਣ ਦੀ ਸੰਭਾਵਨਾ ਰੱਖਦਾ ਹੈ, ਪਰ ਇਸ ਦੀ ਸਫਲਤਾ ਪ੍ਰਧਾਨਗੀ ਦੀ ਸਹੀ ਚੋਣ, ਪੰਥਕ ਸਾਖ ਦੀ ਬਹਾਲੀ ਅਤੇ ਚੋਣ ਮੈਦਾਨ ਵਿੱਚ ਮਜ਼ਬੂਤ ਪ੍ਰਦਰਸ਼ਨ 'ਤੇ ਨਿਰਭਰ ਕਰੇਗੀ। ਤਰਨ ਤਾਰਨ ਦੀ ਉਪ-ਚੋਣ ਅਤੇ ਆਉਣ ਵਾਲੀਆਂ ਸਥਾਨਕ ਚੋਣਾਂ ਇਸ ਨਵੇਂ ਪੰਥਕ ਫਰੰਟ ਦੀ ਅਸਲ ਤਾਕਤ ਦੀ ਪਰਖ ਕਰਨਗੀਆਂ।

## ਅਕਾਲ ਤਖਤ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਨੇ ਮੀਰੀ ਪੀਰੀ ਦਿਵਸ ਸ਼ਰਧਾ ਉਤਸਾਹ ਸਹਿਤ ਮਨਾਇਆ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਕੌਮ ਨੂੰ ਮੀਰੀ ਪੀਰੀ ਦੇ ਸਿਧਾਂਤ ਨਾਲ ਜੋੜਿਆ, ਜੋ ਧਰਮ ਦੀ ਕਮਾਈ ਕਰਦਿਆਂ ਸੱਚ ਦੀ ਰਾਜਨੀਤੀ ਰਾਹੀਂ ਮਜਲੂਮਾਂ ਦੀ ਰੱਖਿਆ ਕਰਨ ਦਾ ਮਾਰਗ ਦਿਖਾਉਂਦਾ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਸ ਸਿਧਾਂਤ ਨੂੰ ਅੱਗੇ ਵਧਾਉਂਦਿਆਂ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਰੂਹਾਨੀਅਤ ਦੇ ਨਾਲ-ਨਾਲ ਰਾਜਸੀ ਸ਼ਕਤੀ ਦੀ ਸਥਾਪਨਾ ਕੀਤੀ। ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਗੁਰੂ ਸਿਧਾਂਤਾਂ 'ਤੇ ਅਮਲ ਕਰਦਿਆਂ ਨਿਆਂਪੂਰਨ ਰਾਜ ਸਥਾਪਿਤ ਕੀਤਾ, ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਜਥੇਦਾਰ ਨੇ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬ ਦੇ ਸਿਧਾਂਤਾਂ ਨੂੰ ਜੀਵਨ ਵਿੱਚ ਅਪਣਾਇਆ ਜਾਵੇ ਅਤੇ ਸਾਂਝੇ ਪਰਿਵਾਰ ਵਜੋਂ ਵਿਚਰਿਆ ਜਾਵੇ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਧਰਮ ਅਨੁਸਾਰੀ ਰਾਜ ਦਾ ਸੰਕਲਪ ਅੱਗੇ ਵਧਾਇਆ ਅਤੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਸਮਾਗਮ ਵਿੱਚ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

# ਸਿੱਖ ਸ਼ਤਾਬਦੀਆਂ ਦੇ ਜਸ਼ਨਾਂ ’ਤੇ ਕਰੋੜਾਂ ਦਾ ਖਰਚ, ਪਰ ਸਿੱਖ ਪੰਥ ਨੂੰ ਨਤੀਜੇ ਜ਼ੀਰੋ

## ✪ ਸਿੱਖਾਂ ਦਾ ਈਸਾਈਕਰਨ ਕਿਉ ਹੋ ਰਿਹਾ, ਪੰਥਕ ਸੰਸਥਾਵਾਂ ਨੂੰ ਚਿੰਤਾ ਕਿਉਂ ਨਹੀਂ
## ✪ ਸ਼੍ਰੋਮਣੀ ਕਮੇਟੀ ਨੂੰ ਵਿਦਿਅਕ-ਮੈਡੀਕਲ ਸੰਸਥਾਵਾਂ ਬਣਾਉਣ ਦੀ ਸਖਤ ਲੋੜ



ਸਿੱਖ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਜਾਂ ਜਨਮ ਦਿਹਾੜਿਆਂ ਨੂੰ ਮਨਾਉਣ ਦਾ ਰਿਵਾਜ ਪਿਛਲੇ ਕੁਝ ਦਹਾਕਿਆਂ ਤੋਂ ਚੱਲ ਰਿਹਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਸ਼ਤਾਬਦੀਆਂ ਮਨਾਉਣ ਦੇ ਢੰਗ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸਰਬੱਤ ਦੇ ਭਲੇ ਦੇ ਅਸੂਲ ਨੂੰ ਸੱਚਮੁੱਚ ਪੇਸ਼ ਕਰਦੇ ਹਨ? 1966 ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300ਵੇਂ ਜਨਮ ਦਿਹਾੜੇ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਅੱਜ ਵੀ ਜਾਰੀ ਹੈ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰਾਂ ਵੱਲੋਂ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਪਰ ਸਿੱਖ ਬੁੱਧੀਜੀਵੀਆਂ ਅਤੇ ਸਮਾਜ ਸੁਧਾਰਕਾਂ ਦਾ ਮੰਨਣਾ ਹੈ ਕਿ ਇਹ ਸਾਰਾ ਖਰਚ ਸ਼ਾਨੋ-ਸ਼ੌਕਤ ਅਤੇ ਰਾਜਸੀ ਫਾਇਦੇ ਲਈ ਹੀ ਹੁੰਦਾ ਹੈ, ਨਾ ਕਿ ਸਿੱਖ ਧਰਮ ਦੇ ਪ੍ਰਚਾਰ ਜਾਂ ਲੋਕਾਈ ਦੇ ਭਲੇ ਲਈ।

1966 ਤੋਂ ਲੈ ਕੇ ਅੱਜ ਤੱਕ, ਸਿੱਖ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਅਤੇ ਅਰਧ-ਸ਼ਤਾਬਦੀਆਂ ਨੂੰ ਵੱਡੇ-ਵੱਡੇ ਸਮਾਗਮਾਂ, ਨਗਰ ਕੀਰਤਨਾਂ, ਅਤੇ ਜਲੂਸਾਂ ਨਾਲ ਮਨਾਇਆ ਜਾ ਰਿਹਾ ਹੈ। ਇਹਨਾਂ ਸਮਾਗਮਾਂ ਵਿੱਚ ਸਰਕਾਰਾਂ, ਸ਼੍ਰੋਮਣੀ ਕਮੇਟੀ, ਅਤੇ ਸੰਗਤਾਂ ਦੇ ਫੰਡਾਂ ਤੋਂ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਇਹ ਖਰਚ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦੇ ਨਾਂਅ ’ਤੇ ਕੀਤਾ ਜਾਂਦਾ ਹੈ, ਪਰ ਅਸਲ ਵਿੱਚ ਇਹ ਸਮਾਗਮ ਸੱਤਾਧਾਰੀ ਪਾਰਟੀਆਂ ਅਤੇ ਅਕਾਲੀ ਨੇਤਾਵਾਂ ਦੇ ਰਾਜਸੀ ਪ੍ਰਚਾਰ ਦਾ ਸਾਧਨ ਬਣ ਜਾਂਦੇ ਹਨ। ਸਿੱਖ ਇਤਿਹਾਸਕਾਰ ਅਤੇ ਸਮਾਜ ਸੁਧਾਰਕ ਪੁੱਛਦੇ ਹਨ ਕਿ ਕੀ ਇਹਨਾਂ ਸਮਾਗਮਾਂ ਨੇ ਸਿੱਖ ਕੌਮ ਨੂੰ ਕੋਈ ਠੋਸ ਲਾਭ ਦਿੱਤਾ ਹੈ? ਜਵਾਬ ਅਕਸਰ ਨਿਰਾਸ਼ਾਜਨਕ ਹੁੰਦਾ ਹੈ।

1966 ਤੋਂ ਪਹਿਲਾਂ ਸਿੱਖ ਕਿਰਦਾਰ ਅਤੇ ਸਿੱਖੀ ਦਾ ਸਨਮਾਨ ਬਹੁਤ ਉੱਚਾ ਸੀ। ਮੁਸਲਮਾਨ ਹੁਕਮਰਾਨਾਂ ਦੇ ਸਮੇਂ ਵਿੱਚ ਮੌਤ ਦੇ ਡਰ ਅਤੇ ਵੱਡੇ ਲਾਲਚਾਂ ਦੇ ਬਾਵਜੂਦ, ਸਿੱਖ ਆਪਣੇ ਅਸੂਲਾਂ ਉਪਰ ਅਟੱਲ ਰਹੇ। ਅੰਗਰੇਜ਼ੀ ਰਾਜ ਵਿੱਚ ਵੀ, ਬਹੁਤ ਘੱਟ ਸਿੱਖਾਂ ਨੇ ਈਸਾਈ ਧਰਮ ਅਪਣਾਇਆ। ਪਰ ਅੱਜ ਦੀ ਸਥਿਤੀ ਚਿੰਤਾਜਨਕ ਹੈ। ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦਾ ਈਸਾਈਕਰਨ ਵਧ ਰਿਹਾ ਹੈ। ਇਸ ਤੋਂ ਇਲਾਵਾ, ਪਤਿਤ ਸਿੱਖਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਸ਼ਤਾਬਦੀਆਂ ਦੇ ਜਸ਼ਨਾਂ ਦਾ ਕੋਈ ਸਦੀਵੀ ਲਾਭ ਨਹੀਂ ਮਿਲਿਆ, ਸਗੋਂ ਸਿੱਖੀ ਦੀ ਰੂਹਾਨੀ ਅਤੇ ਸਮਾਜਿਕ ਤਾਕਤ ਕਮਜ਼ੋਰ ਹੋਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਸਿੱਖ ਪੰਥ ਦੀ ਸਭ ਤੋਂ ਵੱਡੀ ਸੰਸਥਾ ਹੈ, ਨੂੰ ਸਿੱਖਾਂ ਦੀ ਭਲਾਈ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਕੰਮ ਕਰਨਾ ਚਾਹੀਦਾ ਹੈ। ਪਰ ਇਹ ਦੇਖਿਆ ਜਾ ਰਿਹਾ ਹੈ ਕਿ ਕਮੇਟੀ ਦੇ ਕਰੋੜਾਂ ਰੁਪਏ ਸ਼ਾਨੋ-ਸ਼ੌਕਤ ਵਾਲੇ ਸਮਾਗਮਾਂ, ਲਾਈਟਾਂ, ਪਟਾਕਿਆਂ, ਅਤੇ ਵੱਡੇ ਜਲੂਸਾਂ ’ਤੇ ਖਰਚ ਹੋ ਰਹੇ ਹਨ। ਇਹ ਖਰਚ ਸਿਰਫ਼ ਇੱਕ-ਦੋ ਦਿਨ ਦਾ ਜਲੌਅ ਬਣ ਕੇ ਰਹਿ ਜਾਂਦਾ ਹੈ, ਜਿਸ ਦਾ ਸਿੱਖ ਪੰਥ ਨੂੰ ਕੋਈ ਸਥਾਈ ਲਾਭ ਨਹੀਂ ਮਿਲਦਾ। ਸਿੱਖ ਸਮਾਜ ਸੁਧਾਰਕ ਪੁੱਛਦੇ ਹਨ ਕਿ ਜੇਕਰ ਇਹ ਪੈਸਾ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਸਮਾਜ ਭਲਾਈ ਦੇ ਕੰਮਾਂ ਵਿੱਚ ਲਗਾਇਆ ਜਾਵੇ, ਤਾਂ ਕੀ ਨਤੀਜੇ ਵਧੇਰੇ ਸਕਾਰਾਤਮਕ ਨਹੀਂ ਹੋਣਗੇ?

ਸਿੱਖ ਇਤਿਹਾਸਕਾਰ ਪ੍ਰੋਫੈਸਰ ਸੁਖਦਿਆਲ ਸਿੰਘ ਸੁਝਾਅ ਦਿੰਦੇ ਹਨ ਕਿ ਸ਼ਤਾਬਦੀਆਂ ਦੇ ਮੌਕੇ ’ਤੇ ਵੱਡੇ ਸਮਾਗਮਾਂ ਦੀ ਬਜਾਏ, ਸਿੱਖ ਪੰਥ ਨੂੰ ਸਦੀਵੀ ਯੋਗਦਾਨ ਪਾਉਣ ਵੱਲ ਧਿਆਨ ਦੇਣਾ ਚਾਹੀਦਾ। ਉਦਾਹਰਨ ਵਜੋਂ, ਸਰਕਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਫੰਡਾਂ ਨੂੰ ਵਰਤ ਕੇ ਪੀਜੀਆਈ ਵਰਗੇ ਮੈਡੀਕਲ ਕਾਲਜ ਜਾਂ ਆਧੁਨਿਕ ਵਿਗਿਆਨਕ ਅਤੇ ਤਕਨੀਕੀ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ ਜਾਵੇ। ਇਹਨਾਂ ਸੰਸਥਾਵਾਂ ਵਿੱਚ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਲਈ ਵਿਸ਼ੇਸ਼ ਵਿਭਾਗ, ਡਿਜੀਟਲ ਲਾਇਬ੍ਰੇਰੀਆਂ, ਅਤੇ ਆਡੀਟੋਰੀਅਮ ਬਣਾਏ ਜਾਣ। ਇਸ ਨਾਲ ਨਾ ਸਿਰਫ਼ ਗਰੀਬ ਸਿੱਖਾਂ ਨੂੰ ਮੈਡੀਕਲ ਅਤੇ ਵਿਦਿਅਕ ਸਹੂਲਤਾਂ ਮਿਲਣਗੀਆਂ, ਸਗੋਂ ਸਿੱਖੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਵੀ ਵਧੇਗਾ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਸਿੱਖ ਸੰਗਤ ਨੂੰ ਅਪੀਲ ਕਰਨ ਕਿ ਸ਼ਤਾਬਦੀਆਂ ਦੇ ਮੌਕੇ ’ਤੇ ਹਰ ਸਿੱਖ ਪਰਿਵਾਰ ਘਰ ਵਿੱਚ ਬੈਠ ਕੇ ਪਾਠ ਕਰੇ, ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਦੀਆਂ ਸਿੱਖਿਆਵਾਂ ਸਿਖਾਏ, ਅਤੇ ਸਥਾਨਕ ਗੁਰਦੁਆਰਿਆਂ ਵਿੱਚ ਜਾ ਕੇ ਪ੍ਰਚਾਰਕਾਂ ਦੇ ਜਥਿਆਂ ਤੋਂ ਸਿੱਖੀ ਸਿੱਖਣ। ਵਿਸ਼ਵ ਪੱਧਰ ’ਤੇ ਸਿੱਖ ਵਿਦਵਾਨਾਂ ਨੂੰ ਦੂਜੇ ਧਰਮਾਂ ਦੇ ਵਿਦਵਾਨਾਂ ਨਾਲ ਮਿਲ ਕੇ ਸਰਬ ਧਰਮ ਵਿਚਾਰ-ਵਟਾਂਦਰੇ ਦੇ ਸੈਮੀਨਾਰ ਕਰਨੇ ਚਾਹੀਦੇ। ਇਸ ਨਾਲ ਸਿੱਖੀ ਦਾ ਸੁਨੇਹਾ ਵਿਸ਼ਵ ਪੱਧਰ ’ਤੇ ਪਹੁੰਚੇਗਾ ਅਤੇ ਸਿੱਖ ਪੰਥ ਦੀ ਏਕਤਾ ਵੀ ਮਜ਼ਬੂਤ ਹੋਵੇਗੀ। ਸਿੱਖ ਸ਼ਤਾਬਦੀਆਂ ਨੂੰ ਮਨਾਉਣ ਦਾ ਮਕਸਦ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਅਪਣਾਉਣਾ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੋਣਾ ਚਾਹੀਦਾ। ਪਰ ਅਜੋਕੇ ਸਮੇਂ ਵਿੱਚ ਇਹ ਜਸ਼ਨ ਸਿਰਫ਼ ਸ਼ਾਨੋ-ਸ਼ੌਕਤ ਅਤੇ ਰਾਜਸੀ ਪ੍ਰਚਾਰ ਤੱਕ ਸੀਮਤ ਹੋ ਕੇ ਰਹਿ ਗਏ ਹਨ। ਸਿੱਖ ਪੰਥ ਨੂੰ ਚਾਹੀਦਾ ਹੈ ਕਿ ਉਹ ਇਸ ਫਜ਼ੂਲ ਖਰਚ ਨੂੰ ਰੋਕ ਕੇ, ਗੁਰੂ ਸਾਹਿਬਾਨ ਦੀ ਯਾਦ ਵਿੱਚ ਅਜਿਹੀਆਂ ਸੰਸਥਾਵਾਂ ਬਣਾਏ, ਜੋ ਸਮਾਜ ਦੀ ਭਲਾਈ ਕਰਨ ਦੇ ਨਾਲ-ਨਾਲ ਸਿੱਖੀ ਦੇ ਪ੍ਰਚਾਰ ਦਾ ਵੀ ਮਾਧਿਅਮ ਬਣ ਸਕਣ।

# ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਅਮਰੀਕਾ ਚੀਨ ਤੋਂ ਕਿਉਂ ਪਛੜਿਆ

## ✪ ਪੰਜ ਮਜਬੂਤ ਦੇਸ਼ ਕਿਹੜੇ ਅਤੇ ਭਾਰਤ ਦੀ ਸਥਿਤੀ ਕਿਥੇ ਖੜੀ ਹੈ?

ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਖੇਤਰ ਵਿੱਚ ਅਮਰੀਕਾ ਦੀ ਇਜਾਰੇਦਾਰੀ ਨੂੰ ਲੰਬੇ ਸਮੇਂ ਤੱਕ ਅਟੱਲ ਸਮਝਿਆ ਜਾਂਦਾ ਸੀ, ਪਰ ਹੁਣ ਚੀਨ ਦੀ ਤੇਜ਼ ਤਰੱਕੀ ਨੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਇਸ ਦੇ ਪਿੱਛੇ ਕਈ ਕਾਰਨ ਹਨ। ਪਹਿਲਾ, ਚੀਨ ਨੇ ਏ.ਆਈ. ਵਿੱਚ ਵੱਡੀ ਪੱਧਰ ’ਤੇ ਨਿਵੇਸ਼ ਕੀਤਾ, ਜਿਸ ਵਿੱਚ ਸਰਕਾਰੀ ਸਮਰਥਨ, ਵਿਸ਼ਾਲ ਡੇਟਾ ਸਰੋਤ ਅਤੇ ਮਨੁੱਖੀ ਸਮਰੱਥਾ ਸ਼ਾਮਲ ਹਨ। ਹਾਰਵਰਡ ਯੂਨੀਵਰਸਿਟੀ ਦੀ ਰਿਪੋਰਟ ਮੁਤਾਬਕ, ਚੀਨ ਕੋਲ ਡੇਟਾ ਅਤੇ ਹੁਨਰਮੰਦ ਮਨੁੱਖੀ ਵਸੀਲਿਆਂ ਦੀ ਭਰਮਾਰ ਹੈ, ਜੋ ਏ.ਆਈ. ਦੇ ਵਿਕਾਸ ਲਈ ਜ਼ਰੂਰੀ ਹਨ।

ਦੂਜਾ, ਚੀਨੀ ਮਾਡਲ ਜਿਵੇਂ ਕਿ ਡੀਪਸੀਕ, ਜ਼ਿੰਪੂ ਅਤੇ ਕਵੇਨਇਹ ਸਸਤੇ, ਖੁੱਲ੍ਹੇ ਸਰੋਤ ਵਾਲੇ ਅਤੇ ਸਥਾਨਕ ਲੋੜਾਂ ਮੁਤਾਬਕ ਹਨ, ਜੋ ਅਮਰੀਕੀ ਮਾਡਲਾਂ ਨਾਲੋਂ ਕਿਤੇ ਵੱਧ ਵਿਹਾਰਕ ਸਾਬਤ ਹੋ ਰਹੇ ਹਨ। ਵਿਸ਼ਵ ਪੱਧਰੀ ਕੰਪਨੀਆਂ ਜਿਵੇਂ ਕਿ ਸਟੈਂਡਰਡ ਚਾਰਟਰਡ ਅਤੇ ਸਾਊਦੀ ਅਰਾਮਕੋ ਇਨ੍ਹਾਂ ਦੀ ਵਰਤੋਂ ਕਰ ਰਹੀਆਂ ਹਨ। ਤੀਜਾ, ਅਮਰੀਕੀ ਸਰਕਾਰ ਦੀਆਂ ਪਾਬੰਦੀਆਂ, ਜਿਵੇਂ ਕਿ ਐਨਵੀਡੀਆ ਦੀ ਐਚ-20 ਚਿੱਪ ਦੀ ਵਿਕਰੀ ’ਤੇ ਰੋਕ, ਨੇ ਅਮਰੀਕੀ ਕੰਪਨੀਆਂ ਨੂੰ ਹੀ ਨੁਕਸਾਨ ਪਹੁੰਚਾਇਆ, ਜਿਸ ਨਾਲ ਚੀਨ ਨੂੰ ਆਪਣੀਆਂ ਤਕਨੀਕਾਂ ਵਿਕਸਿਤ ਕਰਨ ਦਾ ਮੌਕਾ ਮਿਲਿਆ।

ਅਮਰੀਕਾ ਦੀ ਪਛੜਨ ਦਾ ਇੱਕ ਵੱਡਾ ਕਾਰਨ ਉਸ ਦੀਆਂ ਮਹਿੰਗੀਆਂ ਅਤੇ ਬੰਦ ਸਰੋਤ ਵਾਲੀਆਂ ਤਕਨੀਕਾਂ ਵੀ ਹਨ। ਜਦਕਿ ਚੀਨ ਦੇ ਮਾਡਲ ਸਸਤੇ ਅਤੇ ਆਸਾਨੀ ਨਾਲ ਉਪਲਬਧ ਹਨ, ਅਮਰੀਕੀ ਕੰਪਨੀਆਂ ਜਿਵੇਂ ਕਿ ਮੈਟਾ, ਗੂਗਲ ਅਤੇ ਐਂਥਰੋਪਿਕ ਨੂੰ ਆਪਣੀ ਉੱਤਮਤਾ ਸਾਬਤ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ, ਚੀਨ ਦੀ ਸਰਕਾਰੀ ਨੀਤੀਆਂ ਅਤੇ ਤੇਜ਼ੀ ਨਾਲ ਵਿਕਾਸ ਦੀ ਰਣਨੀਤੀ ਨੇ ਉਸ ਨੂੰ ਏ.ਆਈ. ਦੇ ਖੇਤਰ ਵਿੱਚ ਮੋਹਰੀ ਬਣਾਇਆ ਹੈ। ਏ.ਆਈ. ਵਿੱਚ ਪੰਜ ਮਜਬੂਤ ਦੇਸ਼ : ਚੀਨ, ਅਮਰੀਕ, ਬਰਤਾਨੀਆ, ਕੈਨੇਡਾ, ਦੱਖਣੀ ਕੋਰੀਆ ਹਨ। ਭਾਰਤ ਏ.ਆਈ. ਦੇ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਪਰ ਅਜੇ ਵੀ ਚੀਨ ਅਤੇ ਅਮਰੀਕਾ ਨਾਲੋਂ ਬਹੁਤ ਪਿੱਛੇ ਹੈ। ਭਾਰਤ ਦੀ ਮਜਬੂਤੀ ਉਸ ਦੀ ਵਿਸ਼ਾਲ ਆਈ.ਟੀ. ਇੰਡਸਟਰੀ, ਹੁਨਰਮੰਦ ਮਨੁੱਖੀ ਵਸੀਲੇ ਅਤੇ ਸਟਾਰਟਅੱਪ ਸੱਭਿਆਚਾਰ ਵਿੱਚ ਹੈ। ਸਰਕਾਰ ਦੀ “ਡਿਜੀਟਲ ਇੰਡੀਆ” ਅਤੇ “ਏ.ਆਈ. ਫਾਰ ਆਲ” ਪਹਿਲਕਦਮੀਆਂ ਨੇ ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਹੈ। ਪਰ, ਡੇਟਾ ਪਹੁੰਚ, ਨਿਵੇਸ਼ ਅਤੇ ਬੁਨਿਆਦੀ ਢਾਂਚੇ ਦੀ ਕਮੀ ਕਾਰਨ ਭਾਰਤ ਨੂੰ ਅਜੇ ਲੰਮਾ ਸਫਰ ਤੈਅ ਕਰਨਾ ਹੈ।

ਹਾਰਵਰਡ ਯੂਨੀਵਰਸਿਟੀ ਦੀ ਰਿਪੋਰਟ ਨੇ ਚੀਨ ਦੀ ਡੇਟਾ ਅਤੇ ਮਨੁੱਖੀ ਵਸੀਲਿਆਂ ਦੀ ਮਜਬੂਤੀ ’ਤੇ ਵਿਸ਼ਲੇਸ਼ਣ ਦਿੱਤਾ। ਇਸ ਤੋਂ ਇਲਾਵਾ, ਸਮਾਜਿਕ ਮੀਡੀਆ ’ਤੇ, ਖਾਸ ਕਰਕੇ ਐਕਸ ’ਤੇ, ਚੀਨ ਦੀ ਏ.ਆਈ. ਤਰੱਕੀ ਨੂੰ ਲੈ ਕੇ ਚਰਚਾ ਗਰਮ ਹੈ, ਜਿੱਥੇ ਮਾਈਕਰੋਸਾਫਟ ਦੇ ਸਾਬਕਾ ਏ.ਆਈ. ਚੀਫ ਨੇ ਵੀ ਦੋਹਾਂ ਦੇਸ਼ਾਂ ਦੇ ਅੰਤਰ ਦੇ ਘਟਣ ਦੀ ਗੱਲ ਕੀਤੀ। ਇਹ ਦੌੜ ਸਿਰਫ ਤਕਨੀਕੀ ਨਹੀਂ, ਸਗੋਂ ਵਿਚਾਰਧਾਰਕ ਵੀ ਹੈ। ਚੀਨ ਦੀ ਸਸਤੀ ਅਤੇ ਖੁੱਲ੍ਹੀ ਏ.ਆਈ. ਨੀਤੀ ਨੇ ਵਿਸ਼ਵ ਪੱਧਰ ’ਤੇ ਉਸ ਦੀ ਪਕੜ ਮਜਬੂਤ ਕੀਤੀ ਹੈ, ਜਦਕਿ ਅਮਰੀਕਾ ਦੀਆਂ ਪਾਬੰਦੀਆਂ ਅਤੇ ਮਹਿੰਗੇ ਮਾਡਲ ਉਸ ਦੀ ਰਫਤਾਰ ਨੂੰ ਹੌਲੀ ਕਰ ਰਹੇ ਹਨ।

# ਪੰਜਾਬ ਸਰਕਾਰ ਦੀ ਅਣਗਹਿਲੀ ਕਾਰਣ ਸ਼ੇਰ-ਏ-ਪੰਜਾਬ ਦੀ ਵਿਰਾਸਤ ਹੋਈ ਤਬਾਹ


## ✪ ਅੰਮ੍ਰਿਤਸਰ ਦੀ ਸੁਰੱਖਿਆ ਕੰਧ ਹੋਈ ਖਸਤਾ, ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਦੀ ਚੁੱਪੀ ਹੈਰਾਨੀਜਨਕ ✪ ਪੰਜਾਬ ਸਰਕਾਰ ਰਾਜਸਥਾਨ ਵਾਂਗ ਪੰਜਾਬ ਦੀ ਪੁਰਾਤਨ ਵਿਰਾਸਤ ਦੀ ਸੰਭਾਲ ਕਰੇ

ਅੰਮ੍ਰਿਤਸਰ ਸਿੱਖ ਧਰਮ ਦਾ ਮੁੱਖ ਤੀਰਥ ਅਤੇ ਪੰਜਾਬ ਦਾ ਸੱਭਿਆਚਾਰਕ ਕੇਂਦਰ, ਇਕ ਸਮੇਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਦਾ ਮੁੱਖ ਕੇਂਦਰ ਸੀ। ਮਹਾਰਾਜਾ ਰਣਜੀਤ ਸਿੰਘ ਨੇ 1823 ਵਿੱਚ ਸ਼ਹਿਰ ਦੀ ਸੁਰੱਖਿਆ ਅਤੇ ਦੁਸ਼ਮਣ ਸੈਨਾਵਾਂ ਦੇ ਮੁਕਾਬਲੇ ਲਈ ਇੱਕ ਮਜ਼ਬੂਤ ਸੁਰੱਖਿਆ ਕੰਧ ਦੀ ਉਸਾਰੀ ਸ਼ੁਰੂ ਕਰਵਾਈ ਸੀ।

ਇਹ ਕੰਧ ਨਾਨਕਸ਼ਾਹੀ ਇੱਟਾਂ ਨਾਲ ਬਣੀ ਸੀ, ਜਿਸ ਦਾ ਘੇਰਾ 5100 ਕਰਮ ਸੀ ਅਤੇ ਇਸ ਦੀ ਚੌੜਾਈ 25 ਫੁੱਟ ਸੀ। ਇਸ ਦੇ ਅੰਦਰ 10 ਗਜ਼ ਚੌੜੀ ਅਤੇ 8724 ਗਜ਼ ਲੰਬੀ ਧੂੜਕੋਟ (ਕੱਚੀ ਕੰਧ) ਵੀ ਬਣਾਈ ਗਈ ਸੀ, ਜਿਸ ਵਿੱਚ ਰੇਤ ਭਰੀ ਗਈ ਸੀ। ਇਸ ਕੰਧ ਦੀ ਉਸਾਰੀ ਦੀ ਜ਼ਿੰਮੇਵਾਰੀ ਦੇਸਾ ਸਿੰਘ ਮਜੀਠੀਆ ਅਤੇ ਲਹਿਣਾ ਸਿੰਘ ਮਜੀਠੀਆ ਨੂੰ ਸੌਂਪੀ ਗਈ ਸੀ, ਜਦਕਿ ਅਫਸਰ-ਏ-ਇਮਾਰਤ ਗਣੇਸ਼ ਦਾਸ ਅਤੇ ਮਿਸਤਰੀ ਮੁਹੰਮਦ ਯਾਰ ਖ਼ਾਨ ਨੇ ਇਸ ਦੀ ਡਿਜ਼ਾਈਨ ਅਤੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਵੀ ਇਸ ਕੰਧ ਦੀ ਮੁਰੰਮਤ ਅਤੇ ਵਿਸਥਾਰ ਤੇ ਵੱਡੀ ਰਕਮ ਖਰਚੀ ਗਈ ਸੀ।

ਇਤਿਹਾਸਕ ਦਸਤਾਵੇਜ਼ਾਂ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਕੰਧ ਦੀ ਉਸਾਰੀ ਅਤੇ ਧੂੜਕੋਟ ਤੇ ਕੁੱਲ 7,00,000 ਰੁਪਏ ਖਰਚੇ ਗਏ, ਜਦਕਿ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ 5,70,460 ਰੁਪਏ ਦਾ ਵਾਧੂ ਖਰਚ ਆਇਆ। ਕੁੱਲ ਮਿਲਾ ਕੇ, ਇਸ ਇਤਿਹਾਸਕ ਕੰਧ ਦੀ ਉਸਾਰੀ ਤੇ 1,94,04,601 ਰੁਪਏ ਦੀ ਲਾਗਤ ਆਈ ਸੀ, ਜੋ ਅੱਜ ਦੇ ਸਮੇਂ ਵਿੱਚ ਕਰੋੜਾਂ ਰੁਪਏ ਦੇ ਬਰਾਬਰ ਹੈ। ਇਹ ਕੰਧ ਨਾ ਸਿਰਫ਼ ਸੁਰੱਖਿਆ ਦਾ ਪ੍ਰਤੀਕ ਸੀ, ਸਗੋਂ ਸਿੱਖ ਸਾਮਰਾਜ ਦੀ ਸ਼ਕਤੀ ਅਤੇ ਵਿਰਾਸਤ-ਏ-ਖਾਲਸਾ ਰਾਜ ਦਾ ਜੀਵੰਤ ਸਬੂਤ ਵੀ ਸੀ।

ਅੱਜ ਦੇ ਸਮੇਂ ਵਿੱਚ, ਇਹ ਸੁਰੱਖਿਆ ਕੰਧ ਲਗਭਗ ਜ਼ਮੀਨਦੋਜ਼ ਹੋ ਚੁੱਕੀ ਹੈ। ਕੰਧ ਦਾ ਵਧੇਰੇ ਹਿੱਸਾ ਸਮੇਂ ਦੀ ਮਾਰ, ਸ਼ਹਿਰੀਕਰਨ ਅਤੇ ਸਰਕਾਰੀ ਅਣਗਹਿਲੀ ਕਾਰਨ ਨਸ਼ਟ ਹੋ ਗਿਆ ਹੈ। ਸਿਰਫ਼ ਕੁਝ ਹਿੱਸੇ, ਜਿਵੇਂ ਕਿ ਹਾਲ ਗੇਟ (ਦਰਵਾਜ਼ਾ ਰਾਮ ਬਾਗ ਦੀ ਡਿਉੜ੍ਹੀ) ਅਤੇ ਸੁਲਤਾਨਵਿੰਡ ਗੇਟ ਨੇੜੇ ਪੁਲਿਸ ਥਾਣਾ ਬੀ-ਡਿਵੀਜ਼ਨ ਦੇ ਨਾਲ, ਖਸਤਾ ਹਾਲਤ ਵਿੱਚ ਬਚੇ ਹਨ। ਹਾਲ ਬਾਜ਼ਾਰ ਵਾਲੇ ਪਾਸੇ ਕੰਧ ਦੇ ਬਚੇ ਹਿੱਸੇ ਨੂੰ ਸੁਰੱਖਿਅਤ ਕਰਨ ਦੇ ਨਾਂ 'ਤੇ ਦਿੱਲੀ ਦੀ ਕਲਚਰਲ ਰਿਸੋਰਸ ਕੰਜ਼ਰਵੇਸ਼ਨ ਇਨੀਸ਼ੀਏਟਿਵ ਕੰਪਨੀ ਨੇ ਪੁਲਿਸ ਮਿਊਜ਼ੀਅਮ ਬਣਾਇਆ ਸੀ, ਪਰ ਇਹ ਮਿਊਜ਼ੀਅਮ ਬਣਨ ਤੋਂ ਬਾਅਦ ਬੰਦ ਹੀ ਰਿਹਾ।



ਇਸ ਨਾਲ ਨਾ ਸਿਰਫ਼ ਕੰਧ ਦੀ ਪੁਰਾਣੀ ਦਿੱਖ ਖਤਮ ਹੋਈ, ਸਗੋਂ ਇਸ ਦੀ ਇਤਿਹਾਸਕ ਮਹੱਤਤਾ ਵੀ ਗੁਆਚ ਗਈ ਸੁਲਤਾਨਵਿੰਡ ਗੇਟ ਨੇੜੇ ਕੰਧ ਦੇ ਬਚੇ ਹਿੱਸੇ ਦੀ ਹਾਲਤ ਵੀ ਦਿਲ ਨੂੰ ਦੁਖੀ ਕਰਨ ਵਾਲੀ ਹੈ। ਇਸ ਦੇ ਨਾਲ ਅਸਥਾਈ ਪਾਰਕਿੰਗ ਬਣਾਈ ਗਈ ਹੈ, ਜਿੱਥੇ ਵਾਹਨ ਖੜ੍ਹੇ ਕੀਤੇ ਜਾਂਦੇ ਹਨ। ਸੰਬੰਧਿਤ ਵਿਭਾਗਾਂ, ਜਿਵੇਂ ਕਿ ਪੰਜਾਬ ਸਰਕਾਰ ਦੇ ਪੁਰਾਤੱਤਵ ਵਿਭਾਗ ਜਾਂ ਸਥਾਨਕ ਪ੍ਰਸ਼ਾਸਨ, ਨੇ ਇਸ ਦੀ ਸੰਭਾਲ ਜਾਂ ਰੱਖ-ਰਖਾਅ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਇਹ ਅਣਗਹਿਲੀ ਸਿੱਖ ਇਤਿਹਾਸ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਦੀ ਬੇਅਦਬੀ ਦੇ ਸਮਾਨ ਹੈ।

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੋਮਣੀ ਅਕਾਲੀ ਦਲ, ਅਤੇ ਹੋਰ ਪੰਥਕ ਜਥੇਬੰਦੀਆਂ ਸਿੱਖ ਮਾਮਲਿਆਂ ਬਾਰੇ ਅਕਸਰ ਆਵਾਜ਼ ਉਠਾਉਂਦੀਆਂ ਰਹੀਆਂ ਹਨ। ਪਰ, ਅੰਮ੍ਰਿਤਸਰ ਦੀ ਸੁਰੱਖਿਆ ਕੰਧ ਦੀ ਬੁਰੀ ਹਾਲਤ 'ਤੇ ਇਨ੍ਹਾਂ ਸੰਸਥਾਵਾਂ ਦੀ ਚੁੱਪੀ ਸਵਾਲ ਖੜ੍ਹੇ ਕਰਦੀ ਹੈ। ਸ੍ਰੋਮਣੀ ਕਮੇਟੀ, ਜੋ ਸ੍ਰੀ ਦਰਬਾਰ ਸਾਹਿਬ ਸਮੇਤ ਸਿੱਖ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਸੰਭਾਲਦੀ ਹੈ, ਨੇ ਇਸ ਮੁੱਦੇ 'ਤੇ ਕੋਈ ਮੁਹਿੰਮ ਜਾਂ ਪਹਿਲਕਦਮੀ ਨਹੀਂ ਚੁੱਕੀ। ਸਮਾਨ ਰੂਪ ਵਿੱਚ, ਸ਼੍ਰੋਮਣੀ ਅਕਾਲੀ ਦਲ, ਜਿਸ ਦੀ ਸਰਕਾਰ ਨੇ ਪਹਿਲਾਂ ਵਿਰਾਸਤ-ਏ-ਖਾਲਸਾ ਵਰਗੀਆਂ ਯਾਦਗਾਰਾਂ ਦੀ ਉਸਾਰੀ ਕਰਵਾਈ ਸੀ, ਵੀ ਇਸ ਮੁੱਦੇ 'ਤੇ ਚੁੱਪ ਹੈ। ਪੰਥਕ ਜਥੇਬੰਦੀਆਂ ਜਿਵੇਂ ਕਿ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਅਤੇ ਸੰਤ ਸਮਾਜ, ਜੋ ਸਿੱਖ ਮੁੱਦਿਆਂ 'ਤੇ ਸਰਗਰਮ ਰਹਿੰਦੀਆਂ ਹਨ, ਨੇ ਵੀ ਇਸ ਇਤਿਹਾਸਕ ਕੰਧ ਦੀ ਸੰਭਾਲ ਲਈ ਕੋਈ ਵੱਡੀ ਅਵਾਜ਼ ਨਹੀਂ ਉਠਾਈ। ਇਸ ਤੋਂ ਸਪਸ਼ਟ ਹੈ ਕਿ ਪੰਥਕ ਸੰਸਥਾਵਾਂ ਸਿੱਖ ਵਿਰਾਸਤ ਲਈ ਸੁਚੇਤ ਨਹੀਂ ਹਨ।

ਰਾਜਸਥਾਨ ਸਰਕਾਰ ਨੇ ਆਪਣੀ ਵਿਰਾਸਤ ਦੀ ਸੰਭਾਲ ਲਈ ਕਈ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ। ਜੈਪੁਰ ਦੇ ਜੰਤਰ-ਮੰਤਰ, ਹਵਾ ਮਹਿਲ, ਅਤੇ ਅਮੇਰ ਕਿਲ੍ਹੇ ਵਰਗੇ ਇਤਿਹਾਸਕ ਸਥਾਨਾਂ ਦੀ ਸੰਭਾਲ ਅਤੇ ਪ੍ਰਚਾਰ ਲਈ ਵਿਸ਼ਵ ਪੱਧਰੀ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਰਾਜਸਥਾਨ ਸਰਕਾਰ ਨੇ ਵਿਰਾਸਤੀ ਸਥਾਨਾਂ ਨੂੰ ਸੈਰ-ਸਪਾਟਾ ਅਤੇ ਸੱਭਿਆਚਾਰਕ ਮਹੱਤਤਾ ਦੇ ਕੇਂਦਰ ਵਜੋਂ ਵਿਕਸਤ ਕਰਨ ਲਈ ਵਿਸ਼ੇਸ਼ ਫੰਡ ਤੇ ਨੀਤੀਆਂ ਬਣਾਈਆਂ ਹਨ ਤੇ ਇਹ ਵਿਰਾਸਤ ਰਾਜਿਸਥਾਨ ਦੀ ਕਮਾਈ ਦਾ ਵੀ ਸਰੋਤ ਹੈ। ਇਸ ਦੇ ਉਲਟ, ਪੰਜਾਬ ਸਰਕਾਰ ਨੇ ਸਿੱਖ ਇਤਿਹਾਸ ਦੀਆਂ ਵਿਰਾਸਤਾਂ, ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਸੁਰੱਖਿਆ ਕੰਧ, ਦੀ ਸੰਭਾਲ ਲਈ ਕੋਈ ਠੋਸ ਨੀਤੀ ਨਹੀਂ ਅਪਣਾਈ।

ਪੰਜਾਬ ਸਰਕਾਰ ਦੀ ਅਣਗਹਿਲੀ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਸਰਕਾਰੀ ਫੰਡਾਂ ਦੀ ਘਾਟ, ਰਾਜਨੀਤਕ ਹਿੱਤਾਂ ਨੂੰ ਪਹਿਲ, ਜਾਂ ਪੁਰਾਤੱਤਵ ਵਿਭਾਗ ਦੀ ਅਣਗਹਿਲੀ। ਅਜਿਹੀ ਅਣਗਹਿਲੀ ਨੇ ਸਿੱਖ ਵਿਰਾਸਤ ਦੇ ਮਹੱਤਵਪੂਰਨ ਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਹੈ। ਉਦਾਹਰਣ ਵਜੋਂ, ਗੁਰੂ ਹਰਗੋਬਿੰਦ ਸਾਹਿਬ ਦੁਆਰਾ 1619 ਵਿੱਚ ਬਣਵਾਈ ਗਈ ਸੁਰੱਖਿਆ ਕੰਧ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਹੈ। ਇਸੇ ਤਰ੍ਹਾਂ, ਭੰਗੀ ਮਿਸਲ ਅਤੇ ਰਾਮਗੜ੍ਹੀਆ ਮਿਸਲ ਦੁਆਰਾ ਬਣਾਈਆਂ ਗਈਆਂ ਕੰਧਾਂ ਦੇ ਹਿੱਸੇ ਵੀ ਨਸ਼ਟ ਹੋ ਚੁਕੇ ਹਨ।

ਪੰਜਾਬ ਸਰਕਾਰ ਨੂੰ ਸਿੱਖ ਵਿਰਾਸਤ ਦੀ ਸੰਭਾਲ ਲਈ ਇੱਕ ਵਿਸ਼ੇਸ਼ ਨੀਤੀ ਬਣਾਉਣ ਦੀ ਲੋੜ ਹੈ। ਸੁਰੱਖਿਆ ਕੰਧ ਦੇ ਬਚੇ ਹਿੱਸਿਆਂ ਨੂੰ ਸੰਭਾਲਣ ਲਈ ਤੁਰੰਤ ਕਦਮ ਚੁੱਕੇ ਜਾਣੇ ਚਾਹੀਦੇ ਹਨ, ਜਿਸ ਵਿੱਚ ਪੁਰਾਤੱਤਵ ਵਿਭਾਗ ਦੀ ਸਰਗਰਮ ਸ਼ਮੂਲੀਅਤ, ਫੰਡਿੰਗ, ਅਤੇ ਸਥਾਨਕ ਸੰਸਥਾਵਾਂ ਦਾ ਸਹਿਯੋਗ ਸ਼ਾਮਲ ਹੋਵੇ। ਸਰਕਾਰ ਨੂੰ ਸੁਰੱਖਿਆ ਕੰਧ ਨੂੰ ਸੈਰ-ਸਪਾਟਾ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਦੇ ਕੇਂਦਰ ਵਜੋਂ ਵਿਕਸਤ ਕਰਨ ਲਈ ਪ੍ਰੋਜੈਕਟ ਸ਼ੁਰੂ ਕਰਨੇ ਚਾਹੀਦੇ।

ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਵਿਰਾਸਤਾਂ ਸਮੇਂ ਦੀ ਮਾਰ ਅਤੇ ਸਰਕਾਰੀ ਅਣਗਹਿਲੀ ਕਾਰਨ ਨਸ਼ਟ ਹੋ ਚੁੱਕੀਆਂ ਹਨ। ਉਦਾਹਰਣ ਵਜੋਂ, ਅੰਮ੍ਰਿਤਸਰ ਦਾ ਗੋਬਿੰਦਗੜ੍ਹ ਕਿਲ੍ਹਾ, ਜੋ ਮਹਾਰਾਜਾ ਦੀ ਸ਼ਕਤੀ ਦਾ ਪ੍ਰਤੀਕ ਸੀ, ਲੰਬੇ ਸਮੇਂ ਤੱਕ ਅਣਗਹਿਲੀ ਦਾ ਸ਼ਿਕਾਰ ਰਿਹਾ। ਹਾਲਾਂਕਿ, ਇਸ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕੀਤਾ ਗਿਆ, ਪਰ ਇਸ ਦੀ ਅਸਲ ਇਤਿਹਾਸਕ ਦਿੱਖ ਨੂੰ ਬਹੁਤ ਨੁਕਸਾਨ ਪਹੁੰਚਿਆ। ਅੰਗਰੇਜ਼ਾਂ ਨੇ 1849 ਵਿੱਚ ਪੰਜਾਬ 'ਤੇ ਕਬਜ਼ੇ ਤੋਂ ਬਾਅਦ ਸੁਰੱਖਿਆ ਕੰਧ ਦੇ ਕਈ ਹਿੱਸੇ ਢਾਹ ਦਿੱਤੇ ਸਨ ਅਤੇ ਨਵੀਂ ਕੰਧ ਬਣਾਈ, ਜਿਸ ਨਾਲ ਅਸਲ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ। ਆਜ਼ਾਦੀ ਤੋਂ ਬਾਅਦ, ਕਾਂਗਰਸ ਅਤੇ ਅਕਾਲੀ ਸਰਕਾਰਾਂ ਦੇ ਸਮੇਂ ਵੀ ਵਿਰਾਸਤ ਦੀ ਸੰਭਾਲ ਲਈ ਢੁੱਕਵੀਆਂ ਨੀਤੀਆਂ ਦੀ ਘਾਟ ਰਹੀ ਹੈ।

ਪੰਜਾਬ ਸਰਕਾਰ ਨੂੰ ਰਾਜਸਥਾਨ ਸਰਕਾਰ ਦੀਆਂ ਪਹਿਲਕਦਮੀਆਂ ਤੋਂ ਸਿੱਖਿਆ ਲੈ ਕੇ ਸਿੱਖ ਵਿਰਾਸਤ ਦੀ ਸੰਭਾਲ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

# ਯੂਰਪ ਦੀ ਉੱਚੀ ਚੋਟੀ ਮਾਊਂਟ ਐਲਬ੍ਰਸ ਨੂੰ ਫਤਿਹ ਕਰਨ ਵਾਲੇ ਛੇ ਸਾਲਾ ਤੇਗਬੀਰ ਸਿੰਘ ਨੂੰ ਅਕਾਲ ਤਖਤ ਤੋਂ ਮਿਲਿਆ ਸਨਮਾਨ




ਅੰਮ੍ਰਿਤਸਰ-ਬੀਤੇ ਦਿਨੀਂ ਰੂਸ ਅਤੇ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਲਬ੍ਰਸ ਨੂੰ ਸਰ ਕਰਨ ਵਾਲੇ ਛੇ ਸਾਲਾ ਕਾਕਾ ਤੇਗਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਵੀ ਹਾਜ਼ਰ ਸਨ। ਦਸਣਯੋਗ ਹੈ ਕਿ ਇਸ ਤੋਂ ਪਹਿਲਾਂ ਕਾਕਾ ਤੇਗਬੀਰ ਸਿੰਘ 5 ਸਾਲ ਦੀ ਉਮਰ ਵਿਚ ਅਪ੍ਰੈਲ 2024 ਦੌਰਾਨ ਮਾਊਂਟ ਐਵਰੈਸਟ ਬੇਸ ਕੈਂਪ ਨੇਪਾਲ ਪਹੁੰਚਣ ਵਾਲਾ ਸਭ ਤੋਂ ਛੋਟੀ ਉਮਰ ਦਾ ਬੱਚਾ ਹੈ ਤੇ ਅਗਸਤ 2024 ਵਿਚ ਮਾਊਂਟ ਕਿਲਿਮੰਜਾਰੋ ਅਫਰੀਕਾ ਮਹਾਦੀਪ ਦੀ ਸਭ ਤੋਂ ਉੱਚੀ ਚੋਟੀ ਨੂੰ ਸਭ ਤੋਂ ਘੱਟ ਉਮਰ ਵਿਚ ਸਰ ਕਰਨ ਵਾਲਾ ਭਾਰਤੀ ਤੇ ਏਸ਼ੀਆ ਖੇਤਰ ਦਾ ਬੱਚਾ ਹੋਣ ਦਾ ਮਾਣ ਵੀ ਹਾਸਲ ਕਰ ਚੱਕਾ ਹੈ। ਇਸ ਮੌਕੇ ਕਾਕਾ ਤੇਗਬੀਰ ਸਿੰਘ ਦੇ ਪਿਤਾ ਸੁਖਿੰਦਰ ਦੀਪ ਸਿੰਘ, ਮਾਤਾ ਡਾ. ਮਨਪ੍ਰੀਤ ਕੌਰ, ਭੈਣ ਪਵਿਤਜੋਤ ਕੌਰ, ਨਾਨਾ ਗੁਰਚਰਨ ਸਿੰਘ, ਦਾਦੀ ਨਰਿੰਦਰਜੀਤ ਕੌਰ, ਪੜਨਾਨੀ ਬੀਬੀ ਬਲਵਿੰਦਰ ਕੌਰ ਨੂੰ ਵੀ ਸਿੰਘ ਸਾਹਿਬਾਨ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਪੰਜਾਬ ਦੀ ਧੀ ਅਮਨਜੋਤ ਕੌਰ ਨੇ ਕ੍ਰਿਕਟ ਵਿਚ ਭਾਰਤ ਤੇ ਸਿੱਖ ਪੰਥ ਦਾ ਨਾਮ ਚਮਕਾਇਆ

## ✪ ਕਿਰਤੀ ਪਰਿਵਾਰ ਨੇ ਅਮਨਜੋਤ ਨੂੰ ਟਰੇਨਿੰਗ ਦਿਵਾਕੇ ਕ੍ਰਿਕਟ ਸਟਾਰ ਬਣਾਇਆ
## ✪ ਇੰਗਲੈਂਡ ਨੂੰ ਹਰਾਉਣ ਵਾਲੀ ਪੰਜਾਬਣ ਅਮਨਜੋਤ ਦੀ ਸੰਘਰਸ਼ ਭਰਪੂਰ ਦਾਸਤਾਨ

ਪੰਜਾਬ ਦੀ ਉੱਭਰਦੀ ਕ੍ਰਿਕਟ ਸਟਾਰ ਅਮਨਜੋਤ ਕੌਰ, ਮੁਹਾਲੀ ਜੋ ਕਿ ਇੱਕ ਕਿਰਤੀ ਸਿੱਖ ਪਰਿਵਾਰ ਨਾਲ ਸਬੰਧਤ, ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਇੰਗਲੈਂਡ ਖਿਲਾਫ ਟੀ-20 ਸੀਰੀਜ਼ ਦੇ ਦੂਜੇ ਮੈਚ ਵਿੱਚ 24 ਦੌੜਾਂ ਨਾਲ ਜਿੱਤ ਵਿੱਚ ਅਮਨਜੋਤ ਕੌਰ ਦਾ ਹਰਫਨਮੌਲਾ ਪ੍ਰਦਰਸ਼ਨ ਨੇ ਸਭ ਦਾ ਧਿਆਨ ਖਿੱਚਿਆ। ਉਸ ਨੇ 40 ਗੇਂਦਾਂ ਵਿੱਚ 63 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ, ਜਿਸ ਵਿੱਚ 9 ਚੌਕੇ ਸ਼ਾਮਲ ਸਨ, ਅਤੇ ਗੇਂਦਬਾਜ਼ੀ ਵਿੱਚ ਇੰਗਲੈਂਡ ਦੀ ਕਪਤਾਨ ਨੈਟ ਸਾਈਵਰ-ਬਰੰਟ ਦੀ ਮਹੱਤਵਪੂਰਨ ਵਿਕਟ ਲੈ ਕੇ ਪਲੇਅਰ ਆਫ ਦਿ ਮੈਚ ਦਾ ਖਿਤਾਬ ਜਿੱਤਿਆ। ਅਮਨਜੋਤ ਕੌਰ ਦੀ ਇਹ ਸਫਲਤਾ ਸਿਰਫ ਉਸ ਦੀ ਮਿਹਨਤ ਦਾ ਨਤੀਜਾ ਨਹੀਂ, ਸਗੋਂ ਉਸ ਦੇ ਪਰਿਵਾਰ ਅਤੇ ਕੋਚ ਦੇ ਅਥਾਹ ਸਮਰਥਨ ਦਾ ਨਤੀਜਾ ਹੈ।ਅਮਨਜੋਤ ਦੇ ਪਿਤਾ, ਭੁਪਿੰਦਰ ਸਿੰਘ, ਲੱਕੜ ਦਾ ਫਰਨੀਚਰ ਬਣਾਉਣ ਦਾ ਕੰਮ ਕਰਦੇ ਹਨ, ਜਦਕਿ ਉਸ ਦੀ ਮਾਤਾ, ਮਨਜੀਤ ਕੌਰ, ਘਰੇਲੂ ਔਰਤ ਹੈ। ਪਰਿਵਾਰ ਦੀ ਆਰਥਿਕ ਸਥਿਤੀ ਸਾਧਾਰਨ ਹੋਣ ਦੇ ਬਾਵਜੂਦ, ਉਨ੍ਹਾਂ ਨੇ ਅਮਨਜੋਤ ਦੇ ਕ੍ਰਿਕਟ ਸੁਪਨਿਆਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ।

ਭੁਪਿੰਦਰ ਸਿੰਘ ਨੇ ਅਮਨਜੋਤ ਨੂੰ ਟਰੇਨਿੰਗ ਲਈ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਦੀਆਂ ਕ੍ਰਿਕਟ ਅਕੈਡਮੀਆਂ ਵਿੱਚ ਲਿਜਾਣ ਲਈ ਆਪਣਾ ਕੰਮ ਛੱਡਿਆ। ਉਹ ਤੜਕੇ ਅਮਨ ਨੂੰ 20 ਕਿਲੋਮੀਟਰ ਦੂਰ ਕੋਚਿੰਗ ਸੈਂਟਰ ਛੱਡਣ ਜਾਂਦੇ ਸਨ, ਫਿਰ 10 ਕਿਲੋਮੀਟਰ ਦੂਰ ਕੰਮ ਤੇ ਜਾਂਦੇ, ਅਤੇ ਸ਼ਾਮ ਨੂੰ ਮੁੜ ਅਮਨ ਨੂੰ ਵਾਪਸ ਲੈ ਕੇ ਆਉਂਦੇ। ਇਹ ਸਮਰਪਣ ਅਮਨ ਦੀ ਸਫਲਤਾ ਦੀ ਨੀਂਹ ਬਣਿਆ। ਭੁਪਿੰਦਰ ਦੱਸਦੇ ਹਨ ਕਿ ਕ੍ਰਿਕਟ



ਇੱਕ ਮਹਿੰਗੀ ਖੇਡ ਹੈ, ਪਰ ਉਹ ਅਮਨ ਦੀ ਟਰੇਨਿੰਗ ਵਿੱਚ ਕੋਈ ਕਮੀ ਨਹੀਂ ਛੱਡਣਾ ਚਾਹੁੰਦੇ ਸਨ।

### ਕ੍ਰਿਕਟ ਦੀਆਂ ਪ੍ਰਾਪਤੀਆਂ

ਅਮਨਜੋਤ ਕੌਰ ਨੇ ਆਪਣੇ ਕ੍ਰਿਕਟ ਕਰੀਅਰ ਦੀ ਸ਼ੁਰੂਆਤ ਗਲੀ ਕ੍ਰਿਕਟ ਤੋਂ ਕੀਤੀ, ਪਰ 16 ਸਾਲ ਦੀ ਉਮਰ ਵਿੱਚ ਕੋਚ ਨਾਗੇਸ਼ ਗੁਪਤਾ ਦੀ ਅਗਵਾਈ ਵਿੱਚ ਉਸ ਦਾ ਸਫਰ ਸਫਲਤਾ ਰੂਪ ਧਾਰਨ ਕਰ ਗਿਆ। ਚੰਡੀਗੜ੍ਹ ਅਤੇ ਪੰਜਾਬ ਲਈ ਘਰੇਲੂ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਨੇ ਉਸ ਨੂੰ 2021 ਅਤੇ 2022 ਦੀ ਸੀਨੀਅਰ ਮਹਿਲਾ ਵਨ ਡੇ ਚੈਲੇਂਜਰ ਟਰਾਫੀ ਵਿੱਚ ਚਮਕਣ ਦਾ ਮੌਕਾ ਦਿੱਤਾ। 2023 ਵਿੱਚ ਅਮਨਜੋਤ ਦੀ ਚੋਣ ਭਾਰਤੀ ਮਹਿਲਾ ਕ੍ਰਿਕੇਟ ਟੀਮ ਵਿੱਚ ਹੋਈ, ਜਿੱਥੇ ਉਸ ਨੇ ਦੱਖਣੀ ਅਫਰੀਕਾ ਖਿਲਾਫ ਪਹਿਲੇ ਮੈਚ ਵਿੱਚ 30 ਗੇਂਦਾਂ ਵਿੱਚ 41 ਦੌੜਾਂ ਦੀ ਪਾਰੀ ਖੇਡੀ। ਵੂਮੈਨ ਪ੍ਰੀਮੀਅਰ ਲੀਗ 2025 ਵਿੱਚ ਮੁੰਬਈ ਇੰਡੀਅਨਜ਼ ਲਈ ਖੇਡਦਿਆਂ ਅਮਨ ਨੇ ਆਰਸੀਬੀ ਖਿਲਾਫ 27 ਗੇਂਦਾਂ ਵਿੱਚ ਨਾਬਾਦ 34 ਦੌੜਾਂ ਬਣਾ ਕੇ ਟੀਮ ਨੂੰ ਜਿੱਤ ਦਿਵਾਈ ਅਤੇ ਪਲੇਅਰ ਆਫ ਦਿ ਮੈਚ ਦਾ ਖਿਤਾਬ ਜਿੱਤਿਆ। ਇਸ ਟੂਰਨਾਮੈਂਟ ਵਿੱਚ ਉਸ ਨੂੰ ਇਮਰਜਿੰਗ ਪਲੇਅਰ ਆਫ ਦਿ ਸੀਜ਼ਨ ਦੀ ਟਰਾਫੀ ਵੀ ਮਿਲੀ। ਇੰਗਲੈਂਡ ਖਿਲਾਫ 2025 ਦੇ ਟੀ-20 ਮੈਚ ਵਿੱਚ ਵੀ ਉਸ ਦੀ 63 ਦੌੜਾਂ ਅਤੇ ਵਿਕਟ ਨੇ ਉਸ ਦੀ ਹਰਫਨਮੌਲਾ ਯੋਗਤਾ ਨੂੰ ਸਾਬਤ ਕੀਤਾ।



### ਕੋਚ ਨਾਗੇਸ਼ ਗੁਪਤਾ ਦੀ ਅਹਿਮ ਭੂਮਿਕਾ

ਅਮਨਜੋਤ ਦੀ ਸਫਲਤਾ ਦਾ ਸਿਹਰਾ ਉਸ ਦੇ ਕੋਚ ਨਾਗੇਸ਼ ਗੁਪਤਾ ਨੂੰ ਜਾਂਦਾ ਹੈ, ਜਿਨ੍ਹਾਂ ਨੇ 9 ਸਾਲਾਂ ਤੋਂ ਉਸ ਨੂੰ ਸਿਖਲਾਈ ਦਿੱਤੀ। ਨਾਗੇਸ਼ ਨੇ ਅਮਨ ਦੀ ਪ੍ਰਤਿਭਾ ਨੂੰ ਪਛਾਣਿਆ ਅਤੇ ਉਸ ਨੂੰ ਜ਼ਿੰਮੇਵਾਰੀ ਨਾਲ ਖੇਡਣ ਦੀ ਸਮਝ ਵਿਕਸਤ ਕੀਤੀ। ਉਹ ਕਹਿੰਦੇ ਹਨ ਕਿ ਸੱਟ ਤੋਂ ਬਾਅਦ ਅਮਨ ਵਿੱਚ ਸਕਾਰਾਤਮਕ ਬਦਲਾਅ ਆਇਆ, ਜਿਸ ਨੇ ਉਸ ਨੂੰ ਹੋਰ ਮਜਬੂਤ ਅਤੇ ਜ਼ਿੰਮੇਵਾਰ ਖਿਡਾਰੀ ਬਣਾਇਆ। ਅਮਨਜੋਤ ਕੌਰ ਅੱਜ ਵੀ ਡੇਢ ਘੰਟੇ ਦਾ ਸਫਰ ਕਰਕੇ ਨਾਗੇਸ਼ ਦੀ ਅਕੈਡਮੀ ਵਿੱਚ ਟਰੇਨਿੰਗ ਲੈਂਦੀ ਹੈ, ਜੋ ਉਸ ਦੇ ਸਮਰਪਣ ਨੂੰ ਦਰਸਾਉਂਦਾ ਹੈ।

ਅਮਨਜੋਤ ਕੌਰ ਨੇ ਆਪਣੀਆਂ ਪ੍ਰਾਪਤੀਆਂ ਬਾਰੇ ਕਿਹਾ, "ਮੈਂ ਜਿੱਥੇ ਵੀ ਪਹੁੰਚੀ ਆਂ, ਓਹ ਮੇਰੇ ਮਾਪਿਆਂ, ਕੋਚ ਅਤੇ ਮੇਰੀ ਮਿਹਨਤ ਦਾ ਨਤੀਜਾ ਆ। ਸੱਟ ਨੇ ਮੈਨੂੰ ਤੋੜਿਆ ਸੀ, ਪਰ ਮੈਂ ਹਾਰ ਨਾ ਮੰਨੀ। ਮੈਂ ਸੋਚਿਆ ਕਿ ਮੈਂ ਵਾਪਸ ਆਵਾਂਗੀ, ਤੇ ਮੈਂ ਆਈ। ਹਰ ਮੈਚ ਵਿੱਚ ਮੈਂ ਪੂਰੀ ਜਾਨ ਲਾ ਦਿੰਦੀ ਆਂ ਕਿ ਟੀਮ ਨੂੰ ਜਿਤਾਵਾਂ ਤੇ ਮੇਰੇ ਪੰਜਾਬ ਦਾ ਨਾਮ ਚਮਕਾਵਾਂ। ਵੂਮੈਨ ਪ੍ਰੀਮੀਅਰ ਲੀਗ ਅਤੇ ਇੰਗਲੈਂਡ ਵਰਗੀਆਂ ਟੀਮਾਂ ਨੂੰ ਹਰਾਉਣ ਦਾ ਮਜ਼ਾ ਹੀ ਵੱਖਰਾ ਆ। ਮੈਂ ਹੋਰ ਵੀ ਵੱਡੇ ਸੁਪਨੇ ਦੇਖਦੀ ਆਂ, ਤੇ ਮਿਹਨਤ ਜਾਰੀ ਰੱਖਾਂਗੀ।"

ਅਮਨਜੋਤ ਕੌਰ ਦੀ ਦਾਸਤਾਨ ਮਿਹਨਤ, ਸਮਰਪਣ ਅਤੇ ਪਰਿਵਾਰਕ ਸਮਰਥਨ ਦੀ ਮਿਸਾਲ ਹੈ, ਜਿਸ ਨੇ ਉਸ ਨੂੰ ਪੰਜਾਬ ਦੀ ਇੱਕ ਗਲੀ ਕ੍ਰਿਕਟਰ ਤੋਂ ਭਾਰਤੀ ਟੀਮ ਦੀ ਆਲਰਾਊਂਡਰ ਤੱਕ ਪਹੁੰਚਾਇਆ।

# ਜੂਨ 1984 ਦੇ ਘੱਲੂਘਾਰੇ ਨੂੰ ਪੇਸ਼ ਕਰਦੀ ਸਚਿੱਤਰ ਪੁਸਤਕ ਐਡਵੋਕੇਟ ਧਾਮੀ ਵੱਲੋਂ ਰਿਲੀਜ਼

ਅੰਮ੍ਰਿਤਸਰ-ਜੂਨ 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫੌਜੀ ਹਮਲੇ ਸਮੇਂ ਨੂੰ ਬਿਆਨ ਕਰਦੀਆਂ ਤਸਵੀਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਵੱਡਅਕਾਰੀ ਕਿਤਾਬ ਦੇ ਰੂਪ ਵਿਚ ਜਾਰੀ ਕੀਤਾ ਹੈ।

ਇਸ ਮੌਕੇ ਧਾਮੀ ਨੇ ਕਿਹਾ ਕਿ ਜੂਨ 1984 ਦਾ ਇਹ ਘੱਲੂਘਾਰਾ ਸਿੱਖ ਇਤਿਹਾਸ ਦਾ ਇਕ ਦੁਖਦਾਈ ਅਧਿਆਇ ਹੈ। ਇਸ ਸਮੇ ਦੀਆਂ ਕੁਝ ਤਸਵੀਰਾਂ ਫੋਟੋਗ੍ਰਾਫਰ ਸਤਪਾਲ ਸਿੰਘ ਦਾਨਿਸ਼ ਨੇ ਸਾਂਭੀਆਂ ਸਨ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੇ ਇਕ ਸਚਿੱਤਰ ਪੁਸਤਕ ਦੇ ਰੂਪ ਵਿਚ ਤਿਆਰ ਕਰਕੇ ਹੁਣ ਜਾਰੀ ਕੀਤਾ ਹੈ। ਇਸ ਵਿਚ ਦਰਜ ਤਸਵੀਰਾਂ ਸਮੇਂ ਦੇ ਹਾਲਾਤ ਅਤੇ ਸਰਕਾਰ ਵੱਲੋਂ ਕੀਤੇ ਜ਼ੁਲਮਾਂ ਨੂੰ



ਦਰਸਾਉਂਦੀਆਂ ਹਨ। ਇਹ ਕਿਤਾਬ ਸ਼੍ਰੋਮਣੀ ਕਮੇਟੀ ਦਫ਼ਤਰ, ਸਿੱਖ ਰੈਂਫਰੈਂਸ ਲਾਇਬ੍ਰੇਰੀ, ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਅਤੇ ਸਿੱਖ ਅਜਾਇਬ ਘਰ ਵਿਚ ਰੱਖੀ ਜਾਵੇਗੀ, ਤਾਂ ਜੋ ਸੰਗਤਾਂ ਸਰਕਾਰ ਵੱਲੋਂ ਸਿੱਖਾਂ 'ਤੇ ਕੀਤੇ ਜ਼ੁਲਮ ਤੋਂ ਜਾਣੂ ਹੋ ਸਕਣ।

ਇਸ ਤੋਂ ਇਲਾਵਾ ਇਸ ਦਾ ਡਿਜੀਟਾਈਜੇਸ਼ਨ ਕਰਕੇ ਵੀ ਵੱਖ-ਵੱਖ ਮਾਧਿਅਮਾਂ ਰਾਹੀਂ ਸੰਗਤਾਂ ਤੀਕ ਪਹੁੰਚਾਇਆ ਜਾਵੇਗਾ। ਕਿਤਾਬ ਜਾਰੀ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਆਦਿ ਮੌਜੂਦ ਸਨ।

# ਪੰਥਕ ਜਥੇਬੰਦੀਆਂ ਵਲੋਂ ਭਾਈ ਗਜਿੰਦਰ ਸਿੰਘ ਤੇ ਸ਼ਹੀਦ ਭਾਈ ਨਿੱਝਰ ਨੂੰ ਸ਼ਰਧਾਂਜਲੀ ਭੇਟ

## ✪ ਭਾਈ ਗਜਿੰਦਰ ਸਿੰਘ ਤੇ ਭਾਈ ਨਿੱਜਰ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿਚ ਲਗਾਉਣ ਦੀ ਕੀਤੀ ਮੰਗ

ਅੰਮ੍ਰਿਤਸਰ-ਦਲ ਖ਼ਾਲਸਾ ਦੇ ਬਾਨੀ ਤੇ ਜਲਾਵਤਨ ਸਿੱਖ ਆਗੂ ਸਵ: ਭਾਈ ਗਜਿੰਦਰ ਸਿੰਘ ਤੇ ਕੈਨੇਡਾ ਵਿਖੇ ਸ਼ਹੀਦ ਹੋਏ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਨੂੰ ਸਮਰਪਿਤ ਦਲ ਖ਼ਾਲਸਾ ਵਲੋਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਸਹਿਯੋਗ ਨਾਲ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਨਜ਼ਦੀਕ ਸ਼ਰਧਾਂਜਲੀ ਰੂਪੀ ਗੁਰਮਤਿ ਸਮਾਗਮ ਕਰਵਾਇਆ ਗਿਆ।

ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਤੋਂ ਕੰਵਰਪਾਲ ਸਿੰਘ, ਭਾਈ ਪਰਮਜੀਤ ਸਿੰਘ ਮੰਡ, ਸਤਨਾਮ ਸਿੰਘ ਪਾਉਂਟਾ ਸਾਹਿਬ, ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਭਾਈ



ਮੋਹਕਮ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾਪਿੰਡ, ਭਾਈ ਨਰੈਣ ਸਿੰਘ ਚੌੜਾ ਤੇ ਹੋਰ ਸਿੱਖ ਸ਼ਖ਼ਸੀਅਤਾਂ ਤੇ ਭਾਈ ਗਜਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ। ਅਰਦਾਸ ਤੇ ਹੁਕਮਨਾਮੇ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਸ: ਧਾਮੀ ਵਲੋਂ ਹਵਾਈ ਜਹਾਜ਼ ਅਗਵਾਕਾਰ ਤੇ ਜਲਾਵਤਨ ਸਿੱਖ ਆਗੂ ਭਾਈ ਗਜਿੰਦਰ ਸਿੰਘ, ਜੋ ਬੀਤੇ ਵਰ੍ਹੇ ਪਾਕਿਸਤਾਨ ਵਿਚ ਅਕਾਲ ਚਲਾਣਾ ਕਰ ਗਏ ਸਨ, ਦੇ ਭਰਾਤਾ ਦਰਸ਼ਨ ਸਿੰਘ, ਭਰਜਾਈ ਤੇਜਿੰਦਰ ਕੌਰ ਤੋਂ ਇਲਾਵਾ ਭਾਈ ਗਜਿੰਦਰ ਸਿੰਘ ਦੇ ਸਾਥੀ ਹਾਈਜੈਕਰ ਭਾਈ ਸਤਿਨਾਮ ਸਿੰਘ ਪਾਉਂਟਾ ਸਾਹਿਬ ਤੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਭੈਣ ਬੀਬੀ ਸੁਰਿੰਦਰ ਕੌਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਤੋਂ ਬਾਅਦ ਦਲ ਖਾਲਸਾ ਦੇ ਭਾਈ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ, ਸਿਮਰਨਜੀਤ ਸਿੰਘ ਮਾਨ ਤੇ ਹੋਰਨਾਂ ਨੇ ਮੰਗ ਕੀਤੀ ਕਿ ਭਾਈ ਗਜਿੰਦਰ ਸਿੰਘ ਤੇ ਕੈਨੇਡਾ ਵਿਖੇ ਸ਼ਹੀਦ ਕੀਤੇ ਗਏ ਭਾਈ ਨਿੱਜਰ ਦੀਆਂ ਪੰਥਕ ਸੇਵਾਵਾਂ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਤੋਂ ਉਨ੍ਹਾਂ ਦੀਆਂ ਤਸਵੀਰਾਂ ਜਲਦ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦੀ ਮੰਗ ਕੀਤੀ ਗਈ

# ਰਾਧਾ ਸਵਾਮੀ ਮੁਖੀ ਨੂੰ ਮਿਲਣ ਦੇ ਦੋਸ਼ ਵਿਚ ਹਰਿਆਣਾ ਕਮੇਟੀ ਦੇ ਪ੍ਰਧਾਨ ਝੀਂਡਾ ਨੇ ਅਕਾਲ ਤਖਤ 'ਤੇ ਮਾਫ਼ੀ ਮੰਗੀ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਤੇ ਹੋਰਨਾਂ ਸਿੰਘ ਸਾਹਿਬਾਨਾਂ ਅੱਗੇ ਪੇਸ਼ ਹੋ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਡੇਰੇ ਜਾ ਕੇ ਮਿਲਣ ਅਤੇ ਸਨਮਾਨਿਤ ਕਰਨ 'ਤੇ ਆਪਣੇ ਆਪ ਨੂੰ ਸਿੱਖ ਰਹਿਤ ਮਰਿਆਦਾ ਤੋਂ ਉਲਟ ਜਾਣ 'ਤੇ ਪਛਤਾਵਾ ਕੀਤਾ ਹੈ। ਆਪਣੀ ਇਸ ਭੁੱਲ ਨੂੰ ਮੰਨਦੇ ਹੋਏ ਜਗਦੀਸ਼ ਸਿੰਘ ਝੀਂਡਾ ਨੇ ਸਾਥੀ ਮੈਂਬਰਾਂ ਸਮੇਤ ਪੁੱਜ ਕੇ ਜਥੇਦਾਰਾਂ ਅੱਗੇ ਇਸ ਹੋਈ ਭੁੱਲ ਨੂੰ ਬਖਸ਼ਾਉਣ ਲਈ ਆਪਣੀ ਗਲਤੀ ਨੂੰ ਮੰਨਿਆ ਹੈ। ਝੀਂਡਾ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਦੇ ਚੇਅਰਮੈਨ ਬਾਬਾ ਬਲਜੀਤ ਸਿੰਘ ਦਾਦੂਵਾਲ ਦਾ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਲਗਾਤਾਰ ਤਾਲਮੇਲ ਰੱਖਣਾ ਗਲਤ ਹੈ ਅਤੇ ਇਸ ਲਈ ਬਾਬਾ ਬਲਜੀਤ ਸਿੰਘ ਦਾਦੂਵਾਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਕੇ ਆਪਣੀ ਭੁੱਲ ਬਖਸ਼ਾਉਣੀ ਚਾਹੀਦੀ ਹੈ।



# ਜੁਗਰਾਜ ਦੇ ਕਤਲ ਦੀ ਬੰਬੀਹਾ ਗਰੁੱਪ ਨੇ ਲਈ ਜ਼ਿੰਮੇਵਾਰੀ

## ✪ ਜੁਗਰਾਜ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਸ਼ਾਮਲ ਸ਼ੂਟਰ ਜਗਰੂਪ ਰੂਪਾ ਦਾ ਭਰਾ ਸੀ

ਅੰਮ੍ਰਿਤਸਰ-ਅੰਮ੍ਰਿਤਸਰ ਦੇ ਮਹਿਤਾ ਅਧੀਨ ਇਲਾਕੇ ਵਿਚ ਦਿਨ-ਦਿਹਾੜੇ 28 ਸਾਲਾ ਨੌਜਵਾਨ ਜੁਗਰਾਜ ਸਿੰਘ ਉਰਫ਼ ਤੋਤਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਜੁਗਰਾਜ ਸਿੰਘ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਸ਼ਾਮਲ ਸ਼ੂਟਰਾਂ ਵਿਚੋਂ ਇੱਕ ਜਗਰੂਪ ਰੂਪਾ ਦਾ ਭਰਾ ਸੀ। ਹਮਲਾਵਰਾਂ ਨੇ ਇਸ ਘਟਨਾ ਨੂੰ ਦਿਨ-ਦਿਹਾੜੇ ਅੰਜਾਮ ਦਿੱਤਾ, ਜੋ ਕਿ ਨੇੜਲੇ ਸੀ. ਸੀ. ਟੀ. ਵੀ. ਕੈਮਰੇ ਵਿਚ ਵੀ ਰਿਕਾਰਡ ਹੋ ਗਿਆ। ਪੁਲਸ ਅਨੁਸਾਰ, ਮਹਿਤਾ ਥਾਣੇ ਅਧੀਨ ਆਉਂਦੇ ਪਿੰਡ ਚੰਨਣਕੇ ਵਿਚ ਤਿੰਨ ਅਣਪਛਾਤੇ ਨੌਜਵਾਨਾਂ ਨੇ ਜੁਗਰਾਜ ਸਿੰਘ 'ਤੇ ਗੋਲੀਬਾਰੀ ਕੀਤੀ। ਤਿੰਨੇ ਬਦਮਾਸ਼ ਇਕ ਮੋਟਰਸਾਈਕਲ 'ਤੇ ਆਏ ਸਨ। ਉਨ੍ਹਾਂ ਨੇ ਜੁਗਰਾਜ ਸਿੰਘ 'ਤੇ ਬਹੁਤ ਨੇੜਿਓਂ ਗੋਲੀਬਾਰੀ ਕੀਤੀ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਬੰਬੀਹਾ ਗੈਂਗ ਨੇ ਸੋਸ਼ਲ ਮੀਡੀਆ 'ਤੇ ਕਥਿਤ ਪੋਸਟ ਰਾਹੀਂ ਇਸ ਵਾਰਦਾਤ ਦੀ ਜ਼ਿੰਮੇਵਾਰੀ ਲਈ ਹੈ। ਕਤਲ ਦਾ ਕਾਰਨ ਜੱਗੂ ਭਗਵਾਨਪੁਰੀਆ ਦਾ ਸਮਰਥਨ ਕਰਨਾ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਵਿਚ ਮਹਿਤਾ ਥਾਣੇ ਦੇ ਐਸਐਚਓ ਬਲਕਾਰ ਸਿੰਘ ਦਾ ਕਹਿਣਾ ਹੈ ਕਿ ਇਹ ਮਾਮਲਾ ਨਿੱਜੀ ਰੰਜਿਸ਼ ਦਾ ਜਾਪਦਾ ਹੈ। ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



# ਪੰਜਾਬੀ ਗਭਰੂ ਸ਼ਮਸ਼ੇਰ ਸਿੰਘ ਨੇ ਕੈਨੇਡਾ ਨੂੰ ਹਰਾ ਕੇ ਕੁਸ਼ਤੀ ਮੁਕਾਬਲੇ ਵਿਚ ਜਿੱਤਿਆ ਸੋਨ ਤਮਗਾ

ਨਿਹਾਲ ਸਿੰਘ ਵਾਲਾ-ਅਮਰੀਕਾ ਦੇ ਸ਼ਹਿਰ ਬ੍ਰਹਮਾਨਾ ਵਿਚ ਹੋਈਆਂ ਵਰਲਡ ਪੁਲਿਸ ਗੇਮਾਂ ਵਿਚ ਰੈਸਲਿੰਗ ਵਿਚੋਂ ਪੰਜਾਬ ਦੇ ਪੁੱਤਰ ਭਲਵਾਨ ਸ਼ਮਸ਼ੇਰ ਸਿੰਘ ਸੰਟੀ ਨੰਗਲ ਨੇ ਸੋਨੇ ਦਾ ਤਮਗਾ ਜਿੱਤ ਕੇ ਪੰਜਾਬ ਹੀ ਨਹੀਂ ਭਾਰਤ ਦਾ ਨਾਂ ਦੁਨੀਆ ਦੇ ਨਕਸ਼ੇ 'ਤੇ ਚਮਕਾਇਆ ਹੈ। ਹਰਗੋਬਿੰਦ ਸਿੰਘ ਸੰਧੂ ਇੰਟਰਨੈਸ਼ਨਲ ਰੈਸਲਿੰਗ ਕੋਚ ਅਤੇ ਇੰਦਰਜੀਤ ਸਿੰਘ ਰੈਸਲਿੰਗ ਕੋਚ ਨੇ ਦੱਸਿਆ ਕਿ ਭਲਵਾਨ ਸ਼ਮਸ਼ੇਰ ਸਿੰਘ ਸੰਟੀ ਬੀਐੱਸਐੱਫ ਵਿਚ ਨੌਕਰੀ ਕਰ ਰਿਹਾ ਹੈ ਅਤੇ ਅਮਰੀਕਾ ਵਿਚ ਹੋਈਆਂ ਵਰਲਡ ਪੁਲਿਸ ਗੇਮਾਂ ਲਈ ਰੈਸਲਿੰਗ ਵਿਚ 60 ਕਿੱਲੋ ਭਾਰ ਵਰਗ ਵਿਚ ਭਾਰਤ ਦੀ ਅਗਵਾਈ ਕਰਕੇ ਆਇਆ ਹੈ। ਉਸ ਨੇ ਕੈਨੇਡਾ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ, ਇਹ ਦੇਸ਼ ਲਈ ਮਾਣ ਵਾਲੀ ਗੱਲ ਹੈ।



# ਜਲੰਧਰ ਵਿਚ ਗੈਂਗਸਟਰਾਂ ਅਤੇ ਪੁਲਿਸ ਵਿਚਕਾਰ ਮੁਕਾਬਲਾ

## ✪ ਪੁਲਿਸ ਦੀ ਜਵਾਬੀ ਗੋਲੀਬਾਰੀ ਵਿੱਚ 2 ਜ਼ਖ਼ਮੀ

ਜਲੰਧਰ-ਜਲੰਧਰ ਦੀ ਦਿਹਾਤੀ ਪੁਲਿਸ ਨੇ ਬੀਤੇ ਦਿਨੀਂ ਸ਼ਾਹਕੋਟ ਦੇ ਕੋਟਲੀ ਗਾਜਰਾਂ ਰੇਲਵੇ ਥਾਣਾ ਖੇਤਰ ਵਿੱਚ ਦੋ ਗੈਂਗਸਟਰਾਂ ਨਾਲ ਮੁਕਾਬਲਾ ਕੀਤਾ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਦੋਵੇਂ ਦੋਸ਼ੀ ਰੇਲਵੇ ਸਟੇਸ਼ਨ ਵੱਲ ਜਾਣ ਵਾਲੀ ਸੜਕ 'ਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰ ਰਹੇ ਸਨ। ਦੋਵਾਂ ਗੈਂਗਸਟਰਾਂ ਵਿਰੁੱਧ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ ਕਈ ਗੰਭੀਰ ਅਪਰਾਧਿਕ ਮਾਮਲੇ ਦਰਜ ਸਨ।



ਪੁਲਿਸ ਨੇ ਸ਼ਾਹਕੋਟ ਫਾਟਕ ਪੁਲ ਹੇਠਾਂ ਦੋਵਾਂ ਸ਼ੱਕੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਪੁਲਿਸ ਨੇ ਦੋਵਾਂ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕੋਲੋਂ ਹਥਿਆਰ ਅਤੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਹੋਏ। ਜ਼ਖ਼ਮੀ ਹਾਲਤ ਵਿੱਚ ਦੋਵਾਂ ਨੂੰ ਸਿਵਲ ਹਸਪਤਾਲ ਭੇਜਿਆ ਗਿਆ।

# ਜਲੰਧਰ ਪੁਲਿਸ ਵਲੋਂ 5 ਕਿਲੋ ਤੋਂ ਵੱਧ ਹੈਰੋਇਨ

## ✪ 2 ਕਿਲੋ ਅਫੀਮ ਤੇ ਗੈਰ-ਕਾਨੂੰਨੀ ਹਥਿਆਰਾਂ ਸਮੇਤ 5 ਫੜੇ




ਜਲੰਧਰ-ਨਸ਼ੇ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਵਿਰੁੱਧ ਮਹੱਤਵਪੂਰਨ ਕਾਰਵਾਈ ਕਰਦਿਆਂ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਵੱਖ-ਵੱਖ ਮਾਮਲਿਆਂ ਵਿੱਚ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 5 ਕਿਲੋ 314 ਗ੍ਰਾਮ ਹੈਰੋਇਨ, 2 ਕਿਲੋ ਅਫੀਮ, 1 ਦੇਸੀ ਪਿਸਤੌਲ (.32 ਬੋਰ) ਅਤੇ 6 ਜ਼ਿੰਦਾ ਰੌਂਦ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਬੀਤੇ ਦਿਨੀਂ ਕਰਾਇਮ ਬ੍ਰਾਂਚ ਦੀ ਇੱਕ ਟੀਮ ਨਾਖਾਂ ਵਾਲਾ ਬਾਗ ਚੌਕ, ਭਾਰਗੋ ਕੈਂਪ ਤੋਂ ਦਸਮੇਸ਼ ਨਗਰ ਵੱਲ ਜਾ ਰਹੀ ਸੀ। ਇਸ ਦੌਰਾਨ ਪੁਲਿਸ ਟੀਮ ਨੇ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ, ਜਿਸਦੀ ਪਛਾਣ ਹਰਪਾਲ ਸਿੰਘ ਪਾਲਾ ਛੇਹਰਟਾ, ਅੰਮ੍ਰਿਤਸਰ ਵਜੋਂ ਹੋਈ। ਪੁਲਿਸ ਟੀਮ ਨੇ ਉਸ ਕੋਲੋਂ 5 ਕਿਲੋ 56 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਵਿਰੁੱਧ ਪਹਿਲਾਂ ਹੀ ਅੰਮ੍ਰਿਤਸਰ ਸ਼ਹਿਰ ਵਿੱਚ ਇੱਕ ਮੁਕੱਦਮਾ ਦਰਜ ਹੈ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਇੱਕ ਹੋਰ ਕਾਰਵਾਈ ਵਿੱਚ ਸੀ.ਆਈ.ਏ ਸਟਾਫ ਦੀ ਇੱਕ ਟੀਮ ਨੇ ਟਰਾਂਸਪੋਰਟ ਨਗਰ ਖੇਤਰ ਵਿੱਚ ਰੁਟੀਨ ਗਸ਼ਤ ਦੌਰਾਨ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਦੀ ਪਛਾਣ ਸੁਸ਼ੀਲ ਕੁਮਾਰ ਸੁਜਲ, ਹੁਸ਼ਿਆਰਪੁਰ, ਮਨਦੀਪ ਸਿੰਘ ਜਲੰਧਰ ਅਤੇ ਗਗਨਦੀਪ ਸਿੰਘ ਫਿਰੋਜ਼ਪੁਰ ਵਜੋਂ ਹੋਈ।ਉਨ੍ਹਾਂ ਦੱਸਿਆ ਕਿ ਪੁਲਿਸ ਟੀਮ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2 ਕਿਲੋ ਅਫੀਮ ਬਰਾਮਦ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਇੱਕ ਹੋਰ ਮਾਮਲੇ ਵਿੱਚ ਇੱਕ ਸਪੈਸ਼ਲ ਸੈੱਲ ਟੀਮ ਨੇ ਮਕਸੂਦਾਂ-ਨੰਦਨਪੁਰ ਰੋਡ ਇਲਾਕੇ ਵਿੱਚ ਗਸ਼ਤ ਕਰਦੇ ਸਮੇਂ ਅਸ਼ੋਕ ਨਗਰ ਦੇ ਨੇੜੇ ਇੱਕ ਸ਼ੱਕੀ ਵਿਅਕਤੀ ਨੂੰ ਦੇਖਿਆ। ਜਾਂਚ ਕਰਨ 'ਤੇ ਪੁਲਿਸ ਨੇ ਉਸਦੇ ਕਬਜ਼ੇ ਵਿੱਚੋਂ 258 ਗ੍ਰਾਮ ਹੈਰੋਇਨ, ਇੱਕ ਦੇਸੀ ਪਿਸਤੌਲ .32 ਬੋਰ ਅਤੇ 6 ਜ਼ਿੰਦਾ ਰੌਂਦ ਬਰਾਮਦ ਕੀਤੇ। ਫੜੇ ਗਏ ਵਿਅਕਤੀ ਦੀ ਪਛਾਣ ਹਰਜਿੰਦਰ ਸਿੰਘ ਗੋਰਾ ਮਕਸੂਦਾਂ, ਜਲੰਧਰ ਵਜੋਂ ਹੋਈ।

# ਵਿਦੇਸ਼ ਵਿਚ ਨੌਕਰੀ ਦਿਵਾਉਣ ਦੇ ਬਹਾਨੇ ਲੜਕੀ ਨਾਲ ਕੀਤਾ ਜਬਰ-ਜਨਾਹ

## ✪ ਅਸ਼ਲੀਲ ਵੀਡੀਓ ਬਣਾਈ ਫਿਰ ਕੀਤਾ ਬਲੈਕਮੇਲ

ਜਲੰਧਰ-ਵਿਦੇਸ਼ ਵਿਚ ਨੌਕਰੀ ਦਿਵਾਉਣ ਦਾ ਝੂਠਾ ਸੁਪਨਾ ਦਿਖਾ ਕੇ ਨੋਇਡਾ ਦੇ ਇਕ ਏਜੰਟ ਨੇ ਇਕ ਲੜਕੀ ਨਾਲ ਕਈ ਵਾਰ ਜਬਰ-ਜਨਾਹ ਕੀਤਾ ਤੇ ਫਿਰ ਇਕ ਅਸ਼ਲੀਲ ਵੀਡੀਓ ਬਣਾ ਕੇ ਉਸਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ, ਜਿਸਦੀ ਸ਼ਿਕਾਇਤ ਪੀੜਤਾ ਨੇ ਕਮਿਸ਼ਨਰੇਟ ਪੁਲਿਸ ਨੂੰ ਕੀਤੀ ਤੇ ਸ਼ਿਕਾਇਤ ਤੋਂ ਬਾਅਦ ਮਹਿਲਾ ਥਾਣਾ ਪੁਲਿਸ ਨੇ ਨੋਇਡਾ ਦੇ ਰਹਿਣ ਵਾਲੇ ਏਜੰਟ ਵਰੁਣ ਕੁਮਾਰ ਵਿਰੁੱਧ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ।



ਪੁਲਿਸ ਕਮਿਸ਼ਨਰ ਨੂੰ ਦਿੱਤੀ ਸ਼ਿਕਾਇਤ 'ਚ ਪੀੜਤਾ ਨੇ ਦੱਸਿਆ ਕਿ ਮੁਲਜ਼ਮ ਵਰੁਣ ਕੁਮਾਰ ਆਪਣੇ ਆਪ ਨੂੰ ਵੀ ਡ੍ਰੀਮ ਨਾਮ ਦੀ ਇਕ ਕੰਪਨੀ ਦਾ ਮਾਲਕ ਦੱਸਦਾ ਹੈ ਤੇ ਦੁਬਈ ਵਿਚ ਔਰਤਾਂ ਨੂੰ ਨੌਕਰੀਆਂ ਦਿਵਾਉਣ ਦਾ ਦਾਅਵਾ ਕਰਦਾ ਹੈ।

ਇਸ ਬਹਾਨੇ ਉਸਨੇ ਲੜਕੀ ਨੂੰ ਆਪਣੇ ਜਾਲ ਵਿਚ ਫਸਾ ਲਿਆ ਤੇ ਉਸਦਾ ਸਰੀਰਕ ਸ਼ੋਸ਼ਣ ਕੀਤਾ ਤੇ ਉਸਦਾ ਅਸ਼ਲੀਲ ਵੀਡੀਓ ਬਣਾਇਆ ਤੇ ਇਸਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਜਲੰਧਰ ਤੇ ਫਗਵਾੜਾ ਦੇ ਹੋਟਲਾਂ ਵਿਚ ਕਈ ਵਾਰ ਜਬਰ-ਜਨਾਹ ਕੀਤਾ। ਇੰਨਾ ਹੀ ਨਹੀਂ, ਲੜਕੀ ਦਾ ਦੋਸ਼ ਹੈ ਕਿ ਇਕ ਵਾਰ ਮੁਲਜ਼ਮ ਨੇ ਆਪਣੇ ਦੋ ਦੋਸਤਾਂ ਨਾਲ ਮਿਲ ਕੇ ਉਸ ਨਾਲ ਸਮੂਹਿਕ ਜਬਰ-ਜਨਾਹ ਵੀ ਕੀਤਾ।

ਸ਼ਿਕਾਇਤਕਰਤਾ ਲੜਕੀ ਨੇ ਦੱਸਿਆ ਕਿ ਉਸਨੂੰ ਮੁਲਜ਼ਮ ਬਾਰੇ ਇਕ ਜਾਣਕਾਰ ਔਰਤ ਨੇ ਦੱਸਿਆ ਸੀ, ਜਿਸਨੇ ਕਿਹਾ ਸੀ ਕਿ ਵਰੁਣ ਪਹਿਲਾਂ ਹੀ ਦੁਬਈ 'ਚ ਕਈ ਕੁੜੀਆਂ ਨੂੰ ਨੌਕਰੀਆਂ ਦੇ ਚੁੱਕਾ ਹੈ। ਇਸ ਤੋਂ ਬਾਅਦ ਲੜਕੀ ਨੇ ਵਰੁਣ ਨਾਲ ਵਟਸਐਪ 'ਤੇ ਸੰਪਰਕ ਕੀਤਾ।

ਮੁਲਜ਼ਮ ਨੇ ਦੁਬਈ ਦਾ ਰਹਿਣ ਵਾਲਾ ਤੇ ਨੋਇਡਾ 'ਚ ਦਫਤਰ ਹੋਣ ਦਾ ਦਾਅਵਾ ਕਰਦੇ ਹੋਏ ਉਸ ਤੋਂ ਆਧਾਰ ਕਾਰਡ, ਪਾਸਪੋਰਟ ਤੇ ਹੋਰ ਦਸਤਾਵੇਜ਼ਾਂ ਦੇ ਨਾਲ 50,000 ਦੀ ਮੰਗ ਕੀਤੀ।

ਜਦੋਂ ਵਰੁਣ ਜੁਲਾਈ 2024 ਦੇ ਪਹਿਲੇ ਹਫ਼ਤੇ ਭਾਰਤ ਆਇਆ ਤਾਂ ਉਸਨੇ ਜਲੰਧਰ ਦੇ ਇਕ ਹੋਟਲ ਦੇ ਬਾਹਰ ਦਸਤਾਵੇਜ਼ ਤੇ ਪੈਸੇ ਲੈ ਲਏ। ਮਹਿਲਾ ਥਾਣੇ ਦੀ ਪੁਲਿਸ ਜਾਂਚ ਤੋਂ ਬਾਅਦ ਏਜੰਟ ਵਰੁਣ ਕੁਮਾਰ ਵਿਰੁੱਧ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਅਣਖ ਖਾਤਰ ਭਰਾ ਵੱਲੋਂ ਭੈਣ ਦੀ ਕੀਤੀ ਹੱਤਿਆ

## ✪ ਤਿੰਨ ਸਾਲ ਪਹਿਲਾਂ ਕਰਵਾਈ ਸੀ ਲਵ ਮੈਰਿਜ

ਧਰਮਕੋਟ/ਕੋਟ ਈਸੇ ਖਾਂ-ਥਾਣਾ ਕੋਟ ਈਸੇ ਖਾਂ ਅਧੀਨ ਪੈਂਦੇ ਪਿੰਡ ਦੌਲੇਵਾਲਾ ਵਿਖੇ ਇਕ



ਨੌਜਵਾਨ ਵਲੋਂ ਆਪਣੀ ਭੈਣ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਘਟਨਾ ਬੀਤੇ ਦਿਨੀਂ ਉਸ ਵੇਲੇ ਵਾਪਰੀ ਜਦੋਂ ਲੜਕੀ ਸਿਮਰਨ ਕੌਰ ਗੁਰਦੁਆਰਾ ਬਾਬਾ ਤੁਲਸੀ ਦਾਸ ਝੁੱਗੀ ਵਾਲਾ ਵਿਖੇ ਚੱਲ ਰਹੇ ਸਮਾਗਮਾਂ ਵਿੱਚ ਲੰਗਰ ਹਾਲ ਵਿੱਚ ਸੇਵਾ ਕਰ ਰਹੀ ਸੀ। ਜਾਣਕਾਰੀ ਅਨੁਸਾਰ ਤਿੰਨ ਸਾਲ ਪਹਿਲਾਂ ਮ੍ਰਿਤਕ ਲੜਕੀ ਨੇ ਪਿੰਡ ਦੇ ਹੀ ਨੌਜਵਾਨ ਇੰਦਰਜੀਤ ਸਿੰਘ ਨਾਲ ਪ੍ਰੇਮ ਵਿਆਹ ਕਰਵਾ ਲਿਆ ਸੀ। ਜਿਸ ਕਾਰਨ ਲੜਕੀ ਦਾ ਪਰਿਵਾਰ ਆਪਣੀ ਬੇਇਜ਼ਤੀ ਮਹਿਸੂਸ ਕਰ ਰਿਹਾ ਸੀ ਅਤੇ ਗੁੱਸੇ ਵਿੱਚ ਸੀ। ਬੀਤੀ ਸ਼ਾਮ ਸਿਮਰਨ ਜਦੋਂ ਆਪਣੇ ਸਹੁਰੇ ਪਰਿਵਾਰ ਦੀਆਂ ਦੋ ਹੋਰ ਲੜਕੀਆਂ ਨਾਲ ਗੁਰਦੁਆਰਾ ਬਾਬਾ ਝੁੱਗੀ ਵਾਲਾ ਦੇ ਲੰਗਰ ਹਾਲ ਵਿਖੇ ਰੋਟੀਆਂ ਬਣਾ ਰਹੀ ਸੀ ਤਾਂ ਉਸ ਦੇ ਭਰਾ ਹਰਮਨ ਸਿੰਘ ਨੇ ਉੱਥੇ ਪੁੱਜ ਕੇ ਆਪਣੇ ਪਿਸਤੌਲ ਨਾਲ ਅੰਨ੍ਹੇਵਾਹ ਫਾਈਰਿੰਗ ਕਰ ਦਿੱਤੀ। ਗੋਲੀਆਂ ਲੱਗਣ ਨਾਲ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਮੌਜੂਦ ਪੁਲੀਸ ਕਰਮੀਆਂ ਨੇ ਹਰਮਨ ਸਿੰਘ ਨੂੰ ਕਾਬੂ ਕਰ ਲਿਆ। ਡੀਐੱਸਪੀ ਰਮਨਦੀਪ ਸਿੰਘ ਨੇ ਦੱਸਿਆ ਕਿ ਹਮਲਾਵਰ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।

# ਨਕਲੀ ਵਕੀਲ ਬਣ ਕੇ ਕੁੜੀ ਨੂੰ ਵਿਆਹ ਦੇ ਝਾਂਸੇ ਵਿਚ ਫਸਾਇਆ, ਭੇਤ ਖੁੱਲ੍ਹਣ 'ਤੇ ਧਮਕਾਇਆ

ਅੰਮ੍ਰਿਤਸਰ-ਨਕਲੀ ਵਕੀਲ ਬਣ ਕੇ ਕੁੜੀ ਨੂੰ ਵਿਆਹ ਲਈ ਫਸਾਉਣ ਅਤੇ ਭੇਤ ਖੁੱਲ੍ਹਣ ਤੋਂ ਬਾਅਦ ਉਸ ਦੇ ਘਰ ਆਪਣੇ ਹਥਿਆਰਬੰਦ ਸਾਥੀਆਂ ਨੂੰ ਭੇਜ ਕੇ ਭੰਨਤੋੜ ਕਰਨ ਅਤੇ ਧਮਕੀਆਂ ਦੇਣ ਦੇ ਮਾਮਲੇ ਵਿਚ ਥਾਣਾ ਮੋਹਕਮਪੁਰਾ ਦੀ ਪੁਲਸ ਨੇ ਕੈਟਾਲਿਸਟ ਈ-ਸਰਵਿਸ ਦੇ ਮਾਲਕ ਲਵਪ੍ਰੀਤ ਸਿੰਘ ਅਤੇ ਉਸ ਦੇ ਚਾਰ ਅਣਪਛਾਤੇ ਸਾਥੀਆਂ ਖਿਲਾਫ ਕੇਸ ਦਰਜ ਕੀਤਾ ਹੈ। ਰੋਸ਼ਨੀ ਨੇ ਦੱਸਿਆ ਕਿ ਉਹ ਬੀ. ਐੱਸ. ਸੀ. ਨਾਨ ਮੈਡੀਕਲ ਦੇ ਆਖਰੀ ਸਮੈਸਟਰ ਦੀ ਵਿਦਿਆਰਥਣ ਹੈ।




ਆਪਣੀ ਪੜ੍ਹਾਈ ਦੇ ਖਰਚੇ ਪੂਰੇ ਕਰਨ ਲਈ ਕੰਪਨੀ ਬਾਗ ਵਿਚ ਨੈਕਟਰ ਸੀਡਸ ਦਾ ਸਟਾਲ ਲਗਾਉਂਦੀ ਹੈ। ਜਨਵਰੀ 2025 ਵਿਚ ਰਾਹੁਲ ਨਾਮ ਦਾ ਇੱਕ ਲੜਕਾ ਉਸ ਦੇ ਸਟਾਲ ਦੇ ਨੇੜੇ ਇੱਕ ਸਪਰਾਉਟ ਸਟਾਲ ਲਗਾਉਂਦਾ ਸੀ, ਜਿਸ ਨੇ ਲਵਪ੍ਰੀਤ ਸਿੰਘ ਤੋਂ ਕੁਝ ਪੈਸੇ ਵਿਆਜ 'ਤੇ ਲਏ ਸਨ ਅਤੇ ਜ਼ਮਾਨਤ ਲਈ ਉਸ ਦਾ ਮੋਬਾਇਲ ਨੰਬਰ ਦੇ ਦਿੱਤਾ ਸੀ।

ਕੁਝ ਦਿਨਾਂ ਬਾਅਦ ਲਵਪ੍ਰੀਤ ਸਿੰਘ ਨੇ ਉਸ ਨੂੰ ਵਟਸਐਪ 'ਤੇ ਮੈਸੇਜ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਸਟਾਲ 'ਤੇ ਆਇਆ ਅਤੇ ਕਿਹਾ ਕਿ ਉਸ ਨੇ ਐੱਲ. ਐੱਲ. ਬੀ ਅਤੇ ਐੱਲ. ਐੱਲ. ਐੱਮ. ਕੀਤੀ ਹੈ ਅਤੇ ਨੈਨੋ ਤਕਨਾਲੋਜੀ ਵਿਚ ਡਾਕਟਰੇਟ ਵੀ ਹੈ, ਉਸ ਦਾ ਅਦਾਲਤ ਵਿਚ 182ਏ ਵਿਚ ਇਕ ਚੈਂਬਰ ਵੀ ਹੈ, ਜਿਸ ਤੋਂ ਬਾਅਦ ਉਸ ਨੇ ਕੁੜੀ ਦੀ ਮਾਂ ਅਲੀਨਾ ਚਾਵਲਾ ਨੂੰ ਮਿਲਿਆ ਅਤੇ ਉਸ ਦੇ ਵਿਆਹ ਬਾਰੇ ਗੱਲ ਕੀਤੀ ਅਤੇ ਉਹ ਇਕ-ਦੂਜੇ ਨੂੰ ਮਿਲਣ ਲੱਗੇ, ਜਦੋਂ ਉਸ ਨੇ ਉਸ ਨੂੰ ਉਸ ਦੇ ਪਰਿਵਾਰ ਨਾਲ ਮਿਲਾਉਣ ਲਈ ਕਿਹਾ ਤਾਂ ਉਹ ਬਹਾਨੇ ਬਣਾਉਣ ਲੱਗ ਪਿਆ, ਜਿਸ ਨਾਲ ਉਸ ਨੂੰ ਸ਼ੱਕ ਹੋ ਗਿਆ।

ਜਦੋਂ ਉਸ ਦੀ ਮਾਂ ਅਲੀਨਾ ਚਾਵਲਾ ਨੇ ਜਾਂਚ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਆਪਣੇ ਪਿੰਡ ਮੂਧਲ ਦੇ ਲੋਕਾਂ ਨਾਲ ਧੋਖਾਦੇਹੀ ਕਰ ਕੇ ਆਪਣਾ ਪਿੰਡ ਛੱਡ ਚੁੱਕਾ ਹੈ ਅਤੇ ਉਸ ਦਾ ਅਦਾਲਤ ਵਿਚ ਵੀ ਕੋਈ ਚੈਂਬਰ ਨਹੀਂ ਸੀ, ਜਦੋਂ ਉਸ ਨੇ ਉਸ ਨੂੰ ਫੋਨ 'ਤੇ ਦੱਸਿਆ ਤਾਂ ਉਸ ਨੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

# ਸਾਧ ਦਾ ਜਨਮ ਦਿਨ ਮਨਾਉਂਦਿਆਂ ਬਾਗੇਸ਼ਵਰ ਧਾਮ 'ਤੇ ਵਾਪਰਿਆ ਹਾਦਸਾ

## ✪ ਟੈਂਟ ਡਿੱਗਣ ਕਾਰਨ ਇੱਕ ਸ਼ਰਧਾਲੂ ਦੀ ਮੌਤ ਤੇ 10 ਜ਼ਖ਼ਮੀ

ਛਤਰਪੁਰ-ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਵਿੱਚ ਸਥਿਤ ਬਾਗੇਸ਼ਵਰ ਧਾਮ ਕੰਪਲੈਕਸ ਵਿੱਚ ਬੀਤੇ ਦਿਨੀਂ ਸਵੇਰੇ ਆਰਤੀ ਦੌਰਾਨ ਅਚਾਨਕ ਇੱਕ ਤੰਬੂ ਡਿੱਗ ਗਿਆ ਤੇ ਹਫੜਾ-ਦਫੜੀ ਮਚ ਗਈ। ਇਸ ਹਾਦਸੇ ਵਿੱਚ ਇੱਕ ਸ਼ਰਧਾਲੂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਲਗਪਗ 10 ਲੋਕ ਜ਼ਖ਼ਮੀ ਹੋ ਗਏ ਸਨ। ਇਸ ਦੌਰਾਨ, ਤੰਬੂ ਨੂੰ ਖੜ੍ਹਾ ਕਰਨ ਲਈ ਲਗਾਏ ਗਏ ਲੋਹੇ ਦੇ ਰਾਡ ਵਿੱਚ ਸਿਰ ਵਿੱਚ ਸੱਟ ਲੱਗਣ ਕਾਰਨ ਇੱਕ ਸ਼ਰਧਾਲੂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਦੇ ਨਾਲ ਹੀ ਹੋਰ ਜ਼ਖ਼ਮੀਆਂ ਨੂੰ ਤੁਰੰਤ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪ੍ਰਸ਼ਾਸਨ ਅਤੇ ਧਾਮ ਪ੍ਰਬੰਧਨ ਕਮੇਟੀ ਨੇ ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਿਸ ਅਤੇ ਐਂਬੂਲੈਂਸ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕੀਤਾ।

# ਸਕਾਟਲੈਂਡ ਅਤੇ ਭਾਰਤ ਵਿਚਕਾਰ ਟੈਰਿਫ ਮੁਕਤ ਵਪਾਰ ਸਮਝੌਤਾ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਯੂਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਇਰਾਸਵਾਮੀ ਨੇ ਸਕਾਟਲੈਂਡ ਦੇ ਰੋਸਾਈਥ ਵਿੱਚ ਮੋਵੀਂ ਫੈਕਟਰੀ ਜੋਕਿ ਸਾਲਮਨ ਮੱਛੀ ਪ੍ਰੋਸੈਸਿੰਗ ਦਾ ਯੂਕੇ ਦਾ ਸੱਭ ਤੋਂ ਵੱਡਾ ਪਲਾਂਟ ਹੈ, ਦਾ ਵਪਾਰਕ ਪੈਮਾਨਾ ਅਤੇ ਗੁਣਵੱਤਾ ਜਾਣਨ ਲਈ ਦੌਰਾ ਕੀਤਾ। ਸਕਾਟਿਸ਼ ਸਾਲਮਨ ਮੱਛੀ ਉਦਯੋਗ ਇਸ ਸਮੇਂ ਭਾਰਤ ਵਿੱਚ 33% ਟੈਰਿਫ ਦਾ ਸਾਹ-ਮਣਾ ਕਰ ਰਿਹਾ ਹੈ, ਪਰ ਅਗਲੇ ਸਾਲ ਯੂਕੇ ਸਰਕਾਰ ਦੁਆਰਾ ਕੀਤਾ ਗਿਆ ਇੱਕ ਫ੍ਰੀ ਟੈਰਿਫ ਵਪਾਰ ਸੌਦਾ ਲਾਗੂ ਹੋਣ 'ਤੇ ਇਸਨੂੰ ਹਟਾ ਦਿੱਤਾ ਜਾਵੇਗਾ। ਅਗਲੇ ਸਾਲ ਤੋਂ 0% ਟੈਰਿਫ 'ਤੇ ਨਿਰਯਾਤ ਹੋਵੇਗਾ । ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਇਰਾਸਵਾਮੀ ਨੇ ਕਿਹਾ ਕਿ ਇਹ ਵਪਾਰ ਸਮਝੌਤਾ ਖਪਤਕਾਰਾਂ ਦੀ ਪਸੰਦ ਨੂੰ ਵਧਾਏਗਾ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ। ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਇਰਾਸਵਾਮੀ ਤੋਂ ਇਲਾਵਾ ਐਡਿਨਬਰਾ ਵਿੱਚ ਭਾਰਤ ਦੇ ਵਾਈਸ ਕੌਂਸਲ ਅਮਿਤ ਚੌਧਰੀ ਅਤੇ ਯੂਕੇ ਦੇ ਸਕਾਟਿਸ਼ ਸਕੱਤਰ ਇਆਨ ਮਰੇ , ਸਕਾਟਿਸ਼ ਸਾਲਮਨ ਦੇ ਵਪਾਰਕ ਵਿਕਾਸ ਪ੍ਰਬੰਧਕ ਜੈਮੀ ਮੈਕਐਲਡਾਇਨ, ਵਿਕਰੀ ਅਤੇ ਸੰਚਾਲਨ ਨਿਰਦੇਸ਼ਕ ਸਕਾਟ ਨੋਲਨ, ਬੇਨ ਹੈਡਫੀਲਡ ਮੁੱਖ ਸੰਚਾਲਨ ਅਧਿਕਾਰੀ ਫਾਰਮਿੰਗ ਸਕਾਟਲੈਂਡ ਤੇ ਆਇਰਲੈਂਡ, ਅਤੇ ਜੇਮਸ ਪਾਰਕ, ਇਨਸਾਈਟਸ ਦੇ ਮੁਖੀ ਸੈਲਮਨ ਸਕਾਟਲੈਂਡ ਵੀ ਇਸ ਦੌਰੇ ਵਿੱਚ ਸ਼ਾਮਲ ਹੋਏ, ਜਿਸ ਦੌਰਾਨ ਸਕਾਟਲੈਂਡ ਅਤੇ ਭਾਰਤ ਨੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ ਕਿਉਂਕਿ ਭਾਰਤ ਇੱਕ ਵੱਡੀ ਮੰਡੀ ਦੇ ਰੂਪ ਵਿੱਚ ਤੇਜ਼ੀ ਨਾਲ ਦੁਨੀਆ ਦੇ ਬਾਜ਼ਾਰ ਵਿੱਚ ਫੈਲਣ ਦੀ ਤਿਆਰੀ ਕਰ ਰਿਹਾ ਹੈ।

ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਮੱਛੀ ਬਾਜ਼ਾਰ ਹੈ, ਜਿਸਦੀ ਘਰੇਲੂ ਵਰਤੋਂ 2021 ਵਿੱਚ ਲਗਭਗ 12 ਮਿਲੀਅਨ ਟਨ ਤੱਕ ਪਹੁੰਚ ਗਈ ਸੀ। ਭਾਰਤ ਵਿੱਚ ਹਾਲਾਂਕਿ ਜ਼ਿਆਦਾਤਰ ਮੱਛੀਆਂ ਵਰਤਮਾਨ ਵਿੱਚ ਸਥਾਨਕ ਤੌਰ 'ਤੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਪਰ ਆਯਾਤ ਲਈ ਦਿੱਲੀ ਅਤੇ ਮੁੰਬਈ ਵਰਗੇ ਵੱਡੇ ਸ਼ਹਿਰ ਪ੍ਰਮੁੱਖ ਹਨ ।



ਖੱਬੇ ਤੋਂ: ਜੈਮੀ ਮੈਕਐਲਡਾਈਨ, ਸਕਾਟ ਨੋਲਨ, ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ, ਬੇਨ ਹੈਡਫੀਲਡ, ਵਾਈਸ ਕੌਂਸਲ ਅਮਿਤ ਚੌਧਰੀ; ਅਤੇ ਜੇਮਸ ਪਾਰਕ, ਸਾਲਮਨ ਸਕਾਟਲੈਂਡ ਦੇ ਰੋਸਾਈਥ ਵਿੱਚ ਮੋਵੀ ਦੇ ਸੈਕੰਡਰੀ ਪ੍ਰੋਸੈਸਿੰਗ ਪਲਾਂਟ ਦੇ ਬਾਹਰ।

## ਗਲਾਸਗੋ ਦੇ 65 ਸਾਲ ਪਹਿਲਾਂ ਬਣੇ ਉੱਚੇ ਫ਼ਲੈਟਾਂ ਨੂੰ ਡਾਇਨਾਮਾਈਟ ਨਾਲ ਉਡਾਇਆ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - 1960 ਵਿੱਚ ਗਲਾਸਗੋ ਦੇ ਗੌਰਬਲਜ ਵਿੱਚ ਬਣਾਏ ਗਏ ਦੋ ਮਸ਼ਹੂਰ ਟਾਵਰ ਬਲਾਕਾਂ ਨੂੰ ਦੋ ਬਰੂਦੀ ਧਮਾਕਿਆਂ (ਡਾਇਨਾਮਾਇਟ) ਨਾਲ ਯੋਜਨਾਬੱਧ ਢੰਗ ਨਾਲ ਢਾਹ ਦਿੱਤਾ ਗਿਆ। ਨਿਊ ਗੋਰ-ਬਲਜ਼ ਹਾਊਸਿੰਗ ਐਸੋਸੀਏਸ਼ਨ ਇੱਕ ਨਵੀਂ ਸੋਸ਼ਲ ਹਾਊਸਿੰਗ ਅਸਟੇਟ ਬਣਾਉਣ ਜਾ ਰਹੀ ਹੈ, ਜਿਸ ਵਿੱਚ ਢਾਹੇ ਗਏ 276 ਘਰਾਂ ਦੀ ਥਾਂ 'ਤੇ ਲਗਭਗ 150 ਨਵੇਂ ਫਲੈਟ ਬਣਾਏ ਜਾਣਗੇ। ਫਲੈਟ ਦੇ ਲੱਗਭੱਗ 200 ਮੀਟਰ ਆਲੇ-ਦੁਆਲੇ ਤੱਕ ਆਵਾਜਾਈ ਬੰਦ ਕਰ ਦਿੱਤੀ ਗਈ ਸੀ। ਆਲੇ ਦੁਆਲੇ ਫ਼ਲੈਟਾਂ ਨੂੰ ਢਹਿੰਦੇ ਦੇਖਣ ਲਈ ਸੈਂਕੜੇ ਲੋਕ ਇਕੱਠੇ ਹੋਏ ਸਨ, ਬਹੁਤ ਲੋਕ ਜਾਂ ਉਹਨਾਂ ਦੇ ਸਾਕ ਸੰਬੰਧੀ ਵੀ ਦੇਖਣ ਆਏ ਜੋ ਕਿ ਇਹਨਾਂ ਫ਼ਲੈਟਾਂ ਵਿੱਚ ਰਹਿ ਚੁੱਕੇ ਸਨ। ਕੁੱਝ ਲੋਕ ਭਾਵੁਕ ਵੀ ਨਜ਼ਰ ਆਏ । ਧਮਾਕੇ ਦੀ ਇੱਕ ਉੱਚੀ ਆਵਾਜ਼ ਆਈ। ਪਹਿਲਾਂ ਖੱਬੀ ਪੱਛਮੀ, ਉੱਚੀ ਇਮਾਰਤ ਢਹਿ ਗਈ, ਥੋੜ੍ਹੀ ਦੇਰ ਬਾਅਦ ਸੱਜੀ ਇਮਾਰਤ ਢਹਿ ਗਈ। ਜਾਪਿਆ ਜਿਵੇਂ ਜ਼ਮੀਨ ਹਿੱਲ ਰਹੀ ਹੋਵੇ ਅਤੇ ਹਰ ਕੋਈ ਚੁੱਪਚਾਪ, ਅਚੰਭੇ ਤੇ ਹੈਰਾਨੀ ਨਾਲ ਦੇਖ ਰਿਹਾ ਸੀ, ਨੀਲੇ ਅਸਮਾਨ ਵਿੱਚ ਧੂੜ ਦੇ ਬੱਦਲ ਉੱਡ ਰਹੇ ਸਨ। ਕੁਝ ਸਕਿੰਟਾਂ ਤੱਕ ਚੱਲੀ ਚੁੱਪ, ਪਰ ਮਿੰਟਾਂ ਵਾਂਗ ਮਹਿਸੂਸ ਹੋਈ। 226 ਫੁੱਟ ਉੱਚੀਆਂ ਇਮਾਰਤਾਂ ਸਕਿੰਟਾਂ ਵਿੱਚ ਮਲਬੇ ਵਿੱਚ ਤਬਦੀਲ ਹੋ ਗਈਆਂ ।ਲਗਭਗ 4000 ਲੋਕ ਇਹਨਾਂ ਘਰਾਂ ਵਿੱਚ ਰਹਿੰਦੇ ਸਨ। ਇਹਨਾਂ ਕੰਕਰੀਟ ਬਲਾਕਾਂ ਦੀ ਅਕਸਰ ਮਾੜੇ ਡਿਜ਼ਾਈਨ, ਸਿੱਲ੍ਹੇ ਹੋਣ ਅਤੇ ਭਾਈਚਾਰਕ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਅਸਫਲ ਰਹਿਣ ਲਈ ਆਲੋਚਨਾ ਕੀਤੀ ਜਾਂਦੀ ਸੀ, ਹਾਲਾਂਕਿ ਬਹੁਤ ਸਾਰੇ ਸਥਾਨਕ ਲੋਕਾਂ ਨੇ 2021 ਤੱਕ ਇਹਨਾਂ ਫਲੈਟਾਂ ਦੇ ਬੰਦ ਹੋਣ ਤੱਕ ਇਹਨਾਂ ਵਿੱਚ ਖੁਸ਼ਹਾਲ ਜ਼ਿੰਦਗੀ ਬਿਤਾਈ।

## ਸਕਾਟਲੈਂਡ ਵਿੱਚ ਉਲਕਾ ਪਿੰਡ ਟੁੱਟਣ ਨਾਲ ਤੇਜ਼ ਰੌਸ਼ਨੀ ਦਿਖਾਈ ਦਿੱਤੀ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਸਕਾਟਲੈਂਡ ਵਿੱਚ ਰਾਤ ਦੇ ਅਸਮਾਨ ਵਿੱਚ ਉਲਕਾਪਿੰਡ ਦਾ ਇੱਕ ਟੁਕੜਾ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋਇਆ ਅਤੇ ਤੇਜ਼ ਲੰਬੀ ਰੌਸ਼ਨੀ ਦਿਖਾਈ ਦਿੱਤੀ । ਇਸਨੂੰ ਲਗਭਗ ਰਾਤ 00:50 ਵਜੇ ਲੋਕਾਂ ਨੇ ਲੁਈਸ, ਸਟਰਲਿੰਗ, ਗਲਾਸਗੋ ਅਤੇ ਅਰਗਿਲ ਬਿਊਟ ਦੇ ਇਲਾਕਿਆਂ ਵਿੱਚ ਦੇਖਿਆ। ਉਲਕਾ ਤੋ ਟੁੱਟੇ ਪਦਾਰਥ ਜਦੋਂ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੁੰਦੇ ਹਨ ਅਤੇ ਅਕਸਰ ਵਾਯੂਮੰਡਲ ਵਿੱਚ ਦਾਖਲ ਹੁੰਦੇ ਹੀ ਅੱਗ ਫੜ ਲੈਂਦੇ ਹਨ, ਸੜਦੇ ਹਨ ਅਤੇ ਅਸਮਾਨ ਵਿੱਚ ਤਿੱਖੀਆਂ ਰੌਸ਼ਨੀਆਂ ਦੀਆਂ ਲੀਕਾਂ ਬਣਾਉਂਦੇ ਹਨ।ਜਦੋ ਇਹ ਰੌਸ਼ਨੀ ਦੇਖੀ ਗਈ ਤਾਂ 20 ਤੋਂ 30 ਸਕਿੰਟਾਂ ਬਾਅਦ ਇੱਕ ਵਿਸਫੋਟਕ ਧਮਾਕਾ ਸੁਣਾਈ ਦਿੱਤਾ । ਉਲਕਾ ਪਿੰਡ ਪੁਲਾੜ ਵਿੱਚ ਮੌਜੂਦ ਚੱਟਾਨਾਂ ਹਨ ਅਤੇ ਧੂੜ ਦੇ ਕਣਾਂ ਤੋਂ ਲੈ ਕੇ ਛੋਟੇ ਗ੍ਰਹਿਆਂ ਤੱਕ ਆਕਾਰ ਦੇ ਵੀ ਹੁੰਦੇ ਹਨ। ਉਹ ਤੇਜ਼ ਰਫ਼ਤਾਰ ਨਾਲ ਦਾਖਲ ਹੁੰਦੇ ਹਨ ਅਤੇ ਸੜ ਜਾਂਦੇ ਹਨ। ਅੱਗ ਦੇ ਗੋਲਿਆਂ ਨੂੰ ਸ਼ੂਟਿੰਗ ਸਟਾਰ ਕਿਹਾ ਜਾਂਦਾ ਹੈ। ਜਿਆਦਾਤਰ ਉਲਕਾ ਪਿੰਡ ਵਾਯੂਮੰਡਲ ਵਿੱਚੋਂ ਆਪਣੀ ਯਾਤਰਾ ਦੌਰਾਨ ਸੜ ਜਾਂਦੇ ਹਨ, ਜੋ ਬਚ ਜਾਂਦੇ ਹਨ ਅਤੇ ਜ਼ਮੀਨ ਨਾਲ ਟਕਰਾਉਂਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਸਕਾਟਲੈਂਡ ਵਿੱਚ ਉੱਚੀ ਧਮਾਕੇ ਦੀ ਅਵਾਜ਼ ਦੀ ਰਿਪੋਰਟ ਆਉਣ ਤੋਂ ਬਾਅਦ ਉਲਕਾਪਿੰਡ ਦੇ ਕੁਝ ਹਿੱਸੇ ਸਕਾਟਲੈਂਡ ਦੀ ਸੱਭ ਤੋਂ ਉੱਚੀ ਚੋਟੀ ਬੇਨ ਨੇਵਿਸ ਉੱਤੇ ਡਿੱਗੇ ਹੋ ਸਕਦੇ ਹਨ। ਨਾਸਾ ਨੇ ਕਿਹਾ ਕਿ ਅੰਦਾਜ਼ਨ 48.5 ਟਨ ਉਲਕਾਪਿੰਡ ਪਦਾਰਥ ਹਰ ਰੋਜ਼ ਧਰਤੀ 'ਤੇ ਡਿੱਗਦੇ ਹਨ - ਇਸਦਾ ਲਗਭਗ ਸਾਰਾ ਹਿੱਸਾ ਵਾਯੂਮੰਡਲ ਵਿੱਚ ਸੜ ਜਾਂਦਾ ਹੈ।

## ਅਮਰੀਕਾ ਭਾਰਤ ਵਪਾਰ ਸਮਝੌਤਾ ਸਿਰੇ ਚੜ੍ਹਨ ਦੇ ਨੇੜੇ: ਟਰੰਪ

ਨਿਊ ਯਾਰਕ/ਵਾਸ਼ਿੰਗਟਨ- ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਅਮਰੀਕਾ ਭਾਰਤ ਨਾਲ ਵਪਾਰ ਸਮਝੌਤਾ ਕਰਨ ਦੇ ਬਹੁਤ ਨੇੜੇ ਹੈ। ਅਮਰੀਕੀ ਸਦਰ ਨੇ ਸੋਮਵਾਰ ਨੂੰ ਕਿਹਾ, ਹੁਣ, ਅਸੀਂ ਯੂਨਾਈਟਿਡ ਕਿੰਗਡਮ (UK) ਨਾਲ ਸਮਝੌਤਾ ਕੀਤਾ ਹੈ, ਅਸੀਂ ਚੀਨ ਨਾਲ ਸਮਝੌਤਾ ਕੀਤਾ ਹੈ। ਅਸੀਂ ਭਾਰਤ ਨਾਲ ਇੱਕ ਸਮਝੌਤਾ ਕਰਨ ਦੇ ਬਹੁਤ ਨੇੜੇ ਹਾਂ। ਜਿਨ੍ਹਾਂ ਹੋਰਨਾਂ ਨੂੰ ਅਸੀਂ ਮਿਲੇ ਸੀ ਅਤੇ ਸਾਨੂੰ ਨਹੀਂ ਲੱਗਦਾ ਕਿ ਅਸੀਂ ਕੋਈ ਸਮਝੌਤਾ ਕਰ ਸਕਾਂਗੇ, ਇਸ ਲਈ ਅਸੀਂ ਉਨ੍ਹਾਂ ਨੂੰ ਪੱਤਰ ਭੇਜੇ ਹਨ। ਜੇਕਰ ਤੁਸੀਂ ਅਮਰੀਕਾ ਨਾਲ ਵਪਾਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਨ੍ਹਾਂ ਟੈਕਸਾਂ ਦੀ ਅਦਾਇਗੀ ਕਰਨੀ ਹੋਵੇਗੀ।ਅਮਰੀਕੀ ਰਾਸ਼ਟਰਪਤੀ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ ਜਦੋਂ ਟਰੰਪ ਪ੍ਰਸ਼ਾਸਨ ਨੇ ਸੋਮਵਾਰ ਨੂੰ ਵੱਖ-ਵੱਖ ਦੇਸ਼ਾਂ ਨੂੰ ਪੱਤਰਾਂ ਦੀ ਪਹਿਲੀ ਕਿਸ਼ਤ ਭੇਜੀ ਹੈ ਜਿਸ ਵਿੱਚ ਉਨ੍ਹਾਂ ਦੇਸ਼ਾਂ ਦੇ ਉਤਪਾਦਾਂ ਤੇ ਅਮਰੀਕਾ ਵੱਲੋਂ ਲਗਾਏ ਜਾਣ ਵਾਲੇ ਦਰਾਮਦ ਟੈਕਸਾਂ ਦਾ ਵੇਰਵਾ ਦਿੱਤਾ ਗਿਆ ਸੀ। ਟਰੰਪ ਦੀ ਸਹੀ ਵਾਲੇ ਇਹ ਪੱਤਰ ਜਿਨ੍ਹਾਂ ਮੁਲਕਾਂ ਨੂੰ ਭੇਜੇ ਗਏ ਹਨ, ਉਨ੍ਹਾਂ ਵਿਚ ਬੰਗਲਾਦੇਸ਼, ਬੋਸਨੀਆ, ਹਰਜ਼ੇਗੋਵਿਨਾ, ਕੰਬੋਡੀਆ, ਇੰਡੋਨੇਸ਼ੀਆ, ਜਾਪਾਨ, ਕਜ਼ਾਖਸਤਾਨ, ਲਾਓ ਪੀਪਲਜ਼ ਡੈਮੋਕਰੈਟਿਕ ਰਿਪਬਲਿਕ, ਮਲੇਸ਼ੀਆ, ਸਰਬੀਆ, ਦੱਖਣੀ ਅਫ਼ਰੀਕਾ, ਦੱਖਣੀ ਕੋਰੀਆ, ਥਾਈਲੈਂਡ ਤੇ ਟਿਊਨੀਸ਼ੀਆ ਸ਼ਾਮਲ ਹਨ। ਟਰੰਪ ਨੇ ਕਿਹਾ,ਅਸੀਂ ਵੱਖ ਵੱਖ ਮੁਲਕਾਂ ਨੂੰ ਪੱਤਰ ਭੇਜ ਰਹੇ ਹਾਂ ਕਿ ਉਨ੍ਹਾਂ ਨੂੰ ਕਿੰਨੇ ਟੈਕਸ ਦੀ ਅਦਾਇਗੀ ਕਰਨੀ ਹੋਵੇਗੀ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!


ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।

ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਪੂਣੇ ਵਿਚ ਪਖੰਡੀ ਬਾਬਾ ਗ੍ਰਿਫਤਾਰ, ਸ਼ਰਧਾਲੂਆਂ ਦੀ ਨਿੱਜੀ ਜ਼ਿੰਦਗੀ 'ਤੇ ਰੱਖਦਾ ਸੀ ਨਜ਼ਰ

## ✪ ਮਾਮਲਾ ਸ਼ਰਧਾਲੂਆਂ ਦੀ ਜਾਸੂਸੀ ਤੇ ਸ਼ੋਸ਼ਣ ਦਾ ✪ ਔਰਤਾਂ ਨਾਲ ਕਰਦਾ ਸੀ ਅਸ਼ਲੀਲ ਹਰਕਤਾਂ

ਖਾਸ ਖਬਰ

ਮਹਾਰਾਸ਼ਟਰ ਦੇ ਪੁਣੇ ਸ਼ਹਿਰ ਦੀ ਬਾਵਧਨ ਪੁਲਿਸ ਨੇ ਇੱਕ ਅਜਿਹੇ ਪਖੰਡੀ ਨੂੰ ਗ੍ਰਿਫਤਾਰ ਕੀਤਾ ਹੈ, ਜੋ ਸ਼ਰਧਾਲੂਆਂ ਦੀ ਨਿੱਜੀ ਜ਼ਿੰਦਗੀ 'ਤੇ ਜਾਸੂਸੀ ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰਦਾ ਸੀ। ਇਸ ਵਿਅਕਤੀ ਦਾ ਨਾਮ ਪ੍ਰਸਾਦ ਦਾਦਾ ਉਰਫ਼ ਬਾਬਾ ਉਰਫ਼ ਪ੍ਰਸਾਦ ਭੀਮਰਾਓ ਤਾਮਦਾਰ ਹੈ। 29 ਸਾਲ ਦੇ ਇਸ ਫਰਜ਼ੀ ਬਾਬੇ 'ਤੇ ਸ਼ਰਧਾਲੂਆਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਪਰੇਸ਼ਾਨ ਕਰਨ, ਔਰਤਾਂ ਨਾਲ ਅਸ਼ਲੀਲ ਹਰਕਤਾਂ ਕਰਨ ਅਤੇ ਜਾਸੂਸੀ ਐਪ ਰਾਹੀਂ ਉਨ੍ਹਾਂ ਦੇ ਨਿੱਜੀ ਪਲਾਂ 'ਤੇ ਨਜ਼ਰ ਰੱਖਣ ਦੇ ਗੰਭੀਰ ਇਲਜ਼ਾਮ ਹਨ। ਪ੍ਰਸਾਦ ਤਾਮਦਾਰ ਨੇ ਪੁਣੇ ਦੇ ਮੁਲਸ਼ੀ ਤਾਲੁਕਾ ਦੇ ਸੁਸਗਾਓਂ 'ਚ ਸਵਾਮੀ ਸਮਰਥ ਇਮਾਰਤ ਵਿੱਚ ਇੱਕ ਮੱਠ ਸਥਾਪਤ ਕੀਤਾ ਸੀ। ਉਹ ਆਪਣੇ ਆਪ ਨੂੰ ਬ੍ਰਹਮ ਸ਼ਕਤੀਆਂ ਵਾਲਾ ਗੁਰੂ ਦੱਸਦਾ ਸੀ, ਜਿਸ ਕਾਰਨ ਵੱਡੀ ਗਿਣਤੀ ਵਿਚ ਸ਼ਰਧਾਲੂ ਉਸ ਕੋਲ ਆਉਂਦੇ ਸਨ। ਪਰ ਇੱਕ ਸ਼ਿਕਾਇਤ ਨੇ ਉਸ ਦੇ ਪਖੰਡ ਦਾ ਪਰਦਾਫਾਸ਼ ਕਰ ਦਿੱਤਾ।

ਇੱਕ ਵਿਅਕਤੀ ਨੇ ਬਾਵਧਨ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ ਕਿ ਪ੍ਰਸਾਦ ਨੇ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਸੀਹੇ ਦਿੱਤੇ। ਇਸ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਪ੍ਰਸਾਦ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੂੰ ਸ਼ੱਕ ਹੈ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਸ਼ਰਧਾਲੂ ਵੀ ਉਸ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

ਡਿਪਟੀ ਕਮਿਸ਼ਨਰ ਆਫ਼ ਪੁਲਿਸ ਬਾਪੂ ਬਾਂਗਰ ਨੇ ਦੱਸਿਆ ਕਿ ਪ੍ਰਸਾਦ ਖ਼ਿਲਾਫ਼ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 318(4), 75(1), ਮਹਾਰਾਸ਼ਟਰ ਸ਼ੋਸ਼ਣ ਅਤੇ



ਅਣਮਨੁੱਖੀ ਤਸੀਹੇ ਐਕਟ, ਅਘੋਰੀ ਅਭਿਆਸ ਅਤੇ ਜਾਦੂ-ਟੂਣੇ ਐਕਟ 2013 ਦੀ ਧਾਰਾ 3 ਅਤੇ ਭਾਰਤੀ ਤਕਨਾਲੋਜੀ ਐਕਟ ਦੀ ਧਾਰਾ 67 ਅਧੀਨ ਕੇਸ ਦਰਜ ਕੀਤਾ ਗਿਆ ਹੈ।

ਪ੍ਰਸਾਦ ਤਾਮਦਾਰ 'ਤੇ ਸ਼ਰਧਾਲੂਆਂ, ਖਾਸ ਕਰਕੇ ਔਰਤਾਂ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਇਲਜ਼ਾਮ ਹਨ। ਉਸ ਨੇ ਕਈ ਔਰਤਾਂ ਨੂੰ ਵੇਸਵਾਗਮਨੀ, ਅਨੈਤਿਕ ਜਿਨਸੀ ਸੰਬੰਧਾਂ ਅਤੇ ਹੋਰ ਅਸ਼ਲੀਲ ਕੰਮਾਂ 'ਚ ਸ਼ਾਮਲ ਹੋਣ ਲਈ ਮਜਬੂਰ ਕੀਤਾ। ਸੋਸ਼ਲ ਮੀਡੀਆ 'ਤੇ ਪਹਿਲਾਂ ਵੀ ਉਸ ਦੇ ਕੁਝ ਵੀਡੀਓ ਵਾਇਰਲ ਹੋਏ ਸਨ, ਜਿਨ੍ਹਾਂ ਵਿਚ ਉਹ ਔਰਤਾਂ ਨਾਲ ਨਹਾਉਂਦੇ ਅਤੇ ਅਜੀਬ ਨਾਚ ਕਰਦੇ ਦਿਖਾਈ ਦਿੱਤਾ। ਇਹ ਵੀਡੀਓ ਉਸ ਦੀਆਂ ਗ਼ਲਤ ਹਰਕਤਾਂ ਦਾ ਸਬੂਤ ਹਨ।

ਸਮਾਜਿਕ ਕਾਰਕੁਨ ਸੰਗੀਤਾ ਤਿਵਾੜੀ ਨੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਆਸਾਰਾਮ ਅਤੇ ਰਾਮ ਰਹੀਮ ਵਰਗੇ ਪਖੰਡੀਆਂ ਦੇ ਕਾਰਨਾਮਿਆਂ ਦੇ ਸਾਹਮਣੇ ਆਉਣ ਦੇ ਬਾਵਜੂਦ, ਔਰਤਾਂ ਅਜਿਹੇ ਫਰਜ਼ੀ ਬਾਬਿਆਂ ਦਾ ਸ਼ਿਕਾਰ ਕਿਉਂ ਬਣਦੀਆਂ ਹਨ?

### ਜਾਸੂਸੀ ਐਪ ਕਿਹੋ ਜਿਹੀ ਸੀ?

ਸਾਈਬਰ ਫੋਰੈਂਸਿਕ ਮਾਹਰ ਅਤੇ ਡਿਜੀਟਲ ਟਾਸਕ ਫੋਰਸ ਦੇ ਡਾਇਰੈਕਟਰ ਰੋਹਨ ਨੇ ਦੱਸਿਆ ਕਿ ਪ੍ਰਸਾਦ ਨੇ 'ਏਅਰਡ੍ਰਾਇਡ ਕਿਡ' ਜਾਂ 'ਏਅਰਡ੍ਰਾਇਡ ਪੇਰੈਂਟਲ ਕੰਟਰੋਲ' ਨਾਮਕ ਜਾਸੂਸੀ ਸਾਫਟਵੇਅਰ ਦੀ ਵਰਤੋਂ ਕੀਤੀ। ਇਹ ਐਪ ਅਮਰੀਕਾ ਵਿਚ ਮਾਪਿਆਂ ਵੱਲੋਂ ਬੱਚਿਆਂ 'ਤੇ ਨਜ਼ਰ ਰੱਖਣ ਲਈ ਵਰਤੀ ਜਾਂਦੀ ਹੈ, ਪਰ ਭਾਰਤ ਵਿਚ ਇਸ ਦੀ ਦੁਰਵਰਤੋਂ ਹੋ ਰਹੀ ਹੈ। ਇਸ ਐਪ ਨੂੰ ਮੋਬਾਈਲ ਵਿਚ ਇੰਸਟਾਲ ਕਰਨ ਤੋਂ ਬਾਅਦ, ਇਹ ਲੁਕਿਆ ਰਹਿੰਦਾ ਹੈ ਅਤੇ ਇਸ ਦਾ ਲੋਗੋ ਸਕਰੀਨ 'ਤੇ ਨਹੀਂ ਦਿਖਦਾ। ਇਹ ਸਾਫਟਵੇਅਰ ਦੋ ਤਰੀਕਿਆਂ ਨਾਲ ਇੰਸਟਾਲ ਕੀਤਾ ਜਾਂਦਾ ਸੀ। ਪਹਿਲਾ, ਪ੍ਰਸਾਦ ਸ਼ਰਧਾਲੂਆਂ ਦਾ ਮੋਬਾਈਲ ਹੱਥ ਵਿਚ ਲੈ ਕੇ ਇਸ 'ਚ ਏਪੀਕੇ (ਐਂਡਰਾਇਡ) ਜਾਂ ਆਈਪੀਏ (ਆਈਫੋਨ) ਫਾਈਲ ਇੰਸਟਾਲ ਕਰਦਾ ਸੀ। ਇਹ ਪ੍ਰਕਿਰਿਆ ਸਿਰਫ 1-1.5 ਮਿੰਟ 'ਚ ਪੂਰੀ ਹੋ ਜਾਂਦੀ ਸੀ। ਦੂਜਾ, ਰਿਮੋਟ ਇੰਸਟਾਲੇਸ਼ਨ, ਜਿਸ ਵਿਚ ਲਿੰਕ ਜਾਂ ਪੀਡੀਐਫ ਰਾਹੀਂ ਐਪ ਮੋਬਾਈਲ ਵਿਚ ਪਹੁੰਚ ਜਾਂਦੀ ਸੀ। ਇਸ ਨਾਲ ਕੈਮਰਾ, ਫੋਟੋ, ਲੋਕੇਸ਼ਨ, ਮਾਈਕ੍ਰੋਫੋਨ, ਸੰਪਰਕ ਅਤੇ ਐਸਐਮਐਸ ਵਰਗੀਆਂ ਸਾਰੀਆਂ ਜਾਣਕਾਰੀਆਂ ਪ੍ਰਸਾਦ ਤਕ ਪਹੁੰਚ ਜਾਂਦੀਆਂ ਸਨ। ਰੋਹਨ ਮੁਤਾਬਕ, ਅਜਿਹੀਆਂ ਐਪਸ ਤੋਂ ਬਚਣ ਲਈ ਮੋਬਾਈਲ ਵਿਚ ਐਂਟੀ-ਵਾਇਰਸ ਸਾਫਟਵੇਅਰ ਇੰਸਟਾਲ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਅਣਜਾਣ ਲਿੰਕ ਜਾਂ ਫਾਈਲਾਂ ਨੂੰ ਨਾ ਖੋਲ੍ਹਣਾ ਅਤੇ ਮੋਬਾਈਲ ਨੂੰ ਕਿਸੇ ਅਣਜਾਣ ਵਿਅਕਤੀ ਨੂੰ ਨਾ ਦੇਣਾ ਵੀ ਮਹੱਤਵਪੂਰਨ ਹੈ।

### ਬਾਬਾ ਕਿਵੇਂ ਫੜਿਆ ਗਿਆ?

ਪ੍ਰਸਾਦ ਤਾਮਦਾਰ ਦੀਆਂ ਹਰਕਤਾਂ ਸਾਹਮਣੇ ਆਉਣ ਦਾ ਮੁੱਖ ਕਾਰਨ ਸੀ ਉਸ ਦੀ ਵਰਤੀ ਜਾਸੂਸੀ ਐਪ। ਸ਼ਰਧਾਲੂਆਂ ਦੀ ਸ਼ਿਕਾਇਤ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਨੇ ਪੁਲਿਸ ਦਾ ਧਿਆਨ ਖਿੱਚਿਆ। ਇੱਕ ਵਿਅਕਤੀ ਦੀ ਸ਼ਿਕਾਇਤ 'ਤੇ ਜਾਂਚ ਸ਼ੁਰੂ ਹੋਈ, ਜਿਸ 'ਚ ਪਤਾ ਲੱਗਾ ਕਿ ਪ੍ਰਸਾਦ ਸ਼ਰਧਾਲੂਆਂ ਦੇ ਮੋਬਾਈਲ ਵਿਚ ਇੱਕ ਖਾਸ ਐਪ ਇੰਸਟਾਲ ਕਰਦਾ ਸੀ, ਜਿਸ ਨਾਲ ਉਹ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਤੇ ਨਜ਼ਰ ਰੱਖਦਾ ਸੀ। ਪੁਲਿਸ ਨੇ ਜਾਂਚ ਦੌਰਾਨ ਇਸ ਐਪ ਦੀ ਜਾਣਕਾਰੀ ਅਤੇ ਹੋਰ ਸਬੂਤ ਇਕੱਠੇ ਕੀਤੇ, ਜਿਸ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਵਿਦੇਸ਼ ਵਿਚ ਵਸਣ ਲਈ ਇਹ 3 ਦੇਸ਼ ਦੇ ਰਹੇ ਨੇ ਖਾਸ ਸਹੂਲਤਾਂ

ਖਾਸ ਖਬਰ

ਵਿਦੇਸ਼ ਵਿਚ ਸੈਟਲ ਹੋਣ ਦਾ ਸੁਪਨਾ ਹੋਵੇ ਸੱਚ, ਇਹ 3 ਦੇਸ਼ ਦੇ ਰਹੇ ਨੇ ਪੈਸੇ ਤੇ ਮੁਫਤ ਘਰ! ਅੱਜ-ਕੱਲ੍ਹ ਹਰ ਕੋਈ ਵਿਦੇਸ਼ ਜਾ ਕੇ ਸੈਟਲ ਹੋਣ ਦਾ ਸੁਪਨਾ ਵੇਖਦਾ ਹੈ। ਪਰ ਵੀਜ਼ੇ, ਦਸਤਾਵੇਜ਼ ਅਤੇ ਹੋਰ ਪ੍ਰਕਿਰਿਆਵਾਂ ਦੀ ਝੰਝਟ ਕਾਰਨ ਇਹ ਸੁਪਨਾ ਅਧੂਰਾ ਹੀ ਰਹਿ ਜਾਂਦਾ ਹੈ। ਹੁਣ ਤੁਹਾਡੇ ਲਈ ਖੁਸ਼ਖਬਰੀ ਹੈ! ਦੁਨੀਆ ਦੇ 3 ਅਜਿਹੇ ਸ਼ਹਿਰ ਹਨ, ਜੋ ਨਾ ਸਿਰਫ਼ ਤੁਹਾਨੂੰ ਆਪਣੇ ਇੱਥੇ ਸੱਦ ਰਹੇ ਨੇ, ਸਗੋਂ ਪੈਸੇ ਅਤੇ ਮੁਫਤ ਘਰ ਵੀ ਦੇ ਰਹੇ ਨੇ। ਕੰਟੈਂਟ ਕ੍ਰੀਏਟਰ ਤੇ ਵਿੱਤ ਮਾਹਿਰ ਕੈਸਪਰ ਓਪਾਲਾ ਨੇ ਹਾਲ ਹੀ 'ਚ ਇਕ ਵੀਡੀਓ 'ਚ ਇਨ੍ਹਾਂ ਸਥਾਨਾਂ ਬਾਰੇ ਦੱਸਿਆ। ਆਓ, ਜਾਣਦੇ ਹਾਂ ਇਨ੍ਹਾਂ 3 ਸੁੰਦਰ ਥਾਵਾਂ ਬਾਰੇ।

### ਐਂਟੀਕਾਇਥੇਰਾ ਆਈਲੈਂਡ, ਗ੍ਰੀਸ

ਗ੍ਰੀਸ ਦਾ ਇਹ ਛੋਟਾ ਜਿਹਾ ਟਾਪੂ ਸਿਰਫ਼ 39 ਲੋਕਾਂ ਦਾ ਘਰ ਹੈ। ਚਿੱਟੀਆਂ ਇਮਾਰਤਾਂ,



ਨੀਲਾ ਸਮੁੰਦਰ, ਗੁਫਾਵਾਂ ਅਤੇ ਸੁੰਦਰ ਨਜ਼ਾਰਿਆਂ ਨਾਲ ਸਜਿਆ ਇਹ ਟਾਪੂ ਕੁਦਰਤ ਪ੍ਰੇਮੀਆਂ ਦਾ ਪਸੰਦੀਦਾ ਹੈ। ਇੱਥੇ 5 ਪਰਿਵਾਰਾਂ ਨੂੰ ਵਸਣ ਲਈ ਵਿੱਤੀ ਮਦਦ ਅਤੇ ਮੁਫਤ ਘਰ ਦਿੱਤਾ ਜਾਵੇਗਾ। ਜੇਕਰ ਤੁਸੀਂ ਬੇਕਰੀ ਚਲਾਉਣ ਜਾਂ ਮੱਛੀਆਂ ਫੜਨ 'ਚ ਮਾਹਰ ਹੋ, ਤਾਂ ਤੁਹਾਨੂੰ ਤਰਜੀਹ ਮਿਲੇਗੀ। ਚੁਣੇ ਗਏ ਪਰਿਵਾਰਾਂ ਨੂੰ 3 ਸਾਲਾਂ ਲਈ ਹਰ ਮਹੀਨੇ 600 ਡਾਲਰ (ਲਗਭਗ 50,000 ਰੁਪਏ) ਅਤੇ ਜ਼ਮੀਨ ਦਾ ਟੁਕੜਾ ਮਿਲੇਗਾ। ਚੋਣ ਲਈ ਇਕ ਸਧਾਰਨ ਇੰਟਰਵਿਊ ਪ੍ਰਕਿਰਿਆ ਹੈ।

### ਐਲਬਿਨੇਨ, ਸਵਿਟਜ਼ਰਲੈਂਡ

ਸਵਿਟਜ਼ਰਲੈਂਡ ਦਾ ਇਹ ਸੁੰਦਰ ਪਿੰਡ ਘਟਦੀ ਆਬਾਦੀ ਨੂੰ ਵਧਾਉਣ ਲਈ ਨੌਜਵਾਨ ਪਰਿਵਾਰਾਂ ਨੂੰ ਸੱਦ ਰਿਹਾ ਹੈ। ਜੇਕਰ ਤੁਸੀਂ 4 ਜਾਂ ਵੱਧ ਮੈਂਬਰਾਂ ਵਾਲੇ ਪਰਿਵਾਰ ਨਾਲ ਇੱਥੇ ਵਸਦੇ ਹੋ, ਤਾਂ ਤੁਹਾਨੂੰ 60,000 ਡਾਲਰ (ਲਗਭਗ 50 ਲੱਖ ਰੁਪਏ) ਤੱਕ ਦੀ ਸਹਾਇਤਾ ਮਿਲ ਸਕਦੀ ਹੈ। ਹਰ ਵਿਅਕਤੀ ਲਈ 26,800 ਡਾਲਰ (22 ਲੱਖ ਰੁਪਏ) ਅਤੇ ਹਰ ਬੱਚੇ ਲਈ 10,700 ਡਾਲਰ (9 ਲੱਖ ਰੁਪਏ) ਦਿੱਤੇ ਜਾਣਗੇ। ਇਹ ਯੋਜਨਾ ਖਾਸ ਕਰਕੇ ਨੌਜਵਾਨ ਜੋੜਿਆਂ ਲਈ ਲਾਭਕਾਰੀ ਹੈ।

### ਪ੍ਰੈਸੀਚੇ, ਇਟਲੀ

ਇਟਲੀ ਦੇ ਇਸ ਸ਼ਹਿਰ 'ਚ ਬਹੁਤ ਸਾਰੇ ਘਰ ਖਾਲੀ ਪਏ ਹਨ। ਸਥਾਨਕ ਕੌਂਸਲ ਇਨ੍ਹਾਂ ਘਰਾਂ ਨੂੰ ਮੁੜ ਵਸਾਉਣ ਲਈ 30,000 ਡਾਲਰ (25 ਲੱਖ ਰੁਪਏ) ਦੀ ਮਦਦ ਦੇ ਰਹੀ ਹੈ। ਇਹ ਰਕਮ ਪੁਰਾਣੇ ਘਰ ਖਰੀਦਣ ਅਤੇ ਮੁਰੰਮਤ ਲਈ ਵਰਤੀ ਜਾ ਸਕਦੀ ਹੈ। ਇੱਥੇ ਨੌਜਵਾਨਾਂ ਦੀ ਘਾਟ ਕਾਰਨ ਬਾਹਰੀ ਲੋਕਾਂ ਨੂੰ ਸੱਦਿਆ ਜਾ ਰਿਹਾ ਹੈ। ਇਹ ਤਿੰਨੇ ਥਾਵਾਂ ਸੁੰਦਰਤਾ, ਸ਼ਾਂਤੀ ਅਤੇ ਨਵੀਂ ਸ਼ੁਰੂਆਤ ਦਾ ਮੌਕਾ ਦੇ ਰਹੀਆਂ ਨੇ।

# ਪਿਓ-ਪੁੱਤ ਨੇ ਪ੍ਰਵਾਸੀ ਪੰਜਾਬਣ ਨਾਲ ਮਾਰੀ ਠੱਗੀ !

## ✪ ਦੋ ਕਰੋੜ ਦੀ ਜਾਅਲੀ ਰਸੀਦ ਬਣਾ ਕੀਤਾ ਵੱਡਾ ਕਾਂਡ, ਕੇਸ ਦਰਜ, ਦੋਸ਼ੀ ਫਰਾਰ




ਜਲੰਧਰ-ਜਲੰਧਰ ਵਿਖੇ ਐੱਨ. ਆਰ. ਆਈ. ਮਹਿਲਾ ਨਾਲ ਜ਼ਮੀਨੀ ਸੌਦੇ ਦੀ ਆੜ ਵਿਚ ਠੱਗੀ ਕਰਨ ਦੇ ਦੋਸ਼ ਵਿਚ ਪੰਜਾਬ ਪੁਲਸ ਨੇ ਜਲੰਧਰ ਦੇ ਚਹਾਰ ਬਾਗ ਵਾਸੀ ਪਿਤਾ-ਪੁੱਤਰ ਨੂੰ ਸੰਗੀਨ ਅਤੇ ਗੈਰ-ਜ਼ਮਾਨਤੀ ਧਰਾਵਾਂ ਦੇ ਤਹਿਤ ਨਾਮਜ਼ਦ ਕੀਤਾ ਹੈ। ਕੇਸ ਦਰਜ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਇਕ ਹਲਵਾਈ ਤੋਂ ਪਤਾ ਲੱਗਾ ਹੈ ਕਿ ਕੇਸ ਦਰਜ ਹੋਣ ਦੀ ਭਿਣਕ ਲੱਗਦੇ ਹੀ ਪਿਤਾ-ਪੁੱਤਰ ਦੋਵੇਂ ਫਰਾਰ ਹੋ ਗਏ ਹਨ। ਭਾਰਤੀ ਮੂਲ ਦੀ ਅਮਰੀਕਨ ਸਿਟੀਜ਼ਨ ਇੰਦਰਜੀਤ ਕੌਰ ਪਤਨੀ ਹਰਦੀਪ ਸਿੰਘ ਗੋਲਡੀ ਵਾਸੀ 312 ਜੀ.ਟੀ.ਬੀ. ਨਗਰ ਜਲੰਧਰ ਦੀ ਸ਼ਿਕਾਇਤ 'ਤੇ ਕਮਿਸ਼ਨਰੇਟ ਪੁਲਸ ਜਲੰਧਰ ਨੇ ਪੰਜਾਬ ਦੇ ਐੱਨ.ਆਰ.ਆਈ. ਵਿੰਗ ਦੀ ਉੱਚ ਪੱਧਰੀ ਜਾਂਚ ਰਿਪੋਰਟ ਦੇ ਆਧਾਰ 'ਤੇ ਚਹਾਰ ਬਾਗ ਜਲੰਧਰ ਵਾਸੀ ਵਿਕਾਸ ਸ਼ਰਮਾ ਚੀਨੂ ਪੁੱਤਰ ਤਿਲਕ ਰਾਜ ਅਤੇ ਕਾਰਤਿਕ ਸ਼ਰਮਾ ਪੁੱਤਰ ਵਿਕਾਸ ਸ਼ਰਮਾ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਸੰਗੀਨ ਦੋਸ਼ਾਂ ਦੇ ਚਲਦਿਆਂ ਪੰਜਾਬ ਸਟੇਟ ਵਿਜੀਲੈਂਸ ਬਿਊਰੋ ਦੀ ਹਿਰਾਸਤ ਵਿਚ ਚੱਲ ਰਹੇ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਵਿਕਾਸ ਸ਼ਰਮਾ ਦੇ ਕਈ ਪੁਲਸ ਅਧਿਕਾਰੀਆਂ ਅਤੇ ਗਰਮਖਿਆਲੀ ਨੇਤਾਵਾਂ ਨਾਲ ਵੀ ਲਿੰਕ ਦੱਸੇ ਜਾਂਦੇ ਹਨ। ਪੀੜਤ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਕੇਸ ਦਰਜ ਕਰਵਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਉਣਾ ਪਿਆ ਕਿਉਂਕਿ ਦੋਸ਼ੀ ਵਿਕਾਸ ਦਾ ਕਈ ਵੱਡੇ ਅਫ਼ਸਰਾਂ ਨੇ ਖੁੱਲ੍ਹ ਕੇ ਪੱਖ ਲਿਆ, ਜਿਸ ਦੇ ਖ਼ਿਲਾਫ਼ ਉਹ ਜਲਦੀ ਵੱਖ ਤੋਂ ਸ਼ਿਕਾਇਤ ਕਰਨਗੇ।

ਦੂਜੇ ਪਾਸੇ ਮਾਮਲਾ ਦਰਜ ਹੋਣ ਤੋਂ ਬਾਅਦ ਦੋਵੇਂ ਪਿਤਾ-ਪੁੱਤਰ ਆਪਣੇ ਸਾਰੇ ਮੋਬਾਇਲ ਫੋਨ ਨੰਬਰ ਬੰਦ ਕਰਨ ਤੋਂ ਬਾਅਦ ਗਾਇਬ ਹੋ ਗਏ । ਐੱਫ਼. ਆਈ. ਆਰ. ਵਿੱਚ ਮੌਜੂਦ ਸਮੱਗਰੀ ਦੇ ਅਨੁਸਾਰ ਪੁਲਸ ਨੇ ਮੁਲਜ਼ਮਾਂ ਦਾ ਪੱਖ ਵੀ ਸੁਣਿਆ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਉਹ ਬੇਕਸੂਰ ਹਨ ਪਰ ਅਸਲ ਰਸੀਦ ਪੇਸ਼ ਨਹੀਂ ਕੀਤੀ। ਇਸ ਦੇ ਨਾਲ ਹੀ ਮੁਲਜ਼ਮ ਪਿਤਾ-ਪੁੱਤਰ ਦੋਵਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ ਪਰ ਪੁਲਸ ਨੇ ਉਨ੍ਹਾਂ ਦੀ ਕਹਾਣੀ 'ਤੇ ਬਿਲਕੁਲ ਵੀ ਵਿਸ਼ਵਾਸ ਨਹੀਂ ਕੀਤਾ। ਹਾਲਾਂਕਿ ਦੋਵੇਂ ਮੁਲਜ਼ਮ ਜਾਂਚ ਨੂੰ ਤਬਦੀਲ ਕਰਵਾਉਣ ਲਈ ਹਾਈਕੋਰਟ ਵੀ ਗਏ ਪਰ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ।

ਪੀੜਤ ਮੁਤਾਬਕ ਉਸ ਨੇ ਫੋਲੜੀਵਾਲ ਸਥਿਤ ਆਪਣੀ ਖੇਤੀਬਾੜੀ ਜ਼ਮੀਨ ਦਾ ਸੌਦਾ ਮੁਲਜ਼ਮ ਕਾਰਤਿਕ ਨਾਲ 6 ਲੱਖ ਰੁਪਏ ਪ੍ਰਤੀ ਮਰਲੇ ਦੇ ਹਿਸਾਬ ਨਾਲ ਕੀਤਾ ਸੀ। 1.25 ਕਰੋੜ ਰੁਪਏ ਦੀ ਪੇਸ਼ਗੀ ਰਕਮ ਇਕੱਠੀ ਕੀਤੀ ਗਈ ਸੀ। ਇਕ ਸਮਝੌਤਾ ਵੀ ਕੀਤਾ ਗਿਆ ਸੀ, ਜਿਸ ਅਨੁਸਾਰ ਬਾਕੀ ਰਕਮ ਕੁਝ ਮਹੀਨਿਆਂ ਬਾਅਦ ਲਈ ਜਾਣੀ ਸੀ ਅਤੇ ਰਜਿਸਟਰੀ ਹੋਣੀ ਸੀ ਅਤੇ ਉਹ ਵਿਦੇਸ਼ ਚਲੀ ਗਈ ਸੀ। ਦੋਸ਼ ਹੈ ਕਿ ਜਦੋਂ ਉਹ ਆਪਣੇ ਦੇਸ਼ ਵਾਪਸ ਆਈ ਤਾਂ ਉਸ ਨੂੰ ਕਾਰਤਿਕ ਵੱਲੋਂ ਅਦਾਲਤ ਵਿੱਚ ਦਾਇਰ ਕੀਤੇ ਗਏ ਇਕ ਸਿਵਲ ਕੇਸ ਬਾਰੇ ਪਤਾ ਲੱਗਾ, ਜਿਸ ਵਿੱਚ ਉਸ ਨੂੰ 2 ਕਰੋੜ ਰੁਪਏ ਦੀ ਨਕਦੀ ਰਸੀਦ ਬਾਰੇ ਪਤਾ ਲੱਗਾ ਜੋ ਉਸ ਨੂੰ ਦੋਸ਼ੀ ਧਿਰ ਵੱਲੋਂ ਕਦੇ ਨਹੀਂ ਦਿੱਤੀ ਗਈ। ਪੀੜਤਾ ਦਾ ਦਾਅਵਾ ਹੈ ਕਿ ਉਸ ਨੇ ਕਈ ਪ੍ਰਭਾਵਸ਼ਾਲੀ ਲੋਕਾਂ ਨੂੰ ਸ਼ਾਮਲ ਕਰਕੇ ਦੋਸ਼ੀ ਧਿਰ ਨੂੰ ਮਨਾਉਣ ਅਤੇ ਵਿਵਾਦ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਪਿਤਾ ਅਤੇ ਪੁੱਤਰ ਦੋਵੇਂ ਅੜੇ ਰਹੇ। ਇਸ ਲਈ ਉਸ ਨੇ ਪੰਜਾਬ ਦੇ ਐੱਨ. ਆਰ. ਆਈ. ਵਿੰਗ ਵਿੱਚ ਸ਼ਿਕਾਇਤ ਦਰਜ ਕਰਵਾਈ।

ਉੱਚ ਪੱਧਰੀ ਜਾਂਚ ਰਿਪੋਰਟ ਵਿੱਚ ਖ਼ੁਲਾਸਾ ਹੋਇਆ ਹੈ ਕਿ ਦੋਸ਼ੀ ਧਿਰ ਨੇ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਐੱਨ. ਆਰ. ਆਈ. ਔਰਤ ਨਾਲ ਬਹੁਤ ਹੀ ਚਲਾਕੀ ਨਾਲ ਧੋਖਾਧੜੀ ਕੀਤੀ। ਜਾਂਚ ਵਿੱਚ ਸਾਹਮਣੇ ਆਇਆ ਕਿ ਦੋਸ਼ੀ ਕਾਰਤਿਕ ਸ਼ਰਮਾ ਅਤੇ ਉਸ ਦੇ ਪਿਤਾ ਵਿਕਾਸ ਸ਼ਰਮਾ ਉਰਫ਼ ਚੀਨੂ ਨੇ ਪਹਿਲਾਂ ਪੀੜਤ ਔਰਤ ਨੂੰ ਧੋਖਾ ਦਿੱਤਾ ਅਤੇ ਜ਼ਮੀਨ ਦਾ ਸੌਦਾ ਕੀਤਾ।

1 ਕਰੋੜ ਰੁਪਏ ਦੀ ਰਕਮ ਪੇਸ਼ਗੀ ਵਜੋਂ ਦਿੱਤੀ ਗਈ ਅਤੇ ਬਾਕੀ ਰਕਮ ਦੀ ਅਦਾਇਗੀ ਅਤੇ ਰਜਿਸਟ੍ਰੇਸ਼ਨ ਲਈ ਇਕ ਤਾਰੀਖ਼ ਤੈਅ ਕੀਤੀ ਗਈ। ਸਮਝੌਤੇ ਤੋਂ ਬਾਅਦ ਪੀੜਤਾ ਵਿਦੇਸ਼ ਚਲੀ ਗਈ ਅਤੇ ਜਦੋਂ ਉਹ ਭਾਰਤ ਵਾਪਸ ਆਈ ਤਾਂ ਉਸ ਨੂੰ ਕਾਰਤਿਕ ਵੱਲੋਂ ਅਦਾਲਤ ਵਿੱਚ ਦਾਇਰ ਕੀਤੇ ਗਏ, ਕੇਸ ਬਾਰੇ ਪਤਾ ਲੱਗਾ। ਜਦੋਂ ਕੇਸ ਫਾਈਲ ਪ੍ਰਾਪਤ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਨੂੰ 2 ਕਰੋੜ ਰੁਪਏ ਨਕਦੀ ਦਿੱਤੇ ਗਏ ਸਨ, ਜੋਕਿ ਦੋਸ਼ੀ ਧਿਰ ਵੱਲੋਂ ਉਸ ਨੂੰ ਕਦੇ ਨਹੀਂ ਦਿੱਤੇ ਗਏ। ਕਾਰਤਿਕ ਤੋਂ ਇਲਾਵਾ ਉਸ ਦੇ ਪਿਤਾ ਵਿਕਾਸ ਸ਼ਰਮਾ ਚੀਨੂ ਨੇ ਵੀ ਰਸੀਦ 'ਤੇ ਦਸਤਖ਼ਤ ਕੀਤੇ ਸਨ, ਜੋ ਉਸ ਨੇ ਆਪਣੇ ਦਾਅਵੇ ਨਾਲ ਅਦਾਲਤ ਵਿੱਚ ਪੇਸ਼ ਕੀਤੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ 2 ਕਰੋੜ ਰੁਪਏ ਦੇਣ ਲਈ ਇਕ ਵਟਸਐਪ ਮੈਸੇਜ ਵਿੱਚ ਮਾਰਚ ਦੀ ਪੁਰਾਣੀ ਤਾਰੀਖ਼ ਪੇਸ਼ ਕੀਤੀ ਗਈ ਸੀ ਜਦਕਿ ਰਸੀਦ ਇਕ ਮਹੀਨੇ ਬਾਅਦ ਲਿਖੀ ਗਈ ਸੀ। ਜਦੋਂ ਜਾਂਚ 'ਚ ਲਗਭਗ ਸਾਰੇ ਦੋਸ਼ ਸਾਬਤ ਹੋ ਗਏ ਅਤੇ ਧੋਖਾਧੜੀ ਦੇ ਸਿੱਧੇ ਸਬੂਤ ਸਾਹਮਣੇ ਆਏ ਤਾਂ ਪੁਲਸ ਨੇ ਪਾਇਆ ਕਿ ਪਿਓ-ਪੁੱਤ ਦੀ ਜੋੜੀ ਨੇ ਐੱਨ. ਆਰ. ਆਈ. ਔਰਤ ਨਾਲ ਧੋਖਾਧੜੀ ਕੀਤੀ ਹੈ ਅਤੇ ਦੋਵਾਂ ਵਿਰੁੱਧ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਗਈ।

## ਸਹੁਰਿਆਂ ਦੇ ਲੱਖਾਂ ਰੁਪਏ ਲਾ ਕੇ ਯੂਕੇ ਗਈ ਨੂੰਹ ਨੇ ਕੀਤਾ ਧੋਖਾ

### ✪ ਪਤੀ ਨੂੰ ਇੰਗਲੈਂਡ ਬੁਲਾਉਣ ਤੋਂ ਕੀਤਾ ਇਨਕਾਰ, ਕੇਸ ਦਰਜ



ਗੁਰਦਾਸਪੁਰ-ਇੱਕ ਮਹਿਲਾਂ ਨੇ ਪਹਿਲਾ ਆਪਣੇ ਸਹੁਰਿਆਂ ਦੇ ਲੱਖਾਂ ਰੁਪਏ ਖਰਚ ਕਰਵਾ ਕੇ ਵਿਦੇਸ਼ ਚਲੀ ਗਈ ਪਰ ਬਾਅਦ ਵਿੱਚ ਆਪਣੇ ਪਤੀ ਨੂੰ ਬੁਲਾਉਣ ਤੋਂ ਇਨਕਾਰ ਕਰ ਦਿੱਤਾ। ਥਾਣਾ ਸਿਟੀ ਦੀ ਪੁਲਿਸ ਨੇ ਤਿੰਨ ਮੁਲਜ਼ਮਾਂ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਭਾਨੂ ਵਰਮਾ ਵਾਸੀ ਮੁਹੱਲਾ ਖਜਾਨਚੀਆਂ ਨੇ ਦੱਸਿਆ ਕਿ ਉਸ ਦਾ ਵਿਆਹ 11 ਜਨਵਰੀ 2023 ਨੂੰ ਅਲੀਸ਼ਾ ਭਗਤ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਦੋਵਾਂ ਪਰਿਵਾਰਾਂ ਨੇ ਸਹਿਮਤੀ ਜਤਾਈ ਸੀ ਕਿ ਵਿਆਹ ਤੋਂ ਬਾਅਦ ਅਲੀਸ਼ਾ ਸਟੱਡੀ ਵੀਜ਼ਾ 'ਤੇ ਯੂਕੇ ਜਾਵੇਗੀ ਅਤੇ ਜੋ ਵੀ ਪੈਸਾ ਖਰਚ ਹੋਵੇਗਾ ਦੋਵੇਂ ਪਰਿਵਾਰ ਅੱਧਾ-ਅੱਧਾ ਦੇਣਗੇ।

ਯੂਕੇ ਪਹੁੰਚਣ ਤੋਂ ਬਾਅਦ ਅਲੀਸ਼ਾ ਆਪਣੇ ਪਤੀ ਭਾਨੂ ਵਰਮਾ ਨੂੰ ਸਪਾਊਸ ਵੀਜ਼ਾ 'ਤੇ ਯੂਕੇ ਬੁਲਾਏਗੀ। ਇਸ 'ਤੇ ਉਨ੍ਹਾਂ ਨੇ 14-15 ਲੱਖ ਰੁਪਏ ਖਰਚ ਕੀਤੇ ਅਤੇ ਅਲੀਸ਼ਾ ਭਗਤ ਨੂੰ ਯੂਕੇ ਭੇਜ ਦਿੱਤਾ। ਯੂਕੇ ਪਹੁੰਚਣ ਤੋਂ ਬਾਅਦ ਅਲੀਸ਼ਾ ਨੇ ਆਪਣੀ ਮਾਂ ਆਸ਼ਾ ਰਾਣੀ ਅਤੇ ਪਿਤਾ ਇੰਦਰਜੀਤ ਭਗਤ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਸਪਾਊਸ ਵੀਜ਼ਾ ਨਾ ਲਗਾ ਕੇ ਧੋਖਾਧੜੀ ਕੀਤੀ ਹੈ। ਪੁਲਿਸ ਨੇ ਤਿੰਨਾਂ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ।

## ਬਠਿੰਡਾ ਵਿਚ ਬਦਮਾਸ਼ਾਂ ਵਲੋਂ ਥਾਣੇਦਾਰ ਉਪਰ ਹਮਲਾ ਕਰਕੇ ਕਰ ਦਿਤਾ ਜ਼ਖ਼ਮੀ



ਬਠਿੰਡਾ-ਬੀਤੇ ਦਿਨੀਂ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਚਾਕੂ ਮਾਰ ਕੇ ਇਕ ਥਾਣੇਦਾਰ ਨੂੰ ਜ਼ਖ਼ਮੀ ਕਰ ਦਿੱਤਾ ਤੇ ਮੌਕੇ ਤੋਂ ਫਰਾਰ ਹੋ ਗਏ। ਜਾਣਕਾਰੀ ਅਨੁਸਾਰ ਇਕ ਦਿਨ ਪਹਿਲਾਂ ਥਾਣਾ ਕੈਨਾਲ ਕਲੋਨੀ ਦੇ ਖੇਤਰ 'ਚੋਂ ਕਿਸੇ ਵਿਅਕਤੀ ਦਾ ਮੋਟਰਸਾਈਕਲ ਚੋਰੀ ਹੋਇਆ ਸੀ। ਪੀਸੀਆਰ ਨੂੰ ਸੂਚਨਾ ਮਿਲੀ ਸੀ ਕਿ ਮੋਟਰਸਾਈਕਲ ਚੋਰੀ ਕਰਨ ਵਾਲੇ ਵਿਅਕਤੀ ਥਾਣਾ ਕੈਨਾਲ ਕਲੋਨੀ ਦੇ ਖੇਤਰ ਵਿਚ ਘੁੰਮ ਰਹੇ ਹਨ। ਪੀਸੀਆਰ ਦੀ ਟੀਮ ਆਪਣੀ ਗੱਡੀ ਲੈ ਕੇ ਥਾਣਾ ਕੈਨਾਲ ਕਲੋਨੀ ਦੇ ਖੇਤਰ ਵਿਚ ਪੁੱਜ ਗਈ। ਇਸ ਦੌਰਾਨ ਉਨ੍ਹਾਂ ਮੋਟਰਸਾਈਕਲ ਚੋਰਾਂ ਦੀ ਭਾਲ ਸ਼ੁਰੂ ਕਰ ਦਿੱਤੀ। ਦੁਪਹਿਰ ਕਰੀਬ ਡੇਢ ਵਜੇ ਦੇ ਕਰੀਬ ਪੀਸੀਆਰ ਟੀਮ ਨੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆ ਰਹੇ ਦੋ ਨੌਜਵਾਨਾਂ ਨੂੰ ਰੋਕਿਆ। ਜਦੋਂ ਏਐਸਆਈ ਨਰਿੰਦਰ ਕੁਮਾਰ ਨੇ ਮੁਲਜ਼ਮਾਂ ਤੋਂ ਪੁੱਛਗਿੱਛ ਸ਼ੁਰੂ ਕੀਤੀ ਤਾਂ ਉਨ੍ਹਾਂ ਵਿੱਚੋਂ ਇਕ ਨੇ ਥਾਣੇਦਾਰ ਉੱਪਰ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲਾਵਰ ਨੇ ਥਾਣੇਦਾਰ ਦੀ ਬਾਂਹ ਉੱਪਰ ਚਾਕੂ ਦਾ ਵਾਰ ਕੀਤਾ ਤੇ ਜ਼ਖ਼ਮੀ ਕਰ ਕੇ ਫਰਾਰ ਹੋ ਗਏ। ਜ਼ਖ਼ਮੀ ਏਐਸਆਈ ਨੂੰ ਇਲਾਜ ਲਈ ਬਠਿੰਡਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ।

# ਸੋਸ਼ਲ ਮੀਡੀਆ 'ਤੇ ਪਖੰਡੀ ਜੋਤਸ਼ੀਆਂ ਨੇ ਲੜਕੀ ਨੂੰ ਲੁੱਟਿਆ

**✪ 18 ਲੱਖ ਦੀ ਮਾਰੀ ਠੱਗੀ, ਤਿੰਨ ਗ੍ਰਿਫ਼ਤਾਰ ✪ ਪੰਜਾਬੀਆਂ ਨਾਲ ਜੋਤਸ਼ੀ ਮਾਰ ਰਹੇ ਨੇ ਠੱਗੀਆਂ, ਸਰਕਾਰ ਕਿਉਂ ਚੁੱਪ ?**

ਖਾਸ ਖ਼ਬਰ

ਮੱਧ ਪ੍ਰਦੇਸ਼ ਦੇ ਜਬਲਪੁਰ ਦੀ ਇੱਕ 24 ਸਾਲਾ ਲੜਕੀ ਗਰਿਮਾ ਜੋਸ਼ੀ ਨੂੰ ਸੋਸ਼ਲ ਮੀਡੀਆ 'ਤੇ ਚੰਗੇ ਭਵਿੱਖ ਅਤੇ ਵਿਆਹ ਦੇ ਝੂਠੇ ਸੁਪਨੇ ਦਿਖਾ ਕੇ ਲਗਭਗ 18 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਨੇ ਸਾਰੇ ਸੂਬੇ ਵਿਚ ਹੰਗਾਮਾ ਮਚਾ ਦਿੱਤਾ ਹੈ। ਸ੍ਰੀ ਗੰਗਾਨਗਰ ਪੁਲੀਸ ਨੇ ਇਸ ਮਾਮਲੇ ਵਿਚ ਤਿੰਨ ਵਿਅਕਤੀਆਂ-ਵਾਸੁਦੇਵ ਸ਼ਾਸਤਰੀ ਉਰਫ਼ ਮਨੀਸ਼ ਕੁਮਾਰ, ਅੰਕਿਤ ਉਰਫ਼ ਰੁਦਰਾ ਸ਼ਰਮਾ ਅਤੇ ਪ੍ਰਮੋਦ ਭਾਰਗਵ ਉਰਫ਼ ਬਿੱਟੂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਗਿਰੋਹ ਦਾ ਮੁੱਖ ਸਰਗਨਾ ਨਰੇਸ਼ ਉਰਫ਼ ਨਰਿੰਦਰ ਅਚਾਰੀਆ ਹੈ, ਜੋ ਅੰਕਿਤ ਦਾ ਪਿਤਾ ਹੈ ਅਤੇ ਅਜੇ ਫਰਾਰ ਹੈ। ਪੁਲੀਸ ਅਨੁਸਾਰ, ਇਹ ਗਿਰੋਹ ਸੋਸ਼ਲ ਮੀਡੀਆ 'ਤੇ ਤਾਂਤਰਿਕ ਅਤੇ ਜੋਤਸ਼ੀ ਵਜੋਂ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਫਸਾਉਂਦਾ ਸੀ ਅਤੇ ਲੱਖਾਂ ਰੁਪਏ ਠੱਗਦਾ ਸੀ।



### ਸੋਸ਼ਲ ਮੀਡੀਆ 'ਤੇ ਝੂਠ ਦਾ ਜਾਲ

ਗਰਿਮਾ ਜੋਸ਼ੀ, ਜੋ ਚੇਨਈ ਵਿਚ ਐਮ.ਬੀ.ਏ. ਕਰਕੇ ਇੱਕ ਕੰਪਨੀ ਵਿਚ ਨੌਕਰੀ ਕਰਦੀ ਹੈ, ਨੇ ਅਕਤੂਬਰ 2024 ਵਿਚ ਸ੍ਰੀ ਗੰਗਾਨਗਰ ਦਾ ਦੌਰਾ ਕੀਤਾ। ਇਸ ਦੌਰਾਨ ਉਸ ਨੇ ਇੰਸਟਾਗ੍ਰਾਮ 'ਤੇ ਵਾਸੁਦੇਵ ਸ਼ਾਸਤਰੀ ਦੀ ਰੀਲ ਦੇਖੀ, ਜਿਸ 'ਚ ਉਹ ਲੋਕਾਂ ਨੂੰ ਪੂਜਾ-ਪਾਠ ਅਤੇ ਤੰਤਰ ਵਿੱਦਿਆ ਰਾਹੀਂ ਸਮੱਸਿਆਵਾਂ ਹੱਲ ਕਰਨ ਦੇ ਵਾਅਦੇ ਕਰ ਰਿਹਾ ਸੀ। ਗਰਿਮਾ ਨੇ ਆਪਣੇ ਵਿਆਹ ਅਤੇ ਕਰੀਅਰ ਬਾਰੇ ਜਾਣਕਾਰੀ ਲੈਣ ਲਈ ਸ਼ਾਸਤਰੀ ਨਾਲ ਮੋਬਾਈਲ 'ਤੇ ਗੱਲਬਾਤ ਸ਼ੁਰੂ ਕੀਤੀ। ਸ਼ਾਸਤਰੀ ਨੇ ਦਾਅਵਾ ਕੀਤਾ ਕਿ ਉਸ ਕੋਲ ਸਿੱਧੀਆਂ ਹਨ ਅਤੇ ਪੂਜਾ-ਪਾਠ ਨਾਲ ਸਾਰੀਆਂ ਮੁਸੀਬਤਾਂ ਦੂਰ ਹੋ ਜਾਣਗੀਆਂ। ਉਸ ਨੇ 6 ਤੋਂ 8 ਅਕਤੂਬਰ 2024 ਦੌਰਾਨ ਗਰਿਮਾ ਤੋਂ 60 ਹਜ਼ਾਰ ਰੁਪਏ ਲਏ। ਇਸ ਤੋਂ ਬਾਅਦ ਸ਼ਾਸਤਰੀ ਨੇ ਉਸ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਪੂਜਾ ਅੱਧ ਵਿਚਕਾਰ ਛੱਡੀ ਤਾਂ ਪਰਿਵਾਰ ਵਿਚ ਕਿਸੇ ਦੀ ਮੌਤ ਹੋ ਜਾਵੇਗੀ। ਉਸ ਨੇ ਗਰਿਮਾ ਨੂੰ ਗੌਤਮ ਸ਼ਾਸਤਰੀ, ਨਰਿੰਦਰ ਅਚਾਰੀਆ ਅਤੇ ਮਨੀਸ਼ ਨਾਲ ਵੀ ਫੋਨ 'ਤੇ ਜੋੜਿਆ ਅਤੇ ਦੱਸਿਆ ਕਿ ਇਹ ਸਾਰੇ ਵੱਖ-ਵੱਖ ਦਿਸ਼ਾਵਾਂ ਵਿਚ ਬੈਠ ਕੇ ਪੂਜਾ ਕਰਨਗੇ।

### ਡਰਾਕੇ ਧਮਕੀਆਂ ਨਾਲ ਵਸੂਲੇ ਲੱਖਾਂ ਰੁਪਏ

ਗਰਿਮਾ ਦੀ ਸ਼ਿਕਾਇਤ ਅਨੁਸਾਰ, ਇਸ ਗਿਰੋਹ ਨੇ 6 ਫਰਵਰੀ 2025 ਤੱਕ ਵੱਖ-ਵੱਖ ਯੂ.ਪੀ.ਆਈ. ਆਈ.ਡੀਜ਼ ਰਾਹੀਂ ਉਸ ਤੋਂ 15.48 ਲੱਖ ਰੁਪਏ ਠੱਗ ਲਏ। ਜਦੋਂ ਗਰਿਮਾ ਨੂੰ ਕੋਈ ਨਤੀਜਾ ਨਾ ਮਿਲਿਆ ਅਤੇ ਉਸ ਨੇ ਪੈਸੇ ਵਾਪਸ ਮੰਗੇ, ਤਾਂ ਸ਼ਾਸਤਰੀ ਅਤੇ ਉਸ ਦੇ ਸਾਥੀਆਂ ਨੇ ਭੱਦੀ ਸ਼ਬਦਾਵਲੀ ਵਰਤੀ ਅਤੇ ਤਬਾਹੀ ਦੀਆਂ ਧਮਕੀਆਂ ਦਿੱਤੀਆਂ। ਗਰਿਮਾ ਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਸਾਰੇ ਫਰਜ਼ੀ ਜੋਤਸ਼ੀ ਅਤੇ ਤਾਂਤਰਿਕ ਸਨ, ਜੋ ਲੋਕਾਂ ਨੂੰ ਡਰਾ-ਧਮਕਾ ਕੇ ਪੈਸੇ ਵਸੂਲਦੇ ਸਨ। ਉਸ ਨੇ ਸ੍ਰੀ ਗੰਗਾਨਗਰ ਪੁਲੀਸ ਨੂੰ ਡਾਕ ਰਾਹੀਂ ਸ਼ਿਕਾਇਤ ਭੇਜੀ, ਜਿਸ ਦੀ ਜਾਂਚ ਤੋਂ ਬਾਅਦ ਪੁਲੀਸ ਨੇ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਦੱਸਿਆ ਕਿ ਸ਼ੱਕੀਆਂ ਨੂੰ ਸ਼ਿਕਾਇਤ ਦੀ ਸੂਚਨਾ ਮਿਲਦੇ ਹੀ ਫਰਾਰ ਹੋਣ ਦੀ ਕੋਸ਼ਿਸ਼ ਕੀਤੀ, ਪਰ ਪੁਲੀਸ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ।

## ਪੰਜਾਬੀਆਂ ਵਿਚ ਜੋਤਸ਼ੀਆਂ ਦਾ ਜਨੂੰਨ ਕਿਉਂ ?

ਇਹ ਪਹਿਲੀ ਵਾਰ ਨਹੀਂ ਜਦੋਂ ਜੋਤਸ਼ੀਆਂ ਅਤੇ ਤਾਂਤਰਿਕਾਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਲੋਕਾਂ ਨੂੰ ਲੁੱਟਿਆ ਹੋਵੇ। ਪੰਜਾਬੀਆਂ ਵਿਚ ਜੋਤਸ਼ੀਆਂ ਅਤੇ ਤਾਂਤਰਿਕਾਂ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ। ਖਾਸ ਕਰਕੇ ਨੌਜਵਾਨ ਅਤੇ ਔਰਤਾਂ ਇਨ੍ਹਾਂ ਦੇ ਝੂਠੇ ਵਾਅਦਿਆਂ ਵਿਚ ਫਸ ਜਾਂਦੇ ਹਨ। ਆਨਲਾਈਨ ਅਤੇ ਪ੍ਰਵਾਸੀ ਪੰਜਾਬੀ ਅਖ਼ਬਾਰਾਂ 'ਚ ਅਜਿਹੇ ਇਸ਼ਤਿਹਾਰ ਆਮ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਵਿਆਹ, ਕਰੀਅਰ, ਸਿਹਤ ਅਤੇ ਧਨ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਵਾਅਦੇ ਕੀਤੇ ਜਾਂਦੇ ਹਨ। ਸੋਸ਼ਲ ਮੀਡੀਆ 'ਤੇ ਰੀਲਾਂ ਅਤੇ ਇਸ਼ਤਿਹਾਰਾਂ ਦੀ ਭਰਮਾਰ ਨੇ ਇਸ ਨੂੰ ਹੋਰ ਸੌਖਾ ਕਰ ਦਿੱਤਾ ਹੈ। ਪਰ ਸਵਾਲ ਇਹ ਹੈ ਕਿ ਸਰਕਾਰ ਅਜਿਹੇ ਫਰਜ਼ੀ ਇਸ਼ਤਿਹਾਰਾਂ 'ਤੇ ਨਕੇਲ ਕਿਉਂ ਨਹੀਂ ਕਸਦੀ ? ਅਜਿਹੇ ਗਿਰੋਹਾਂ ਵਿਰੁੱਧ ਸਖ਼ਤ ਕਾਰਵਾਈ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ। ਸੋਸ਼ਲ ਮੀਡੀਆ 'ਤੇ ਫੈਲ ਰਹੇ ਅਜਿਹੇ ਫਰਜ਼ੀ ਇਸ਼ਤਿਹਾਰਾਂ 'ਤੇ ਕੋਈ ਸਖ਼ਤ ਨੀਤੀ ਨਾ ਹੋਣ ਕਾਰਨ ਇਹ ਮਾਮਲੇ ਵਧਦੇ ਜਾ ਰਹੇ ਹਨ। ਪੰਜਾਬੀ ਭਾਈਚਾਰੇ 'ਚ ਵਿਸ਼ਵਾਸ ਅਤੇ ਅੰਧਵਿਸ਼ਵਾਸ ਦੀਆਂ ਸੀਮਾਵਾਂ ਇੰਨੀਆਂ ਧੁੰਦਲੀਆਂ ਹਨ ਕਿ ਲੋਕ ਬਿਨਾਂ ਸੋਚੇ-ਸਮਝੇ ਅਜਿਹੇ ਗਿਰੋਹਾਂ ਦੇ ਹੱਥੇ ਚੜ੍ਹ ਜਾਂਦੇ ਹਨ। ਸਰਕਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਜਿਹੇ ਇਸ਼ਤਿਹਾਰਾਂ ਦੀ ਨਿਗਰਾਨੀ ਅਤੇ ਸਖ਼ਤ ਜਾਂਚ ਦੀ ਲੋੜ ਹੈ, ਤਾਂ ਜੋ ਅਜਿਹੀਆਂ ਘਟਨਾਵਾਂ 'ਤੇ ਰੋਕ ਲੱਗ ਸਕੇ।

# ਜੋਤੀ ਵੈਸ਼ਨੋ ਢਾਬਾ ਦੇ ਬੰਦ ਪਏ ਪੈਲਸ ਵਿਚ ਕਈ ਟਨ ਗਾਊ ਮਾਸ ਬਰਾਮਦ, ਮਾਲਕ ਸਣੇ ਕਈ 'ਤੇ ਮਾਮਲਾ ਦਰਜ

**✪ ਹਿੰਦੂ ਸੰਗਠਨਾਂ ਵੱਲੋਂ ਰੋਸ ਜਾਹਿਰ, ਮਾਸ ਦੇ ਟੁਕੜਿਆ ਦਾ ਕੀਤਾ ਅੰਤਿਮ ਸਸਕਾਰ**



ਫਗਵਾੜਾ-ਬੀਤੀ ਰਾਤ ਫਗਵਾੜਾ ਦੇ ਬਿਰਕਾ ਨਜ਼ਦੀਕ ਜੀਟੀ ਰੋਡ 'ਤੇ ਮੌਜੂਦ ਜੋਤੀ ਵੈਸ਼ਨੋ ਢਾਬਾ ਦੇ ਬੰਦ ਪਏ ਪੈਲਸ ਵਿੱਚੋਂ ਕਈ ਟਨ ਗਾਊ ਮਾਸ ਬਰਾਮਦ ਹੋਇਆ ਸੀ।

ਮੌਕੇ 'ਤੇ ਹਿੰਦੂ ਸੰਗਠਨਾਂ ਵੱਲੋਂ ਰੋਸ ਜਾਹਿਰ ਕਰਨ ਉਪਰੰਤ ਫਗਵਾੜਾ ਪੁਲਿਸ ਵੱਲੋਂ ਤਾਸੀਮ, ਭੂਰਾ, ਵਿਜੇ ਕੁਮਾਰ, ਬੱਬੂ, ਅਰਮਾਨ ਸਿੰਘ ਉੱਤਰ ਪ੍ਰਦੇਸ਼, ਜੋਤੀ ਢਾਬੇ ਦੇ ਮਾਲਕ ਸਮੇਤ 8-9 ਮਾਲੂਮ ਵਿਅਕਤੀਆਂ 'ਤੇ ਮਾਮਲਾ ਦਰਜ ਕਰ ਲਿਆ ਗਿਆ। ਉਪਰੰਤ ਹਿੰਦੂ ਸੰਗਠਨਾਂ ਵੱਲੋਂ ਗਊ ਮਾਸ ਦੇ ਟੁਕੜਿਆਂ ਨੂੰ ਖਜੂਰਲਾ ਨਜ਼ਦੀਕ ਹਿੰਦੂ ਰੀਤੀ ਰਿਵਾਜਾਂ ਮੁਤਾਬਿਕ ਅੰਤਿਮ ਸਸਕਾਰ ਕੀਤਾ ਗਿਆ। ਇਸ ਮੌਕੇ ਮੌਜੂਦ ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ, ਆਮ ਆਦਮੀ ਪਾਰਟੀ ਹਲਕਾ ਇੰਚਾਰਜ ਹਰਜੀਮਾਨ, ਭਾਜਪਾ ਜਿਲਾ ਮੀਤ ਪ੍ਰਧਾਨ ਬਲਵਿੰਦਰ ਠਾਕੁਰ, ਹਿੰਦੂ ਲੀਡਰ ਇੰਦਰਜੀਤ ਕਰਵਲ, ਦੀਪਕ ਭਾਰਦਵਾਜ, ਸਮੇਤ ਵੱਡੀ ਗਿਣਤੀ ਵਿੱਚ ਸਨਾਤਨ ਪ੍ਰੇਮੀ ਹਾਜ਼ਰ ਸਨ। ਸਾਰਿਆਂ ਨੇ ਇਕ ਸੁਰ ਵਿੱਚ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਿਨ੍ਹਾਂ ਨੇ ਵੀ ਫਗਵਾੜਾ ਸ਼ਹਿਰ ਅੰਦਰ ਅਜਿਹਾ ਘਿਨਾਉਣਾ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਐਸਪੀ ਰੁਪਿੰਦਰ ਕੌਰ ਭੱਟੀ ਨੇ ਭਰੋਸਾ ਦਵਾਇਆ ਕਿ ਜਿਨ੍ਹਾਂ ਨੇ ਵੀ ਇਸ ਕਾਰਜ ਨੂੰ ਅੰਜਾਮ ਦਿੱਤਾ ਹੈ, ਉਨ੍ਹਾਂ ਨੂੰ ਸਖਤ ਸਜ਼ਾ ਦਵਾਈ ਜਾਵੇਗੀ।

## ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਫਰੀਦਕੋਟ ਦਾ ਡੀਐਸਪੀ ਰਾਜਨਪਾਲ ਗ੍ਰਿਫ਼ਤਾਰ

**✪ ਪੀੜਤ ਪਰਿਵਾਰ ਤੋਂ 1 ਲੱਖ ਰੁਪਏ ਦੀ ਲਈ ਸੀ ਰਿਸ਼ਵਤ**

ਫਰੀਦਕੋਟ-ਮਾਨ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਫਰੀਦਕੋਟ ਦੇ ਡੀਐਸਪੀ ਰਾਜਨਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਡੀਐਸਪੀ ਰਾਜਨਪਾਲ ਫ਼ਰੀਦਕੋਟ ਦੇ ਪਿੰਡ ਪੱਕਾ ਦੀ ਰਹਿਣ ਵਾਲੀ ਇੱਕ ਵਿਆਹੁਤਾ ਔਰਤ ਕਿਰਨਜੀਤ ਕੌਰ ਦੀ ਸ਼ਿਕਾਇਤ ਦੀ ਜਾਂਚ ਕਰ ਰਿਹਾ ਸੀ, ਜਿਸ ਵਿੱਚ ਡੀਐਸਪੀ ਨੇ ਪੀੜਤ ਪਰਿਵਾਰ ਤੋਂ 1 ਲੱਖ ਰੁਪਏ ਰਿਸ਼ਵਤ ਲਈ ਅਤੇ ਉਨ੍ਹਾਂ ਦਾ ਮਾਮਲਾ ਵੀ ਹੱਲ ਨਹੀਂ ਕਰਵਾਇਆ। ਇਸ ਤੋਂ ਬਾਅਦ, ਵਿਆਹੁਤਾ ਔਰਤ ਦੇ ਭਰਾ ਕਰਮਤੇਜ ਸਿੰਘ ਨੇ ਬੀਤੇ ਦਿਨੀਂ ਐਸਐਸਪੀ ਕੋਲ ਡੀਐਸਪੀ ਰਾਜਨਪਾਲ ਖ਼ਿਲਾਫ਼ 1 ਲੱਖ ਰੁਪਏ ਰਿਸ਼ਵਤ ਲੈਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਐਸਐਸਪੀ ਦਫ਼ਤਰ ਨੂੰ ਰਿਸ਼ਵਤ ਦੇ ਕੇ ਸ਼ਿਕਾਇਤ ਦਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਐਫਆਈਆਰ ਦਰਜ ਕਰਕੇ ਪੁਲਿਸ ਨੇ ਡੀਐਸਪੀ ਨੂੰ ਗ੍ਰਿਫ਼ਤਾਰ ਕੀਤਾ ਹੈ।



# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅਨੰਦਪੁਰ ਸਾਹਿਬ

ਅਨੰਦਪੁਰ ਸਾਹਿਬ ਸ਼ਹਿਰ ਅੱਜ ਪੂਰੇ ਸੰਸਾਰ ਦੇ ਨਕਸ਼ੇ 'ਤੇ ਆਇਆ ਹੋਇਆ ਹੈ। ਅਨੰਦਪੁਰ ਸਾਹਿਬ ਦਾ ਅਕਸ਼ਾਸ਼ 310-13 ਅਤੇ ਰੇਖਾਸ਼ ਦੇਸ਼ਾਤਰ 760-32 ਹੈ। ਇਹ ਛੋਟਾ ਸ਼ਹਿਰ ਰੋਪੜ (ਰੂਪ ਨਗਰ) ਦੇ ਉੱਤਰ ਵੱਲ 35 ਕਿਲੋਮੀਟਰ ਦੂਰ ਹੈ ਅਤੇ ਨੰਗਲ ਦੇ ਦੱਖਣ ਵੱਲ 21 ਕਿਲੋਮੀਟਰ ਹੈ। ਇਸ ਸ਼ਹਿਰ ਦੀ ਪਵਿੱਤਰਤਾ ਕਾਰਨ ਇਸ ਨੂੰ ਅਨੰਦਪੁਰ ਸਾਹਿਬ ਆਖਿਆ ਜਾਂਦਾ ਹੈ। ਸਿੱਖਾਂ ਦਾ ਪਾਵਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਇਥੇ ਹੋਣ ਕਾਰਨ ਅਤੇ ਹੋਰ ਅਹਿਮ ਤੇ ਇਤਿਹਾਸਕ ਗੁਰਦੁਆਰੇ ਆਸ-ਪਾਸ ਹੋਣ ਕਾਰਨ ਯਾਤਰੂ ਦੂਰ-ਦੁਰਾਡੇ ਦੇਸ਼ਾਂ ਤੋਂ ਮਸਤਕ ਨਿਵਾਉਣ ਆਉਂਦੇ ਹਨ। ਅਨੰਦਪੁਰ ਸਾਹਿਬ ਦਿੱਲੀ ਤੋਂ ਰੇਲਵੇ ਲਾਈਨ ਨਾਲ ਜੁੜਿਆ ਹੋਇਆ ਹੈ। ਖ਼ਾਲਸਾ ਪੰਥ ਦੇ 300 ਸਾਲਾ ਦਿਨ ਦੇ ਸਮਾਗਮਾਂ ਦੇ ਸੰਬੰਧ ਵਿੱਚ ਕੀਰਤਪੁਰ ਸਾਹਿਬ ਤੋਂ ਅਨੰਦਪੁਰ ਸਾਹਿਬ ਤੱਕ ਚਾਰ ਲੇਨ ਦੀ ਦੂਹਰੀ ਸੜਕ ਬਣ ਰਹੀ ਹੈ।

ਇਹ ਸ਼ਹਿਰ ਗੁਰੂ ਤੇਗ ਬਹਾਦਰ ਸਾਹਿਬ ਨੇ 1665 ਵਿੱਚ ਪਿੰਡ ਮਾਖੋਵਾਲ ਦੀ ਥੇਹ 'ਤੇ ਵਸਾਇਆ ਸੀ। ਇਹ ਜ਼ਮੀਨ ਗੁਰੂ ਸਾਹਿਬ ਨੇ ਰਾਣੀ ਡੁਗਰ ਚੰਪਾ (ਆਫ਼ ਬਿਲਾਸਪੁਰ) ਤੋਂ 500 ਰੁਪਏ ਦੇ ਕੇ ਖਰੀਦੀ ਸੀ। ਨਗਰ ਦੀ ਸੰਗੇ ਬੁਨਿਆਦ ਭਾਈ ਗੁਰਦਿੱਤਾ ਜੀ (ਭਾਈ ਬੁੱਢਾ ਜੀ ਵੰਸ਼) ਵਲੋਂ ਜੂਨ 19, 1665 ਨੂੰ ਰੱਖੀ ਗਈ। ਗੁਰੂ ਸਾਹਿਬ ਨੇ ਇਸ ਦਾ ਨਾਂ ਚੱਕ ਨਾਨਕੀ ਰੱਖਿਆ, ਇਹ ਨਾਂ ਉਨ੍ਹਾਂ ਆਪਣੀ ਮਾਂ ਮਾਤਾ ਨਾਨਕੀ (ਗੁਰੂ ਹਰਿਗੋਬਿੰਦ ਸਾਹਿਬ ਦੀ ਧਰਮ ਪਤਨੀ) ਦੇ ਨਾਂ 'ਤੇ ਰੱਖਿਆ। ਗੁਰੂ ਤੇਗ ਬਹਾਦਰ ਸਾਹਿਬ ਇਥੇ ਕੁਝ ਸਮਾਂ ਰਹਿ ਕੇ ਬਿਹਾਰ, ਬੰਗਾਲ, ਅਸਾਮ ਆਦਿ ਵੱਲ ਤੁਰ ਪਏ। 1670 ਤੋਂ 1672 ਤੱਕ ਗੁਰੂ ਤੇਗ ਬਹਾਦਰ ਸਾਹਿਬ ਬਾਬਾ ਬਕਾਲਾ (ਪੰਜਾਬ) ਵਿੱਚ ਠਹਿਰੇ। 1672 ਵਿੱਚ ਗੁਰੂ ਸਾਹਿਬ ਚੱਕ ਨਾਨਕੀ (ਅਨੰਦਪੁਰ ਸਾਹਿਬ) ਵੱਲ ਤੁਰ ਪਏ ਅਤੇ ਉਥੇ 1675 ਤੱਕ ਰਹੇ।

ਮਈ 1675 ਵਿੱਚ ਕਸ਼ਮੀਰ ਤੋਂ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਗੁਰੂ ਤੇਗ ਬਹਾਦਰ ਸਾਹਿਬ ਕੋਲ ਆਇਆ ਅਤੇ ਫਰਿਆਦ ਕੀਤੀ ਕਿ ਔਰੰਗਜ਼ੇਬ ਤੋਂ ਕਸ਼ਮੀਰੀ ਪੰਡਤਾਂ ਦੀ ਰੱਖਿਆ ਕਰੋ। ਕਸ਼ਮੀਰੀ ਪੰਡਤਾਂ ਦੇ ਤਿਲਕ ਜੰਞੂ ਲਈ ਹੀ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੇ ਹੁਕਮ ਨਾਲ 11 ਨਵੰਬਰ 1675 ਨੂੰ ਚਾਂਦਨੀ ਚੌਕ ਵਿੱਚ ਸ਼ਹੀਦ ਕੀਤਾ ਗਿਆ।

ਗੁਰੂ ਗੋਬਿੰਦ ਸਿੰਘ ਸਾਹਿਬ 1673 ਤੋਂ 1685 ਤੱਕ ਅਤੇ ਦੁਬਾਰਾ 1688 ਤੋਂ 1705 (ਭਾਵ 30 ਸਾਲ) ਇਸੇ ਨਗਰ ਰਹੇ। ਇਥੇ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਸੰਦਾਂ ਨੂੰ ਸਜ਼ਾ ਦਿੱਤੀ ਅਤੇ ਮਸੰਦ ਸਿਸਟਮ ਖ਼ਤਮ ਕਰ ਦਿੱਤਾ। ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ 29 ਮਾਰਚ 1698 (ਆਮ



ਰਿਵਾਇਤ ਮੁਤਾਬਕ 29 ਮਾਰਚ 1699) ਨੂੰ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਇਥੋਂ ਹੀ ਗੁਰੂ ਸਾਹਿਬ ਨੇ ਪੰਜ ਕਿਲ੍ਹੇ ਕੇਸਗੜ੍ਹ, ਆਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ ਅਤੇ ਫ਼ਤਹਿਗੜ੍ਹ ਬਣਵਾਏ।

ਅਨੰਦਪੁਰ ਸਾਹਿਬ 'ਤੇ ਕਈ ਵੇਰ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨੇ ਹਮਲਾ ਕੀਤਾ। 19 ਅਗਸਤ 1695 ਨੂੰ ਲਾਹੌਰ ਦੇ ਗਵਰਨਰ ਦਿਲਾਵਰ ਖਾਨ ਨੇ ਆਪਣੇ ਬੇਟੇ ਰੁਸਤਮ ਖਾਨ ਦੀ ਰਹਿਬਰੀ ਹੇਠ ਫੌਜ ਭੇਜੀ। 29 ਅਗਸਤ 1700 ਨੂੰ ਅਜਮੇਰ ਚੰਦ, ਬਿਲਾਸਪੁਰ ਰਿਆਸਤਾਂ ਦੇ ਰਾਜੇ ਅਤੇ ਉਸ ਦੇ ਸਹਿਯੋਗੀਆਂ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਇਹ ਲੜਾਈ ਚਾਰ ਦਿਨ ਤੱਕ ਰਹੀ ਸੀ। ਇਕ ਸਤੰਬਰ 1700 ਨੂੰ ਪਹਾੜੀ ਰਾਜਾ ਕੇਸਰੀ ਚੰਦ ਮਾਰਿਆ ਗਿਆ ਅਤੇ ਪਹਾੜੀ ਫੌਜ ਮੈਦਾਨੇ-ਜੰਗ ਵਿੱਚੋਂ ਭੱਜ ਗਈ। 1 ਅਕਤੂਬਰ 1700 ਨੂੰ ਪਹਾੜੀ ਰਾਜਿਆਂ ਦੀ ਬੇਨਤੀ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਅਨੰਦਪੁਰ ਸਾਹਿਬ ਛੱਡ ਕੇ ਨਿਰਮੋਹਗੜ੍ਹ ਚਲੇ ਗਏ। ਅਜਮੇਰ ਚੰਦ ਦੀ ਫੌਜ ਨੇ ਗੁਰੂ ਸਾਹਿਬ 'ਤੇ ਅਕਤੂਬਰ 7 ਨੂੰ ਨਿਰਮੋਹਗੜ੍ਹ 'ਤੇ ਹਮਲਾ ਕੀਤਾ। ਇਥੋਂ 12 ਅਕਤੂਬਰ ਤੋਂ 14 ਅਕਤੂਬਰ ਤੱਕ ਇਕ ਹੋਰ ਲੜਾਈ ਹੋਈ। 14 ਅਕਤੂਬਰ 1700 ਨੂੰ ਰਾਜਾ ਸਾਲਾਹੀ ਚੰਦ (ਬਸੋਲੀ ਦਾ ਰਾਜਾ) ਨਿਰਮੋਹਗੜ੍ਹ ਪੁੱਜਾ ਅਤੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵੱਲ ਲੈ ਗਿਆ। 29 ਅਕਤੂਬਰ 1700 ਨੂੰ ਗੁਰੂ ਸਾਹਿਬ ਅਨੰਦਪੁਰ ਸਾਹਿਬ ਆ ਗਏ। ਫ਼ਰਵਰੀ 24, 1702 ਨੂੰ ਹੋਲਾ-ਮਹੱਲਾ ਦਾ ਜਲੂਸ ਅਨੰਦਗੜ੍ਹ ਤੋਂ ਹੋਲਗੜ੍ਹ ਤੱਕ ਕੱਢਿਆ ਗਿਆ। ਦਸੰਬਰ 2, 1703 ਨੂੰ ਅਜਮੇਰ ਚੰਦ ਦੀ ਫੌਜ ਨੇ ਦੁਬਾਰਾ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਇਸ ਸਮੇਂ ਗੁਰੂ ਸਾਹਿਬ ਨੇ ਦਸਤਾਰੇ ਵਿੱਚ ਫੁਰਾਰੇ ਦੀ ਸ਼ੁਰੂਆਤ ਕੀਤੀ।

ਅਕਤੂਬਰ 3, 1705 ਨੂੰ ਪਹਾੜੀ ਰਾਜਿਆਂ ਦੀ ਵੱਡੀ ਫੌਜ ਅਤੇ ਸਰਹੰਦ ਦੇ ਗਵਰਨਰ ਦੀ ਫੌਜ ਨੇ ਅਨੰਦਪੁਰ ਆਹਿਬ ਦਾ ਘੇਰਾ ਕੀਤਾ। ਛੋਟੀਆਂ ਝੜਪਾਂ ਸ਼ੁਰੂ ਹੋਈਆਂ। ਇਹ ਘੇਰਾ ਸੱਤ ਮਹੀਨੇ ਤੱਕ ਰਿਹਾ। ਦਸੰਬਰ 4 ਨੂੰ ਗੁਰੂ ਸਾਹਿਬ ਨੂੰ ਔਰੰਗਜ਼ੇਬ ਵੱਲੋਂ ਇਕ ਖ਼ਤ ਪ੍ਰਾਪਤ ਹੋਇਆ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਨਿਸ਼ਚਾ ਕੀਤਾ। ਦਸੰਬਰ 5 ਅਤੇ 6 ਨੂੰ ਗੁਰੂ ਸਾਹਿਬ ਅਤੇ ਸਿੱਖ ਫੌਜੀ ਜਥਿਆਂ ਦੀ ਸੂਰਤ ਵਿੱਚ ਸ਼ਹਿਰ ਵਿੱਚੋਂ ਨਿਕਲੇ। ਗੁਰੂ ਸਾਹਿਬ ਨੇ ਜਾਣ ਤੋਂ ਪਹਿਲਾਂ ਇਕ ਸਿੱਖ ਗੁਰਬਖ਼ਸ਼ ਸਿੰਘ ਉਦਾਸੀ ਨੂੰ ਮੁਕਾਮੀ ਸੰਗਤ ਨਾਲ ਮਿਲ ਕੇ ਗੁਰਦੁਆਰੇ ਦਾ ਪ੍ਰਬੰਧ ਕਰਨ ਲਈ ਕਿਹਾ।

ਇਥੇ ਮਾਰਚ 5, 1748 ਨੂੰ ਸਿੱਖ ਕੌਮ ਦਾ ਭਾਰੀ ਇਕੱਠ ਹੋਇਆ। ਮਾਰਚ 1753 ਨੂੰ ਜਲੰਧਰ ਦੇ ਗਵਰਨਰ ਅਦੀਨਾ ਬੇਗ ਨੇ ਸਿੱਖਾਂ 'ਤੇ ਹਮਲਾ ਕੀਤਾ ਜੋ ਇਥੇ ਸਾਲਾਨਾ ਇਕੱਠ ਵਾਸਤੇ ਜੁੜੇ ਸਨ। ਮਹਾਂ ਚੰਦ, ਬਿਲਾਸਪੁਰ ਦੇ ਰਾਜੇ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਸਿੱਖਾਂ ਨੇ ਸੋਢੀ ਸੁਰਜਨ ਸਿੰਘ ਦੀ ਕਮਾਂਡ ਹੇਠ ਮਹਾਂ ਚੰਦ ਨੂੰ ਸ਼ਿਕੱਸਤ ਦਿੱਤੀ।

19ਵੀਂ ਸਦੀ ਦੇ ਤੀਜੇ ਦਹਾਕੇ, ਇਹ ਨਗਰ ਸਿੱਖਾਂ ਦਾ ਦੂਜਾ ਵੱਡਾ ਕੇਂਦਰ ਬਣਿਆ। ਕੁਝ ਸਮੇਂ ਵਾਸਤੇ ਅਕਾਲੀ ਫੂਲਾ ਸਿੰਘ ਨੇ ਵੀ ਇਸ ਨੂੰ ਆਪਣਾ ਹੈੱਡ ਕੁਆਰਟਰ ਬਣਾਇਆ। ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਬਾਅਦ, ਨਗਰ ਦੇ ਗੁਰਦੁਆਰੇ ਮਹੰਤਾਂ ਦੇ ਪ੍ਰਬੰਧ ਹੇਠ ਆ ਗਏ। ਅਕਾਲੀਆਂ ਨੇ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦਾ ਪ੍ਰਬੰਧ 12 ਜਨਵਰੀ 1923 ਨੂੰ ਲੈ ਲਿਆ। ਮਾਰਚ 15, 1923 ਨੂੰ ਸਿੱਖਾਂ ਨੇ ਗੁਰਦੁਆਰਿਆਂ ਦਾ ਪ੍ਰਬੰਧ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਭਾਈ ਰਾਮ ਨਰਾਇਣ ਸਿੰਘ (ਬਾਬਾ ਸੂਰਜ ਮੱਲ ਦੀ ਵੰਸ਼ ਵਿੱਚੋਂ) ਪ੍ਰਬੰਧਕ ਕਮੇਟੀ ਦਾ ਪ੍ਰਧਾਨ ਥਾਪਿਆ। ਇਥੇ ਹੀ ਬਾਅਦ ਵਿੱਚ ਸਿੱਖਾਂ ਨੇ 1966 ਨੂੰ ਹਿੰਦੀ ਭਾਸ਼ਾ ਦੇ ਬੋਰਡ ਉਤਾਰ ਕੇ ਖਾਲਿਸਤਾਨ ਦਾ ਪਹਿਲਾ ਕੇਸਰੀ ਨਿਸ਼ਾਨ 1981 ਵਿੱਚ ਲਹਿਰਾਇਆ। ਇਹ ਨਗਰ ਸਿੱਖਾਂ ਦੀਆਂ ਕਈ ਅਹਿਮ ਤੇ ਜ਼ਰੂਰੀ ਕਾਨਫਰੰਸਾਂ ਦਾ ਕੇਂਦਰ ਵੀ ਰਿਹਾ ਹੈ। ਮਸ਼ਹੂਰ ਅਨੰਦਪੁਰ ਸਾਹਿਬ ਦਾ ਮਤਾ ਵੀ ਅਕਤੂਬਰ 16-17, 1973 ਵਿੱਚ ਪਾਸ ਕੀਤਾ ਗਿਆ ਸੀ। ਜੂਨ 4, 1984 ਨੂੰ ਭਾਰਤੀ ਫੌਜਾਂ ਨੇ ਹਮਲਾ ਕਰਕੇ ਇਸ ਨੂੰ ਆਪਣੇ ਕਬਜ਼ੇ ਵਿੱਚ ਕੀਤਾ। ਮਾਰਚ 26, 1986 ਨੂੰ ਕਈ ਸਿੱਖ, ਪੁਲਸ ਦੀ ਫਾਇਰਿੰਗ ਨਾਲ ਸ਼ਹੀਦ ਹੋਏ। ਹਰ ਵਰ੍ਹੇ ਮਾਰਚ ਦੇ ਅੱਧ ਵਿੱਚ ਹੋਲਾ-ਮਹੱਲਾ ਮਨਾਇਆ ਜਾਂਦਾ ਹੈ। ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਆਪਣੇ ਮੈਨੇਜਰ ਰਾਹੀਂ ਕਰਦੀ ਹੈ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਥਾਰ ਵਾਲੀ ਬੀਬੀ ਅਮਨਦੀਪ ਕੌਰ ਨੂੰ ਅਦਾਲਤ ਤੋਂ ਝਟਕਾ, ਕੋਰਟ ਨੇ ਜ਼ਮਾਨਤ ਅਰਜ਼ੀ ਕੀਤੀ ਰੱਦ




ਪੰਜਾਬ ਪੁਲਿਸ ਦੀ ਬਰਖਾਸਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਜੋਕਿ ਥਾਰ ਵਿਚ ਚਿੱਟੇ ਸਣੇ ਫੜੀ ਗਈ ਸੀ, ਦੀਆਂ ਮੁਸੀਬਤਾਂ ਘੱਟ ਹੋਣ ਦਾ ਨਾਮ ਨਹੀਂ ਲੈ ਰਹੀਆਂ ਹਨ। ਥਾਰ ਵਾਲੀ ਬੀਬੀ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਵਿਜੀਲੈਂਸ ਤੋਂ ਰਾਹਤ ਨਹੀਂ ਮਿਲੀ ਹੈ। ਬਰਖਾਸਤ ਕਾਂਸਟੇਬਲ ਨੇ ਅਦਾਲਤ ਵਿੱਚ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ, ਪਰ ਅਦਾਲਤ ਨੇ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ।

ਅਮਨਦੀਪ ਕੌਰ ਇਸ ਵੇਲੇ ਬਠਿੰਡਾ ਜੇਲ੍ਹ ਵਿੱਚ ਬੰਦ ਹੈ, ਜਿਸ ਨੂੰ ਵਿਜੀਲੈਂਸ ਬਿਊਰੋ ਦੀ ਟੀਮ ਨੇ 26 ਮਈ ਨੂੰ ਪਿੰਡ ਬਾਦਲ ਦੀ ਮਸ਼ਹੂਰ ਗਾਇਕਾ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਉਹ ਵਿਜੀਲੈਂਸ ਕੋਲ ਪੁਲਿਸ ਰਿਮਾਂਡ ਤੇ ਵੀ ਸੀ, ਪਰ ਅਚਾਨਕ ਸਿਹਤ ਖਰਾਬ ਹੋਣ ਕਾਰਨ ਉਸ ਨੂੰ ਏਮਜ਼ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਅਦਾਲਤ ਨੇ ਉਸਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ। ਜਿੱਥੋਂ ਉਸ ਨੇ ਹੁਣ ਇਹ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਹੈ, ਪਰ ਹੁਣ ਅਦਾਲਤ ਨੇ ਉਸਦੀ ਪਟੀਸ਼ਨ ਰੱਦ ਕਰ ਦਿੱਤੀ ਹੈ।


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-8

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਮੈਂ ਇਨਸਾਨ ਨੂੰ ਸਮਝਣ ਲਈ ਜਾਨਵਰਾਂ ਦਾ ਪ੍ਰਤੀਕ ਲੈਣਾ ਕਦੇ ਪਸੰਦ ਨਹੀਂ ਕਰਦੀ ਪਰ ਇੱਥੇ, ਸਮਝਾਉਣ ਖ਼ਾਤਰ ਇੱਕ ਪ੍ਰਤੀਕ ਦੇਣਾ ਚਾਹਾਂਗੀ। ਛੋਟੇ ਹੁੰਦੇ ਸਾਡੇ ਪਿੰਡ ਮਦਾਰੀ ਆਉਂਦਾ, ਬਾਂਦਰ-ਬਾਂਦਰੀ ਦਾ ਖੇਡ ਵਿਖਾਉਣ। ਇੱਕ ਵਾਰ ਮੈਂ ਇੱਕ ਸ਼ੇਰ ਚਿੜੀਆ ਘਰ ਵਿੱਚ ਵੇਖਿਆ ਸੀ। ਮੈਂ ਮਦਾਰੀ ਨੂੰ ਕਿਹਾ ਕਿ ਅਗਲੀ ਵਾਰ ਸ਼ੇਰ-ਸ਼ੇਰਨੀ ਲੈ ਕੇ ਆਈਂ ਖੇਡ ਵਿਖਾਉਣ ਨੂੰ। ਉਸ ਦਾ ਜਵਾਬ ਸੀ ਸ਼ੇਰ-ਸ਼ੇਰਨੀ ਜੰਗਲ਼ ਦੇ ਰਾਜੇ ਹੁੰਦੇ ਆ ਉਹ ਕਦੇ ਖੇਡ ਨਹੀਂ ਵਿਖਾਉਂਦੇ ਉਹ ਤਾਂ ਰਾਜ ਕਰਦੇ ਹਨ ਆਪਣੀ ਸ਼ਰਤ 'ਤੇ। ਮੈਨੂੰ ਓਸੇ ਦਿਨ ਤੋਂ ਸ਼ੇਰ-ਸ਼ੇਰਨੀ ਨਾਲ਼ ਇੱਕ ਲਗਾਓ ਹੋ ਗਿਆ। ਫਿਰ ਸ਼ਹਿਰ ਇੱਕ ਸਰਕਸ ਆਈ, ਉਸ ਸਰਕਸ ਵਿੱਚ ਇੱਕ ਆਦਮੀ ਸ਼ੇਰ ਸ਼ੇਰਨੀ ਦਾ ਖੇਡ ਵਿਖਾ ਰਿਹਾ ਸੀ, ਉਹ ਜਿਵੇਂ-ਜਿਵੇਂ ਓਨਾ ਕੋਲ਼ੋਂ ਕਰਵਾਉਂਦਾ, ਸ਼ੇਰ ਸ਼ੇਰਨੀ ਓਵੇਂ ਹੀ ਕਰ ਰਹੇ ਸੀ। ਉਹ ਰਾਜੇ ਨਹੀਂ ਗ਼ੁਲਾਮ ਸਨ। ਮੇਰਾ ਮੋਹ ਭੰਗ ਹੋ ਗਿਆ। ਪਰ ਇੱਕ ਸਵਾਲ ਮੇਰੇ ਨਾਲ਼ ਰਹਿ ਗਿਆ ਕਿ ਮਦਾਰੀ ਨੇ ਮੇਰੇ ਕੋਲ਼ ਝੂਠ ਕਿਉਂ ਬੋਲਿਆ।**




ਇਹ ਤਾਂ ਨਹੀਂ ਪਤਾ, ਨਾ ਹੀ ਇਹ ਸਾਡਾ ਵਿਸ਼ਾ ਹੈ, ਪਰ ਇੱਥੋਂ ਸਮਝਣ ਵਾਲ਼ੀ ਗੱਲ ਇਹ ਹੈ ਕਿ ਐਵੇਂ ਕਿਉਂ ਹੁੰਦਾ ਹੋਵੇਗਾ? ਕਿਉਂਕਿ ਸੰਸਾਰ ਦੇ ਉਸ ਪਾਰ ਵੇਖ ਕੇ ਵੀ ਓਹਨਾਂ ਰਿਸ਼ੀਆਂ ਵਿੱਚੋਂ ਮੈਂ ਨਹੀਂ ਗਈ। ਮੈਂ ਹੀ ਹੰਕਾਰ ਦੀ ਜੜ੍ਹ ਬਣਦੀ ਹੈ, ਹੰਕਾਰ ਵਿੱਚੋਂ ਹੀ ਵੈਰ ਜੰਮਦਾ ਹੈ ਅਤੇ ਵੈਰ ਵਿੱਚੋਂ ਹੀ ਭੈਅ ਜਨਮ ਲੈਂਦਾ ਹੈ।

ਗੁਰੂ ਅਮਰਦਾਸ ਸਾਹਿਬ ਨੇ ਸੇਵਾ ਦੀ ਇੱਕ ਮਿਸਾਲ ਕਾਇਮ ਕੀਤੀ ਪਰ ਇੱਕ ਵਾਰ ਵੀ ਸੇਵਾ ਕਰਦਿਆਂ ਨਾ ਤਾਂ ਓਹਨਾਂ ਦੇ ਮਨ ਵਿੱਚ ਇਸ ਗੱਲ ਦਾ ਹੰਕਾਰ ਆਇਆ ਕਿ ਮੇਰੇ ਤੋਂ ਜ਼ਿਆਦਾ ਗੁਰੂ ਘਰ ਦੀ ਸੇਵਾ ਕੋਈ ਨਹੀਂ ਕਰ ਸਕਦਾ ਅਤੇ ਨਾ ਹੀ ਇਹ ਵਿਚਾਰ ਆਇਆ ਕਿ ਇਸ ਸੇਵਾ ਦੇ ਬਦਲੇ ਮੈਨੂੰ ਕੁਝ ਮਿਲੇਗਾ। ਏਹੀ ਨਿਸ਼ਕਾਮ ਸੇਵਾ ਹੈ ਜੋ ਮਤ ਉੱਚੀ ਕਰ ਦਿੰਦੀ ਹੈ ਪਰ ਮਨ ਨੀਵਾਂ ਹੀ ਰੱਖਦੀ ਹੈ:

**ਸੇਵਾ ਕਰਤ ਹੋਇ ਨਿਹਕਾਮੀ ॥**
**ਤਿਸ ਕਉ ਹੋਤ ਪਰਾਪਤਿ ਸੁਆਮੀ ॥**

(ਅੰਗ 287 )

ਇਹ ਏਹੀ ਸਿੱਧ ਕਰਨ ਲਈ ਸੀ ਕਿ ਸਿੱਖੀ ਵਿੱਚ ਨਿੱਜਵਾਦ ਲਈ ਕੋਈ ਥਾਂ ਨਹੀਂ ਹੈ। ਗੁਰੂ ਅਮਰਦਾਸ ਸਾਹਿਬ ਨੇ ਨਿਸ਼ਕਾਮ ਸੇਵਾ ਦੇ ਅਧਾਰ ਉੱਪਰ ਹੀ ਆਪਣੇ ਸਵਾਮੀ ਉਸ ਨਿਰਵੈਰ ਨਿਰਭਉ ਅਕਾਲ ਮੂਰਤ ਨੂੰ ਪਾ ਲਿਆ ਸੀ ਜਿਸ 'ਤੇ ਮੋਹਰ ਗੁਰੂ ਅੰਗਦ ਸਾਹਿਬ ਨੇ ਓਹਨਾਂ ਨੂੰ ਗੁਰਤਾਗੱਦੀ ਦੇ ਕੇ ਲਾਈ।

### ਆਤਮਿਕ ਅਤੇ ਸਰੀਰਕ ਬਲ਼ ਹਾਸਿਲ ਕਰ ਰਹੇ ਸਿੱਖਾਂ ਨੂੰ ਜਥੇਬੰਦਕ ਕਰਨਾ:

ਸਿੱਖਾਂ ਦੇ ਵਿੱਚ ਵੱਧ ਰਹੇ ਆਤਮ-ਵਿਸ਼ਵਾਸ ਅਤੇ ਵੇਗ ਨੂੰ ਇੱਕ ਦਿਸ਼ਾ ਦੇਣਾ ਜ਼ਰੂਰੀ ਸੀ, ਇਸ ਲਈ ਗੁਰੂ ਅਮਰਦਾਸ ਸਾਹਿਬ ਨੇ ਓਹਨਾਂ ਨੂੰ ਪਹਿਲੀ ਵਾਰ ਇੱਕ ਜਥੇਬੰਦਕ ਢਾਂਚੇ ਵਿੱਚ ਸੰਗਠਿਤ ਕੀਤਾ।

ਮੰਜੀਆਂ ਸਥਾਪਿਤ ਕਰ ਗੁਰੂ ਅਮਰਦਾਸ ਜੀ ਨੇ ਇੱਕ ਤਾਂ ਸਿੱਖਾਂ ਨੂੰ ਹਲੇਮੀ ਰਾਜ ਦੇ ਅਮਲੀ ਰੂਪ ਲਈ ਰਾਜ ਪ੍ਰਬੰਧ ਚਲਾਉਣ ਦਾ ਪਹਿਲਾ ਪਾਠ ਪੜ੍ਹਾਇਆ। ਓਹਨਾਂ ਨੇ ਸਿੱਖ ਸੰਗਤੀ ਖੇਤਰਾਂ ਨੂੰ 22 ਮੰਜੀਆਂ ਵਿੱਚ ਵੰਡਿਆ। ਹਰੇਕ ਮੰਜੀ ਦਾ ਮੁੱਖ ਸੇਵਾਦਾਰ ਹੋਣ ਲਈ ਇੱਕ ਸਥਾਨਕ ਪ੍ਰਚਾਰਕ ਨੂੰ ਨਿਯੁਕਤ ਕੀਤਾ, ਜਿਸ ਨੂੰ 'ਮੰਜੀਦਾਰ' ਕਿਹਾ ਜਾਂਦਾ ਹੈ। ਇਸ ਮੰਤਵ ਲਈ, 146 ਪੈਰੋਕਾਰਾਂ ਦੇ ਇੱਕ ਵੱਡੇ ਸਮੂਹ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਸਿਖਲਾਈ ਦਿੱਤੀ ਗਈ ਸੀ। ਇਹਨਾਂ ਵਿੱਚੋਂ 94 ਪੁਰਸ਼ ਸਨ ਜਦਕਿ 52 ਔਰਤਾਂ ਸਨ। ਇਹ ਮੌਜੂਦਾ ਮੁਗ਼ਲ ਸਾਮਰਾਜ ਦੇ ਸਮਾਨੰਤਰ ਪ੍ਰਣਾਲੀ ਦੇ ਤੌਰ 'ਤੇ ਮੌਜੂਦ ਸੀ, ਮੁਗਲ ਸਾਮਰਾਜ ਦੇ ਸੂਬਾਈ ਖੇਤਰਾਂ, ਜੋ ਸੂਬਾ (ਜਿਨ੍ਹਾਂ ਵਿੱਚੋਂ 22 ਵੀ ਸਨ) ਵਜੋਂ ਜਾਣੇ ਜਾਂਦੇ ਸਨ, ਵਿੱਚ ਸਿੱਖੀ ਦੇ ਵਿਸਥਾਰ ਦਾ ਕੰਮ ਮੰਜੀਆਂ ਦੀ ਜ਼ਿੰਮੇਵਾਰੀ ਸੀ । ਮੰਜੀਆਂ ਦੇ ਨਾਲ਼-ਨਾਲ਼, ਪੀੜੀ ਵਜੋਂ ਜਾਣੇ ਜਾਂਦੇ ਉਪ-ਕੇਂਦਰਾਂ ਦੀ ਸਥਾਪਨਾ ਕੀਤੀ ਗਈ ਸੀ ਜੋ ਕੁੱਲ 52 ਸਨ ਅਤੇ ਬੀਬੀਆਂ ਦੀ ਦੇਖ-ਰੇਖ ਹੇਠ ਕੰਮ ਕਰ ਰਹੀਆਂ ਸਨ।

ਇੱਥੇ ਵੇਖਣਯੋਗ ਇਹ ਹੈ ਕਿ ਮਰਦਾਂ ਦੇ ਨਾਲ਼-ਨਾਲ਼ ਔਰਤਾਂ ਦੀ ਸਿਖਲਾਈ ਵੀ ਸਮਾਨ ਰੂਪ ਵਿੱਚ ਚੱਲ ਰਹੀ ਹੈ। ਸਿੱਖੀ ਨੇ ਔਰਤਾਂ ਨੂੰ ਕਦੇ 'ਵਸਤੂ' ਕਰਕੇ ਨਹੀਂ ਜਾਣਿਆ ਪਰ ਅਫ਼ਸੋਸ ਹੈ ਕਿ ਅਜੋਕੇ ਸਮੇਂ ਅਸੀਂ ਔਰਤਾਂ ਨੇ ਆਪਣੇ-ਆਪ ਨੂੰ ਆਪੇ ਹੀ ਦੁਨੀਆ ਦੀ ਮੰਡੀ ਦੇ ਨਜ਼ਰੀਏ ਨਾਲ਼ ਵੇਖਣਾ ਅਤੇ ਸਵਾਰਨਾ ਸ਼ੁਰੂ ਕੀਤਾ ਹੈ। ਟਿਕ-ਟਾਕ 'ਤੇ ਬਣ ਰਹੀਆਂ ਸਰੀਰ ਦੀ ਨੁਮਾਇਸ਼ ਕਰਦੀਆਂ ਰੀਲਾਂ ਇਸੇ ਲਈ ਚਲ ਰਹੀਆਂ ਹਨ ਕਿਉਂਕਿ ਔਰਤ ਦੇ ਸਰੀਰ ਨੂੰ ਭੋਗ ਦੀ ਵਸਤੂ ਤੋਂ ਵੱਧ ਸਮਾਜ (ਫਿਰ ਚਾਹੇ ਉਹ ਪੱਛਮੀ ਹੋਵੇ ਜਾਂ ਪੂਰਬੀ) ਨੇ ਕੁਝ ਸਮਝਿਆ ਹੀ ਨਹੀਂ। ਔਰਤ ਦਾ ਆਪਣੇ-ਆਪ ਨੂੰ ਇਸ ਤਰ੍ਹਾਂ ਪੇਸ਼ ਕਰਨਾ ਮੇਰੇ ਹਿਸਾਬ ਨਾਲ਼ ਅਸ਼ਲੀਲ ਘੱਟ ਅਤੇ ਦੁੱਖਦਾਈ ਜ਼ਿਆਦਾ ਹੈ। ਖ਼ਾਸ ਕਰ ਜੇ ਔਰਤ ਆਪਣੇ ਆਪ ਨੂੰ ਸਿੱਖ ਕਹੇ ਤਾਂ ਹੋਰ ਵੀ ਦੁੱਖਦਾਈ ਹੋ ਜਾਂਦਾ ਹੈ।

ਮੈਂ ਇਨਸਾਨ ਨੂੰ ਸਮਝਣ ਲਈ ਜਾਨਵਰਾਂ ਦਾ ਪ੍ਰਤੀਕ ਲੈਣਾ ਕਦੇ ਪਸੰਦ ਨਹੀਂ ਕਰਦੀ ਪਰ ਇੱਥੇ, ਸਮਝਾਉਣ ਖ਼ਾਤਰ ਇੱਕ ਪ੍ਰਤੀਕ ਦੇਣਾ ਚਾਹਾਂਗੀ। ਛੋਟੇ ਹੁੰਦੇ ਸਾਡੇ ਪਿੰਡ ਮਦਾਰੀ ਆਉਂਦਾ, ਬਾਂਦਰ-ਬਾਂਦਰੀ ਦਾ ਖੇਡ ਵਿਖਾਉਣ। ਇੱਕ ਵਾਰ ਮੈਂ ਇੱਕ ਸ਼ੇਰ ਚਿੜੀਆ ਘਰ ਵਿੱਚ ਵੇਖਿਆ ਸੀ। ਮੈਂ ਮਦਾਰੀ ਨੂੰ ਕਿਹਾ ਕਿ ਅਗਲੀ ਵਾਰ ਸ਼ੇਰ-ਸ਼ੇਰਨੀ ਲੈ ਕੇ ਆਈਂ ਖੇਡ ਵਿਖਾਉਣ ਨੂੰ। ਉਸ ਦਾ ਜਵਾਬ ਸੀ ਸ਼ੇਰ-ਸ਼ੇਰਨੀ ਜੰਗਲ਼ ਦੇ ਰਾਜੇ ਹੁੰਦੇ ਆ ਉਹ ਕਦੇ ਖੇਡ ਨਹੀਂ ਵਿਖਾਉਂਦੇ ਉਹ ਤਾਂ ਰਾਜ ਕਰਦੇ ਹਨ ਆਪਣੀ ਸ਼ਰਤ 'ਤੇ। ਮੈਨੂੰ ਓਸੇ ਦਿਨ ਤੋਂ ਸ਼ੇਰ-ਸ਼ੇਰਨੀ ਨਾਲ਼ ਇੱਕ ਲਗਾਓ ਹੋ ਗਿਆ। ਫਿਰ ਸ਼ਹਿਰ ਇੱਕ ਸਰਕਸ ਆਈ, ਉਸ ਸਰਕਸ ਵਿੱਚ ਇੱਕ ਆਦਮੀ ਸ਼ੇਰ ਸ਼ੇਰਨੀ ਦਾ ਖੇਡ ਵਿਖਾ ਰਿਹਾ ਸੀ, ਉਹ ਜਿਵੇਂ-ਜਿਵੇਂ ਓਨਾ ਕੋਲ਼ੋਂ ਕਰਵਾਉਂਦਾ, ਸ਼ੇਰ ਸ਼ੇਰਨੀ ਓਵੇਂ ਹੀ ਕਰ ਰਹੇ ਸੀ। ਉਹ ਰਾਜੇ ਨਹੀਂ ਗ਼ੁਲਾਮ ਸਨ। ਮੇਰਾ ਮੋਹ ਭੰਗ ਹੋ ਗਿਆ। ਪਰ ਇੱਕ ਸਵਾਲ ਮੇਰੇ ਨਾਲ਼ ਰਹਿ ਗਿਆ ਕਿ ਮਦਾਰੀ ਨੇ ਮੇਰੇ ਕੋਲ਼ ਝੂਠ ਕਿਉਂ ਬੋਲਿਆ। ਬਹੁਤ ਸਮੇਂ ਬਾਅਦ ਮੈਂ ਬਾਣੀ ਵਿੱਚ ਪੜ੍ਹਿਆ :

**ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥**

(ਅੰਗ 179 )

ਬੇਸ਼ੱਕ ਇਸ ਪੂਰੀ ਤੁੱਕ ਦੇ ਅਰਥ ਕੁਝ ਹੋਰ ਸਨ ਪਰ ਐਨੀ ਜਿੰਨੀ ਤੁਕ ਨੇ ਮੇਰੇ ਸਵਾਲ ਦਾ ਜਵਾਬ ਦੇ ਦਿੱਤਾ। ਬਾਂਦਰ ਨੇ ਕਦੇ ਰਾਜ ਨਹੀਂ ਕੀਤਾ ਸੋ ਉਸ ਨੂੰ ਮੰਡੀ ਵਿੱਚ ਨਚਾਉਣਾ ਸੌਖਾ ਸੀ, ਸੋ ਮਦਾਰੀ ਨਚਾ ਰਿਹਾ ਸੀ। ਪਰ ਜਦੋਂ ਜੰਗਲ਼ ਦਾ ਰਾਜਾ ਗ਼ੁਲਾਮ ਹੋਇਆ ਤਾਂ ਉਸ ਨੂੰ ਵੀ ਰਾਜੇ ਦੀ ਤਰਜ 'ਤੇ ਨੱਚਣਾ ਪਿਆ। ਨਿਯਮ ਓਸੇ ਦੇ ਚੱਲਣਗੇ ਜਿਸ ਦਾ ਰਾਜ ਹੋਵੇਗਾ। ਗ਼ੁਲਾਮ ਹੋ ਕੇ ਰਾਜੇ ਵੀ ਭਿਖਾਰੀ-ਬਿਰਤੀ ਦੇ ਹੋ ਜਾਇਆ ਕਰਦੇ ਹਨ। ਪਰ ਕਿਉਂਕਿ ਸ਼ੇਰ ਨੇ ਰਾਜ ਕੀਤਾ ਹੈ, ਅਜ਼ਾਦੀ ਮਾਣੀ ਹੈ, ਇਸੇ ਕਾਰਨ ਸ਼ੇਰ ਦਾ ਕਰਤਬ ਵੇਖ ਰਹੇ ਲੋਕ ਅਤੇ ਵਿਖਾ ਰਿਹਾ ਰਿੰਗ ਮਾਸਟਰ, ਦੋਵੇਂ ਥੋੜ੍ਹਾ ਡਰੇ ਹੁੰਦੇ ਹਨ। ਇਸੇ ਲਈ ਉਸ ਦੀ ਕੈਦ ਬਾਂਦਰ ਨਾਲ਼ੋਂ ਕਿਤੇ ਵੱਡੀ ਹੁੰਦੀ ਹੈ। ਪਰ ਜਿਸ ਦਿਨ ਉਹ ਸ਼ੇਰ ਵੀ ਬਾਂਦਰ ਵਾਂਗ ਆਪਣੀ ਗ਼ੁਲਾਮੀ ਕਬੂਲ ਲਵੇਗਾ, ਸ਼ਾਇਦ ਇਹ ਸੋਚ ਕੇ ਕਿ ਬਿਨਾ ਕੰਮ ਕੀਤੇ ਮੁਫ਼ਤ ਵਿੱਚ ਖਾਣ ਨੂੰ ਮਿਲ ਰਿਹਾ ਹੈ, ਓਸੇ ਦਿਨ ਉਸ ਦੇ ਆਸ-ਪਾਸ ਲੱਗੇ ਵੱਡੇ-ਵੱਡੇ ਜੰਗਲ਼ੇ ਤੋੜ ਦਿੱਤੇ ਜਾਣਗੇ ਕਿਉਂਕਿ ਉਸ ਦੀ ਜ਼ਹਿਨੀਅਤ ਗ਼ੁਲਾਮ ਹੋ ਗਈ। ਉਹ ਆਪਣੇ ਰਿੰਗ-ਮਾਸਟਰ ਦੇ ਸੁਪਨੇ ਨੂੰ ਹੀ ਆਪਣਾ ਵਿਧਾਨ ਮੰਨ ਲੜਨਾ ਤਿਆਗ ਗਿਆ। ਪਰ ਸ਼ਾਇਦ ਉਹ ਜਾਨਵਰ ਹੈ, ਇਸੇ ਲਈ ਅਣਖ ਅਤੇ ਗ਼ੈਰਤ ਐਨੀ ਛੇਤੀ ਨਹੀਂ ਮਾਰਦਾ, ਜਿੰਨੀ ਛੇਤੀ ਅਸੀਂ ਇਨਸਾਨ ਮਾਰ ਸਕਦੇ ਹਾਂ।

ਆਪਣਾ ਰਾਜ-ਭਾਗ ਭੋਗਣ ਵਾਲ਼ੀ, ਪਾਤਸ਼ਾਹੀ ਦਾਅਵੇ ਵਾਲ਼ੀ ਕੌਮ ਰਾਤੋ-ਰਾਤ ਆਟੇ-ਦਾਲ, ਗਲ਼ੀਆਂ-ਨਾਲ਼ੀਆਂ, ਮੁਫ਼ਤ ਬਿਜਲੀ ਦੇ ਲਾਲਚ ਵਿੱਚ ਫਸ ਗਈ। ਇਸ ਵਿੱਚ ਇੱਕ ਬਹੁਤ ਲੰਮੀ ਲਾਪਰਵਾਹੀ ਅਤੇ ਗੂੜੀ ਨੀਂਦ ਸ਼ਾਮਿਲ ਹੈ। ਅਸੀਂ ਕਦੀ ਇਹ ਸਮਝਿਆ ਹੀ ਨਹੀਂ ਕਿ ਗੋਇੰਦਵਾਲ ਦੀ ਜੜ੍ਹ ਵਿੱਚ ਇੱਕ ਡੇਰਾ, ਜੋ ਤੁਹਾਨੂੰ ਮੀਰੀ-ਪੀਰੀ ਦੇ ਸਿਧਾਂਤ ਨਾਲ਼ੋਂ ਤੋੜਦਾ ਹੈ, ਇੰਨਾ ਵਿਕਸਿਤ ਕਿਵੇਂ ਹੋ ਗਿਆ ਅਤੇ ਕਿਵੇਂ ਅੰਮ੍ਰਿਤਧਾਰੀ ਸਿੱਖਾਂ ਨੇ ਓਥੇ ਜਾਣਾ ਸਵੀਕਾਰ ਲਿਆ। ਸਾਨੂੰ ਸਮਝ ਹੀ ਨਹੀਂ ਆਈ ਜਾਂ ਇੰਝ ਕਹਿ ਲਓ ਕੇ ਅਸੀਂ ਸਮਝਣਾ ਹੀ ਨਹੀਂ ਚਾਹਿਆ ਕਿ ਪੰਥਕ ਕਹਾਉਣ ਵਾਲ਼ੇ ਭਲਾ ਦੇਹਧਾਰੀਆਂ ਨੂੰ ਮਾਨਤਾ ਕਿਵੇਂ ਦੇ ਸਕਦੇ ਹਨ। ਸਾਡੇ ਸਾਰੇ ਅਵੇਸਲੇਪਣ ਦਾ ਸਿੱਟਾ ਇਹ ਨਿਕਲਿਆ ਕਿ ਅੱਜ ਜਦ ਸਾਡੇ ਪੁੱਤ ਨਸ਼ਿਆਂ ਨਾਲ਼ ਮਰ ਰਹੇ ਅਤੇ ਬਿਪਰ ਟਿੱਚਰਾਂ ਕਰ ਰਿਹਾ ਹੈ, ਜਦ ਸਾਡੀਆਂ ਧੀਆਂ ਅਰਧ ਨਗਨ ਹੋ ਰੀਲਾਂ ਬਣਾਉਂਦੀਆਂ ਅਤੇ ਦੁਸ਼ਮਣ ਉਹਨਾਂ ਨੂੰ ਹੋਰ ਹੱਲਾਸ਼ੇਰੀ ਦੇ ਸਾਡੀ ਕੌਮੀ ਅਣਖ ਨੂੰ ਵੰਗਾਰ ਰਿਹਾ ਹੈ ਤਾਂ ਸਾਡੇ ਪੱਲੇ ਇੱਕ ਕਚੀਚੀ ਜਿਹੀ ਲੈ ਕੇ ਹਨੇਰੇ ਵਿੱਚ ਸਿਮਟ ਜਾਣ ਤੋਂ ਸਿਵਾ ਹੋਰ ਕੋਈ ਰਾਹ ਨਜ਼ਰੀਂ ਨਹੀਂ ਪੈਂਦਾ।

ਇਸ ਮੁਸ਼ਕਿਲ ਨਾਲ਼ ਨਜਿੱਠਣ ਦਾ ਇੱਕੋ-ਇੱਕ ਤਰੀਕਾ ਆਪਣੇ ਇਤਿਹਾਸ ਦੇ ਰੂ-ਬਰੂ ਹੋਣਾ ਹੀ ਹੈ। ਸਾਨੂੰ ਅੱਜ ਇਹ ਸਮਝਣਾ ਪਵੇਗਾ ਕਿ ਸਾਨੂੰ ਰੀਲਾਂ ਤੇ ਮਜ਼ਾਰਾਂ 'ਤੇ ਨਚਾ ਕੌਣ ਰਿਹਾ ਹੈ ? ਸਾਡੇ ਗੁਰੂ ਨੇ ਮੰਜੀਆਂ ਅਤੇ ਪੀੜੀਆਂ ਦੇ ਜ਼ਰੀਏ ਜੋ ਰਾਜ ਦਾ ਪਹਿਲਾ ਦਾਅ ਸਿਖਾਇਆ ਸੀ, ਉਹ ਅਸੀਂ ਕਦੋਂ ਭੁੱਲ ਗਏ ਅਤੇ ਕਿਉਂ? ਜਿਸ ਮਾਰ ਖਾ ਰਹੇ ਆਦਮੀ ਨੂੰ, ਜਿਸ ਘੁੰਡ ਪਿੱਛੇ ਲੁਕੀ ਟਕੇ-ਟਕੇ ਵਿੱਚ ਵਿਕ ਰਹੀ ਔਰਤ ਨੂੰ ਗੁਰੂ ਨੇ ਸ਼ਸਤਰਧਾਰੀ ਕਰ ਰਾਜ ਬਖ਼ਸ਼ਿਆ ਸੀ, ਉਸ ਆਦਮੀ ਨੇ ਫਿਰ ਜ਼ੁਲਮ ਦੀ ਅਧੀਨਗੀ ਕਿਵੇਂ ਕਬੂਲ ਲਈ ਅਤੇ ਉਸ ਔਰਤ ਨੇ ਗਜਨੀ ਦਾ ਬਜ਼ਾਰ ਆਪਣੇ ਘਰ ਵਿੱਚ ਹੀ ਕਿਵੇਂ ਸਿਰਜ ਲਿਆ ? ਜਦੋਂ ਅਸੀਂ ਇਹਨਾਂ ਸਵਾਲਾਂ ਦੇ ਉੱਤਰ ਲੱਭ ਲਵਾਂਗੇ, ਓਸੇ ਦਿਨ ਤੋਂ ਅਸੀਂ ਅਨੰਦਪੁਰ ਵੱਲ ਮੂੰਹ ਕਰ ਖੜ੍ਹੇ ਹੋਵਾਂਗੇ, ਫਿਰ ਸਾਨੂੰ ਕੋਈ ਦੁਬਿਧਾ ਨਹੀਂ ਰਹਿ ਜਾਵੇਗੀ ਕੇ ਸਾਡੀ ਵੈਸਾਖੀ ਕੀ ਹੈ ਅਤੇ ਨਾ ਹੀ ਕੋਈ ਸਾਡੀ ਕੌਮੀ ਗ਼ੈਰਤ ਨੂੰ ਵੰਗਾਰ ਸਕੇਗਾ।

### ਇੱਕ ਕੌਮੀਅਤ ਦਾ ਅਧਾਰ

ਗੁਰੂ ਅਮਰਦਾਸ ਸਾਹਿਬ ਨੇ ਹਲੇਮੀ ਰਾਜ ਦੇ ਮਿਸ਼ਨ ਲਈ ਜੋ ਸਭ ਤੋਂ ਵੱਡਾ ਕਦਮ ਚੁੱਕਿਆ ਓਹ ਸੀ ਦਸਵੰਧ ਦਾ ਸਿਧਾਂਤ ਭਾਵ ਸਿੱਖਾਂ ਨੂੰ ਕੌਮੀ ਖ਼ਜ਼ਾਨੇ ਦੇ ਮਾਇਨੇ ਸਮਝਾਉਣੇ। ਕਦੇ-ਕਦੇ ਮੈਂ ਸੋਚਦੀ ਹਾਂ ਕਿ ਅਜੋਕੇ ਯੁੱਗ ਵਿੱਚ ਜਦੋਂ ਲੋਕ ਇਹ ਭਰਮ ਪਾਲ਼ੀ ਬੈਠੇ ਹਨ ਕਿ ਸਮਾਜਵਾਦੀ ਢਾਂਚਾ ਆਧੁਨਿਕ ਕਾਲ ਵਿੱਚ ਹੀ ਹੋਂਦ ਵਿੱਚ ਆਇਆ ਤਾਂ ਹੈਰਾਨੀ ਹੁੰਦੀ ਹੈ ਕਿ ਸਿੱਖਾਂ ਨੇ ਲੋਕਾਈ ਨੂੰ ਕਿਉਂ ਨਾ ਦੱਸਿਆ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਪੰਥ ਨੂੰ ਇਸ ਦਾ ਅਭਿਆਸ ਤਾਂ ਬਹੁਤ ਪਹਿਲਾਂ ਕਰਵਾਉਣਾ ਸ਼ੁਰੂ ਕਰ ਦਿੱਤਾ ਸੀ। ਸਗੋਂ ਉਹ ਢਾਂਚਾ ਅਜੋਕੇ ਢਾਂਚੇ ਤੋਂ ਜ਼ਿਆਦਾ ਮਜਬੂਤ ਅਤੇ ਵਿਕਸਿਤ ਸੀ।

ਚਲਦਾ.....

## ਨਿਰਮਲ ਸਿੰਘ ਕੰਧਾਲਵੀ



# ਫੱਟੇ- ਚੁੱਕ ਕਾਰੋਬਾਰ



ਮੇਰੀ ਜਾਣ-ਪਛਾਣ ਵਾਲਾ ਇਕ ਸੱਜਣ ਕਈ ਦੇਰ ਬਾਅਦ ਮੈਨੂੰ ਮਿਲਿਆ। ਪੁੱਛਣ ‘ਤੇ ਉਸ ਨੇ ਦੱਸਿਆ ਕਿ ਉਹ ਛੇ ਮਹੀਨੇ ਪੰਜਾਬ ਰਹਿ ਕੇ ਆਇਆ ਹੈ। ਛੇ ਮਹੀਨੇ ਉੱਥੇ ਰਹਿਣ ਦਾ ਕਾਰਨ ਪੁੱਛਿਆ ਤਾਂ ਮੈਨੂੰ ਇਉਂ ਜਾਪਿਆ ਕਿ ਜਿਵੇਂ ਉਹ ਕੁਝ ਲੁਕਾ ਰਿਹਾ ਹੋਵੇ। ਮੈਂ ਜਦੋਂ ਕੁਰੇਦਿਆ ਤਾਂ ਅਖ਼ੀਰ ਉਹ ਬੋਲ ਹੀ ਪਿਆ ਤੇ ਕਹਿਣ ਲੱਗਾ, “ਯਾਰ ਕੀ ਦੱਸਾਂ, ਮੈਂ ਤਾਂ ਫ਼ਸ ਗਿਆ ਉੱਥੇ ਇਕ ਬੰਦੇ ਦੀਆਂ ਗੱਲਾਂ ‘ਚ। ਉਸ ਨੇ ਮੈਨੂੰ ਪੰਜਾਬ ਵਿਚ ਕਾਰੋਬਾਰ ਕਰਨ ਦੇ ਅਜਿਹੇ ਸਬਜ਼ਬਾਗ਼ ਦਿਖਾਏ ਕਿ ਮੈਨੂੰ ਉਸ ਕਾਰੋਬਾਰ ‘ਚ ਨੋਟਾਂ ਦੀਆਂ ਢੇਰੀਆਂ ਦਿਸਣ ਲੱਗੀਆਂ। ਵੱਡੇ ਵੱਡੇ ਅਫ਼ਸਰਾਂ ਅਤੇ ਸਿਆਸਤਦਾਨਾਂ ਨਾਲ ਉਸ ਦੀਆਂ ਗੱਲਾਂ ਮੈਨੂੰ ਪੂਰੀ ਤਸੱਲੀ ਕਰਵਾਉਂਦੀਆਂ ਕਿ ਸਭ ਠੀਕ-ਠਾਕ ਹੀ ਹੋਵੇਗਾ, ਕਿਸੇ ਕਿਸਮ ਦੀ ਖ਼ਤਰੇ ਦੀ ਗੁਜਾਇੰਸ਼ ਨਹੀਂ ਸੀ ਲਗਦੀ। ਹਰ ਵੇਲੇ ਉਸ ਦਾ ਇਕੋ ਹੀ ਤਕੀਆ-ਕਲਾਮ ਹੁੰਦਾ ਸੀ ਕਿ “ਇਹ ਤਾਂ ਫੱਟੇ-ਚੁੱਕ ਕਾਰੋਬਾਰ ਐ।” ਮੈਂ ਕਿਸ਼ਤਾਂ ‘ਚ ਉਸ ਨੂੰ ਪੈਸੇ ਦੇਣੇ ਸ਼ੁਰੂ ਕਰ ਦਿਤੇ। ਕਿਉਂਕਿ ਮੈਨੂੰ ਤਾਂ ਉੱਥੋਂ ਦੇ ਸਿਸਟਮ ਬਾਰੇ ਕੋਈ ਜਾਣਕਾਰੀ ਨਹੀਂ ਸੀ, ਮੈਂ ਜਦੋਂ ਵੀ ਉਸ ਨੂੰ ਪੁੱਛਦਾ ਕਿ ਦਫ਼ਤਰੀ ਕਾਰਵਾਈ ਕਿੱਥੇ ਕੁ ਤੱਕ ਪਹੁੰਚੀ ਹੈ ਤਾਂ ਉਹ ਇਸ ਢੰਗ ਨਾਲ ਜਵਾਬ ਦਿੰਦਾ ਕਿ ਮੈਨੂੰ ਲਗਦਾ ਕਿ ਵਾਕਿਆ ਹੀ ਇਨ੍ਹਾਂ ਕੰਮਾਂ ਨੂੰ ਇੰਨਾ ਚਿਰ ਲੱਗ ਜਾਂਦਾ ਹੈ। ਕਈ ਵਾਰ ਮੇਰਾ ਦਿਲ ਕਰਦਾ ਮੈਂ ਉਸ ਨੂੰ ਪੁੱਛਾਂ ਕਿ ਜਿਨ੍ਹਾਂ ਅਫ਼ਸਰਾਂ ਤੇ ਸਿਆਸੀ ਬੰਦਿਆਂ ਦੇ ਸੋਹਿਲੇ ਉਹ ਗਾਉਂਦਾ ਸੀ ਹੁਣ ਉਹਦੇ ਕੰਮ ਕਿਉਂ ਨਹੀਂ ਆਉਂਦੇ? ਫਿਰ ਮੈਂ ਸੋਚਦਾ ਕਿ ਕਿਤੇ ਉਹ ਮੇਰੀ ਗੱਲ ਦਾ ਗੁੱਸਾ ਹੀ ਨਾ ਕਰ ਜਾਵੇ।

ਚਾਰ ਪੰਜ ਮਹੀਨੇ ਉਹ ਮੈਨੂੰ ਇਹੀ ਕਹਿੰਦਾ ਰਿਹਾ ਕਿ ਅੱਜ ਆਪਣੀ ਫ਼ਾਈਲ ਫ਼ਲਾਣੇ ਮਹਿਕਮੇ ਕੋਲ ਐ, ਅੱਜ ਫ਼ਲਾਣੇ ਮਹਿਕਮੇ ਕੋਲ ਐ। ਉੱਧਰੋਂ ਮੇਰੀ ਵਾਪਸੀ ਦੀ ਤਰੀਕ ਨੇੜੇ ਆ ਰਹੀ ਸੀ। ਮੇਰੀ ਵਾਪਸੀ ਦੀ ਤਰੀਕ ਤੱਕ ਵੀ ਸਾਡੇ ਪ੍ਰਜੈਕਟ ਦੀ ਫ਼ਾਈਲ ਅਜੇ ਦਫ਼ਤਰਾਂ ਦੇ ਗੇੜੇ ਕੱਢ ਰਹੀ ਸੀ ਜਾਂ ਕਿਸੇ ਬਾਬੂ ਦੇ ਦਫ਼ਤਰ ‘ਚ ਧੂੜ ਚੱਟ ਰਹੀ ਸੀ।

ਹੁਣ ਮੈਨੂੰ ਵਾਪਸ ਆਏ ਨੂੰ ਵੀ ਛੇ ਮਹੀਨੇ ਹੋ ਗਏ ਹਨ। ਉਹ ਸੱਜਣ ਹੁਣ ਫ਼ੂਨ ‘ਤੇ ਵੀ ਘੱਟ ਵੱਧ ਹੀ ਮਿਲਦਾ ਹੈ, ਜੇ ਕਦੇ ਗੱਲ ਹੋ ਵੀ ਜਾਵੇ ਤਾਂ ਉਸ ਦਾ ਇਕੋ ਹੀ ਜਵਾਬ ਹੁੰਦਾ ਹੈ ਕਿ ਬੱਸ ਆਪਣਾ ਕੰਮ ਹੋਣ ਵਾਲ਼ਾ ਹੀ ਹੈ। ਸੱਚ ਪੁੱਛੋ ਤਾਂ ਮੈਂ ਹੁਣ ਉਮੀਦ ਹੀ ਛੱਡ ਦਿੱਤੀ ਹੈ। ਸਮਝ ਲਿਆ ਹੈ ਕਿ ਮੈਂ ਰਕਮ ਖੂਹ-ਖਾਤੇ ਸੁੱਟ ਦਿਤੀ ਹੈ। ਹੁਣ ਮੈਂ ਦੋਸਤਾਂ ਮਿੱਤਰਾਂ ਤੋਂ ਪੈਸਾ ਵਾਪਸ ਲੈਣ ਦੇ ਢੰਗ ਤਰੀਕੇ ਪੁੱਛਦਾ ਫਿਰਦਾ ਹਾਂ। ਸੋਚਦਾ ਹਾਂ ਕਿ ਜੇ ਇਹੀ ਪੈਸਾ ਮੈਂ ਕਿਸੇ ਭਲੇ ਕੰਮ ਲਈ ਉੱਥੇ ਦਿਤਾ ਹੁੰਦਾ ਤਾਂ ਮੇਰੇ ਮਨ ਨੂੰ ਵੀ ਸਕੂਨ ਹੁੰਦਾ। ਪੈਸਾ ਵੀ ਖ਼ਰਾਬ ਕੀਤਾ ਤੇ ਮਨ ਦਾ ਸਕੂਨ ਵੀ ਗੁਆਇਆ, ਤੂੰ ਵੀ ਕੋਈ ਸਲਾਹ ਦੇਹ ਮੈਨੂੰ।”

ਮੇਰੇ ਦਿਲ ਵਿਚ ਭਾਵੇਂ ਉਸ ਲਈ ਹਮਦਰਦੀ ਸੀ ਪਰ ਮੈਂ ਗੁੱਝੀ ਜਿਹੀ ਮਸ਼ਕਰੀ ਕਰਨੋਂ ਰਹਿ ਨਾ ਸਕਿਆ ਤੇ ਪੁੱਛ ਲਿਆ, “ਹੁਣ ਕਦੋਂ ਵਿਚਾਰ ਹੈ ਜਾ ਕੇ ਆਪਣਾ ਪ੍ਰਜੈਕਟ ਦੇਖਣ ਦਾ?

ਉਹ ਥੋੜ੍ਹਾ ਮੁਸਕਰਾਇਆ ਤੇ ਬੋਲਿਆ, “ਕੁਝ ਪੈਸੇ ਜੋੜ ਲਵਾਂ, ਫੇਰ ਹੀ ਜਾਵਾਂਗਾ।” ਉਸ ਦੇ ਬੋਲਾਂ ‘ਚ ਵਿਅੰਗ ਸੀ, ਪਰ ਚਿਹਰਾ ਬਹੁਤ ਉਦਾਸ ਸੀ। ਮੈਂ ਉਸ ਨੂੰ ਦਿਲਾਸਾ ਦਿਤਾ ਤੇ ਕਿਹਾ, “ਲੈ ਸੁਣ, ਤੈਨੂੰ ਮੈਂ ਇਕ ਏਦਾਂ ਦੀ ਹੀ ਕਹਾਣੀ ਸੁਣਾਉਂਦਾ ਹਾਂ।”

ਪੁਰਾਣੇ ਸਮੇਂ ਦੀ ਗੱਲ ਐ ਜਦੋਂ ਚਾਂਦੀ ਦੇ ਰੁਪਏ ਚਲਦੇ ਹੁੰਦੇ ਸੀ। ਇਕ ਜੱਟ ਖੇਤੋਂ ਮੁੜ ਰਿਹਾ ਸੀ ਕਿ ਰਾਹ ਦੇ ਕਿਨਾਰੇ ਝਾੜੀਆਂ ‘ਚੋਂ ਖਣਖਣ ਦੀ ਆਵਾਜ਼ ਆਈ। ਉਸ ਨੇ ਪੋਲੇ ਪੋਲੇ ਪੈਰੀਂ ਜਾ ਕੇ ਦੇਖਿਆ ਕਿ ਇਕ ਸਾਧ ਚਾਂਦੀ ਦੇ ਰੁਪਏ ਗਿਣ ਰਿਹਾ ਸੀ। ਗਿਣ ਕੇ ਪੂਰੇ ਦਸ ਰੁਪਏ ਉਸ ਨੇ ਧੋਤੀ ਦੇ ਲੜ ਬੰਨ੍ਹ ਲਏ ਉੱਠ ਖੜ੍ਹਾ ਹੋਇਆ। ਜੱਟ ਫੇਰ ਰਾਹ ਵਿਚ ਆ ਖੜ੍ਹਾ ਹੋਇਆ ਤੇ ਸਾਧ ਨੂੰ ਘਰ ਲਿਜਾ ਕੇ ਪਰਸ਼ਾਦਾ ਛਕਾਉਣ ਦੀ ਬੇਨਤੀ ਕੀਤੀ। ਸਾਧ ਨੂੰ ਤਾਂ ਪਹਿਲਾਂ ਹੀ ਭੁੱਖ ਲੱਗੀ ਹੋਈ ਸੀ। ਸਾਧ ਖ਼ੁਸ਼ੀ ਖ਼ੁਸ਼ੀ ਨਾਲ ਤੁਰ ਪਿਆ। ਪਰਸ਼ਾਦਾ ਛਕਾ ਕੇ ਜੱਟ ਘਰ ਵਾਲ਼ੀ ਨੂੰ ਕਹਿੰਦਾ,” ਭਾਗਵਾਨੇ, ਆਲ਼ੇ ਵਿੱਚ ਪਏ ਪੈਸਿਆਂ ‘ਚੋਂ ਇਕ ਰੁਪਇਆ ਤਾਂ ਲਿਆ ਬਾਬਾ ਜੀ ਨੂੰ ਦੰਦ ਘਸਾਈ ਵੀ ਦੇਈਏ।”

ਘਰ ਵਾਲ਼ੀ ਆਲ਼ੇ ‘ਚ ਹੱਥ ਮਾਰ ਕੇ ਕਹਿੰਦੀ ਕਿ ਉੱਥੇ ਤਾਂ ਕੋਈ ਪੈਸਾ ਨਹੀਂ ਪਿਆ। ਜੱਟ ਕਹਿੰਦਾ ਮੈਂ ਤਾਂ ਅਜੇ ਕੱਲ੍ਹ ਸ਼ਾਮੀਂ ਉੱਥੇ ਪੈਸੇ ਰੱਖੇ ਸੀ। ਜੱਟ ਘਰ ਵਾਲ਼ੀ ਨੂੰ ਉੱਚਾ-ਨੀਵਾਂ ਬੋਲਣ ਲੱਗ ਪਿਆ। ਰੌਲ਼ਾ-ਰੱਪਾ ਸੁਣ ਕੇ ਆਂਢ-ਗੁਆਂਢ ਦੇ ਦੋ ਚਾਰ ਬੰਦੇ ਆ ਗਏ ਕਿ ਕੀ ਮਾਜਰਾ ਹੋ ਗਿਆ। ਜੱਟ ਨੇ ਪੈਸੇ ਗੁਆਚਣ ਬਾਰੇ ਦੱਸਿਆ ਤਾਂ ਇਕ ਬੰਦਾ ਪੁੱਛਣ ਲੱਗਾ, “ਤੁਹਾਡੇ ਘਰ ਕੌਣ ਕੌਣ ਆਇਆ ਸੀ?” ਜੱਟ ਕਹਿੰਦਾ, “ ਬਸ ਐਹ ਬਾਬਾ ਜੀ ਆਏ ਐ ਥੋੜ੍ਹੀ ਦੇਰ ਹੋਈ, ਹੋਰ ਤਾਂ ਕੋਈ ਨਹੀਂ ਆਇਆ।” ਇਕ ਹੋਰ ਬੰਦੇ ਨੇ ਪੁੱਛਿਆ ਕਿ ਕਿੰਨੇ ਰੁਪਏ ਗੁਆਚੇ ਹਨ।

ਜੱਟ ਨੇ ਦੱਸਿਆ ਕਿ ਦਸ ਰੁਪਏ ਸਨ। ਇਕ ਬੰਦਾ ਬੋਲਿਆ, “ਜਦ ਹੋਰ ਕੋਈ ਨਹੀਂ ਆਇਆ, ਸਿਰਫ਼ ਬਾਬਾ ਜੀ ਹੀ ਆਏ ਐ ਤਾਂ ਬਾਬਾ ਜੀ ਦੀ ਤਲਾਸ਼ੀ ਲਉ।”

ਜੱਟ ਕਹਿੰਦਾ, “ਨਾ ਜੀ ਨਾ, ਬਾਬਾ ਜੀ ਤਾਂ ਸੰਤ ਪੁਰਸ਼ ਨੇ, ਇਹ ਅਜਿਹਾ ਕੰਮ ਥੋੜ੍ਹੀ ਕਰਨਗੇ।”

ਉਹੀ ਬੰਦਾ ਬੋਲਿਆ, “ਤੂੰ ਰਹਿਣ ਦੇ, ਸਾਧਾਂ, ਬਾਬਿਆਂ ਦੇ ਰੂਪ ‘ਚ ਅੱਜ ਕਲ ਠੱਗ ਚੋਰ ਵੀ ਘੁੰਮਦੇ ਐ ਤੇ ਇੰਨਾ ਕਹਿ ਕੇ ਉਸ ਨੇ ਬਾਬੇ ਦੀ ਧੋਤੀ ਖਿੱਚ ਦਿਤੀ ਤੇ ਵਿਚੋਂ ਖਣ ਖਣ ਕਰਦੇ ਰੁਪਏ ਆ ਡਿਗੇ ਤੇ ਉਹ ਵੀ ਪੂਰੇ ਦਸ।

ਸਾਧ ਕੋਲ ਕੋਈ ਜਵਾਬ ਨਹੀਂ ਸੀ। ਉਹ ਡੌਰ- ਭੌਰਾ ਹੋ ਗਿਆ, ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਨਾਲ ਕੀ ਭਾਣਾ ਵਾਪਰ ਗਿਆ ਸੀ। ਲੋਕਾਂ ਨੇ ਉਸ ਨੂੰ ਲਾਹਨਤਾਂ ਪਾਈਆਂ, ਧੱਕਾ-ਮੁੱਕੀ ਵੀ ਕੀਤੀ ਤੇ ਪਿੰਡੋਂ ਨਿਕਲ ਜਾਣ ਦਾ ਹੁਕਮ ਸੁਣਾਇਆ। ਸਾਧ ਜਾਣ ਲੱਗਾ ਤਾਂ ਜੱਟ ਨੇ ਪੁੱਛਿਆ “ ਬਾਬਾ ਜੀ ਫੇਰ ਕਦੋਂ ਦਰਸ਼ਨ ਦਿਉਗੇ?”

ਸਾਧ ਕਹਿੰਦਾ, “ ਜਦੋਂ ਮੇਰੇ ਕੋਲ਼ ਦਸ ਰੁਪਏ ਜਮ੍ਹਾਂ ਹੋ ਜਾਣਗੇ।”

ਮੇਰਾ ਮਿੱਤਰ ਖਿੜ ਖਿੜਾ ਕੇ ਹੱਸਿਆ ਜਿਵੇਂ ਉਹ ਦਿਲ ਦੀ ਪੀੜ ਨੂੰ ਹਾਸੇ ‘ਚ ਉਡਾਉਣੀ ਚਾਹੁੰਦਾ ਹੋਵੇ।

* * * * * *

ਘਰ ਵਾਲ਼ੀ ਆਲ਼ੇ ‘ਚ ਹੱਥ ਮਾਰ ਕੇ ਕਹਿੰਦੀ ਕਿ ਉੱਥੇ ਤਾਂ ਕੋਈ ਪੈਸਾ ਨਹੀਂ ਪਿਆ। ਜੱਟ ਕਹਿੰਦਾ ਮੈਂ ਤਾਂ ਅਜੇ ਕੱਲ੍ਹ ਸ਼ਾਮੀਂ ਉੱਥੇ ਪੈਸੇ ਰੱਖੇ ਸੀ। ਜੱਟ ਘਰ ਵਾਲ਼ੀ ਨੂੰ ਉੱਚਾ-ਨੀਵਾਂ ਬੋਲਣ ਲੱਗ ਪਿਆ। ਰੌਲ਼ਾ-ਰੱਪਾ ਸੁਣ ਕੇ ਆਂਢ-ਗੁਆਂਢ ਦੇ ਦੋ ਚਾਰ ਬੰਦੇ ਆ ਗਏ ਕਿ ਕੀ ਮਾਜਰਾ ਹੋ ਗਿਆ। ਜੱਟ ਨੇ ਪੈਸੇ ਗੁਆਚਣ ਬਾਰੇ ਦੱਸਿਆ ਤਾਂ ਇਕ ਬੰਦਾ ਪੁੱਛਣ ਲੱਗਾ, “ਤੁਹਾਡੇ ਘਰ ਕੌਣ ਕੌਣ ਆਇਆ ਸੀ?”
ਜੱਟ ਕਹਿੰਦਾ, “ਬਸ ਐਹ ਬਾਬਾ ਜੀ ਆਏ ਐ ਥੋੜ੍ਹੀ ਦੇਰ ਹੋਈ, ਹੋਰ ਤਾਂ ਕੋਈ ਨਹੀਂ ਆਇਆ।”
ਇਕ ਹੋਰ ਬੰਦੇ ਨੇ ਪੁੱਛਿਆ ਕਿ ਕਿੰਨੇ ਰੁਪਏ ਗੁਆਚੇ ਹਨ।


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ

**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।

**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।

ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ ’ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ ‘ਤੇ ਲਿਖਤੀ ਅਰਜ਼ੀਆਂ 25 ਜੁਲਾਈ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.

**Location: Peterborough.**

**Duration & Remuneration: 24 months. Attractive Salary will be according to UK employment Law. Job related accomodation shall be provided.**

**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with ‘cv’ to* **Email:sangha.amrik@btinternet.com** ***before 25th July 2025***

**SRI GURU SINGH SABHA GURDWARA, PETERBOROUGH**

**NEWARK ROAD, PETERBOROUGH, PE1 5XS, U.K.**

***For Information contact:*** **Amrik Singh Sangha: 07979 706505**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫ਼ੋਨ : 07853 317 891

Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 32

# ਇੱਕ ਮੇਰੀ ਅੱਖ ਕਾਸ਼ਣੀ...

**ਜੰਗਲ਼ 'ਚ ਮੰਗਲ਼ ਲੱਗਿਆ ਪਿਐ...। ਝੁੱਗੀਆਂ ਝੌਂਪੜੀਆਂ ਆਲ਼ੇ ਵੀ ਵਿਚਾਰੇ ਰੱਜ-ਰੱਜ ਜਾਂਦੇ ਐ...। ਕਿਸੇ ਚੀਜ ਦਾ ਤੋੜਾ ਨੀ..। ਤੈਨੂੰ ਪਤੈ ਬਈ ਆਪਣੇ ਪੰਜਾਬੀ ਜਿੱਧਰ ਨੂੰ ਪੈਂਦੇ ਐ, ਬੱਸ ਨਿਸ਼ਾ ਕਰਵਾ ਕੇ ਦਮ ਲੈਂਦੇ ਆ...। ਇੱਕ ਦਿਨ ਮੈਂ ਬੋਰੀ ਚੱਕੀ ਆਵਾਂ, ਨਹਿੰਗ ਬਾਬਾ ਪੁੱਛਦੈ, ਅਖੇ ਕੀ ਚੱਕੀ ਆਉਨੈ ਇੰਦਰਜੀਤਿਆ, ਮੈਂ ਕਿਹਾ ਬਦਾਮ ਐਂ ਬਾਬਾ ਜੀ, ਕਹਿੰਦੇ ਚੱਕੀ ਤਾਂ ਇਉਂ ਆਉਨੈ ਜਿਵੇਂ ਖਲ਼ ਦੀ ਬੋਰੀ ਹੁੰਦੀ ਐ...। ਮੈਂ ਕਿਹਾ ਬਾਬਾ ਜੀ, ਆਪਣੇ ਆਲ਼ੇ ਲੋਕ ਕਿਸੇ ਚੀਜ਼ ਦੀ ਕਮੀ ਥੋੜ੍ਹੋ ਰਹਿਣ ਦਿੰਦੇ ਐ...? ਅਸੀਂ ਲੋਕਾਂ ਨੂੰ ਪਿੱਟ ਕੇ ਮਰਗੇ ਬਈ ਮੋਰਚੇ 'ਚ ਦੁੱਧ ਘੱਟ ਭੇਜਿਆ ਕਰੋ, ਖਰਾਬ ਹੁੰਦੈ...। ਪਰ ਕਿੱਥੇ ਟਲ਼ਦੇ ਐ ਪਤੰਦਰ...? ਟਰੱਕਾਂ ਦੇ ਟਰੱਕ ਭਰ-ਭਰ ਭੇਜਦੇ ਸੀ...। 'ਕੱਲੇ ਆਪਣੇ ਆਲ਼ੇ ਈ ਨੀ, ਹਰਿਆਣੇ ਆਲ਼ੇ ਲੋਕਾਂ ਨੇ ਵੀ 'ਨ੍ਹੇਰੀ ਲਿਆਈ ਰੱਖੀ ਐ ਦੁੱਧ ਤੇ ਰਸਦ ਦੀ...।**

## ਕਾਂਡ 15

-"ਫ਼ੇਰ ਤੁਸੀਂ ਪੰਜ ਹਜ਼ਾਰ ਵਾਲਿਆਂ ਤੋਂ ਈ ਲੈ ਲਓ, ਸਾਡੇ ਮਗਰ ਕਾਹਨੂੰ ਪਏ ਓਂ...?"

-"ਨਹੀਂ...ਨਹੀਂ ਜਨਾਬ....! ....ਮੈਂ ਤਾਂ ਵੈਸੇ ਹੀ ਕਹਿ ਬੈਠਾ, ਮੁਆਫ਼ ਕਰੋ ਮੈਨੂੰ...! ਮੈਂ ਪੰਦਰਾਂ ਮਿੰਟਾਂ 'ਚ ਟੈਂਕ ਚੌਂਕ 'ਚ ਈ ਆਉਨੈ...!" ਪ੍ਰੇਮ ਸਿਉਂ ਨੇ ਫ਼ੋਨ ਕੱਟ ਦਿੱਤਾ ਅਤੇ ਚੱਕਵੇਂ ਪੈਰੀਂ ਬਾਹਰ ਨੂੰ ਤੁਰ ਪਿਆ। ਉਹਨਾਂ ਨੂੰ ਕੰਪਾਊਂਡਰ ਦਾ ਧੰਨਵਾਦ ਕਰਨ ਦਾ ਚੇਤਾ ਵੀ ਭੁੱਲ ਗਿਆ ਸੀ। ਕੀ ਕਰਦਾ...? ਸੁਰਤ ਹੀ ਮਾਰੀ ਪਈ ਸੀ! ਇੱਕ ਪਾਸੇ ਉਹਨਾਂ ਨੂੰ ਆਪਣੇ ਮਰੀਜ਼ ਦਾ ਫ਼ਿਕਰ ਸੀ ਅਤੇ ਦੂਜੇ ਪਾਸੇ ਲਹੂ ਪੀਣ ਵਾਲ਼ੇ ਡੋਲਣੇ ਚੁੱਕੀ ਫ਼ਿਰਦੇ ਸਨ।

ਜੱਕੋ-ਤੱਕੀ ਕਰਦਾ ਪ੍ਰੇਮ ਸਿਉਂ ਟੈਂਕ ਚੌਂਕ ਵਿੱਚ ਪਹੁੰਚ ਗਿਆ।

ਅੱਧਾ ਘੰਟਾ ਹੋ ਗਿਆ ਸੀ ਪ੍ਰੇਮ ਸਿਉਂ ਨੂੰ ਉਡੀਕ ਕਰਦਿਆਂ, ਪਰ ਕੋਈ ਨਹੀਂ ਸੀ ਬਹੁੜਿਆ। ਦੁਖੀ ਹੋਏ ਪ੍ਰੇਮ ਸਿੰਘ ਨੇ ਫ਼ਿਰ ਫ਼ੋਨ ਮਿਲ਼ਾ ਲਿਆ।

-"ਤੁਸੀਂ ਆਏ ਨਹੀਂ, ਜਨਾਬ..? ਮੈਨੂੰ ਤਾਂ ਅੱਧਾ ਘੰਟਾ ਹੋ ਗਿਆ ਟੈਂਕ ਚੌਂਕ 'ਚ ਪਹੁੰਚੇ ਨੂੰ...!"

-"ਤੁਹਾਡਾ ਨਾਂ ਕੀ ਐ, ਸਰ...?"

-"ਮੇਰਾ ਨਾਂ ਪ੍ਰੇਮ ਸਿੰਘ ਐ, ਜਨਾਬ...!"

-"ਹੁਣ ਤੁਸੀਂ ਕਿੱਥੇ ਓਂ...?"

-"ਮੈਂ ਗੋਲ-ਗੱਪਿਆਂ ਆਲ਼ੀ ਰੇੜ੍ਹੀ ਕੋਲ਼ ਖੜ੍ਹੈਂ ਟੈਂਕ ਚੌਂਕ 'ਚ..!"

-"ਓਸ ਦੇ ਦੂਜੇ ਪਾਸੇ ਠੇਕਾ ਦਿਸਦੈ...?"

-"ਜੀ ਦਿਸਦੈ...!"

-"ਓਥੇ ਆ ਜਾਓ...!"

ਜਦ ਹੁਕਮ ਮੰਨਦਾ ਪ੍ਰੇਮ ਸਿਉਂ ਠੇਕੇ ਕੋਲ਼ ਪਹੁੰਚਿਆ, ਤਾਂ ਇੱਕ ਬੰਦਾ ਇੱਕ ਖੁੰਜੇ ਸਾਈਕਲ 'ਤੇ ਲੱਤ ਲਾਈ ਖੜ੍ਹਾ ਸੀ। ਉਸ ਦੇ ਹੱਥ ਵਿੱਚ ਇੱਕ ਝੋਲ਼ਾ ਸੀ ਅਤੇ ਉਸ ਦਾ ਮੂੰਹ ਡਾਕੂਆਂ ਵਾਂਗ ਬੰਨ੍ਹਿਆਂ ਹੋਇਆ ਸੀ।

-"ਨਮਸਕਾਰ ਪ੍ਰੇਮ ਸਿੰਘ ਜਨਾਬ ਜੀ...!" ਉਸ ਨੇ ਕਿਹਾ।

-"ਨਮਸਕਾਰ ਜੀ...!"

-"ਠੇਕੇ ਦੇ ਪਿਛਲੇ ਪਾਸੇ ਆ ਜਾਓ...!" ਉਸ ਨੇ ਸਾਈਕਲ ਸਟੈਂਡ 'ਤੇ ਲਾ ਦਿੱਤਾ ਅਤੇ ਆਪ ਠੇਕੇ ਦੇ ਪਿਛਲੇ ਪਾਸੇ ਨੂੰ ਤੁਰ ਪਿਆ। ਪ੍ਰੇਮ ਸਿਉਂ ਉਸ ਦੇ ਮਗਰ ਚੱਲ ਪਿਆ।

ਠੇਕੇ ਦੇ ਪਿਛਲੇ ਪਾਸੇ ਜਾ ਕੇ ਉਸ ਨੇ ਪ੍ਰੇਮ ਸਿਉਂ ਦੀ ਜੇਬ ਖਾਲੀ ਕਰਵਾ ਲਈ ਅਤੇ ਦੁਆਈ ਫ਼ੜਾ ਦਿੱਤੀ।

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

## ਕਾਂਡ 16

ਪ੍ਰੇਮ ਸਿਉਂ ਦੁਆਈ ਲੈ ਕੇ 'ਚੱਕਵੇਂ ਪੈਰੀਂ' ਹਸਪਤਾਲ਼ ਆ ਗਿਆ। ਹੱਥ 'ਚ ਦੁਆਈ ਦੇਖ ਕੇ ਡਾਕਟਰ ਬਾਂਦਰ ਵਾਂਗ ਲਾਚੜ ਗਿਆ। ਉਸ ਨੂੰ ਨਹੀਂ ਪਤਾ ਸੀ ਕਿ ਪ੍ਰੇਮ ਸਿੰਘ ਨੂੰ ਉਸ ਦੀ ਅਤੇ ਉਸ ਦੇ ਸਾਲ਼ੇ ਦੀ "ਅਸਲੀਅਤ" ਬਾਰੇ ਪਤਾ ਲੱਗ ਚੁੱਕਾ ਸੀ।

-"ਅੱਸੀ ਹਜ਼ਾਰ ਤਿੰਨ ਸੌ ਪਚੰਨਵੇਂ ਰੁਪਈਏ ਦੀ ਦਿੱਤੀ ਐ, ਡਾਕਟਰ ਸਾਅਬ...!"

-"ਚਲੋ ਐਨਾਂ ਸ਼ੁਕਰ ਕਰੋ ਕਿ ਦੁਆਈ ਮਿਲ਼ ਗਈ ਸਰਦਾਰ ਜੀ, ਨਹੀਂ ਤਾਂ ਲੋਕਾਂ ਨੂੰ ਐਥੇ ਦੁਆਈ ਨਸੀਬ ਨੀ ਹੁੰਦੀ, ਅੱਡੀਆਂ ਰਗੜ ਕੇ ਮਰ ਜਾਂਦੇ ਨੇ...!"

-"..........!" ਸਮੇਂ ਦੀ ਨਜ਼ਾਕਤ ਦੇਖ ਕੇ ਪ੍ਰੇਮ ਸਿਉਂ ਚੁੱਪ ਵੱਟ ਗਿਆ। ਗੁੱਸਾ ਉਸ ਦੇ ਸਿਰ ਨੂੰ ਧਤੂਰੇ ਵਾਂਗ ਚੜ੍ਹਿਆ ਹੋਇਆ ਸੀ।

ਉਹ ਦੁਆਈ ਲੈ ਕੇ ਵਾਪਸ ਆ ਗਿਆ।

ਜਦ ਉਹ ਵਾਪਸ ਆਇਆ ਤਾਂ ਉਸ ਦਾ ਜਿਗਰੀ ਮਿੱਤਰ ਇੰਦਰਜੀਤ ਬਾਹਰ ਬੈਂਚ 'ਤੇ ਬੈਠਾ ਉਸ ਦਾ ਇੰਤਜ਼ਾਰ ਕਰ ਰਿਹਾ ਸੀ।

-"ਸਾਲ਼ੇ ਕਿਹੋ ਜੇ ਟੈਮ ਆਗੇ, ਨਾ ਕੋਈ ਸਾਲ਼ਾ ਬਾਹਰ ਨਿਕਲ਼ਣ ਦਿੰਦੈ, ਤੇ ਨਾ ਕਿਸੇ ਦਾ ਪਤਾ ਲੈਣ ਲਈ ਹਸਪਤਾਲ਼ ਦੇ ਅੰਦਰ ਜਾ ਸਕਦੇ ਐਂ...!"

-"ਦੇਖ ਲੈ ਰੰਗ ਕਰਤਾਰ ਦੇ...। ਐਹੋ ਜਿਆ ਸਮਾਂ ਆਪਾਂ ਤਾਂ ਕਦੇ ਦੇਖਿਆ ਨੀ ਸੀ, ਪਰ ਵਿ-ਗਆਨ ਨੇ ਦਿਖਾਤਾ...।"

-"ਕਹਿੰਦੇ ਇਹ ਕੋਰੋਨਾ ਚੀਨ ਨੇ ਛੱਡਿਐ...?"

-"ਯਾਰ ਇੰਦਰਜੀਤ, ਇਹ ਸਿਆਸਤਾਂ ਨੇ ਮੇਰੇ ਵੀਰ, 'ਮਰੀਕਾ ਆਲ਼ੇ ਚੀਨ ਦੇ ਸਿਰ ਮੜ੍ਹੀ ਜਾਂਦੇ ਐ, ਚੀਨ ਮੂਹਿਰਿਓਂ ਝੱਗਾ ਚੱਕ-ਚੱਕ ਦਿਖਾਈ ਜਾਂਦੈ...।"

-"ਇਹ ਤਾਂ ਓਹ ਗੱਲ ਐ, ਜੇ ਭਾਰਤ 'ਚ ਕੁੱਤਾ ਮਰਜੇ, ਆਪਣੇ ਆਲ਼ੇ ਪਾਕਿਸਤਾਨ ਦੇ ਨਾਂ ਲਾ ਦੇਣਗੇ...। ਤੇ ਜੇ ਪਾਕਿਸਤਾਨ 'ਚ ਕੋਈ ਕਿਸੇ ਦੀ ਬੱਕਰੀ ਚੱਕ ਕੇ ਲੈ ਜੇ, ਤਾਂ ਉਹ ਆਪਣੇ ਦੇਸ਼ ਦੇ ਸਿਰ ਲਾਈ ਜਾਣਗੇ, ਨਿਕਲ਼ਦਾ ਵਿੱਚੋਂ ਕੱਖ ਵੀ ਨੀ...।"

-"ਆਹ "ਛੱਪਨ ਇੰਚ" ਕੀ ਛਾਤੀ ਵਾਲ਼ਾ ਭਾਰਤ ਨੇ ਏਸੇ ਕੰਮ ਨੂੰ ਤਾਂ ਰੱਖਿਐ...! ਇਹ ਬਿਨਾ ਗੱਲੋਂ ਖੁਰਗੋ ਪੱਟੀ ਜਾਊ; ਹਮ ਘੁਸ ਕਰ ਮਾਰੇਂਗੇ...।"

ਦੋਨੋਂ ਹੱਸ ਪਏ।

-"ਮੈਂ ਅੰਦਰ ਦੁਆਈ ਫ਼ੜਾ ਆਵਾਂ, ਫ਼ੇਰ ਗੱਲਾਂ ਬਾਤਾਂ ਕਰਦੇ ਆਂ...!"

-"ਆਹ ਫ਼ਲ਼ ਵੀ ਅੰਦਰ ਦੇ ਆਈਂ, ਮੈਨੂੰ ਤਾਂ ਮੇਰੇ ਸਾਲ਼ੇ 'ਸਕੌਲ਼ਟੀ' ਆਲ਼ੇ ਅੰਦਰ ਈ ਨੀ ਜਾਣ ਦਿੰਦੇ, ਮੈਂ ਕਿਹਾ ਸਾਡਾ ਰਿਸ਼ਤੇਦਾਰ ਬਿਮਾਰ ਐ, ਆਹ 'ਸਕੌਲ਼ਟੀ' ਵਾਲ਼ੇ ਚੱਪਣ ਸਿਰੇ ਜੇ ਨੇ ਮੈਨੂੰ ਅੰਦਰ ਈ ਨੀ ਵੜਨ ਦਿੱਤਾ, ਜਿਵੇਂ ਮੈਂ ਸ਼ਾਟ ਮਾਰਦਾ ਹੁੰਨੈ...। ਅਖੇ, ਪਾਸ ਆਲ਼ੇ ਈ ਅੰਦਰ ਜਾ ਸਕਦੇ ਐ...।"

ਪ੍ਰੇਮ ਸਿਉਂ ਹੱਸਦਾ ਅੰਦਰ ਚਲਿਆ ਗਿਆ।

-"ਹੋਰ ਸੁਣਾ, ਕਿਸਾਨ ਮੋਰਚੇ ਦਾ ਕੀ ਹਾਲ ਐ...?" ਉਸ ਨੇ ਵਾਪਸ ਆ ਕੇ ਪੁੱਛਿਆ।

-"ਪੁੱਛ ਨਾ ਬਾਈ ਸਿਆਂ, ਰੰਗ ਭਾਗ ਲੱਗੇ ਪਏ ਐ..। ਇੱਕ ਆਰੀ ਤਾਂ ਹਲ਼ਕ 'ਚ ਡੰਡਾ ਦੇਤਾ ਗੌਰਮਿੰਟ ਦੇ, ਭੱਜਣ ਨੂੰ ਰਾਹ ਨੀ ਲੱਭਦਾ...।"


-"ਇੱਕ ਗੱਲੋਂ ਮੈਨੂੰ ਹਾਸਾ ਆਉਂਦੈ...। ਆਪਣੇ ਆਹ ਇੱਕ ਟੱਬਰ ਦੇ ਦੋ ਮੰਤਰੀ ਤੇ ਇੱਕ ਇਹਨਾਂ ਦੇ ਟੱਬਰ ਦੀ ਬੀਬੀ ਇਹਨਾਂ ਤਿੰਨ ਕਾਨੂੰਨਾਂ ਦੇ ਹੱਕ 'ਚ ਪ੍ਰਚਾਰ ਕਰੀ ਗਏ, ਜਦੋਂ ਲੋਕਾਂ ਨੇ ਰੈਂਗੜਾ ਚੱਕ ਲਿਆ, ਡਰਦੇ ਪੈਰ ਤੋਂ ਈ ਪੁੱਠੇ ਮੁੜਪੇ, ਅਖੇ ਅਸੀਂ ਵੀ 'ਕਿਸਾਨ' ਐਂ...। ਪੁੱਛਣਾ ਹੋਵੇ ਬਈ ਖਸਮਾਂ ਨੂੰ ਖਾਣਿਓਂ, ਪੈਜੇ ਪਲੇਗ ਥੋਨੂੰ ਐਹੋ ਜਿਆਂ ਨੂੰ, ਜਦੋਂ ਇਹਨਾਂ ਤਿੰਨ ਕਾਨੂੰਨਾਂ ਦੀ ਸਲਾਹੁਤਾ ਕਰਦੇ ਨੀ ਥੱਕਦੇ ਸੀ, ਓਦੋਂ ਕਿਹੜੇ ਬਾਬੇ ਭਾਨ ਸਿਉਂ ਨੇ ਕਿਹਾ ਸੀ...?"

-"ਇਹ ਵੀ ਬੇ-ਪੈਂਦੇ ਲੋਟੇ ਐ ਪ੍ਰੇਮ ਸਿਆਂ...! ਮੌਕਾ ਦੇਖ ਕੇ ਬਿਆਨ ਦਾਗਦੇ ਐ...।"

-"ਤੂੰ ਹੋਰ ਦੇਖ ਲੈ...! ਇਹਨਾਂ ਨੇ ਕਦੇ ਮਹਿੰਗੀਆਂ ਕਾਰਾਂ ਤੋਂ ਥੱਲੇ ਪੈਰ ਨੀ ਸੀ ਲਾ-ਹਆ, ਰੱਬ ਤੇਰਾ ਭਲਾ ਕਰੇ, ਜੰਗਲ਼ ਪਾਣੀ ਵੀ ਕਾਰ 'ਤੇ ਜਾਂਦੇ ਸੀ, ਮੋਰਚਾ ਲਾ ਕੇ ਲੋਕਾਂ ਨੇ ਐਸੀ ਮੁੜ੍ਹੀ ਚਾੜ੍ਹੀ, ਸਾਲ਼ੇ ਲੋਕ ਦਿਖਾਵਾ ਕਰਨ ਵਾਸਤੇ 'ਟਰੈਗਟ' ਲੈ ਕੇ ਕਾਫ਼ਲਾ ਬਣਾ ਕੇ ਤੁਰਪੇ...। ਯਾਰ ਬੇਸ਼ਰਮੀਂ ਦੀ ਵੀ ਕੋਈ ਹੱਦ ਹੁੰਦੀ ਐ, ਸਾਲ਼ਿਆਂ ਨੂੰ ਥੁੱਕ ਕੇ ਚੱਟਦਿਆਂ ਨੂੰ ਸ਼ਰਮ ਵੀ ਨੀ ਆਉਂਦੀ...।"

-"ਸ਼ਰਮ ਤਾਂ ਇਹਨਾਂ ਨੇ ਘੋਲ਼ ਕੇ ਪੀਤੀ ਐ...।"

-"ਬਈ ਸਾਲ਼ਿਓ, ਪਹਿਲਾਂ ਈ ਸੋਚ ਸਮਝ ਕੇ ਬਿਆਨ ਦਾਗੋ, ਫ਼ੇਰ ਮਗਰੋਂ ਜਦੋਂ ਲੋਕ ਰੈਂਗੜਾ ਚੱਕਦੇ ਐ, ਫ਼ੇਰ ਵਾਹਣੀਂ ਭੱਜ ਤੁਰਦੇ ਐ...? ਇਹਨਾਂ ਸਿਆਸੀ ਲੋਕਾਂ ਦਾ ਵੀ ਕੋਈ ਦੀਨ ਇਮਾਨ ਹੈਨ੍ਹੀ, ਪਤਾ ਨੀ ਕਿਹੜੇ ਜੁੱਗ ਦੇ ਜੰਮੇਂ ਐਂ...। ਸਾਥੋਂ ਜੇ ਇੱਕ ਅੱਧਾ ਝੂਠ ਵੱਜ ਵੀ ਜਾਵੇ, ਅਗਲੇ ਦੀਆਂ ਅੱਖਾਂ 'ਚ ਅੱਖਾਂ ਨੀ ਪੈਂਦੀਆਂ, ਇਹ ਛੋਕਰੀ ਦੇਣੇ ਗਿੱਟੇ ਸੋਟੀ ਖਾ ਕੇ ਪੈਰ ਫ਼ੇਰ ਓਥੇ ਈ ਰੱਖ ਲੈਂਦੇ ਐ...।"




-"ਮੋਰਚੇ ਦੀ ਸੁਣਾ ਕੋਈ...?"

-"ਯਾਰ ਕੀ ਦੱਸਾਂ...? ਜੰਗਲ਼ 'ਚ ਮੰਗਲ਼ ਲੱਗਿਆ ਪਿਐ...। ਝੁੱਗੀਆਂ ਝੌਂਪੜੀਆਂ ਆਲ਼ੇ ਵੀ ਵਿਚਾਰੇ ਰੱਜ-ਰੱਜ ਜਾਂਦੇ ਐ...। ਕਿਸੇ ਚੀਜ ਦਾ ਤੋੜਾ ਨੀ..। ਤੈਨੂੰ ਪਤੈ ਬਈ ਆਪਣੇ ਪੰਜਾਬੀ ਜਿੱਧਰ ਨੂੰ ਪੈਂਦੇ ਐ, ਬੱਸ ਨਿਸ਼ਾ ਕਰਵਾ ਕੇ ਦਮ ਲੈਂਦੇ ਆ...। ਇੱਕ ਦਿਨ ਮੈਂ ਬੋਰੀ ਚੱਕੀ ਆਵਾਂ, ਨਹਿੰਗ ਬਾਬਾ ਪੁੱਛਦੈ, ਅਖੇ ਕੀ ਚੱਕੀ ਆਉਨੈ ਇੰਦਰਜੀਤਿਆ, ਮੈਂ ਕਿਹਾ ਬਦਾਮ ਐਂ ਬਾਬਾ ਜੀ, ਕਹਿੰਦੇ ਚੱਕੀ ਤਾਂ ਇਉਂ ਆਉਨੈ ਜਿਵੇਂ ਖਲ਼ ਦੀ ਬੋਰੀ ਹੁੰਦੀ ਐ...। ਮੈਂ ਕਿਹਾ ਬਾਬਾ ਜੀ, ਆਪਣੇ ਆਲ਼ੇ ਲੋਕ ਕਿਸੇ ਚੀਜ਼ ਦੀ ਕਮੀ ਥੋੜ੍ਹੋ ਰਹਿਣ ਦਿੰਦੇ ਐ...? ਅਸੀਂ ਲੋਕਾਂ ਨੂੰ ਪਿੱਟ ਕੇ ਮਰਗੇ ਬਈ ਮੋਰਚੇ 'ਚ ਦੁੱਧ ਘੱਟ ਭੇਜਿਆ ਕਰੋ, ਖਰਾਬ ਹੁੰਦੈ...। ਪਰ ਕਿੱਥੇ ਟਲ਼ਦੇ ਐ ਪਤੰਦਰ...? ਟਰੱਕਾਂ ਦੇ ਟਰੱਕ ਭਰ-ਭਰ ਭੇਜਦੇ ਸੀ...। 'ਕੱਲੇ ਆਪਣੇ ਆਲ਼ੇ ਈ ਨੀ, ਹਰਿਆਣੇ ਆਲ਼ੇ ਲੋਕਾਂ ਨੇ ਵੀ 'ਨ੍ਹੇਰੀ ਲਿਆਈ ਰੱਖੀ ਐ ਦੁੱਧ ਤੇ ਰਸਦ ਦੀ...। ਅਸੀਂ ਫ਼ੇਰ ਸੋਚਿਆ ਬਈ ਦੁੱਧ ਕਾਹਨੂੰ ਖਰਾਬ ਹੋਣ ਦੇਣੈ, ਇਹਦਾ ਖੋਆ ਮਾਰੋ, ਤੇ ਸਿਹਤਾਂ ਬਣਾਓ...। ਓਥੇ ਤਾਂ ਮਾਰ ਫ਼ੜ ਕੇ ਦਾਲ਼ਾਂ ਰਿਝਦੀਆਂ, ਤੰਦੂਰ 'ਤੇ ਪ੍ਰਛਾਦੇ ਪੱਕਦੇ, ਗਰੀਬ ਗੁਰਬੇ ਤਿੰਨ ਵੇਲ਼ੇ ਸਕੂਨ ਦਾ ਲੰਗਰ ਛਕਦੇ ਐ...। ਬਾਬੇ ਨਾਨਕ ਦਾ ਲੰਗਰ ਐ, ਮਸਤਾਨਾ ਥੋੜ੍ਹੋ ਹੋਣ ਲੱਗਿਐ...?"

-"ਹੁਣ ਫੇਰ ਕਿੱਥੇ ਕਿਜੇ ਪਹੁੰਚੀ ਗੱਲ...?"

-"ਹੁਣ ਤਾਂ ਸੱਪ ਦੇ ਮੂੰਹ 'ਚ ਕੋਹੜ ਕਿਰਲ਼ੀ ਆਈ ਵੀ ਐ, ਖਾਂਦਾ ਕੋਹੜੀ, ਤੇ ਛੱਡਦੈ ਕਲੰਕੀ..। ਤੂੰ ਦੇਖੀ ਚੱਲ, ਗੌਰਮਿੰਟ ਛੇਤੀ ਮੈਦਾਨ ਛੱਡ ਕੇ ਭੱਜੂਗੀ...। ਕਿਸਾਨਾਂ ਦੇ ਤਾਂ ਪੂਰੇ ਹੌਂਸਲੇ ਬੁਲੰਦ ਐ, ਛੱਡ ਕੇ ਨੀ ਭੱਜਦੇ, ਭਜਾ ਕੇ ਹਟਣਗੇ...। ਦੇਖੀ ਚੱਲ, ਗੌਰਮਿੰਟ ਹੱਥ ਲਾ-ਲਾ ਦੇਖੂ...।"

-"ਪਰ ਮੇਰੇ ਸਾਲ਼ੇ ਗੱਦਾਰ ਨਾ ਗੌਰਮਿੰਟ ਨਾਲ਼ ਹੱਥ ਮਿਲ਼ਾ ਜਾਣ...?"

-"ਹੁਣ ਹੱਥ ਮਿਲ਼ਾ ਕੇ ਉਹਨਾਂ ਨੇ ਮਰਨੈ...? ਲੋਕ ਤਾਂ ਖਾ ਜਾਣਗੇ ਕੱਚਿਆਂ ਨੂੰ...।"

ਚਲਦਾ...

# ਬੁੱਝੋ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ ?


ਤਰਲੋਚਨ ਸਿੰਘ 'ਦੁਪਾਲ ਪੁਰ'
ਸਾਬਕਾ ਮੈਂਬਰ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
001-408-915-1268
tsdupalpuri@yahoo.com




ਸਿਰਲੇਖ ਪੜ੍ਹ ਕੇ ਪਾਠਕ ਝੱਟ ਦੇਣੀ ਕਹਿ ਦੇਣਗੇ ਕਿ ਭਾਈ ਹਰਜਿੰਦਰ ਸਿੰਘ ਧਾਮੀ ਹੀ ਪ੍ਰਧਾਨ ਹਨ ਸ਼੍ਰੋਮਣੀ ਕਮੇਟੀ ਦੇ,ਇਹਦੇ 'ਚ ਬੁੱਝਣ ਵਾਲ਼ੀ ਕਿਹੜੀ ਗੱਲ ਹੋਈ ?ਪਰ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਦੇ ਪ੍ਰਧਾਨਗੀ ਕਾਲ ਦੌਰਾਨ ਵਾਪਰੀ ਹੇਠ ਲਿਖੀ ਵਾਰਤਾ ਪੜ੍ਹ ਕੇ ਪਾਠਕਾਂ ਦਾ ਉਤਲਾ ਜਵਾਬ ਬਿਲਕੁਲ ਗਲ਼ਤ ਸਾਬਤ ਹੋ ਜਾਵੇ ਗਾ ! ਮੇਰਾ ਦਾਅ੍ਵਾ ਹੈ ਕਿ ਇਹ ਲੇਖ ਪੜ੍ਹਦਿਆਂ ਧਾਮੀ ਜੀ ਨੂੰ ਪ੍ਰਧਾਨ ਮੰਨਦੇ ਹੋਇਆਂ ਵੀ ਤੁਹਾਡੇ ਮਨ ਵਿਚ 'ਪ੍ਰਧਾਨ ਕੌਣ ?' ਦਾ ਸਵਾਲ ਉੱਠ ਖੜ੍ਹੇ ਗਾ !

ਸ੍ਰੀ ਅਨੰਦ ਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਬਣੇ ਹੋਏ ਮਾਤਾ ਨਾਨਕੀ ਨਿਵਾਸ ਵਿਚ, ਇਕ ਜੋੜ-ਮੇਲੇ ਤੋਂ ਪਹਿਲਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਦੀ 'ਜਾਇਦਾਦ ਸਬ-ਕਮੇਟੀ' ਦੀ ਮੀਟਿੰਗ ਹੋਈ। ਜਿਸ ਵਿਚ ਇਨ੍ਹਾਂ ਸਤਰਾਂ ਦਾ ਲੇਖਕ ਵੀ ਬਤੌਰ ਮੈਂਬਰ ਸ਼੍ਰੋਮਣੀ ਕਮੇਟੀ ਸ਼ਾਮਲ ਸੀ। ਸਮਾਪਤੀ ਮੌਕੇ ਦਫ਼ਤਰ ਦੀ ਸੂਮੋ ਗੱਡੀ ਸਾਨੂੰ ਚਾਰ-ਪੰਜ ਮੈਂਬਰਾਂ ਨੂੰ ਘਰੋ-ਘਰੀਂ ਪਹੁੰਚਾਉਣ ਲਈ ਗੜ੍ਹਸ਼ੰਕਰ ਵੱਲ ਨੂੰ ਰਵਾਨਾ ਹੋ ਗਈ। ਕਿਉਂ ਕਿ ਮੈਂ ਨਵਾਂਸ਼ਹਿਰ ਵੱਲ੍ਹ ਆਉਣਾ ਸੀ ਤੇ ਮੇਰੇ ਦੋ ਸਾਥੀ ਮੈਂਬਰਾਂ ਨੇ ਆਪਣੇ ਟਿਕਾਣੇ ਗਰਨ੍ਹਾ ਸਾਹਿਬ (ਹੁਸ਼ਿਆਰ ਪੁਰ) ਪਹੁੰਚਣਾ ਸੀ। ਜਿਵੇਂ ਅਕਸਰ ਪੇਂਡੂ ਬੀਬੀਆਂ ਬੱਸਾਂ ਵਿਚ ਸਫ਼ਰ ਕਰਨ ਵੇਲ਼ੇ ਆਪਣੀਆਂ ਨੂੰਹਾਂ-ਧੀਆਂ ਦੀਆਂ ਚੁਗ਼ਲੀਆਂ ਦਿਲ ਖੋਲ੍ਹ ਕੇ ਕਰਦੀਆਂ ਨੇ। ਇਵੇਂ ਹੀ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਮੀਟਿੰਗ 'ਤੇ ਗਏ ਹੋਏ ਰਾਤ ਦੇ ਠਹਿਰਾਅ ਦੌਰਾਨ ਜਾਂ ਕਿਤੇ ਏਧਰ-ਓਧਰ ਨੂੰ ਇਕੱਠਿਆਂ ਸਫ਼ਰ ਕਰਨ ਮੌਕੇ ਦਿਲਾਂ ਦੀ ਭੜਾਸ ਕੱਢ ਲੈਂਦੇ ਹਨ।

ਸ੍ਰੀ ਅਨੰਦ ਪੁਰ ਸਾਹਿਬ-ਨੰਗਲ਼ ਵਾਲ਼ੀ ਰੇਲਵੇ ਲਾਈਨ ਟੱਪਦਿਆਂ ਸਾਰ ਸੂਮੋ 'ਚ ਬੈਠੇ ਹੁਸ਼ਿਆਰਪੁਰ ਇਲਾਕੇ ਨਾਲ਼ ਸੰਬੰਧਤ ਦੋਵੇਂ ਕਮੇਟੀ ਮੈਂਬਰਾਂ ਨੇ ਆਪਣੇ ਦਰਦਾਂ ਦੀ ਪੂਣੀ ਛੋਹ ਲਈ। ਇਕ ਦੂਜੇ ਦੀ ਤਾਈਦ ਅਤੇ ਤਾਈਦ ਮਜੀਦ ਕਰਦਿਆਂ ਉਨ੍ਹਾਂ ਨੇ ਪੂਰੀ ਦਾਸਤਾਂ ਸੁਣਾਉਣੀ ਸੁਰੂ ਕੀਤੀ। ਇਨ੍ਹਾਂ ਦੋਹਾਂ ਮੈਂਬਰਾਂ ਦੇ ਆਪਣੇ ਹਲਕੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾਂਦੇ ਇਕ ਵਿਦਿਅਕ ਅਦਾਰੇ ਵਿਚ ਲੈਕਚਰਾਰ ਦੀ ਅਸਾਮੀ ਖਾਲੀ ਹੋ ਗਈ। ਇਸ ਅਸਾਮੀ ਲਈ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਇਕ ਗੁਰਸਿੱਖ ਨੌਜਵਾਨ ਨੇ ਇਨ੍ਹਾਂ ਨਾਲ਼ ਰਾਬਤਾ ਬਣਾਇਆ ਅਤੇ ਉਪਰੋਕਤ ਅਸਾਮੀ 'ਚ ਆਪਣੀ ਨਿਯੁਕਤੀ ਕਰਵਾਉਣ ਲਈ ਹਮਾਇਤ ਮੰਗੀ। ਅੰਮ੍ਰਿਤਧਾਰੀ ਗੁਰਸਿੱਖ ਅਤੇ ਪੜ੍ਹਿਆ-ਲਿਖਿਆ ਮੁੰਡਾ ਵੇਖ ਕੇ ਇਹ ਦੋਵੇਂ ਮੈਂਬਰ ਪ੍ਰਸੰਨ ਹੋ ਕੇ ਉਸਦੀ ਸਿਫਾਰਸ਼ ਕਰਨ ਲਈ ਝੱਟ ਤਿਆਰ ਹੋ ਗਏ। ਦੂਜੇ ਦਿਨ ਹੀ ਇਹ ਮੈਂਬਰ,ਉਸ ਮੁੰਡੇ ਨੂੰ ਨਾਲ਼ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਨੂੰ ਜਾ ਮਿਲ਼ੇ। ਪ੍ਰਧਾਨ ਜੀ ਨੇ ਰਸਮੀ ਜਿਹੇ ਤਰੀਕੇ ਨਾਲ਼ ਉਸ ਉਮੀਦਵਾਰ ਦੇ ਸਰਟੀਫ਼ਿਕੇਟ ਵਗੈਰਾ ਵੇਖੇ ਅਤੇ ਮੁੰਡੇ ਸਾਹਮਣੇ ਦੋਹਾਂ ਮੈਂਬਰਾਂ ਨੂੰ 'ਵਿਚਾਰ ਕਰਨ' ਦਾ ਭਰੋਸਾ ਦੇ ਦਿੱਤਾ। ਪਰ ਮੈਂਬਰਾਂ ਨੂੰ ਵੱਖਰੇ ਤੌਰ 'ਤੇ ਅੰਦਰ ਲਿਜਾ ਕੇ ਪ੍ਰਧਾਨ ਜੀ ਨੇ ਦੱਸਿਆ ਕਿ "ਜਥੇਦਾਰ ਜੀ ਤੁਸੀਂ ਪੰਜ-ਸੱਤ ਘੰਟੇ ਲੇਟ ਹੋ ਗਏ ਓ ! ਤੁਹਾਡੇ ਤੋਂ ਪਹਿਲਾਂ ਮੈਨੂੰ ਫਲਾਣਾ ਮੈਂਬਰ ਆਪਣੇ ਇਕ ਰਿਸ਼ਤੇਦਾਰ ਮੁੰਡੇ ਦਾ ਨਾਂ ਲਿਖਾ ਗਿਆ ਹੈ। ਉਸ ਮੈਂਬਰ ਕੋਲ਼ 'ਪ੍ਰਧਾਨ ਸਾਹਿਬ' ਦੀ ਸਿਫਾਰਸ਼ੀ ਚਿੱਠੀ ਵੀ ਸੀ। ਹੁਣ ਬੰਦਾ ਉਹੀ ਰੱਖ ਹੋਣਾ ਐਂ ਵੈਸੇ ਮੁੰਡਾ ਉਹ ਵੀ ਗੁਰਸਿੱਖ ਹੀ ਹੈ।"

ਇਨ੍ਹਾਂ ਮੈਂਬਰਾਂ ਨੇ ਰੋਸ ਜ਼ਾਹਰ ਕੀਤਾ ਕਿ ਸਾਨੂੰ ਹਲਕਾ ਮੈਂਬਰਾਂ ਨੂੰ ਛੱਡ ਕੇ ਬਾਹਰਲੇ ਹਲਕੇ ਦੇ ਮੈਂਬਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਜੋ ਕਿ ਸਾਡੇ ਨਾਲ਼ ਸਰਾ ਸਰ ਬੇਇਨਸਾਫ਼ੀ ਹੈ ਪਰ ਪ੍ਰਧਾਨ ਜੀ ਨੇ ਅਸਮਰੱਥਾ ਜ਼ਾਹਿਰ ਕਰਦਿਆਂ ਇਨ੍ਹਾਂ ਨੂੰ ਇਹ 'ਸਿਆਸੀ ਭਰੋਸਾ' ਦੇ ਦਿੱਤਾ ਕਿ "ਫ਼ਿਕਰ ਨਾ ਕਰੋ। ਤੁਹਾਡਾ ਬੰਦਾ ਵੀ ਕਿਤੇ ਨਾ ਕਿਤੇ ਜ਼ਰੂਰ ਐਡਜਸਟ ਕਰ ਦਿਆਂ ਗੇ !" ਇਨ੍ਹਾਂ ਦੋਹਾਂ ਮੈਂਬਰਾਂ ਤੋਂ ਪਹਿਲਾਂ ਬਡੂੰਗਰ ਜੀ ਨੂੰ ਮਿਲ਼ ਚੁੱਕੇ ਓਸ ਮੈਂਬਰ ਨੇ ਵੀ ਇਨ੍ਹਾਂ ਦੋਹਾਂ ਜਥੇਦਾਰਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ 'ਰਾਜ਼ੀ' ਕਰ ਲਿਆ। ਇੰਜ ਹੁਸ਼ਿਆਰ ਪੁਰੀਏ ਇਨ੍ਹਾਂ ਦੋਹਾਂ ਮੈਂਬਰਾਂ ਦਾ ਗੁੱਸਾ ਵੀ ਠੰਢਾ ਹੋ ਗਿਆ। ਕੁਝ ਅਰਸੇ ਪਿੱਛੋਂ ਇਸ ਵਿੱਦਿਅਕ ਅਦਾਰੇ ਵਿਚ ਕੋਈ ਸਮਾਗਮ ਆਯੋਜਤ ਹੋਇਆ। ਉੱਥੇ ਦਫ਼ਤਰ 'ਚ ਬੈਠਿਆਂ ਇਨ੍ਹਾਂ ਦੋਹਾਂ ਮੈਂਬਰਾਂ ਨੇ ਪ੍ਰਿੰਸੀਪਲ ਨੂੰ ਸੁਭਾਵਿਕ ਹੀ ਪੁੱਛ ਲਿਆ ਕਿ ਜਿਹੜਾ ਨਵਾਂ ਲੈਕਚਰਾਰ ਰੱਖਿਆ ਹੈ, ਸਾਨੂੰ ਵੀ ਉਹਦੇ ਦਰਸ਼ਨ ਕਰਵਾ ਦਿਉ ਜੀ ?

ਪ੍ਰਿੰਸੀਪਲ ਨੇ ਖੁਸ਼ ਹੁੰਦਿਆਂ ਲਾਗੇ ਬੈਠੇ ਇਕ ਨੌਜਵਾਨ ਵੱਲ ਇਸ਼ਾਰਾ ਕਰਦਿਆਂ ਆਖਿਆ-"ਆਹ ਦੇਖੋ ਤਾਂ ਬੈਠੇ ਨੇ ਸ੍ਰੀ........ਸਾਬ੍ਹ ਬੜੇ ਮਿਲਾਪੜੇ ਤੇ ਮਿਹਨਤੀ ਨੇ ਇਹ।" ਦੋਵੇਂ ਮੈਂਬਰ ਉਸ ਕਲੀਨਸ਼ੇਵਨ ਲੈਕਚਰਾਰ ਵੱਲ ਵੇਖ ਕੇ ਹੱਕੇ-ਬੱਕੇ ਰਹਿ ਗਏ। ਦੋਹਾਂ ਮੈਂਬਰਾਂ ਦੇ ਮੂੰਹ ਇੰਜ ਦੇ ਹੋ ਗਏ ਜਿਵੇਂ ਕੁਨੈਣ ਪੀਤੀ ਹੋਈ ਹੋਵੇ।ਦੋਵੇਂ ਜਣੇ ਸੋਚਣ ਲੱਗੇ ਕਿ ਅਕਸਰ ਅਜਿਹੀਆਂ ਗੱਲਾਂ ਸੁਣਨ 'ਚ ਆਉਂਦੀਆਂ ਰਹਿੰਦੀਆਂ ਨੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚਲਦੇ ਸਕੂਲਾਂ/ਕਾਲਜਾਂ ਵਿਚ ਨੌਕਰੀ ਲੈਣ ਲਈ ਸਿੱਖ ਪਰਿਵਾਰਾਂ ਦੇ ਮੁੰਡੇ ਚਹੁੰ ਕੁ ਦਿਨਾਂ ਲਈ ਕੇਸ ਕਟਣੇ ਬੰਦ ਕਰਕੇ ਦਾੜ੍ਹੀਆਂ ਵਧਾ ਲੈਂਦੇ ਹਨ ਅਤੇ ਨੌਕਰੀ ਮਿਲ਼ ਜਾਣ ਤੋਂ ਬਾਅਦ,ਕੋਈ ਨਾ ਕੋਈ ਬਹਾਨਾ ਲਾ ਕੇ ਮੁੜ ਘਰੜ-ਮਰੜ ਹੋ ਜਾਂਦੇ ਨੇ ! ਉਨ੍ਹਾਂ ਨੂੰ ਇਸ ਕੇਸ ਵਿਚ ਵੀ ਐਸਾ ਹੀ 'ਭਾਣਾ ਵਰਤਿਆ' ਹੋਇਆ ਜਾਪਿਆ।

ਕੁਝ ਚਿਰ ਚੁੱਪ ਰਹਿਣ ਤੋਂ ਬਾਅਦ, ਇਨ੍ਹਾਂ ਮੈਂਬਰਾਂ ਨੇ ਉਸ ਲੈਕਚਰਾਰ ਨੂੰ ਪੁੱਛਿਆ-"ਕੀ ਨਾਂ ਏ ਬਈ ਜੁਆਨਾ ਤੇਰਾ ?" ਮੁੰਡੇ ਮੂੰਹੋਂ ਗ਼ੈਰ ਸਿੱਖਾਂ ਵਾਲ਼ਾ ਨਾਂ ਸੁਣ ਕੇ ਦੋਹਾਂ ਜਥੇਦਾਰਾਂ ਦੇ ਰਹਿੰਦੇ ਵੀ ਤੌਰ ਭੌਰ ਉਡ ਗਏ। "ਹੈਂਅ ? ਸਾਡੇ ਨਾਲ਼ ਨੰਗਾ ਚਿੱਟਾ ਧੋਖਾ ? ਸਾਨੂੰ ਤਾਂ ਪ੍ਰਧਾਨ ਜੀ ਨੇ ਓਦਣ ਦੱਸਿਆ ਸੀ ਕਿ ਸਾਥੋਂ ਪਹਿਲਾਂ ਆਈ ਹੋਈ ਸਿਫਾਰਸ਼ ਵਾਲ਼ਾ ਨੌਜਵਾਨ ਵੀ ਗੁਰਸਿੱਖ ਹੀ ਹੈ। ਪਰ ਆਹ ਤਾਂ ਹੋਰ ਈ ਚੰਨ ਚੜ੍ਹਿਆ ਹੋਇਆ ਹੈ ?"

ਅਦਾਰੇ ਵਿਚ ਹੋਇਆ ਸਮਾਗਮ ਮੁੱਕਣ ਤੋਂ ਬਾਅਦ ਦੋਵੇਂ ਮੈਂਬਰ ਭੱਜੇ-ਭੱਜੇ ਜਾ ਗੱਜੇ ਪ੍ਰਧਾਨ ਬਡੂੰਗਰ ਜੀ ਪਾਸ,ਜੋ ਉਸੇ ਸਮਾਗਮ ਵਿਚ 'ਮੁੱਖ ਮਹਿਮਾਨ' ਵਜੋਂ ਪਧਾਰੇ ਹੋਏ ਸਨ ! ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਪਹਿਲਾਂ ਤਾਂ ਪ੍ਰਧਾਨ 'ਲੋਲੋ-ਪੋਪੋ' ਜਿਹੀ ਕਰਨ ਲੱਗ ਪਿਆ। ਪਰ ਜਦ ਇਹ ਦੋਵੇਂ ਮੈਂਬਰ ਖਹਿੜੇ ਈ ਪੈ ਗਏ ਕਿ ਜੋ ਹੋ ਗਿਆ ਸੋ ਹੋ ਗਿਆ,ਘੱਟ ਤੋਂ ਘੱਟ ਸਾਨੂੰ ਹੁਣ ਤਾਂ ਦੱਸ ਦਿਉ ਕਿ ਸ਼੍ਰੋਮਣੀ ਕਮੇਟੀ ਦੇ ਕਾਲਜ ਵਿਚ ਵਿੱਦਿਅਕ ਸ਼ਰਤਾਂ ਪੂਰੀਆਂ ਕਰਦੇ ਦੋ ਅੰਮ੍ਰਿਤਧਾਰੀ ਗੁਰਸਿੱਖ ਉਮੀਦਵਾਰਾਂ ਨੂੰ ਛੱਡ ਕੇ ਇਕ ਗੈਰ-ਸਿੱਖ ਨੂੰ ਨੌਕਰੀ ਕਿਸਦੇ ਕਹੇ ਤੋਂ ਦਿੱਤੀ ਗਈ ? ਤਾਂ ਫਿਰ ਪ੍ਰਧਾਨ ਜੀ ਨੇ ਇਨ੍ਹਾਂ ਨੂੰ ਵਿਚਲੀ ਗੱਲ' ਇਹ ਦੱਸੀ-

"ਬਈ ਜਥੇਦਾਰੋ.... !" ਪ੍ਰਧਾਨ ਜੀ ਹੌਲੀ ਜਿਹੇ ਬੋਲੇ-"ਤੁਹਾਡਾ ਰੋਸਾ ਬਿਲਕੁਲ ਜਾਇਜ਼ ਹੀ ਹੈ। ਓਦਣ ਮੇਰੇ ਕੋਲ ਤੁਹਾਥੋਂ ਪਹਿਲਾਂ ਆਏ ਜਥੇਦਾਰ.......ਸਿੰਘ ਦਾ ਸਿਫ਼ਾਰਸੀ ਮੁੰਡਾ ਮੈਂ 'ਸਿਲੈਕਟ' ਕਰ ਲਿਆ ਸੀ, ਪਰ ਐਨ ਆਖ਼ਰੀ ਪਲਾਂ 'ਚ ਮੈਨੂੰ ਚੰਡੀਗੜ੍ਹੋਂ 'ਪ੍ਰਧਾਨ ਸਾਹਿਬ' ਦਾ ਫ਼ੋਨ ਆ ਗਿਆ ਸੀ ਕਿ ਬਡੂੰਗਰ ਜੀ ਮੈਂ ਇਸ ਮੁੰਡੇ ਨੂੰ ਇਹ ਸਲਿੱਪ ਦੇ ਕੇ ਤੁਹਾਡੇ ਕੋਲ਼ ਭੇਜ ਰਿਹਾਂ, ਇਹਨੂੰ ਹੀ ਪੋਸਟ 'ਤੇ 'ਜੁਆਇਨ' ਕਰਵਾਉਣਾ ਹੈ !"

ਪ੍ਰਧਾਨ ਬਡੂੰਗਰ ਜ਼ਰਾ ਹੋਰ ਧੀਮੀਂ 'ਵਾਜ ਵਿਚ ਬੋਲੇ ਕਿ ਬਾਦਲ ਸਾਹਿਬ ਨੂੰ ਇਸ ਮੁੰਡੇ ਦੀ ਸਿਫਾਰਸ਼ ਬਾਰੇ ਦਿੱਲੀਉਂ ਅਡਵਾਨੀ ਸਾਹਿਬ ਦਾ ਫ਼ੋਨ ਆ ਗਿਆ ਸੀ ! (ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਉਸ ਵੇਲੇ ਕੇਂਦਰੀ ਗ੍ਰਹਿ ਮੰਤਰੀ ਸਨ) ਜਥੇਦਾਰੋ ਤੁਹਾਨੂੰ ਪਤਾ ਈ ਐਵ ਹੀਂ-ਹੀਂ-ਹੀਂ...ਮਜਬੂਰੀ ਵਿਚ 'ਕਈ ਕੁਛ' ਕਰਨਾ ਪੈਂਦਾ ਐ !"

ਪ੍ਰਧਾਨ ਜੀ ਨੇ ਦੋਹਾਂ ਮੈਂਬਰਾਂ ਨੂੰ ਆਪਣੀ ਮਜਬੂਰੀ ਵਾਲੀ 'ਗੋਲ਼ੀ' ਨਾਲ਼ ਸ਼ਾਂਤ ਕਰ ਦਿੱਤਾ। ਦੋਹਾਂ ਮੈਂਬਰਾਂ ਵਲੋਂ ਸੁਣਾਈ ਜਾ ਰਹੀ ਇਹ ਵਾਰਤਾ ਮੁਕਦੀ ਨੂੰ ਸਾਡੀ ਸੂਮੋ ਗੱਡੀ ਗੜ੍ਹਸ਼ੰਕਰ ਦੇ ਬੱਸ ਅੱਡੇ ਪਹੁੰਚ ਚੁੱਕੀ ਸੀ। ਇੱਥੇ ਸੱਤੀ ਦੇ ਢਾਬੇ 'ਤੇ ਬਹਿ ਕੇ ਚਾਹ ਨਾਲ਼ ਸਮੋਸੇ ਖਾਂਦਿਆਂ, ਅਸੀਂ ਤਿੰਨੋਂ ਜਣੇ ਲੰਘੇ ਸੱਪ ਦੀ ਲਕੀਰ ਕੁੱਟਣ ਵਾਂਗ ਉਤਲੇ ਪ੍ਰਕਰਣ ਦੀ ਵੱਖ-ਵੱਖ ਪੱਖਾਂ ਤੋਂ ਚੀਰ-ਫਾੜ ਕਰਦੇ ਰਹੇ-'ਏਨੀ ਕੱਟੜਤਾ ਵੀ ਨਹੀਂ ਚਾਹੀਦੀ ਕਿ ਕਿਸੇ ਹੋਰ ਧਰਮ ਦਾ ਪੈਰੋਕਾਰ ਸਾਡੇ ਅਦਾਰਿਆਂ 'ਚ ਵੜੇ ਈ ਨਾ,ਪਰ ਆਹ ਤਾਂ ਸ਼ਰੇਆਮ ਧੱਕਾ ਹੈ ਕਿ ਦੋ ਯੋਗ ਗੁਰਸਿੱਖ ਉਮੀਦਵਾਰਾਂ ਨੂੰ ਪਾਸੇ ਕਰਕੇ ਇਕ ਗ਼ੈਰ-ਸਿੱਖ........!'

ਉੱਥੇ ਅੱਧਾ-ਪੌਣਾ ਘੰਟਾ ਅਜਿਹੇ ਯਾਭਾਂ ਦੇ ਭੇੜ ਕਰਕੇ ਅਸੀਂ ਆਪੋ-ਆਪਣੇ ਘਰਾਂ ਨੂੰ ਤੁਰ ਆਏ। ਇਸ ਲਿਖਤ ਨੂੰ ਮੈਂ ਅਗਲੀਆਂ ਹੋਰ ਗੱਲਾਂ ਲਿਖ ਕੇ ਲਮਕਾਉਣਾ ਨਹੀਂ ਚਾਹੁੰਦਾ ਕਿ ਕਿਵੇਂ ਮੈਂ ਉਨ੍ਹਾਂ ਸਾਥੀ ਮੈਂਬਰਾਂ ਦੀ ਸਲਾਹ ਨਾਲ਼ ਪ੍ਰਧਾਨ ਜੀ ਨੂੰ ਉਕਤ ਵਰਤਾਰੇ ਬਾਰੇ ਰੋਸ-ਪੱਤਰ ਵੀ ਲਿਖਿਆ। ਉਸ ਰੋਸ-ਪੱਤਰ ਦਾ ਬਣਿਆ ਕੀ ? ਇਹ ਵਿਸਥਾਰ ਵੀ ਨਹੀਂ ਲਿਖ ਰਿਹਾ। ਬਸ ਪਾਠਕ-ਜਨਾਂ ਅੱਗੇ ਆਪਣੀ ਕੌਮ ਦੇ ਨਿਘਾਰ ਦਾ ਵਾਸਤਾ ਪਾ ਕੇ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪ ਸਭ ਨੂੰ ਇਹ ਲਿਖਤ ਪੜ੍ਹ ਕੇ, 'ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੁੰਦਾ ਐ ?' ਦਾ ਜਵਾਬ ਤਾਂ ਮਿਲ਼ ਗਿਆ ਹੋਵੇਗਾ ਜੀ ਪਰ ਉਸ 'ਭਰਦਾਨ' ਦੀ ਪੰਜਾਲ਼ੀ ਹਾਲੇ ਤੱਕ ਵੀ ਸ਼੍ਰੋਮਣੀ ਕਮੇਟੀ ਦੇ ਗਲ਼ ਵਿਚ ਪਈ ਹੋਈ ਹੈ ਉਸਨੂੰ ਉਤਾਰਨ ਲਈ ਕਮਰਕੱਸੇ ਕਰੀਏ !

## TAIL PIECE

### WHEN IGNORANCE OF LAW IS NO EXCUSE-MUST BE A SUBJECT

When no one can say that he did not know the law, therefore, he is innocent, law must be a subject of study from the very beginning and an educqted citizen with matriculation examination must know must know much about law of the land and also something about internationakl law too. We are now an established nation and a democracy our citizens must know the laws of the land.

When we visit courts and police stations, we find that even small children are there who have been caught having committed some crime and even youths are there who are facing criminal proceedings against them and thus their whole life is damaged.

When all educated people are having knowledge of law of the land, we shall be providing better training and our law graduates and post graduates shall be better qualified and even judges too shall be with better education and training.

Let our government may take up this matter and decide so that we could have a better social life.


**Advocate Dalip Singh Wasan**
**Email dalipsinghwassan@yahoo.co.in**

# ਸਰਦਾਰ ਜੀ-3 ਫਿਲਮ ਗੱਡ ਗਈ ਝੰਡੇ ਤੇ ਤੋੜ ਗਈ ਸਾਰੇ ਰਿਕਾਰਡ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)



ਦਲਜੀਤ ਸਿੰਘ ਦੋਸਾਂਝ ਦੀ ਫਿਲਮ ਸਰਦਾਰ ਜੀ -3 ਭਾਰਤ ਵਿਚ ਬੈਨ ਹੋਣ ਦੇ ਬਾਵਜੂਦ ਵੀ ਕਾਮਯਾਬੀਆਂ ਦੇ ਕਸ਼ਿੱਲ ਕੱਢੀ ਜਾ ਰਹੀ ਹੈ, ਸਫਲਤਾ ਦੇ ਝੰਡੇ ਗੱਡੀ ਜਾ ਰਹੀ ਹੈ। ਇਹ ਫਿਲਮ ਵਿਸ਼ਵ ਦੀਆਂ ਇਸ ਸਾਲ ਦੀਆਂ ਪਹਿਲੀਆਂ ਦਸ ਫਿਲਮਾਂ ਵਿਚ ਆਪਣਾ ਸਥਾਨ ਬਣਾ ਚੁੱਕੀ ਹੈ, ਪਾਕਿਸਤਾਨ ਵਿਚ ਪਹਿਲੇ ਦੋ ਦਿਨਾਂ ਵਿਚ ਹੀ ਦਸ ਤੋਂ ਬਾਰਾਂ ਕਰੋੜ ਰੁਪਏ ਦਾ ਬਿਜਨਸ ਕਰਕੇ, ਇਹ ਫਿਲਮ ਪਾਕਿਸਤਾਨ ਦੀ ਹੁਣ ਤੇਕ ਦੀ ਜਿਥੇ ਸਭ ਤੋਂ ਵੱਧ ਦੇਖੀ ਜਾਣ ਵਾਲੀ ਫਿਲਮ ਬਣ ਚੁੱਕੀ ਹੈ ਤੇ ਅਜੇ ਲਗਾਤਾਰ ਹਾਊਸ ਫੁੱਲ ਚੱਲ ਰਹੀ ਹੈ, ਉਥੇ ਇਹ ਵੀ ਦੱਸਣਾ ਜਰੂਰੀ ਬਣ ਜਾਂਦਾ ਹੈ ਕਿ ਪਾਕਿਸਤਾਨ ਚ ਸਲਮਾਨ ਖਾਨ ਦੀ ਫਿਲਮ 'ਸੁਲਤਾਨ' ਨੇ 11 ਕਰੋੜ ਦਾ ਬਿਜਨਸ ਕਈ ਹਫਤਿਆਂ ਬਾਅਦ ਕੀਤਾ ਸੀ ਜਦ ਕਿ "ਸਰਦਾਰ ਜੀ - 3 ਨੇ ਇਹ ਰਿਕਾਰਡ ਸਿਰਫ ਦੋ ਦਿਨਾਂ ਵਿਚ ਹੀ ਤੋੜ ਦਿੱਤਾ ਹੈ। ਅਮਰੀਕਾ, ਕਨੇਡਾ, ਇੰਗਲੈਂਡ, ਆਸਟਰੇਲੀਆ, ਨਿਊਜੀਲੈਂਡ ਅਤੇ ਪੂਰੇ ਯੂਰਪ ਵਿਚ "ਸਰਦਾਰ ਜੀ-3 " ਨੇ ਬੁਲੰਦੀਆਂ ਨੂੰ ਛੋਹਿਆ ਹੈ ਤੇ ਪੂਰੀ ਬੱਲੇ ਬੱਲੇ ਤੇ ਬਾਂ ਬਾਂ ਕਰਵਾ ਦਿੱਤੀ ਹੈ। ਦੱਸਿਆ ਜਾਂਦਾ ਹੈ ਕਿ ਲਾਂਚ ਹੋਣ ਤੋਂ 24 ਘੰਟੇ ਬਾਅਦ ਹੀ ਫਿਲਮ 15 ਕਰੋੜ ਡਾਲਰ ਦਾ ਬਿਜਨੈਸ ਕਰਕੇ ਪੰਜਾਬੀ ਦੀ ਪਹਿਲੀ ਸਭ ਤੋਂ ਵੱਧ ਦੇਖੀ ਜਾਣ ਵਾਲੀ ਫਿਲਮ ਦਾ ਇਤਿਹਾਸ ਸਿਰਜ ਗਈ ਹੈ।

ਬੇਸ਼ੱਕ ਫਿਲਮ ਦੀ ਲਾਂਚ ਵੇਲੇ ਛੋਟੀਆਂ ਤੇਜ਼ੀਆਂ ਨੇ ਵੱਡੇ ਉਬਾਲੇ ਮਾਰੇ ਤੇ ਫਿਲਮ ਦਾ ਬਹੁਤ ਵਿਰੋਧ ਕੀਤਾ, ਜਿਹਨਾਂ ਵਿਚ ਮੀਕਾ ਸਿੰਘ, ਗੁਰੀ ਰੰਧਾਵਾ, ਪੀ ਬਰਾਕ ਅਤੇ ਨੀਰੂ ਬਾਜਵਾ ਦਾ ਨਾਮ ਪਹਿਲੇ ਨੰਬਰ ਉੱਤੇ ਆ ਰਿਹਾ ਹੈ, ਇਹਨਾਂ ਸਭਨਾਂ ਨੂੰ ਪੰਜਾਬੀਆਂ ਵਲੋਂ ਟਨਾਂ ਦੇ ਹਿਸਾਬ ਨਾਲ ਫਿੱਟ ਲਾਹਨਤਾਂ ਵੀ ਪਈਆਂ, ਪਰ ਦੂਸਰੇ ਪਾਸੇ ਫਿਲਮ ਅਭਿਨੇਤਰੀ ਕਰੀਨਾ ਕਪੂਰ, ਨਸੀਰੁਦੀਨ ਸ਼ਾਹ, ਐਮੀ ਵਿਰਕ, ਹੰਸ ਰਾਜ ਹੰਸ, ਬੱਬੂ ਮਾਨ ਤੇ ਹੋਰ ਬਹੁਤ ਸਾਰੇ ਚੋਟੀ ਦੇ ਕਲਾਕਾਰ ਦਲਜੀਤ ਦੁਸਾਂਝ ਦੇ ਹੱਕ ਵਿਚ ਵੀ ਨੰਗੇ ਧੜ ਨਿੱਤਰੇ ਹਨ।

ਇਸੇ ਦੌਰਾਨ ਨਵੀਂ ਬਣ ਰਹੀ ਬੌਰਡਰ - 2 ਫਿਲਮ, ਜਿਸ ਵਿਚ ਦਲਜੀਤ ਦੋਸਾਂਝ ਇਕ ਬੜਾ ਅਹਿਮ ਕਿਰਦਾਰ ਅਦਾ ਕਰ ਰਿਹਾ ਹੈ , ਬਾਰੇ ਵੀ ਇਕ ਅਫਵਾਂਹ ਬੜੇ ਜੋਰਾਂ 'ਤੇ ਚੱਲੀ ਕਿ ਉਸ ਫਿਲਮ ਵਿਚੋਂ ਦਲਜੀਤ ਨੂੰ ਬਾਹਰ ਕੱਢ ਦਿੱਤਾ ਜਾਵੇਗਾ, ਹੁਣ ਇਸ ਸਬੰਧੀ ਵੀ ਸਾਰਾ ਸੱਚ ਸਾਹਮਣੇ ਆਇਆ ਹੈ ਕਿ ਅਜਿਹੀ ਕੋਈ ਗੱਲ ਨਹੀਂ, ਉਕਤ ਫਿਲਮ ਦੀ ਸ਼ੂਟਿੰਗ ਸ਼ੁਰੂ ਹੋ ਚੁੱਕੀ ਹੈ ਤੇ ਦਲਜੀਤ ਉਸ ਫਿਲਮ ਵਾਸਤੇ ਸ਼ੂਟਿੰਗ ਕਰ ਰਿਹਾ ਹੈ।

ਇਸ ਚੱਲ ਰਹੇ ਵਾਦ ਵਿਵਾਦ ਦੌਰਾਨ ਇਕ ਦੁੱਖਦ ਗੱਲ ਵੀ ਸਾਹਮਣੇ ਆਈ ਹੈ ਕਿ ਦਲਜੀਤ ਦੀ ਫਿਲਮ ਸਰਦਾਰ ਜੀ -3 ਸਬੰਧੀ ਛਿੜੇ ਬੇਲੋੜੇ ਵਾਦ ਵਿਵਾਦ ਸਬੰਧੀ ਪੰਜਾਬ ਦੀ ਕਿਸੇ ਇਕ ਵੀ ਸਾਹਿਤਕ ਜਥੇਬੰਦੀ ਵਲੋਂ ਹਾਅ




ਦਾ ਨਾਅਰਾ ਨਹੀਂ ਮਾਰਿਆ ਗਿਆ। ਪੰਜਾਬੀ ਬੋਲੀ ਬਾਰੇ ਸਟੇਜਾਂ ਤੋਂ ਸੰਘ ਪਾੜਵੀਆਂ ਤਕਰੀਰਾਂ ਕਰਨ ਵਾਲਿਆਂ ਦੇ ਮੂੰਹ ਚ ਇਸ ਬੜੇ ਹੀ ਅਹਿਮ ਮਸਲੇ ਨੂੰ ਲੈ ਕੇ ਲਗਦਾ ਹੈ, ਦਰੀਂ ਜੰਮ ਗਿਆ ਕਿ ਕਿਸੇ ਇਕ ਨੇ ਵੀ ਕੋਈ ਮਾੜਾ ਮੋਟਾ ਵੀ ਬਿਆਨ ਨਹੀਂ ਦਿੱਤਾ।

ਜੇਕਰ ਦੇਖਿਆ ਜਾਵੇ ਤਾਂ ਇਸ ਵਿਚ ਹੁਣ ਰੱਤੀ ਮਾਤਰ ਵੀ ਸੰਦੇਹ ਨਹੀਂ ਕਿ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਸੰਸਾਰ ਪੱਧਰ ਉੱਤੇ ਜਿੰਨਾ ਇਸ ਕਲਾਕਾਰ ਨੇ ਪਰੋਮੋਟ ਕੀਤਾ ਹੈ ਤੇ ਜਿਸ ਪੱਧਰ ਉਤੇ ਪਹੁੰਚਾਇਆ ਹੈ , ਇਹ ਉਸ ਦੀ ਬਹੁਤ ਵੱਡੀ ਦੇਣ ਹੈ। ਹੁਣ ਨੌਜਵਾਨ ਦੁਬਾਰਾ ਆਪਣੇ ਸੱਭਿਆਚਾਰ ਵੱਲ ਮੁੜਨ ਲੱਗੇ ਹਨ, ਪੱਛਮੀ ਲੋਕ ਪੰਜਾਬੀ ਗਾਣੇ ਗਾਉਂਦੇ ਤੇ ਉਹਨਾਂ ਗਾਣਿਆ ਦੀਆਂ ਦੀ ਧੁੰਨਾਂ ਉਤੇ ਨੱਚਦੇ, ਭੰਗੜਾ ਪਾਉਂਦੇ ਆਮ ਹੀ ਦੇਖੇ ਜਾ ਸਕਦੇ ਹਨ।

ਪੰਜਾਬੀ ਸੰਸਕਾਰ ਕੀ ਹੁੰਦੇ ਹਨ, ਵੱਡੇ, ਛੋਟੇ ਤੇ ਬਰਾਬਰ ਦੇ ਨਾਲ ਕਿਵੇਂ ਬੋਲਣਾ ਵਰਤਣਾ ਹੈ ਤੇ ਮਹਿਮਾਨ ਨਿਵਾਜੀ ਦੇ ਨਾਲ ਨਾਲ ਰਿਸ਼ਤੇ ਕਿਵੇਂ ਨਿਭਾਉਣੇ ਹਨ, ਇਹ ਸਭ ਕੁੱਝ ਪੰਜਾਬੀ ਸੱਭਿਆਚਾਰ ਵਿਚੋ ਮਨਫੀ ਹੁੰਦਾ ਜਾ ਰਿਹਾ ਸੀ। ਦਲਜੀਤ ਦੀ ਸ਼ਖਸੀਅਤ ਦੇ ਅਸਰ ਨੇ ਸਾਡੇ ਨੌਜਵਾਨ ਨੂੰ ਮੁੜ ਆਪਣੀ ਪਰੰਪਰਾ ਨਾਲ ਜੁੜਨ ਦੀ ਪਰੇਰਣਾ ਦਿੱਤੀ ਹੈ ਜਿਸ ਦਾ ਅਸਰ ਵੀ ਪਰਤੱਖ ਦੇਖਿਆ ਜਾ ਸਕਦਾ ਹੈ। ਦਰਅਸਲ ਸਿੱਧੂ ਮੂਸੇਵਾਲਾ ਵੀ ਇਸੇ ਟਰੈਕ ਉਤੇ ਆਪਣੀ ਕਲਾ ਦਾ ਇਜਹਾਰ ਕਰ ਰਿਹਾ ਸੀ। ਏਹੀ ਕਾਰਨ ਰਿਹਾ ਕਿ ਸਾਡੇ ਨੌਜਵਾਨ ਅੱਜ ਵੀ ਉਸ ਦੀ ਪੂਜਾ ਕਰਦੇ ਹਨ। ਦਲਜੀਤ ਇਸ ਵੇਲੇ ਕਾਮਯਾਬੀ ਦੀ ਸ਼ਿਖਰ ਉੱਤੇ ਹੈ, ਜੇਕਰ ਪੰਜਾਬੀ ਭਾਈਚਾਰਾ ਉਸ ਨੂੰ ਇਸ ਵੇਲੇ ਆਪਣੀ ਫੁੱਲ ਸੁਪੋਰਟ ਦੇਵੇ ਤਾਂ ਇਹ ਪੂਰੇ ਵਿਸ਼ਵਾਸ਼ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਪੂਰੇ ਵਿਸ਼ਵ ਵਿਚ ਟੀਸੀ 'ਤੇ ਲੈ ਜਾਵੇਗਾ। ਕਨੇਡਾ ਦੀ ਟੋਰੰਟੋ ਯੂਨੀਵਰਸਿਟੀ ਨੇ ਦਲਜੀਤ ਦੇ ਨਾਮ ਤੇ ਇਕ ਕੋਰਸ ਸ਼ੁਰੂ ਕੀਤਾ ਹੈ ਜਿਸ ਰਾਹੀਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਯਤਨ ਕੀਤਾ ਜਾਵੇਗਾ। ਦੂਜੇ ਪਾਸੇ ਪੰਜਾਬ ਵਿਚ ਅਕਾਦਮਿਕ ਪੱਧਰ 'ਤੇ ਅਜਿਹਾ ਕੋਈ ਵੀ ਠਿੱਗਰ ਉੱਦਮ ਉਪਰਾਲਾ ਅਜੇ ਤੱਕ ਨਹੀਂ ਕੀਤਾ ਗਿਆ। ਕਿਸੇ ਵੀ ਕਲਾਕਾਰ ਦੀ ਜਾਤ ਸਿਰਫ ਉਸ ਦੀ ਕਲਾਕਾਰੀ ਹੁੰਦੀ ਹੈ, ਉਸ ਦੀ ਕੋਈ ਹੱਦ ਜਾਂ ਸਰਹੱਦ ਨਹੀਂ ਹੁੰਦੀ, ਉਹ ਤੇ ਨਦੀ ਦਾ ਛਮ ਛਮ ਵਹਿੰਦਾ ਨੀਰ ਹੁੰਦਾ ਏ, ਠੰਢੀ ਹਵਾ ਦਾ ਝੌਂਕਾ ਹੁੰਦਾ ਏ ਜਾਂ ਹਵਾ ਚ ਉਡਦਾ ਉਹ ਪੰਛੀ ਜਿਸ ਨੂੰ ਧਰਤੀ 'ਤੇ ਪਾਈਆ ਮਨੁੱਖੀ ਵੰਡੀਆਂ ਜਾਂ ਲਕੀਰਾਂ ਦੀ ਥਹੁ ਸਾਰ ਹੀ ਨਹੀਂ ਹੁੰਦੀ ਏ ਤੇ ਨਾ ਹੀ ਪ੍ਰਵਾਹ ਹੁੰਦੀ ਏ। ਦਲਜੀਤ ਦੋਸਾਂਝ ਵੀ ਕੁੱਝ ਇਸੇ ਤਰਾਂ ਦੀ ਤਾਸੀਰ ਵਾਲਾ ਕਲਾਕਾਰ ਹੈ, ਜੋ ਨਫਰਤ, ਈਰਖਾ ਅਤੇ ਮਜ਼ਬੀਅਤ ਦੇ ਵਿਰੋਧ ਤੋਂ ਬੇਬਾਕ ਤੇ ਬੇਪਰਵਾਹ ਹੋ ਕੇ ਇਕ ਹੋਰ ਨਵਾਂ ਦਿੱਸਹੱਦਾ ਸਥਾਪਤ ਕਰਨ ਲਈ ਵਾਹੋਦਾਹ ਆਪਣੀ ਅਗਲੀ ਮੰਜਿਲ ਵੱਲ ਵੱਧ ਰਿਹਾ ਹੈ।

ਅਗਲੀ ਗੱਲ ਇਹ ਵੇ ਕੇ ਦਲਜੀਤ ਨੇ ਆਪਣਾ ਨੈਤਿਕ ਫਰਜ ਸਮਝਕੇ ਕਿਸਾਨ ਮੋਰਚੇ ਦੀ ਖੁੱਲ੍ਹਕੇ ਮੱਦਦ ਕੀਤੀ, ਪੱਲਿਓਂ ਦੋ ਕਰੋੜ ਰੁਪਏ ਦੀ ਮੱਦਦ ਵੀ ਦਿੱਤੀ, ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਹੁਣ ਜਦ ਉਸ ਦਾ ਅਤੇ ਉਸ ਦੀ ਫਿਲਮ ਦਾ ਬਿਨਾ ਵਜ੍ਹਾ ਵਿਰੋਧ ਹੋ ਰਿਹਾ ਹੈ ਤਾਂ ਬੱਤੀ ਕਿ ਛੱਤੀ ਕਿਸਾਨ ਜਥੇਬੰਦੀਆਂ ਵਿਚੋਂ ਕਿਸੇ ਇਕ ਦੇ ਨੇਤਾ ਨੇ ਨੀ ਸੱਚਿਓਂ ਝੂਠਿਓਂ ਉਸ ਦੇ ਹੱਕ ਵਿਚ ਹਾ ਦਾ ਨਾਹਰਾ ਨਹੀਂ ਮਾਰਿਆ, ਇਸ ਸੰਬੰਧੀ ਇਕ ਵੀ ਬਿਆਨ ਕਿਸੇ ਕਿਸਾਨ ਨੇਤਾ ਦਾ ਨਹੀਂ ਆਇਆ। ਦਰਅਸਲ ਔਖੇ ਵੇਲੇ ਪਤਾ ਲਗਦਾ ਕਿ ਕੌਣ ਕਿਥੇ ਖੜ੍ਹਾ, ਖੁਸ਼ੀ ਵੇਲੇ ਤਾਂ ਖੁਸਰੇ ਵੀ ਗਿੱਧਾ ਪਾਉਣ ਆ ਬਹੁੜਦੇ ਹਨ।

ਸੌ ਗਜ ਰੱਸਾ, ਸਿਰੇ 'ਤੇ ਗੰਢ, ਮੁਕਦੀ ਗੱਲ ਇਹ ਕਿ ਦਲਜੀਤ ਦੋਸਾਂਝ ਦੀ ਕਾਮਯਾਬੀ ਬਹੁਤਿਆਂ ਦੀ ਈਰਖਾ ਦੀ ਅਗਨੀ ਬਣੀ ਹੋਈ ਹੈ, ਖਾਸ ਕਰਕੇ ਉਹਨਾਂ ਵਾਸਤੇ ਜੋ ਕਿਸੇ ਮਿਹਨਤ ਤੋਂ ਬਿਨਾ ਹੀ ਰਾਤੋ ਰਾਤ ਅਸਮਾਨ ਨੂੰ ਟਾਕੀ ਲਾਉਣ ਦਾ ਸੁਪਨਾ ਦੇਖ ਰਹੇ ਸਨ, ਪਰ ਉਹਨਾਂ ਵਾਸਤੇ ਚੰਗਾ ਏਹੀ ਹੋਵੇਗਾ ਕਿ ਜੇਕਰ ਉਹ ਦਲਜੀਤ ਨਾਲੋ ਅੱਧੀ ਮੱਹਨਤ ਵੀ ਕਰਨ ਤਾਂ ਉਹ ਵੀ ਸਫਲਤਾ ਦੀਆਂ ਟੀਸੀਆਂ ਉਤੇ ਪਹੁੰਚ ਸਕਦੇ ਹਨ। ਇਸ ਕਰਕੇ ਚੰਗਾ ਹੋਵੇਗਾ ਕਿ ਜੇਕਰ ਈਰਖਾ ਦੇ ਸਾੜੇ ਵਿਚ ਸੜਨ ਦੀ ਬਜਾਏ, ਈਰਖਾਲੂ, ਦਲਜੀਤ ਦੋਸਾਂਝ ਤੋਂ ਕੁੱਝ ਸਿੱਖਣ ਤੇ ਕਾਮਯਾਬੀ ਦੀ ਮੰਜਿਲ ਵੱਲ ਅੱਗੇ ਵਧਣ।

## ਬੱਲੇ ਸਿੰਮੀਏ ਨੀ ਸ਼ਾਵਾ ਸਿੰਮੀਏ ਹੁੰਦੀ ਜਦ ਸਟੇਜ ਤੇ ਆ ਗਾਉਂਦੀ ਏ ਕੌਰ ਸਿੰਮੀ



ਅੰਦਾਜ਼ ਕੌਰ ਸਿੰਮੀ ਦਾ ਨਿਰਾਲਾ, ਪਹਿਰਾਵਾ ਉਂਜ ਦਾ ਜਿਵੇਂ ਦਾ ਪ੍ਰੋਗਰਾਮ, ਸੂਫ਼ੀ ਮਹਿਫਲ ਤਾਂ ਇੱਕ ਦਮ ਬੁੱਲੇ ਸ਼ਾਹ ਦੀ ਅਨਾਇਤ ਲੱਗਦੀ ਹੈ ਸਿੰਮੀ ਤੇ ਲੇਡੀਜ਼ ਸੰਗੀਤ ਤਾਂ ਨਵ ਵਿਆਹੀ ਦੀ ਝਲਕ ਸਿੰਮੀ ਤੇ ਪੀਰਾਂ ਦੇ ਮੇਲੇ ਸਿੰਮੀ ਦਾ ਨਿਰਾਲਾ ਪਹਿਰਾਵਾ ਤੇ ਨਿਰਾਲਾ ਅੰਦਾਜ਼ ਕ਼ੌਰ ਸਿੰਮੀ ਨੇ ਸਿਮਰਨ ਸਿੰਮੀ ਬਣ ਦੋਗਾਣੇ ਬਹੁਤ ਸਾਰੇ ਇਲਾਕੇ ਵਿੱਚ ਬਹੁਤ ਕਲਾਕਾਰਾਂ ਨਾਲ ਗਾਏ ਤੇ ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਨਾਲ ਸਟੇਜ ਵੀ ਕੀਤੀ ਤੇ ਰਿਕਾਰਡ ਗਾਣੇ ਕਰਵਾ ਕਿ ਜਿੱਥੇ ਗਈ ਸਾਬਾਸ਼ ਹੀ ਲਈ। ਕੌਰ ਸਿੰਮੀ ਗੱਲਾਂ ਕਰ ਕਿ ਲੋਕਾਂ ਨੂੰ ਕੀਲ ਕਿ ਆਪਣੇ ਸਾਜੀਆਂ ਨੂੰ ਚੁਸਤ ਕਰ ਜਦ ਹੇਕ ਲਾ ਕਿ ਆ ਜਾ ਬੋਲ ਗਾਂਵਦੀ ਹੈ ਤਦ ਮਾਹੌਲ ਵਧੀਆ ਹੋ ਜਾਂਦਾ ਹੈ। ਸਿੰਮੀ ਕੌਰ ਕਿ ਕੌਰ ਸਿੰਮੀ ਫਿਰ "ਮਿੱਟੀ ਦਾ ਬਾਵਾ" ਬੋਲਦੀ ਨਚਾ ਦਿੰਦੀ ਸੀ ਕੁਲ ਆਲਮ ਤੇ ਫਿਰ, "ਚਰਖਾ" ਬੋਲਦੀ ਦੁਨੀਆਂ ਨੂੰ ਗਾਉਣ ਲਾ ਦਿੰਦੀ ਹੈ। ਕੌਰ ਸਿੰਮੀ ਦੀ ਗਾਈ ਜੁਗਨੀ ਸੁਣ ਵੀ ਮਜ਼ਾ ਆਉਂਦਾ ਹੈ ਤੇ ਧਾਰਮਿਕ ਗਾਇਕੀ ਵਿੱਚ ਇੰਜ ਲੱਗੇਗਾ ਜਿਸ ਤਰਾਂ ਪਰਵਿਦਗਾਰ ਨੇ ਨੇ ਕੌਰ ਸਿੰਮੀ ਨੂੰ ਧਾਰਮਿਕ ਗੁੜ੍ਹਤੀ ਦਿੱਤੀ ਹੋਏ ਤੇ ਲੋਕ ਬੋਲੀਆਂ ਬੋਲ ਸਿੰਮੀ ਗ਼ਜ਼ਬ ਕਰ ਦਿੰਦੀ ਹੈ ਤੇ ਮਿਰਜ਼ਾ ਕੌਰ ਸਿੰਮੀ ਦਾ। ਦੋਗਾਣੇ ਤੋ ਬਾਅਦ ਸੋਲੋ ਗਾਇਕੀ ਵਿੱਚ ਆ ਕਿ ਬਿਨ ਟਰੈਕਾਂ ਦੇ ਮੇਲਿਆਂ ਤੇ ਵਿਆਹਾਂ ਦੇ ਪ੍ਰੋਗਰਾਮ ਲਾ ਕੌਰ ਸਿੰਮੀ ਨੇ ਦਰਸਾ ਦਿੱਤਾ ਹੈ ਕਿ ਇੰਝ ਹੀ ਬਾਬੇ ਦੀ ਫੁੱਲ ਕਿਰਪਾ ਹੈ ਤੇ ਜਿਸ ਦਿਨ ਟਰੈਕ ਆ ਗਏ ਓਸ ਦਿਨ ਕੌਰ ਸਿੰਮੀ ਫ਼ਿਲਮਾਂ ਤੱਕ ਪਹੁੰਚੇਗੀ ਤੇ ਪਲੇ ਬੈਕ ਦੇ ਨਾਲ ਨਾਲ ਐਕਟਿੰਗ ਵੀ ਕਰੇਗੀ। ਰਹੀ ਗੱਲ ਦਿੱਖ ਦੀ ਤਾਂ ਹੱਸ ਕਿ ਆਪਾਂ ਕਿਹਾ ਅੱਖ ਦੇ ਇਸ਼ਾਰੇ ਨਾਲ ਦਿਲ ਕਤਲ ਕਰਨ ਵਾਲੀ ਕੌਰ ਸਿੰਮੀ ਆਵਾਜ਼ ਨਾਲ ਦਿਲ ਟੁੰਬਦੀ ਹੈ ਤੇ ਅੰਦਾਜ਼ ਨਾਲ ਦਿਲ ਆਪਣੀ ਤਰਫ ਖਿੱਚਦੀ ਹੈ, ਮੇਮ ਲੁਧਿਆਣੇ ਦੀ ਹੈ ਦੁੱਗਰੀ ਦੀ ਮਿਸ ਕੌਰ ਸਿੰਮੀ।-ਪੇਸ਼ਕਸ਼ : ਅੰਮ੍ਰਿਤ ਪਵਾਰ

**ਗੁਰਪੁਰਬ ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ ॥

ਸਰਬੰਸਦਾਨੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿਬ-ਦ੍ਰਿਸ਼ਟੀ ਵਿੱਚ ਅੱਠਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮ-ਰਸੀ ਸ਼ਖ਼ਸੀਅਤ ਦੇ ਮਾਲਕ ਸਨ, ਕਿ ਉਨ੍ਹਾਂ ਦੇ ਦਰਸ਼ਨ-ਦੀਦਾਰੇ ਹਰ ਦਰਸ਼ਨ-ਅਭਿਲਾਸ਼ੀ ਦੇ ਦੁੱਖਾਂ-ਦਲਿਦਰਾਂ ਦਾ ਨਾਸ਼ ਕਰ ਦਿੰਦੇ ਹਨ। ਸਮਕਾਲੀ ਮਹਾਨ ਵਿਦਵਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮਿਕ ਬੱਲ ਵਾਲੀ ਹਸਤੀ ਦੇ ਮਾਲਕ ਸਨ, ਡਰਨਾ ਤੇ ਡਰਾਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੀ ਨਹੀਂ ਸੀ। ਸੱਤਵੇਂ ਪਾਤਸ਼ਾਤ ਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਸਪੁੱਤਰ ਰਾਮਰਾਇ ਬਾਰੇ ਸਿੱਖ ਜਗਤ ਨੂੰ ਸੁਚੇਤ ਕਰਦਿਆਂ ਬਚਨ ਕੀਤੇ ਸਨ, ਇਸ ਦੋਖੀ ਦੇ ਦਰਸ਼ਨ ਨਾ ਕੀਤੇ ਜਾਣ, ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਾਦਰ ਕੀਤਾ ਹੈ, ਪਰ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਦੀ ਬਾਲ-ਅਵਸਥਾ ਵਿੱਚ ਹੀ ਆਤਮ-ਬਲ ਅਤੇ ਉਚੇਰੀ ਸੋਚ ਨੂੰ ਦੇਖਦਿਆਂ ਐਲਾਨ ਕਰ ਦਿੱਤਾ, ਜਿਹੜਾ ਗੁਰੂ ਹਰਿਕ੍ਰਿਸ਼ਨ ਦੇ ਦਰਸ਼ਨ ਕਰੇਗਾ ਜਾਂ ਹਿਰਦੇ ਤੋਂ ਗੁਰੂ ਹਰਿਕ੍ਰਿਸ਼ਨ ਦਾ ਧਿਆਨ ਧਰੇਗਾ, ਉਸ ਦੇ ਜਨਮਾਂ-ਜਨਮਾਂਤਰਾਂ ਦੇ ਦੁੱਖ ਦੂਰ ਹੋਣਗੇ ਅਤੇ ਉਸ ਨੂੰ ਗੁਰੂ ਨਾਨਕ ਸਾਹਿਬ ਦੀ ਖ਼ੁਸ਼ੀ ਨਸੀਬ ਹੋਵੇਗੀ।

ਇਤਿਹਾਸਕ ਜ਼ਿਕਰ ਹੈ, ਜਦੋਂ 1661 ਈ: ਨੂੰ ਸੱਤਵੇਂ ਗੁਰੂ ਨਾਨਕ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸਰੀਰਕ ਉਮਰ ਕੇਵਲ ਪੰਜ ਵਰ੍ਹਿਆਂ ਦੀ ਸੀ। ਸੱਤਵੇਂ ਪਾਤਸ਼ਾਹ ਨੇ ਸ੍ਰੀ ਹਰਿਕ੍ਰਿਸ਼ਨ ਜੀ ਦੇ ਸੁਭਾਅ ਭੈਅ ਅਤੇ ਭਰਮ ਤੋਂ ਮੁਕਤੀ ਵਾਲੇ ਗੁਣ ਦੇਖਦਿਆਂ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦਾ ਅੱਠਵਾਂ ਵਾਰਿਸ ਨਿਯੁਕਤ ਕਰਦੇ ਸਮੇਂ ਆਪਣੀ ਜੋਤਿ ਤੇ ਜੁਗਤਿ ਟਿਕਾ ਦਿੱਤੀ। ਪਹਿਲਾਂ ਆਪ ਨੂੰ ਗੁਰੂ ਸਿੰਘਾਸਨ ਉੱਪਰ ਬਿਠਾਇਆ, ਉਪਰੰਤ ਮੱਥਾ ਟੇਕ ਕੇ ਗੁਰੂ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਹ ਵੱਡਿਆਈ ਤੇ ਵਚਿੱਤਰ ਗੁਣ ਕੇਵਲ ਗੁਰੂ ਹਰਿਕ੍ਰਿਸ਼ਨ ਸਾਹਿਬ ਵਿੱਚ ਹੀ ਹੈ ਕਿ ਪੰਜ ਸਾਲ ਦੀ ਬਾਲ ਅਵਸਥਾ ਵਿੱਚ ਹੀ ਗੁਰੂ ਨਾਨਕ ਦੀ ਜੋਤਿ ਦੀ ਦਾਤ ਅਤੇ ਵੱਡਿਆਈ ਪ੍ਰਾਪਤ ਹੀ ਨਹੀਂ ਕੀਤੀ, ਸਗੋਂ ਗੁਰਤਾਗੱਦੀ 'ਤੇ ਬਿਰਾਜਦਿਆਂ ਸਿੱਖ ਸੋਚ, ਸਿੱਖ ਫਲਸਫ਼ਾ, ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖ ਸੰਗਤ ਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਗੁਰੂ ਵਜੋਂ ਅਗਵਾਈ ਦਿੰਦਿਆਂ, ਗੁਰੂ ਜੋਤਿ ਵਾਲੇ ਮਾਣ ਤੇ ਸਤਿਕਾਰ ਨੂੰ ਕਾਇਮ ਰੱਖਿਆ।

ਇਤਿਹਾਸ ਦੇ ਪੰਨਿਆਂ 'ਤੇ ਇਸ ਗੱਲ ਦਾ ਜ਼ਿਕਰ ਵੀ ਮਿਲਦਾ ਹੈ। ਸਮਕਾਲੀ ਸਮਾਜ ਦਾ ਵਿਚਾਰ ਸੀ, ਛੋਟੀ ਅਵਸਥਾ ਦਾ ਬਾਲ ਗੁਰੂ ਕਿਵੇਂ ਹੋ ਸਕਦਾ ਹੈ? ਅਜਿਹੀ ਸੋਚ ਸਮਕਾਲੀ ਲੋਕਾਂ ਦੀ ਸੋਚ ਸੀ ਕਿ ਪੰਜ ਸਾਲ ਦੀ ਉਮਰ ਤਾਂ ਕੇਵਲ ਬਾਲ-ਬੁੱਧੀ ਹੀ ਹੁੰਦੀ ਹੈ। ਅਨੁਭਵ ਜਾਂ ਤਜਰਬਾ ਤਾਂ ਵਡੇਰੀ ਉਮਰ ਦੇ ਲੋਕਾਂ ਕੋਲ ਹੀ ਹੁੰਦਾ ਹੈ। ਇਸ ਉਮਰ ਵਿੱਚ ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝਣਾ ਵੀ ਕਠਿਨ ਹੁੰਦਾ ਹੈ। ਬਾਲ ਉਮਰ ਵਿੱਚ ਤਾਂ ਕੇਵਲ ਸੁਰਤ, ਮਨ, ਬਲ ਦਾ ਵਿਕਾਸ ਹੁੰਦਾ ਹੈ। ਲੋਕ ਭਲਾਈ ਤੇ ਪਰਉਪਕਾਰੀ ਕਾਰਜਾਂ ਨੂੰ ਸਮਝਣਾ ਤੇ ਪਹਿਚਾਨਣਾ ਔਖਾ ਕਾਰਜ ਹੈ। ਪਰ ਜਦੋਂ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਕਾਲ ਉੱਤੇ ਝਾਤ ਮਾਰਦੇ ਹਾਂ ਤਾਂ ਪੰਜ ਤੋਂ ਅੱਠ ਸਾਲ ਦੀ ਬਾਲ ਅਵਸਥਾ ਦੇ ਤਿੰਨ ਸਾਲਾਂ ਵਿੱਚ ਜਿਹੜੇ ਕਾਰਜ ਬਾਬਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੀਤੇ, ਉਹ ਕਿੰਨੇ ਵਿਲੱਖਣ ਅਤੇ ਵਿਸ਼ੇਸ਼ ਹਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਤਾ ਗੱਦੀ ਦੇ ਤਿੰਨ ਵਰ੍ਹਿਆਂ ਵਿੱਚ ਗੁਰੂ ਘਰ ਦੀ ਸੇਵਾ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਕੇਵਲ ਸਿੱਖ ਸੰਗਤ ਦੀ ਅਗਵਾਈ ਹੀ ਨਹੀਂ ਕੀਤੀ, ਸਗੋਂ ਗੁਰੂ ਨਾਨਕ ਸਾਹਿਬ ਦੇ ਧਰਮ-ਆਦਰਸ਼ਾਂ ਨੂੰ ਕਾਇਮ ਰੱਖਦਿਆਂ ਪ੍ਰਚਾਰ ਤੇ ਪ੍ਰਸਾਰ ਪੂਰੀ ਸਰਗਰਮੀ ਨਾਲ ਕੀਤਾ। ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਸਿੱਖ ਸੰਗਤ ਨੂੰ ਆਪਣੇ ਪੂਰਵਜਾਂ ਵਾਂਗ ਹੀ ਜਾਗ੍ਰਿਤ ਕਰਦੇ ਰਹੇ। ਜਦੋਂ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨੇ ਆਪਣੇ ਦਰਬਾਰ ਵਿੱਚ ਬੁਲਾਇਆ ਤਾਂ ਉਸ ਦੀ ਕੂਟਨੀਤੀ ਨੂੰ ਸਮਝਦਿਆਂ ਦਰਸ਼ਨ-ਦੀਦਾਰੇ ਦੇਣ ਤੋਂ ਨਾਂਹ ਕਰਦਿਆਂ ਉਸ ਨੂੰ ਅਤਿਆਚਾਰੀ ਤੇ ਜ਼ਾਲਮ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ।


ਆਪਣੀ ਬਿਬੇਕ ਬੁੱਧੀ ਅਤੇ ਜਾਗਤਿ-ਜੋਤ ਦਾ ਪ੍ਰਮਾਣ ਦਿੰਦਿਆਂ ਆਪਣੇ ਜੋਤਿ-ਜੋਤ ਸਮਾਉਣ ਸਮੇਂ ਬਾਬਾ-ਬੁਕਾਲੇ ਦਾ ਸੰਕੇਤ ਦੇ ਕੇ ਆਪਣੀ ਸਿਆਣਪ, ਤੀਖਣ ਬੁੱਧੀ ਅਤੇ ਦੂਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੀ ਨੌਵੀਂ ਜੋਤਿ ਦਾ ਐਲਾਨ ਕਰ ਦਿੱਤਾ। ਆਪ ਜੀ ਆਪਣੇ ਥੋੜ੍ਹੇ ਸਮੇਂ ਦੇ ਗੁਰੂ ਕਾਲ ਦੌਰਾਨ ਗੁਰੂ ਘਰ ਦੇ ਦੋਖੀਆਂ, ਦਾਅਵੇਦਾਰਾਂ, ਨਿੰਦਕਾਂ ਵਜੋਂ ਵਿਚਰ ਰਹੇ ਧੀਰਮੱਲੀਆਂ, ਸੋਢੀਆਂ, ਰਾਮਰਾਈਆਂ ਤੇ ਸ਼ਾਹੀ ਦਾਅਵੇਦਾਰਾਂ ਦੀਆਂ ਕੋਝੀਆਂ ਕੂਟਨੀਤਿਕ ਚਾਲਾਂ ਨੂੰ ਸਮਝ ਕੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਵਿਚਰੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਆਗਮਨ ਅੱਜ ਦੇ ਦਿਨ 1656 ਈ: ਵਿੱਚ ਹੋਇਆ। ਆਪ ਜੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ ਉੱਪਰ ਪਿਤਾ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਕੀਰਤਪੁਰ ਸਾਹਿਬ ਵਿੱਚ ਗੁਰੂ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਵਿੱਚ ਹਰ ਰੋਜ਼ ਅੰਮ੍ਰਿਤ ਵੇਲੇ ਤੇ ਸੰਧਿਆ ਸਮੇਂ ਹੋਣ ਵਾਲੇ ਗੁਰੂ-ਕੀਰਤੀ ਸਮਾਗਮਾਂ ਸਮੇਂ ਆਪ ਜੀ ਸੰਗਤੀ ਰੂਪ ਵਿੱਚ ਸ਼ਾਮਿਲ ਹੋ ਕੇ ਗੁਰੂ ਮਹਿਮਾਂ ਦੇ ਕਾਰਜ ਕਰਦੇ ਸਨ।

ਅਸਲ ਵਿੱਚ ਪ੍ਰਭੂ ਦਾ ਗਿਆਨ ਭਾਵ ਬ੍ਰਹਮ ਗਿਆਨ ਦੀ ਕੋਈ ਅਵਸਥਾ ਨਹੀਂ। ਵੱਡੀ ਉਮਰ ਜਾਂ ਬਾਲ ਅਵਸਥਾ ਨਾਲ ਇਸ ਗੱਲ ਦਾ ਕੋਈ ਸਬੰਧ ਨਹੀਂ। ਬਾਬਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਚਪਨ ਵਿੱਚ ਹੀ ਵਿਕਾਰਾਂ ਤੋਂ ਰਹਿਤ ਸਨ। ਲਾਲਚ, ਕ੍ਰੋਧ, ਧੋਖਾ, ਕਪਟ, ਦੁਬਿਧਾ ਵਰਗੇ ਔਗੁਣ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਸਨ ਆਉਂਦੇ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਅਨੁਭਵ ਅਤੇ ਬ੍ਰਹਮ-ਗਿਆਨ ਦੀ ਅਵਸਥਾ ਵੱਡੇ-ਵੱਡੇ ਜਪੀਆਂ, ਤਪੀਆਂ ਨੂੰ ਮਾਤ ਪਾਉਂਦੀ ਸੀ। ਹਿਰਦੇ ਦੀ ਕੋਮਲਤਾ, ਪਰਉਪਕਾਰ ਵਾਲੀ ਬਿਰਤੀ, ਨਿਮਰਤਾ, ਨਿਰਛਲਤਾ ਤੇ ਨਿਆਂ ਦੇਣ ਵਾਲੇ ਵੱਡੇ ਗੁਣ ਉਨ੍ਹਾਂ ਦੀ ਸ਼ਖ਼ਸੀਅਤ ਦੇ ਉੱਭਰਵੇਂ ਗੁਣ ਸਨ। ਦੋ ਵੱਡੇ ਗੁਣ ਕਿਸੇ ਰੱਬੀ-ਰੂਹ ਨੂੰ ਵੱਡਾ ਬਣਾਉਂਦੇ ਹਨ-ਪਹਿਲਾ ਗੁਣ ਬ੍ਰਹਮ-ਗਿਆਨ ਤੇ ਦੂਜਾ ਆਤਮਿਕ ਬਲ। ਇਹ ਦੋਵੇਂ ਗੁਣ ਬਾਬਾ ਪ੍ਰੀਤਮ ਦੀ ਬਾਲ-ਸ਼ਖ਼ਸੀਅਤ ਦੇ ਸ਼ਿੰਗਾਰ ਸਨ। ਗੁਰੂ ਪਰੰਪਰਾ ਮੁਤਾਬਿਕ ਹਰ ਸ਼ੰਕੇ ਦੀ ਨਵਿਰਤੀ ਗਿਆਨ ਨਾਲ ਹੋ ਸਕਦੀ ਹੈ। ਸਾਰੇ ਗੁਰੂ ਸਾਹਿਬਾਨ ਨੇ ਹਰ ਕਠਿਨ ਪ੍ਰਸ਼ਨ ਦਾ ਸਮਾਧਾਨ ਤਰਕ ਤੇ ਪਿਆਰ ਨਾਲ ਕੀਤਾ। ਪੰਜੋਖਰਾ ਸਾਹਿਬ ਦੀ ਸਾਖੀ ਮੁਤਾਬਿਕ ਹੰਕਾਰੀ ਪੰਡਿਤ ਲਾਲ ਚੰਦ ਦੇ ਸਵਾਲ ਦਾ ਸਮਾਧਾਨ ਅਨਪੜ੍ਹ ਅਤੇ ਗੂੰਗੇ ਛੱਜੂ ਦੇ ਸਿਰ ਉੱਤੇ ਸਮਰੱਥ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਰੱਖਦਿਆਂ ਆਪਣੇ ਆਤਮਿਕ ਬਲ ਦੇ ਪ੍ਰਗਟਾਵੇ ਨਾਲ ਕੀਤਾ। ਰਾਜਾ ਜੈ ਸਿੰਘ ਦੇ ਬੰਗਲੇ (ਬੰਗਲਾ ਸਾਹਿਬ) ਪਟਰਾਣੀ ਦੀ ਪਛਾਣ ਦਾ ਸੱਚ ਵੀ ਆਪਣੀ ਸਮਰੱਥਾ ਨਾਲ ਕੀਤਾ।



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਿਹੜਾ ਪ੍ਰਚਾਰ ਤੇ ਪ੍ਰਸਾਰ ਪੰਜ ਤੋਂ ਅੱਠ ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ, ਅਜਿਹਾ ਹੀ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਗੁਰੂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ (ਤੀਜੇ ਸਤਿਗੁਰੂ) ਨੇ 96 ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ। ਕਿਉਂਕਿ ਦੋਵੇਂ ਗੁਰੂ ਸਾਹਿਬਾਨ ਦੀ ਜੋਤਿ ਅਤੇ ਜੁਗਤਿ ਇਕੋ ਜਿਹੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਤੋਂ ਪਹਿਲਾਂ ਸਾਰੀਆਂ ਗੁਰੂ ਜੋਤਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦਿਆਂ, ਉਦੇਸ਼ਾਂ ਤੇ ਆਦਰਸ਼ਾਂ ਦੀ ਪੂਰਤੀ ਲਈ ਨਿਰਵੈਰਤਾ ਅਤੇ ਨਿਰਭੈਤਾ ਨਾਲ ਪਹਿਰਾ ਦਿੱਤਾ। ਛੋਟੀ ਅਵਸਥਾ ਵਿੱਚ ਸਿੱਖ ਫਲਸਫ਼ੇ ਤੇ ਸਿਧਾਂਤਾਂ ਦਾ ਪ੍ਰਚਾਰ ਕਰਦਿਆਂ ਬ੍ਰਹਮ-ਗਿਆਨ ਤੇ ਆਤਮਿਕ ਬਲ ਦਾ ਅਜਿਹਾ ਪ੍ਰਗਟਾਵਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਰਾਜਾ ਜੈ ਸਿੰਘ ਨੇ ਸ਼ਰਧਾ ਤੇ ਪਿਆਰ ਦੀ ਮੂਰਤੀ ਬਣ ਕੇ ਆਪਣਾ ਰਿਹਾਇਸ਼ੀ ਅਸਥਾਨ ਵੀ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ। ਜਿਸ ਨੂੰ ਪਹਿਲਾਂ ਸਰਦਾਰ ਬਘੇਲ ਸਿੰਘ ਤੇ ਪਿੱਛੋਂ ਸਿੱਖ ਸੰਗਤਾਂ ਨੇ ਗੁਰ-ਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਰੂਪ ਵਿੱਚ ਸੰਭਾਲਿਆ, ਗੁਰੂ ਹਰਿਕ੍ਰਿਸ਼ਨ ਸਾਹਿਬ 1664 ਈ: ਵਿੱਚ ਜੋਤੀ ਜੋਤਿ ਸਮਾ ਗਏ। ਦੁੱਖਾਂ ਤੇ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਅੱਜ ਲੱਖਾਂ ਸਿੱਖ ਸੰਗਤ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਨਤਮਸਤਕ ਹੁੰਦੀ ਹੈ।

# ਕਪਿਲ ਸ਼ਰਮਾ ਨੇ ਸਰੀ 'ਚ 'Kap's Café' ਖੋਲ੍ਹਿਆ



ਕਾਮੇਡੀਅਨ ਕਪਿਲ ਸ਼ਰਮਾ ਤੇ ਉਸ ਦੀ ਪਤਨੀ ਗਿਨੀ ਚਤਰਥ ਨੇ ਕੈਨੇਡਾ ਦੇ ਸਰੀ ਸ਼ਹਿਰ ਵਿਚ ਕੈਫੇ ਖੋਲ੍ਹਿਆ ਹੈ ਜਿਸ ਦਾ ਨਾਮ Kap&Café ਰੱਖਿਆ ਗਿਆ ਹੈ। ਇਹ ਕੈਫੇ ਸਰੀ ਦੇ ਐਨ ਵਿਚਾਲੇ ਖੋਲ੍ਹਿਆ ਗਿਆ ਹੈ। ਸਰੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦਾ ਉਹ ਸ਼ਹਿਰ ਹੈ ਜਿੱਥੇ ਦੱਖਣ ਏਸ਼ਿਆਈ ਭਾਈਚਾਰੇ ਦੇ ਸਭ ਤੋਂ ਵੱਧ ਲੋਕ ਰਹਿੰਦੇ ਹਨ। ਹਫ਼ਤੇ ਦੇ ਆਖਰੀ ਦਿਨਾਂ ਚ ਸ਼ੁਰੂ ਕੀਤੇ ਕੈਫੇ ਦੇ ਬਾਹਰ ਲੰਮੀਆਂ ਕਤਾਰਾਂ ਦੇਖੀਆਂ ਗਈਆਂ। ਕੈਫੇ ਨੂੰ ਲੈ ਕੇ ਇੰਸਟਾਗ੍ਰਾਮ ਵਿਚ ਕੁਝ ਸਟੋਰੀਜ਼ ਪਾਈਆਂ ਗਈਆਂ ਹਨ। ਜਿਸ ਥਾਂ ਤੇ ਕੈਫੇ ਖੁੱਲ੍ਹਿਆ ਹੈ ਉਹ ਪਹਿਲਾਂ ਹੀ ਸਥਾਨਕ ਲੋਕਾਂ ਅਤੇ ਪ੍ਰਸ਼ੰਸਕਾਂ ਲਈ ਆਰਾਮਦਾਇਕ ਹੈਂਗਆਊਟ ਵਜੋਂ ਮਕਬੂਲ ਹੈ।

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਅੰਗਦ ਗੁਰ ਅੰਗੁ ਤੇ

## ਕਿਸ਼ਤ 41

ਇਸੇ ਲਿਖਾਰੀ ਅਨੁਸਾਰ ਬੀਬੀ ਅਮਰੋ ਜੀ ਦਾ ਵੈਸਾਖ 1596/1539 ਈ., ਦਾਸ ਜੀ ਦਾ ਵੈਸਾਖ 1598 ਬਿ./1541ਈ. ਅਤੇ ਅਣੋਖੀ ਜੀ ਦਾ ਵਿਆਹ 1600 ਬਿ./1543 ਈ. ਵਿਚ ਹੋਇਆ।

**ਗੋਂਦੇ ਮਰਵਾਹੇ ਦਾ ਆਉਣਾ**

ਇਨ੍ਹੀਂ ਦਿਨੀਂ ਗੋਂਦਾ ਜਿਸ ਦਾ ਪੂਰਾ ਨਾਂ ਗੋਇੰਦਾ ਮੱਲ ਜੋ ਮਰਵਾਹਾ ਖੱਤ੍ਰੀ ਪ੍ਰਵਾਰ ਵਿਚੋਂ ਸੀ, ਖਡੂਰ ਸਾਹਿਬ ਆਇਆ। ਉਸ ਨੇ ਆ ਕੇ ਗੁਰੂ ਸਾਹਿਬ ਕੋਲ ਬੇਨਤੀ ਕੀਤੀ ਕਿ ਮਹਾਰਾਜ ਜੀ! ਬਿਆਸ ਦੇ ਕਿਨਾਰੇ ਮੇਰੀ ਸਰਕਾਰੀ ਜਾਗੀਰ ਦੀ ਕੁਝ ਜ਼ਮੀਨ ਹੈ ਜਿਥੇ ਮੈਂ ਨਗਰ ਵਸਾਉਣਾ ਚਾਹੁੰਦਾ ਹਾਂ, ਇਸ ਲਈ ਮੈਂ ਆਪ ਦੀ ਸ਼ਰਨ ਆਇਆ ਹਾਂ। ਸਾਹਿਬ ਜੀ ਨੇ ਪੁੱਛਿਆ, 'ਕੋਈ ਮੁਸ਼ਕਲ ਆ ਰਹੀ ਹੈ'? ਤਾਂ ਉਸ ਨੇ ਕਿਹਾ,

'ਜੀ! ਮੈਂ ਨਗਰ ਵਸਾਉਣ ਦਾ ਯਤਨ ਕਰਦਾ ਹਾਂ ਪਰ ਕਿਸੇ ਨ ਕਿਸੇ ਤਰਹ ਉਸ ਵਿਚ ਰੁਕਾਵਟ ਪੈਣ ਕਾਰਨ ਕੰਮ ਸਿਰੇ ਨਹੀਂ ਚੜ੍ਹਦਾ। ਮੈਂ ਚਾਹੁੰਦਾ ਹਾਂ ਕਿ ਆਪ ਜੀ ਆ ਕੇ ਨਗਰ ਵਸਾਉ ਅਰ ਓਥੇ ਨਿਵਾਸ ਕਰੋ, ਜਿੰਨੀ ਜ਼ਮੀਨ ਵੀ ਹੁਕਮ ਕਰੋਗੇ, ਮੈਂ ਦਿਆਂਗਾ'। ਸਤਿਗੁਰੂ ਕਹਿਣ ਲਗੇ, 'ਭਾਈ! ਅਸੀਂ ਤਾਂ ਹੁਣ ਇੱਥੇ ਹੀ ਰਹਿਣਾ ਚਾਹਾਂਗੇ ਪਰ ਜੇ ਤੁਸੀਂ ਫਿਰ ਵੀ ਚਾਹੋ ਤਾਂ ਅਸੀਂ ਆਪਣੇ ਨਿਜੀ ਸੇਵਕ ਨੂੰ ਤੁਹਾਡੇ ਕੋਲ ਭੇਜ ਦੇਂਦੇ ਹਾਂ'। ਉਸ ਨੇ ਆਖਿਆ,

'ਜਿਵੇਂ ਆਪ ਦੀ ਖ਼ੁਸ਼ੀ'। ਹੁਣ ਸਾਹਿਬ ਜੀ ਨੇ ਪੁੱਛਿਆ ਕਿ ਰੁਕਾਵਟ ਪੈਣ ਦਾ ਕੀਹ ਕਾਰਨ ਹੈ? ਗੋਂਦਾ ਕਹਿਣ ਲੱਗਾ,

'ਜੀ! ਮੈਨੂੰ ਤਾਂ ਸਮਝ ਆਇਆ ਹੈ ਕਿ ਇਥੇ ਪ੍ਰੇਤ-ਸ਼ਰੀਕਾਂ ਦਾ ਵਾਸਾ ਹੋ ਗਿਆ ਹੈ ਜਿਸ ਕਰ ਕੇ ਮੇਰਾ ਉਸਾਰਿਆ ਉਹ ਢਾਹ ਜਾਂਦੇ ਹਨ। ਮੈਂ ਇਸੇ ਲਈ ਆਪ ਦੀ ਸ਼ਰਨ ਇਸ ਆਸ ਨਾਲ ਆਇਆ ਹਾਂ ਕਿ ਕੇਵਲ ਆਪ ਜੀ ਹੀ ਮੇਰੀ ਸਹਾਇਤਾ ਕਰ ਸਕਦੇ ਹੋ'। ਹਜ਼ੂਰ ਨੇ ਕਿਹਾ ਕਿ ਪਿਛਲੇ ਦੇ ਦੀਵਾਨ ਵਿਚ ਆਪਾਂ ਸੰਗਤਾਂ ਨਾਲ ਵਿਚਾਰਾਂਗੇ।

ਪਿਛਲੇ ਪਹਿਰ ਦੇ ਦੀਵਾਨ ਵਿਚ ਜਦੋਂ ਗੁਰੂ-ਘਰ ਦੇ ਸਾਰੇ ਨਿਕਟਵਰਤੀ ਜੁੜੇ ਬੈਠੇ ਸਨ ਤਾਂ ਇਸ ਮਸਲੇ 'ਤੇ ਫਿਰ ਵਿਚਾਰ ਹੋਈ। ਹਜ਼ੂਰ ਨੇ ਕੁਝ ਵਿਚਾਰ ਉਪਰੰਤ ਆਪਣੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਉਹ ਜਾ ਕੇ ਓਥੇ ਨਗਰ ਵਸਾਉਣ ਪਰ ਉਨ੍ਹਾਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਖਡੂਰ ਹੀ ਰਹਿਣਾ ਚਾਹੁਣਗੇ, ਹੋਰ ਕਿਤੇ ਨਹੀਂ ਜਾਣਾ ਚਾਹੁੰਦੇ। ਇਨ੍ਹਾਂ ਵੱਲੋਂ ਇਨਕਾਰ ਹੋਣ 'ਤੇ ਸਤਿਗੁਰਾਂ ਬਾਬਾ ਸ੍ਰੀ ਅਮਰਦਾਸ ਜੀ ਵੱਲ ਤੱਕਿਆ ਅਰ ਕਿਹਾ,

'ਪੁਰਖਾ ਜੀ! ਤੁਸੀਂ ਇਨ੍ਹਾਂ ਨਾਲ ਚਲੇ ਜਾਉ ਅਰ ਇਨ੍ਹਾਂ ਦੇ ਨਾਂ ਤੇ ਨਗਰ ਵਸਾਉ'। ਹੁਕਮ ਸੁਣ ਕੇ ਆਪ ਜੀ ਉੱਠ ਕੇ ਕਿਹਾ,

'ਪਾਤਸ਼ਾਹ ਜੀ! ਜਿਵੇਂ ਆਪ ਦਾ ਹੁਕਮ'। ਉਨ੍ਹਾਂ ਫ਼ੁਰਮਾਇਆ,

'ਇਸ ਦੇ ਨਾਲ ਜਾ ਕੇ ਚੰਗੀ ਤਰਹ ਜਗ੍ਹਾ ਦਾ ਆਲਾ ਦੁਆਲਾ ਵੇਖੋ ਕਿ ਨਗਰ ਵਸਾਉਣ ਦੀਆਂ ਕੀਹ ਸੰਭਾਵਨਾਵਾਂ ਹਨ, ਫਿਰ ਆਪਾਂ ਅਗਲੀ ਵਿਚਾਰ ਕਰਾਂਗੇ'।

'ਸਤਿਬਚਨ' ਕਹਿ ਕੇ ਸੀਸ ਨਿਵਾਇਆ ਅਰ ਖਤ੍ਰੀ ਦੇ ਨਾਲ ਤੁਰ ਪਏ। ਜਾ ਕੇ ਸਾਰਾ ਆਲਾ ਦੁਆਲਾ ਵੇਖਿਆ ਅਰ ਵਾਪਸ ਆ ਕੇ ਗੁਰੂ ਸਾਹਿਬ ਜੀ ਨੂੰ ਸਾਰਾ ਕੁਝ ਦੱਸਿਆ। ਹਜ਼ੂਰ ਨੇ ਨਗਰ ਵਸਾਉਣ ਲਈ ਕਿਹਾ ਕਿ ਨਦੀ ਦੇ ਕਿਨ-ਾਰੇ ਤੋਂ ਥੋੜਾ ਹਟ ਕੇ ਇਹ ਉਪਰਾਲਾ ਕਰਨਾ। ਮਿਸਤਰੀ ਮਜ਼ਦੂਰ ਗੋਇੰਦੇ ਪਾਸ ਹੈਨ ਹੀ, ਤੁਸੀਂ ਜਿਵੇਂ ਉਨ੍ਹਾਂ ਨੂੰ ਕਹੋਗੇ ਉਹ ਕਰੀ ਜਾਣਗੇ। ਇਉਂ ਕਹਿੰਦਿਆਂ ਗੁਰੂ-ਪਾਤਸ਼ਾਹ ਜੀ ਨੇ ਆਪਣੇ ਹੱਥ ਵਿਚ ਰੱਖਣ ਵਾਲੀ ਸੋਟੀ ਦੇ ਕੇ ਕਿਹਾ,

'ਓਥੇ ਜਾ ਕੇ 'ਜਪੁ ਸਾਹਿਬ' ਦਾ ਪਾਠ ਕਰ ਕੇ ਗੁਰੂ-ਬਾਬਾ ਜੀ ਦਾ ਧਿਆਨ ਧਰ ਕੇ ਅਰਦਾਸ ਕਰਨੀ। ਆਪ ਨੀਂਹ ਰੱਖ ਕੇ ਉਸਾਰੀ ਆਰੰਭ ਕਰਾਉ, ਗੁਰੂ ਸਾਹਿਬ ਅੰਗ-ਸੰਗ ਸਹਾਇਤਾ ਕਰਨਗੇ'।

**ਗੋਬਿੰਦਵਾਲ ਗੋਬਿੰਦਪੁਰੀ ਸਮ**

ਗੁਰੂ ਹੁਕਮ ਅਨੁਸਾਰ ਬਾਬਾ ਜੀ ਨੇ ਇਥੇ ਆ ਕੇ ਗੋਇੰਦੇ ਨੂੰ ਬੁਲਾਇਆ ਅਰ ਸਾਰੀ ਬਿਧਿ ਦੱਸੀ। ਸੁਣ ਕੇ ਉਸ ਨੇ ਕਿਹਾ ਕਿ ਆਪਾਂ ਅੱਜ ਮਿਸਤਰੀ ਮਜ਼ਦੂਰਾਂ ਦਾ ਇੰਤਜ਼ਾਮ ਕਰ ਲੈਂਦੇ ਹਾਂ ਤੇ ਸਵੇਰੇ ਅਰਦਾਸ ਕਰ ਲਵਾਂਗੇ। ਅਗਲੀ ਭਲਕ ਕੁਝ ਉੱਚੀ ਅਰ ਪੱਧਰ ਜਗਹ 'ਤੇ ਸਾਰੇ ਜੁੜੇ ਅਰ ਬਾਬਾ ਜੀ ਨੇ ਅਰਦਾਸ ਕੀਤੀ।

ਖਰੇ ਹੋਏ ਸ੍ਰੀ ਅਮਰ ਸੁਜਾਨੇ।
(ਸ੍ਰੀ ਅਮਰਦਾਸ ਜੀ ਖੜੇ ਹੋਏ)
ਹਾਥ ਜੋਰ ਅਰਦਾਸ ਬਖਾਨੇ।
(ਹੱਥ ਜੋੜ ਕੇ ਅਰਦਾਸ ਕੀਤੀ)
ਸ੍ਰੀ ਨਾਨਕ ਸ੍ਰੀ ਅੰਗਦ ਨਾਮੂ॥
(ਪਹਿਲੀ ਅਰ ਦੂਜੀ ਪਾਤਸ਼ਾਹੀ ਜੀ ਦੇ ਨਾਂ)
ਸਿਮਰ ਸਿਮਰ ਆਨਨ ਅਭਿਰਾਮੂ।23॥
(ਲੈ ਕੇ ਉਨ੍ਹਾਂ ਨੂੰ ਸਿਮਰਿਆ)
ਅਰਪਨ ਕਰਯੋ ਸਗਲ ਮਿਸ਼ਟਾਨੂ।
(ਲਿਆਂਦਾ ਪ੍ਰਸ਼ਾਦ ਅਰਪਨ ਕੀਤਾ)
ਪੁਨਹ ਸਗਲ ਕੋ ਬਾਂਟਨ ਠਾਨੂ॥
(ਫਿਰ ਸਾਰਿਆਂ ਵਿਚ ਵੰਡ ਦਿੱਤਾ)
ਸ੍ਰੀ ਨਾਨਕ ਕੇ ਚਰਨ ਮਨਾਏ।
(ਗੁਰੂ ਨਾਨਕ ਸਾਹਿਬ ਜੀ ਦਾ ਨਾਂ ਲੈ ਕੇ)
ਨਗਰ ਨੀਂਵ ਧਰਿ ਚਿਨਬੇ ਲਾਏ।
(ਨਗਰ ਦੀ ਨੀਂਹ ਰੱਖ ਕੇ ਚਿਨਾਈ ਸ਼ੁਰੂ ਕੀਤੀ)
ਤਬ ਤੇ ਬਹੁਰ ਨ ਭੂਤ ਨ ਪ੍ਰੇਤ।
(ਉਸ ਬਾਦ ਕੋਈ ਭੂਤ ਪ੍ਰੇਤ ਆਦਿ)
ਨਹਿਂ ਦੇਖੇ ਜੋ ਢਾਹਿਂ ਨਿਕੇਤ।25॥19॥
(ਜੋ ਢਾਹ ਦੇਂਦੇ ਸਨ, ਨਜ਼ਰ ਨਾ ਆਏ)

ਉਸਾਰੀ ਸ਼ੁਰੂ ਹੋਈ। ਕਰਤਾਰ ਦੀ ਕਿਰਪਾ ਸਦਕਾ ਪ੍ਰੇਤ-ਸ਼ਰੀਕਾਂ ਦੀ ਕੋਈ ਵੀ ਰੁਕਾਵਟ ਨ ਪਈ। ਗੁਰੂ ਹੁਕਮ ਅਨੁਸਾਰ ਸਭ ਤੋਂ ਪਹਿਲਾਂ ਧਰਮਸਾਲ ਦੀ ਉਸਾਰੀ ਕੀਤੀ। ਦਿਨਾਂ ਵਿਚ ਹੀ ਕੁਝ ਹੋਰ ਕੋਠੇ ਪੈ ਗਏ ਤਾਂ ਗੋਇੰਦੇ ਦੀ ਮੌਜੂਦਗੀ ਵਿਚ ਬਾਬਾ ਜੀ ਨੇ ਕਿਹਾ ਕਿ ਗੁਰੂ ਹੁਕਮ ਅਨੁਸਾਰ ਇਸ ਨਗਰ ਦਾ ਨਾਂ 'ਗੋਇੰਦਵਾਲ' ਹੋਵੇਗਾ। ਜਾਣ ਕੇ ਸਾਰਿਆਂ ਖ਼ੁਸ਼ੀ ਮਨਾਈ।

ਗੋਇੰਦਵਾਲ ਬਿਆਸ ਨਦੀ/ਦਰਿਆ ਦੇ ਕਿਨ-ਾਰੇ ਉਸ ਥਾਂ 'ਤੇ ਸੁਭਾਇਮਾਨ ਹੈ ਜਿਥੇ ਨੇੜੇ ਹੀ ਆਉਣ-ਜਾਣ ਵਾਸਤੇ ਘਾਟ ਬਣਿਆ ਹੋਇਆ ਸੀ। ਉਸ ਸਮੇਂ ਇਹ ਰਾਹ ਦਿੱਲੀ-ਲਾਹੌਰ ਨੂੰ ਆਪਸ ਵਿਚ ਜੋੜਦਾ ਸੀ।

**ਬਾਸਰ ਕੇ ਤੋਂ ਪ੍ਰਵਾਰ ਲਿਆਉਣਾ**

ਇਸ ਪ੍ਰਕਾਰ ਨਗਰ ਦੀ ਮੁੱਢਲੀ ਉਸਾਰੀ ਕਰ ਕੇ ਆਪ ਜੀ ਖਡੂਰ ਸਾਹਿਬ ਹਜ਼ੂਰ ਦੇ ਪਾਸ ਜਾ ਕੇ ਸਾਰਾ ਕੁਝ ਬਿਆਨ ਕੀਤਾ। ਸੁਣ ਕੇ ਗੁਰੂ ਪਾਤਸ਼ਾਹ ਜੀ ਪ੍ਰਸੰਨ ਹੋਏ ਅਤੇ ਹੁਕਮ ਕੀਤਾ ਕਿ ਹੁਣ ਤੁਸੀਂ ਬਾਸਰ ਕੇ ਜਾਉ, ਪ੍ਰਵਾਰ ਨੂੰ ਮਿਲੋ ਅਰ ਸਾਰਿਆਂ ਨੂੰ ਗੋਇੰਦਵਾਲ ਲਿਆ ਵਸਾਉ। ਉਨ੍ਹਾਂ ਨਾਲ ਹੋਰ ਵੀ ਜਿੰਨੇ ਆ ਸਕਦੇ ਹੋਣ, ਇਥੇ ਲਿਆ ਕੇ ਵਸਾਉ। ਉਨ੍ਹਾਂ ਦੀ ਲੋੜ ਅਨੁਸਾਰ ਰਹਿਣ ਅਤੇ ਕਾਰੋਬਾਰ ਕਰਨ ਲਈ ਹੋਰ ਉਸਾਰੀਆਂ ਕਰਵਾਉ। ਬਾਸਰ ਕੇ ਨਾਲੋਂ ਗੋਇੰਦਵਾਲ ਨੇੜੇ ਹੈ, ਆਪਣਾ ਆਉਣਾ ਜਾਣਾ ਸੌਖਾ ਹੋ ਜਾਵੇਗਾ।

ਗੁਰਦੇਵ ਜੀ ਦੀ ਆਗਿਆ ਲੈ ਕੇ ਬਾਬਾ ਜੀ ਬਾਸਰ ਕੇ ਨੂੰ ਰਵਾਨਾ ਹੋ ਗਏ। ਉਥੇ ਪਹੁੰਚ ਕੇ ਪ੍ਰਵਾਰ ਨੂੰ ਗੁਰੂ ਹੁਕਮ ਅਨੁਸਾਰ ਗੋਇੰਦਵਾਲ ਨਗਰ ਵਸਾਉਣ ਸਬੰਧੀ ਸਾਰਾ ਵੇਰਵਾ ਦੱਸਿਆ। ਆਪ ਜੀ ਨੇ ਇਹ ਵੀ ਦੱਸਿਆ ਕਿ ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਤੁਸੀਂ ਸਾਰੇ ਮੇਰੇ ਨਾਲ ਗੋਇੰਦਵਾਲ ਚੱਲ ਕੇ ਰਹੋ। ਇਹ ਜਾਣ ਕੇ ਸਾਰਿਆਂ ਨੂੰ ਬਹੁਤ ਖ਼ੁਸ਼ੀ ਹੋਈ। ਬੰਸਾਵਲੀਨਾਮਾ ਆਦਿ ਕੁਝ ਇਤਿਹਾਸਕਾਰ ਇਹ ਵੀ ਜ਼ਿਕਰ ਕਰਦੇ ਹਨ ਕਿ ਜਦੋਂ ਪਹਿਲਾਂ ਵੀ ਇਹ ਨਗਰ ਵਸਾਉਣ ਦਾ ਉਪਰਾਲਾ ਹੋਇਆ ਸੀ ਤਾਂ ਸ਼ਾਹ-ਰਾਹ 'ਤੇ ਹੋਣ ਕਾਰਨ ਚੰਗੇ ਕਾਰੋਬਾਰ ਚੱਲਣ ਦੀ ਆਸ ਵਿਚ ਬਾਬਾ ਜੀ ਦੇ ਵਡੇਰੇ ਪਹਿਲਾਂ ਵੀ ਓਥੇ ਗਏ ਸਨ ਪਰ, ਕੁਝ ਅਚੇਤ ਕਾਰਨਾਂ ਕਰ ਕੇ ਉਨ੍ਹਾਂ ਨੂੰ ਵਾਪਸ ਆਉਣਾ ਪਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਹੁਣ ਦੇ ਸਾਰੇ ਉੱਦਮ ਦੇ ਪਿਛੇ ਗੁਰੂ ਸਾਹਿਬ ਦਾ ਹੱਥ ਹੈ ਤਾਂ ਬਿਨਾਂ ਲੰਮੀ ਸੋਚ-ਵਿਚਾਰ ਦੇ ਸਾਰੇ ਤਿਆਰ ਹੋ ਪਏ। ਬਾਬਾ ਜੀ ਦੇ ਤਿੰਨੇ ਭਰਾ, ਭਤੀਜੇ, ਭਾਈ ਰਾਮਾ, ਭਾਈ ਰਾਮਦਾਸ ਜੀ ਅਰ ਹੋਰ ਸਬੰਧੀਆਂ ਨਾਲ ਕਈ ਹੋਰ ਚਲਣੇ-ਸਿਰ ਪ੍ਰਵਾਰ ਗੋਇੰਦਵਾਲ ਆ ਗਏ।

ਸ੍ਰੀ ਗੁਰੂ ਅਮਰਦਾਸ ਕੇ ਭ੍ਰਾਤਾ।
(ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ)
ਆਯੋ ਰਾਮਾ ਤਹਾਂ ਜਮਾਤਾ।
(ਉਨ੍ਹਾਂ ਦੇ ਜੁਆਈ ਰਾਮਾ ਜੀ)
ਜਿਤਕ ਭਤੀਜੇ ਸੋ ਸਭਿ ਆਏ।
(ਸਾਰੇ ਭਤੀਜੇ ਵੀ ਆਏ)
ਗੋਇੰਦਵਾਲ ਬਸੇ ਘਰ ਪਾਏ।45॥
(ਗੋਇੰਦਵਾਲ ਆ ਕੇ ਘਰ ਪਾ ਲਏ) ਗੁ.ਪ੍ਰ.ਸੂ.

ਗੋਇੰਦਵਾਲ ਪਹੁੰਚਣ ਤੋਂ ਬਾਦ ਛੇਤੀ ਹੀ ਇਹ ਸਾਰੇ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਖਡੂਰ ਸਾਹਿਬ ਗਏ। ਸਤਿਗੁਰਾਂ ਨਾਲ ਬਚਨ ਬਿਲਾਸ ਹੋਏ। ਸਤਿਗੁਰਾਂ ਖ਼ੁਸ਼ੀ ਕੀਤੀ ਅਰ ਇਕ ਰਾਤ ਓਥੇ ਰਹਿ ਕੇ ਇਹ ਵਾਪਸ ਆ ਗਏ। ਤੁਰਨ ਲੱਗਿਆਂ ਸਤਿਗੁਰਾਂ ਫਿਰ ਬਾਬਾ ਜੀ ਨੂੰ ਕਿਹਾ ਕਿ ਇਹ ਬਹੁਤ ਚੰਗਾ ਹੋ ਗਿਆ ਕਿ ਇਕ ਚੰਗੀ ਥਾਂ 'ਤੇ ਆਪ ਦਾ ਸਾਰਾ ਪ੍ਰਵਾਰ ਤੇ ਸਬੰਧੀ ਆ ਗਏ ਹਨ, ਇਥੇ ਸ਼ਾਹੀ ਮਾਰਗ 'ਤੇ ਸਥਿਤ ਹੋਣ ਕਾਰਨ ਵਾਪਾਰ ਦੇ ਬਹੁਤ ਮੌਕੇ ਮਿਲ ਸਕਦੇ ਹਨ। ਜੇ ਹੋਰ ਪ੍ਰਵਾਰ ਵੀ ਪ੍ਰੇਰ ਕੇ ਲਿਆਂਦੇ ਜਾ ਸੱਕਣ ਤਾਂ ਭਲਾ ਹੋਵੇਗਾ। ਲੋੜੀਂਦੀ ਉਸਾਰੀ ਲਈ ਗੋਇੰਦਾ ਆਪ ਦੀ ਪੂਰੀ ਮਦਦ ਕਰ ਸਕਦੇ ਹਨ।



ਗੁਰੂ ਅੰਗਦ ਦੇਵ ਜੀ

ਅੱਜ ਵੀ ਜਦੋਂ ਅਸੀਂ ਗੋਇੰਦਵਾਲ ਸਾਹਿਬ ਜਾਂਦੇ ਹਾਂ ਤਾਂ ਨਿਸ਼ਾਨਦੇਹੀ ਕਰ ਸਕਦੇ ਹਾਂ ਕਿ ਗੁਰੂ ਅਮਰਦਾਸ ਸਾਹਿਬ ਜੀ ਦੇ ਬਿਲਕੁਲ ਨਾਲ ਹੀ ਖੱਬੇ, ਸੱਜੇ ਤੇ ਪਿਛਲੇ ਪਾਸੇ ਤਿੰਨੇ ਭਰਾਵਾਂ ਸ੍ਰੀ ਮਾਣਕ ਚੰਦ, ਸ੍ਰੀ ਈਸ਼ਰ ਦਾਸ ਅਰ ਸ੍ਰੀ ਖੇਮ ਚੰਦ/ਰਾਇ ਅਤੇ ਉਨ੍ਹਾਂ ਦੇ ਪ੍ਰਵਾਰਾਂ ਭਾਈ ਜੱਸੂ/ਬੀ. ਅਮਰੋ ਜੀ, ਭਾਈ ਗੁਰਦਾਸ ਜੀ ਅਰ ਭਾਈ ਸਾਵਣ ਮੱਲ ਜੀ ਆਦਿ ਦੇ ਘਰ ਸਨ। ਬਾਬਾ ਜੀ ਨੇ ਆਪਣੀ ਰਿਹਾਇਸ਼ ਲਈ ਚਉਬਾਰਾ ਬਣਵਾਇਆ ਜਿਸ ਦੇ ਉੱਪਰ ਖਡੂਰ ਸਾਹਿਬ ਦੀ ਦਿਸ਼ਾ ਵਿਚ ਵੱਡੀ ਬਾਰੀ ਰੱਖੀ ਜਿਥੋਂ ਆਪ ਜੀ ਰੋਜ਼ ਆਪਣੇ ਮਹਿਬੂਬ ਸਤਿਗੁਰਾਂ ਦੇ ਰਾਹ ਤੱਕਿਆ ਕਰਦੇ ਸਨ। ਹੇਠਲੇ ਕਮਰੇ ਵਿਚ ਘਰ ਦੀ ਵਰਤੋਂ ਦਾ ਸਾਮਾਨ ਸੀ। ਵਿਹੜੇ ਵਿਚ ਖੂਹੀ ਲਵਾ ਲਈ ਅਰ ਆਲੇ ਦੁਆਲੇ ਕੁਝ ਕਮਰੇ ਬਣਵਾ ਲਏ ਜਿਥੇ ਮੋਹਨ, ਮੋਹਰੀ ਪੁੱਤਰ ਅਰ ਭਾਨੀ ਤੇ ਦਾਨੀ ਧੀਆਂ ਦੇ ਪ੍ਰਵਾਰ ਰਹਿੰਦੇ ਸਨ। ਇਹ ਸਾਰੀ ਸੇਵਾ ਗੋਇੰਦਾ ਮਰਵਾਹਾ ਜੀ ਨੇ ਕੀਤੀ ਸੀ। ਭੱਟ ਜਲ੍ਹ ਜੀ ਦਾ ਬਚਨ:

ਗੋਬਿੰਦਵਾਲ ਗੋਬਿੰਦ ਗੁਰੂ ਸਮ
ਜਲ੍ਹਨ ਤੀਰਿ ਬਿਪਾਸ ਬਨਾਯਉ॥..6॥10॥
ਗੁ.ਗ੍ਰ.ਸਾ. ਪੰਨਾ 1400

**ਗੁਰੂ ਸਾਹਿਬ ਦਾ ਗੋਇੰਦਵਾਲ ਆਉਣਾ**

ਨਗਰ ਉਸਾਰੀ ਕਰਨੀ ਨਾ ਇਕ ਦਿਨ ਅਰ ਨਾ ਹੀ ਇਕ ਵਿਅਕਤੀ ਦਾ ਕੰਮ ਸੀ। ਬਿਨਾਂ ਸ਼ੱਕ ਗੋਇੰਦਾ ਜੀ ਸ਼ਰੀਕਾਂ ਅਰ ਹੋਰਨਾਂ ਦੀਆਂ ਦੀਆਂ ਰੁਕਾਵਟਾਂ ਤੋਂ ਹੁਣ ਬੇਫ਼ਿਕਰ ਸਨ, ਫਿਰ ਵੀ ਇਹ ਸਾਰੇ ਕਾਰਜ ਕਰਦਿਆਂ 1608 ਬਿ./1551 ਈ. ਦਾ ਅਖ਼ੀਰ ਆ ਗਿਆ ਸੀ। ਹੁਣ ਬਾਬਾ ਜੀ ਨੂੰ ਖਡੂਰ ਸਾਹਿਬ ਆਇਆਂ ਕੁਝ ਦਿਨ ਬੀਤ ਗਏ ਸਨ ਤਾਂ ਇਕ ਦਿਨ ਗੁਰੂ ਅੰਗਦ ਸਾਹਿਬ ਜੀ ਨੇ ਅੰਦਰੋਂ ਬੜੀ ਖਿੱਚ ਮਹਿਸੂਸ ਕੀਤੀ ਤਾਂ ਹਜ਼ੂਰ ਗੋਇੰਦਵਾਲ ਨੂੰ ਤੁਰ ਪਏ। 5 ਮੀਲ/8-9 ਕਿਲੋਮੀਟਰ ਦੀ ਇਹ ਦੂਰੀ 'ਤੇ ਸੀ। ਇਧਰੋਂ ਬਾਬਾ ਜੀ ਸੁਰਤੀ ਜੋੜੇ ਬੈਠੇ ਸਨ ਤਾਂ ਆਪ ਜੀ ਉੱਠ ਕੇ ਖਡੂਰ ਸਾਹਿਬ ਵੱਲ ਤੁਰ ਪਏ। ਥੋੜੀ ਹੀ ਦੂਰੀ 'ਤੇ ਸਨ ਜਦੋਂ ਅੱਗੋਂ ਗੁਰੂ-ਪਾਤਸ਼ਾਹ ਜੀ ਆਉਂਦੇ ਡਿੱਠੇ। ਭਾਰੀ ਚਾਅ ਚੜ੍ਹਿਆ ਕਿ ਅੱਜ ਮੇਰੇ ਕਰਨ-ਕਾਰਨ ਬਖ਼ਸ਼ਿੰਦ ਸਤਿਗੁਰੂ ਜੀ ਇਸ ਥਾਂ 'ਤੇ ਚਰਨ ਪਾਉਣ ਆ ਰਹੇ ਹਨ। ਜਦੋਂ ਨੇੜੇ ਪਹੁੰਚੇ ਤਾਂ ਧਾਅ ਕੇ ਚਰਨਾਂ ਵਿਚ ਡਿੱਗੇ। ਹਜ਼ੂਰ ਪਾਤਸ਼ਾਹ ਜੀ ਨੇ ਆਪ ਦੇ ਸੀਸ ਨੂੰ ਦੋਹਾਂ ਹੱਥਾਂ 'ਤੇ ਸੰਭਾਲ ਲਿਆ ਅਰ ਇਨ੍ਹਾਂ ਨੂੰ ਸੀਨੇ ਨਾਲ ਲਾ ਲਿਆ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 32'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?

**ਸੱਚੀ ਬਾਣੀ:**

ਪ੍ਰਭੂ/ਗੁਰੂ ਦੀ ਬਾਣੀ ਨੂੰ ਸੱਚੀ (ਸਦਾ ਥਿਰ) ਬਾਣੀ ਕਿਹਾ ਗਿਆ ਹੈ! ਪ੍ਰਭੂ ਜੀ ਸੱਚੇ (ਸਦਾ ਰਹਿਣ ਵਾਲ਼ੇ) ਹਨ, ਸੱਚੀ ਉਹਨਾਂ ਦੀ ਬਾਣੀ ਹੈ; ਗੁਰੂ ਦੇ ਸ਼ਬਦ ਰਾਹੀਂ ਉਹਨਾਂ ਨਾ਼ਲ ਮਿਲਾਪ ਹੁੰਦਾ ਹੈ । "ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥1॥ ਅੰਗ 32" । ਸਤਿਗੁਰੂ ਦੀ ਬਾਣੀ ਸੱਚ ਸਰੂਪ ਹੈ ਤੇ ਸਤਿਗੁਰੂ ਦੀ ਬਾਣੀ ਰਾਹੀਂ (ਸਤਿ ਸਰੂਪ/ਗੁਰਬਾਣੀ ਦਾ ਹੀ ਰੂਪ) ਬਣ ਜਾਈਦਾ ਹੈ । "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ ਅੰਗ 304" । ਗੁਰੂ ਦੀ ਬਾਣੀ ਸੱਚੀ (ਸਦਾ ਥਿਰ) ਹੁੰਦੀ ਹੈ । ਜੋ ਕਿ ਮਨ ਅੰਦਰ ਸੁਖ ਸ਼ਾਂਤੀ ਲਿਆਉਂਦੀ ਹੈ ਤੇ ਆਤਮਿਕ ਅਡੋਲਤਾ (ਸਹਿਜ) 'ਚ ਸਮਾਈ ਰਹਿੰਦੀ/ਕਰਾਉਂਦੀ ਹੈ । "ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਜਿ ਸਮਾਣੀ ॥2॥ ਅੰਗ 663" । ਸਤਿਗੁਰੂ ਸੱਚਾ ਹੈ, ਸੱਚੀ ਉਸਦੀ ਬਾਣੀ ਹੈ ਜਿਸਨੇ ਉਸ ਸਦਾ ਥਿਰ ਪ੍ਰਭੂ ਦੇ ਦਰਸ਼ਨ ਕਰਾ ਦਿੱਤੇ। "ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥ ਅੰਗ 769"। ਗੁਰੂ ਤੋਂ ਸ਼ਾਂਤੀ, ਸਹਿਜ ਤੇ ਸਦੀਵੀ ਸੁਖ ਦੇਣ ਵਾ਼ਲੀ ਬਾਣੀ ਪ੍ਰਾਪਤ ਹੁੰਦੀ ਹੈ । "ਗੁਰ ਤੇ ਸਾਤਿ ਸਹਜ ਸੁਖੁ ਬਾਣੀ ॥ ਅੰਗ 664" । ਸੱਚੀ ਬਾਣੀ ਰਾਹੀਂ ਪ੍ਰਭੂ ਪ੍ਰਾਪਤੀ ਹੁੰਦੀ ਹੇ ਤੇ ਹਰੀ ਪ੍ਰਭੂ 'ਚ ਲੀਨ ਰਹੀਦਾ ਹੈ। "ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥1॥ ਰਹਾਉ ॥ ਅੰਗ 36" । ਸੱਚੀ ਬਾਣੀ ਚਹੁੰਆਂ ਜੁਗਾਂ ਵਿਚ ਜਾਣੀ ਜਾਂਦੀ ਹੈ । "ਸੱਚੀ ਬਾਣੀ ਜੁਗ ਚਾਰੇ ਜਾਪੈ ॥ ਅੰਗ 158" । ਪ੍ਰਭੂ ਦੀ ਬਾਣੀ ਚਹੁੰਆਂ ਜੁਗਾਂ ਵਿਚ ਹੀ ਗੂੰਜਦੀ ਹੈ ਤੇ ਨਿਰੋਲ ਸੱਚ ਹੀ ਸੁਣਾਉਂਦੀ ਹੈ । "ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥ ਅੰਗ 35" । ਸੱਚੀ ਬਾਣੀ ਰਾਹੀਂ ਹਰੀ ਦੇ ਗੁਣ ਗਾਏ ਜਾਂਦੇ ਹਨ (ਕਿਉਂਕਿ ਗੁਰਬਾਣੀ ਪ੍ਰਭੂ ਦੇ ਗੁਣਾਂ ਨਾ਼ਲ ਭਰਪੂਰ ਹੈ!) । "ਸਾਚੀ ਬਾਣੀ ਹਰਿ ਗੁਣ ਗਾਏ ॥4॥ ਅੰਗ 222"। ਜਿਸਦਾ ਸੱਚੇ ਪ੍ਰਭੂ ਨਾਲ ਪਿਆਰ ਹੁੰਦਾ ਹੈ, ਉਸਦੀ ਬਾਣੀ, ਉਸਦਾ ਸ਼ਬਦ, ਸੱਚ ਹੈ ਤੇ ਉਸਦੇ ਮਨ ਵਿਚ ਵੀ ਸੱਚ (ਪ੍ਰਭੂ) ਹੁੰਦਾ ਹੈ । "ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਅੰਗ 33" । ਅਤੇ "ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥1॥ ਅੰਗ 35" । ਹੇ ਮਨ! ਪ੍ਰਭੂ ਦੀ (ਪ੍ਰੇਮਾ) ਭਗਤੀ ਵਿਚ ਰੰਗਿਆਂ ਤੇਰੀ ਬਾਣੀ ਸੱਚੀ ਹੋਵੇਗੀ ਤੇ ਤੈਨੂੰ ਆਪਣਾ ਨਿਜ ਘਰ (ਅੰਤਰ ਆਤਮੇ) ਲੱਭ ਜਾਵੇਗਾ। "ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ ਅੰਗ 39" । ਜਿਹੜੇ ਸਤਿਗੁਰੂ ਦੀ ਸੇਵਾ ਕਰਦੇ ਹਨ (ਭਾਵ ਗੁਰ ਸ਼ਬਦ ਦੀ ਵਿਚਾਰ ਕਰਦੇ ਹਨ), ਉਹਨਾਂ ਦੀ ਬਾਣੀ ਸੱਚੀ (ਅਟੱਲ) ਹੁੰਦੀ ਹੈ । ਹਰ ਜੁਗ ਵਿਚ ਭਗਤਾਂ ਨੇ ਬਾਣੀ ਨੂੰ ਕਹਿ ਕੇ ਉਚਾਰਿਆ ਹੈ। "ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ॥ ਅੰਗ 161" । ਅਤੇ "ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥20॥ ਅੰਗ 909" । ਭਗਤ ਸੱਚੀ ਬਾਣੀ ਰਾਹੀਂ ਤੈਨੂੰ ਸਾਲਾਹੁੰਦੇ ਰਹਿੰਦੇ ਹਨ, ਉਹ ਤੇਰੇ ਪ੍ਰੇਮ-ਰੰਗ ਵਿਚ ਰੰਗੇ ਹੋਏ ਤੇਰੀ ਭਗਤੀ ਕਰਦੇ ਰਹਿੰਦੇ ਹਨ । "ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥2॥ ਅੰਗ 122" । ਗੁਰੂ ਦੇ ਸ਼ਬਦ ਰਾਹੀਂ ਹੀ ਭਗਤ ਪ੍ਰਗਟ ਹੁੰਦੇ ਹਨ, ਜਿਹਨਾਂ ਦੀ ਬਾਣੀ ਸੱਚੀ ਹੁੰਦੀ ਹੈ । "ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥ ਅੰਗ 429" । ਆਤਮਿਕ ਅਡੋਲਤਾ ਤੇ (ਪ੍ਰਭੂ ਦੇ) ਸ੍ਰੇਸ਼ਟ ਪ੍ਰੇਮ ਵਿਚ ਹੀ ਪ੍ਰਭੂ ਦੀ ਬਾਣੀ ਬੋਲੀ ਜਾਂਦੀ ਹੈ । "ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਅੰਗ 181" । ਜੇਕਰ ਸੱਚੀ ਬਾਣੀ ਨਾ਼ਲ ਚਿੱਤ ਲੱਗ ਜਾਵੇ ਤਾਂ ਜੰਮਣਾ ਮਰਨਾ ਮੁੱਕ ਜਾਂਦਾ ਹੈ। "ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥5॥ ਅੰਗ 67" । ਸੱਚੀ ਬਾਣੀ ਕਿਸੇ ਭਾਗਾਂ ਵਾ਼ਲੇ ਨੂੰ ਪ੍ਰਾਪਤ ਹੁੰਦੀ ਹੈ । "ਸਚੀ ਬਾਣੀ ਪਾਏ ਭਾਗਿ ਕੋਇ॥1॥ ਅੰਗ 361 । ਸੱਚੀ ਤੇ ਉੱਚੀ ਬਾਣੀ ਰਾਹੀਂ ਬੰਦਾ ਸੁੱਚਾ (ਪਵਿੱਤਰ) ਤੇ ਉਚਾ (ਉੱਚੀ ਆਤਮਿਕ ਅਵਸਥਾ ਵਾ਼ਲਾ) ਹੋ ਜਾਂਦਾ ਹੈ! "ਸਾਚੀ ਬਾਣੀ ਸੂਚਾ ਹੋਇ॥" ਅਤੇ "ਊਚੀ ਬਾਣੀ ਊਚਾ ਹੋਇ॥ ਅੰਗ 361" । ਜਿਹਨਾਂ ਦੇ ਪੱਲੇ ਪੁੰਨ ਕਰਮ ਹੁੰਦੇ ਹਨ ਉਹਨਾਂ ਨੂੰ ਪ੍ਰਭੂ ਗੁਰੂ ਨਾ਼ਲ ਮਿਲਾਉਂਦਾ ਹੈ ਤੇ ਗੁਰੂ ਉਹਨਾਂ ਨੂੰ ਸੱਚੀ ਬਾਣੀ ਤੇ ਆਪਣਾ ਸ਼ਬਦ (ਗੁਰ ਮੰਤ੍ਰ) ਸੁਣਾਉਂਦਾ ਹੈ । "ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥ ਅੰਗ 364" । ਪ੍ਰਭੂ ਸਦਾ-ਥਿਰ ਰਹਿਣ ਵਾ਼ਲਾ ਹੈ, ਗੁਰੂ ਦੀ ਬਾਣੀ ਵੀ ਸਦਾ ਰਹਿਣ ਵਾ਼ਲੀ ਹੈ । "ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਅੰਗ 515" । "ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ ॥1॥ ਅੰਗ 559" । ਜਿਸ ਨੇ ਪਰਮਾਤਮਾ ਨੂੰ ਆਪਣੇ ਮਨ ਵਿਚ ਵਸਾ ਲਿਆ, ਸੱਚੀ ਬਾਣੀ ਰਾਹੀਂ ਉਸ ਦੀ ਆਤਮਿਕ ਅਡੋਲਤਾ ਵਿਚ ਲੀਨਤਾ ਹੋ ਗਈ। ਬਾਣੀ ਸੱਚੀ ਹੈ, ਬਾਣੀ ਤੋਂ ਉਪਜਣ ਵਾ਼ਲੀ ਧੁਨੀ ਵੀ ਸੱਚੀ ਹੈ ਤੇ ਸੱਚੀ ਹੈ (ਗੁਰੂ ਦੇ) ਸ਼ਬਦ ਦੀ ਵਿਚਾਰ । ਭਾਵ ਬਾਣੀ, ਧੁਨੀ ਤੇ ਸ਼ਬਦ ਸਦੀਵੀ ਤੌਰ ਤੇ ਸੱਚੇ ਹਨ/ਸਦਾ ਰਹਿਣ ਵਾ਼ਲੇ ਹਨ । "ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥ ਅੰਗ 564" । ਸੱਚੀ ਬਾਣੀ ਦੇ ਵਾਜੇ ਵੱਜਣ ਨਾ਼ਲ ਮਨ ਮਰ ਜਾਂਦਾ ਹੈ (ਭਾਵ ਹਉਂ ਨੂੰ ਤਿਆਗ ਦਿੰਦਾ ਹੈ) ਤੇ ਨਾ਼ਲ ਹੀ ਪੰਜ ਵਿਕਾਰ ਵੀ ਮਰ ਜਾਂਦੇ ਹਨ । "ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥ ਅੰਗ 564" । ਜੋ ਸੱਚੀ ਬਾਣੀ ਅਨੁਸਾਰ ਕੰਮ ਕਾਰ ਕਰਦਾ ਹੈ ਉਹ ਰਾਤ ਦਿਨ ਨਾਮ ਨੂੰ ਧਿਆਉਂਦਾ ਹੈ । "ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥ ਅੰਗ 593" । ਜਿਹੜਾ ਮਨੁੱਖ ਗੁਰੂ ਅਨੁਸਾਰੀ ਹੋਵੇ ਉਹ ਸਦਾ ਪ੍ਰਭੂ ਦੇ ਨਾਮ ਨੂੰ ਧਿਆਉਂਦਾ ਹੈ ਤੇ ਹਮੇਸ਼ਾ ਨਾਮ ਨੂੰ ਹਿਰਦੇ ਵਿਚ ਸੰਭਾਲ ਕੇ ਰੱਖਦਾ ਹੈ । ਉਹ ਸੱਚੀ (ਸਦਾ-ਥਿਰ ਰਹਿਣ ਵਾ਼ਲੀ) ਸਿਫ਼ਤਿ-ਸਾਲਾਹ ਦੀ ਬਾਣੀ ਰਾਹੀਂ ਪਰਮਾਤਮਾ ਦੇ ਗੁਣ ਗਾਉਂਦਾ ਹੈ ਤੇ ਪਰਮਾਤਮਾ ਦੀ ਮਿਹਰ ਦੀ ਨਜ਼ਰ ਨਾ਼ਲ ਉਹ ਸਦਾ ਆਤਮਿਕ ਖੇੜੇ ਵਿਚ ਰਹਿੰਦਾ ਹੈ। "ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥ ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥3॥ ਅੰਗ 600" । ਜਿਸਦੀ ਬਾਣੀ ਸੱਚੀ (ਸਦਾ ਥਿਰ) ਹੈ ਉਹ ਸੱਚਾ ਸਤਿਗੁਰੂ ਹੈ । ਜਿਹੜੇ ਮਨੁੱਖ ਦੌੜ ਕੇ ਗੁਰੂ ਦੀ ਸ਼ਰਨ ਪੈਂਦੇ ਹਨ, ਉਹ ਮਾਇਆ ਦੇ ਬੰਧਨਾਂ ਤੋਂ ਛੁੱਟ ਜਾਂਦੇ ਹਨ। "ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥7॥ ਅੰਗ 638" । ਗੁਰੂ ਅਨੁਸਾਰੀ ਸੱਚੀ ਬਾਣੀ ਉਚਾਰਦਾ ਹੈ (ਜਿਸ ਕਰਕੇ) ਉਸ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ । "ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਅੰਗ 753" । ਸੱਚੀ ਬਾਣੀ ਸਤਿਨਾਮ ਨੂੰ ਦ੍ਰਿੜ ਕਰਾਉਂਦੀ ਹੈ । "ਸਚੀ ਬਾਣੀ ਸਚੁ ਦ੍ਰਿੜਾਏ ॥ ਅੰਗ 1053" । ਸੱਚੀ ਬਾਣੀ ਰਾਹੀਂ ਨਾਮ ਨਾ਼ਲ ਪਿਆਰ ਪੈ ਜਾਂਦਾ ਹੈ । "ਸਾਚੀ ਬਾਣੀ ਨਾਮ ਪਿਆਰਿ ॥1॥ ਅੰਗ 1174" । ਸੱਚੀ ਬਾਣੀ ਅੰਮ੍ਰਿਤ ਦੀ ਮਿੱਠੀ ਧਾਰ ਹੈ । "ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਅੰਗ 1275" ।

**ਗੁਰਬਾਣੀ ਨੂੰ ਨਿਰਮਲ ਬਾਣੀ ਵੀ ਕਿਹਾ ਹੈ!**

ਜਿਹਨਾਂ ਦਾ ਅੰਦਰ (ਮਨ) ਨਿਰਮਲ ਹੁੰਦਾ ਹੈ, ਉਹਨਾਂ ਦੀ ਬਾਣੀ ਵੀ ਨਿਰਮਲ ਹੁੰਦੀ ਹੈ; ਉਹ ਅਡੋਲ ਹੋ ਕੇ ਪ੍ਰਭੂ ਦੇ ਗੁਣ ਗਾਉਂਦੇ ਹਨ । "ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥6॥ ਅੰਗ 113" । ਨਿਰਮਲ ਬਾਣੀ ਮਨ ਵਿਚ ਵਸਾਉਣ ਨਾ਼ਲ ਨਿਰਮਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਧਿਆਨ ਅਤਿ ਨਿਰਮਲ ਹੋ ਜਾਂਦਾ ਹੈ (ਭਾਵ ਧਿਆਨ ਵਿਕਾਰਾਂ ਵਲ ਨਹੀਂ ਜਾਂਦਾ) । "ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥3॥ ਅੰਗ 121" । 'ਨਿਰਮਲ' ਤੇ ਸੁੰਦਰ ਸ਼ਬਦ ਹੇ ਪ੍ਰਭੂ ਤੇਰੀ ਬਾਣੀ ਅਤਿ ਨਿਰਮਲ ਹੈ । "ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਅੰਗ 279" ।

**ਬਾਕੀ ਹਿਸਾ ਅਗਲੇ ਹਫ਼ਤੇ**

ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.............................................................
ADDRESS........................................................
..........................................POST CODE..........................
TEL..................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*


**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ: M: 07966 388 388**

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

ਕਿਸ਼ਤ-32

# ਗੰਧਲੇ ਰਿਸ਼ਤੇ

**ਦਿਨ-ਬ-ਦਿਨ ਇਹੋ ਜਿਹੀਆਂ ਘਟਨਾਵਾਂ ਹੁੰਦੀਆਂ ਰਹਿਣੀਆਂ, ਮੈਨੂੰ ਆਪਣੇ-ਆਪ ਨਾਲ ਘਿਰਣਾ ਮਹਿਸੂਸ ਹੋਣ ਲੱਗ ਗਈ ਸੀ। ਮੇਰਾ ਖੁਦ ਦਾ ਸਭਾਅ ਚਿੜਚਿੜਾ ਹੋਣ ਲੱਗ ਗਿਆ । ਜਦ ਉਸ ਦੇ ਘਰ ਜਾਣਾ ਮਾਤਾ ਨੇ ਮੈਨੂੰ ਵਾਧੂ ਫੀਲ ਕਰਾਉਣ 'ਚ ਕੋਈ ਕਸਰ ਨਾ ਛੱਡਣੀ । ਉਸ ਨੂੰ ਦੱਸਣ ਦੀ ਕੋਸ਼ਿਸ਼ ਕਰਨੀ ਤਾਂ ਉਸ ਨੇ ਭੜਕ ਉਠਣਾ। ਖਬਰਦਾਰ ਜੇ ਮੇਰੀ ਮਾਮ ਬਾਰੇ ਕੁਝ ਕਿਹਾ ਤਾਂ ਉਹ ਮੇਰਾ ਰੋਕ ਹੈ ਰੋਕ। ਮੈਂ ਕਿਸੇ ਨਾਲ ਗੱਲ ਵੀ ਨਹੀਂ ਕਰ ਸਕਦੀ ਸੀ।''**

**''ਰੋਕ ਹੈ, ਉਹ ਕਿਵੇਂ?''**

**ਮੈਂ ਕੈਲਾਸ਼ ਜੀ ਤੋਂ ਹੈਰਾਨ ਹੋ ਕੇ ਸਵਾਲ ਪੁੱਛਿਆ।**

**''ਕੀ ਪਤਾ ਬੀਰਾ ਅੱਗ ਲੱਗਣਾ ਮੈਂ ਤਾਂ ਸੁਣਿਆ ਹੀ ਪਹਿਲੀ ਵਾਰ ਸੀ ਕਿ ਕੋਈ ਆਪਣੀ ਮਾਂ ਨੂੰ ਰੋਕ ਸੱਦਦਾ ਹੈ।'' ਇੰਨਾ ਆਖ ਕੈਲਾਸ਼ ਵੀ ਹੱਸ ਪਈ।**




ਮੈਂ ਅੰਦਰ ਜਾ ਕਿ ਦੇਖਣਾ ਤਾਂ ਕੁਝ ਵੀ ਖਾਣ ਲਈ ਵੀ ਨਾ ਬਣਾਇਆ ਹੋਣਾ। ਦੇਖ ਕੇ ਮੈਂਨੂੰ ਤਕਲੀਫ ਵੀ ਹੋਣੀ ਕਿ ਇਹ ਅਚਾਨਕ ਕੀ ਹੋ ਰਿਹਾ ਹੈ। ਸਭ ਕੁਝ ਕਿਉਂ ਬਦਲ ਰਿਹਾ।

ਮੈਂ ਉਸ ਨਾਲ ਗੱਲ ਕਰਨੀ ਕਿ ਤੇਰੀ ਮਾਮ ਬਦਲ ਕਿਉਂ ਗਈ ਤਾਂ ਉਸਨੇ ਮੈਨੂੰ ਆਪਣੇ ਸੁਭਾਅ ਅਨੁਸਾਰ ਟੁੱਟ ਕੇ ਪੈ ਜਾਣਾ ਜੋ ਅਕਸਰ ਅੱਜ-ਕੱਲ ਮੇਰੇ ਪ੍ਰਤੀ ਉਸ ਦਾ ਸੁਭਾਅ ਬਣਦਾ ਜਾ ਰਿਹਾ ਸੀ।

''ਤੂੰ ਆਪ ਪੁੱਛ ਲਾ ਮਾਮ ਨੂੰ ਮੈਨੂੰ ਕਿਉਂ ਕਹਿੰਦੀ ਹੈ, ਉਨ੍ਹਾਂ ਦੀ ਗੱਲ ਹੈ ਉਨ੍ਹਾਂ ਨਾਲ ਕਰ, ਮੇਰੇ ਨਾਲ ਨਹੀ।''

ਮੈਂ ਆਖਦੀ ਕਿ ਮੈਂ ਤੇਰੀ ਤੀਵੀਂ ਹਾਂ ਜੇ ਮੈਨੂੰ ਕੋਈ ਗਲ ਖਟਕੇਗੀ ਤਾਂ ਮੈਂ ਤੇਰੇ ਨਾਲ ਹੀ ਕਰਾਂਗੀ ਕਿਸੇ ਹੋਰ ਨਾਲ ਥੋੜੇ।

ਫਿਰ ਆਪ ਹੀ ਜਦ ਉਸ ਦਾ ਮੂਡ ਚੰਗਾ ਹੁੰਦਾ। ਮੈਂ ਉਸ ਨੂੰ ਆਖ ਦਿੰਦੀ ਹੋਰ ਕੁਝ ਨਹੀਂ ਇਹ ਜੈਲਸੀ ਕੰਪਲੈਕਸ ਹੈ ਤੇਰੀ ਮਾਂ ਆਪਣੇ ਰਿਸ਼ਤੇ ਤੋਂ ਜੈਲਸ ਹੋ ਰਹੀ ਆ। ਇਹ ਇੰਗਲੈਂਡ ਦੀਆਂ ਬਹੁਤ ਸਾਰੀਆ ਤੀਵੀਆਂ ਦੀ ਕੋਮਨ ਪ੍ਰੋਬਲਮ ਹੈ ਬੀਰਾ, ਉਹ ਪਹਿਲਾਂ ਰੱਬ ਅੱਗੇ ਅਰਦਾਸ ਕਰੀ ਜਾਣਗੀਆਂ ਕਿ ਟੁੱਟੇ ਘਰ ਵੱਸ ਜਾਣ ਉਨ੍ਹਾਂ ਦੇ ਮੁੰਡਿਆ ਦੇ ਤੇ ਜਦ ਵੱਸ ਜਾਂਦੇ ਹਨ ਤਾਂ ਸ਼ਾਇਦ ਉਨ੍ਹਾਂ ਨੂੰ ਆਪਣਾ ਕੰਟਰੋਲ ਜਾਂਦਾ ਦਿਖਾਈ ਦੇਣ ਲੱਗ ਜਾਂਦਾ ਹੈ ਆਪਣੇ ਮੁੰਡਿਆ 'ਤੇ । ਫਿਰ ਇਹੋ ਜਿਹੀ ਡਰਾਮੇ ਕਰਨੇ ਸਟਾਰਟ ਕਰ ਦਿੰਦੀਆਂ ਹਨ ਕਿ ਦੁਬਾਰਾ ਉਹ ਰੰਡਾ ਹੋ ਜਾਏ ਤੇ ਉਨ੍ਹਾਂ ਮਗਰ ਹੀ ਮਾਮ-ਮਾਮ ਕਰਦਾ ਫਿਰੇ।''

''ਹਾਂ ਤੁਸੀਂ ਸਹੀ ਕਹਿੰਦੇ ਹੋ, ਇੱਥੇ ਇੰਗਲੈਂਡ ਦੀ ਇਹ ਬਹੁਤ ਵੱਡੀ ਤਰਾਸਦੀ ਰਹੀ ਹੈ ਕਿ ਇੱਥੇ ਦੀ ਬੁੜੀਆਂ ਹੀ ਆਪਣੇ ਨਿਆਣਿਆਂ ਦਾ ਘਰ ਵੱਸਣ ਨਹੀਂ ਦਿੰਦੀਆਂ। ਮੈਂ ਵੀ ਇਹੋ ਜਿਹੀ ਕੈਟਗਰੀ ਦੀਆਂ ਕੁਝ ਬੁੜੀਆਂ ਨੂੰ ਜਾਣਦੀ ਹਾਂ ਕੈਲਾਸ਼ ਜੀ ਇਹ ਬਹੁਤ ਖਤਰਨਾਕ ਕੈਟਾਗਰੀ ਹੈ।''

''ਹੋਰ ਨਹੀਂ ਤਾਂ ਕੀ.. ਮੈਂ ਤੇ ਆਪਣਾ ਆਪ ਫਸਿਆ ਮਹਿਸੂਸ ਕਰ ਰਹੀ ਸਾਂ, ਉਹ ਜਨਾਨੀ ਰੋਜ਼ ਕੋਈ ਨਾ ਕੋਈ ਪੰਗਾ ਪਾ ਛੱਡਦੀ। ਮੈਂ ਬਥੇਰਾ ਕੋਸ਼ਿਸ਼ ਕਰਦੀ ਕਿ ਸਭ ਠੀਕ ਰਹੇ ਪਰ ਉਸ ਨੇ ਜਿਸ ਤਰ੍ਹਾਂ ਸੋਹੰ ਹੀ ਖਾ ਲਈ ਸੀ ਸਾਨੂੰ ਦੋਹਾਂ ਨੂੰ ਅੱਲਗ ਕਰਨ ਦੀ।''

ਉਸ ਦੀ ਕੀਤੀ ਹਰ ਗੱਲ ਹਰ ਚਲਾਕੀ ਮੇਰੇ ਤੱਕ ਪਹੁੰਚ ਜਾਂਦੀ ।

''ਤੁਹਾਨੂੰ ਕੋਈ ਪ੍ਰਵਾਰ ਵਿੱਚੋਂ ਹੀ ਦੱਸ ਦਿੰਦਾ ਸੀ?''

''ਹਾਂ ਬੀਰਾਂ।''

ਮੈਂ ਸਾਡਾ ਦੋਹਾਂ ਦਾ ਰਿਸ਼ਤਾਂ ਨਹੀਂ ਵਿਗਾੜਨਾ ਚਾਹੁੰਦੀ ਸੀ.... ਮੇਰਾ ਮੋਹ ਵੀ ਸੀ ਉਸ ਨਾਲ। ਇੱਕ ਵਾਰ ਮੈਂ ਤਿੰਨ ਦਿਨਾਂ ਲਈ ਉੱਥੇ ਗਈ। ਉਸ ਦਿਨ ਸ਼ਨੀਵਾਰ ਸੀ। ਹਰ ਸ਼ਨੀਵਾਰ ਇਹ ਟੱਬਰ ਬਾਹਰੋਂ ਹੀ ਖਾਣਾ ਮੰਗਾਉਂਦਾ। ਉਸ ਦਿਨ ਉਹ ਮੈਨੂੰ ਆਖਣ ਲੱਗ ਗਿਆ ਆ ਜਾ ਆਪਾਂ ਬਾਹਰੋਂ ਪੀਜ਼ਾ ਚੁੱਕ ਲਿਆਈਏ। ਮੈ ਸ਼ੂ ਪਾ ਕੇ ਉਸ ਨਾਲ ਕਾਰ ਵੱਲ ਤੁਰ ਪਈ।

ਬਾਹਰ ਨਿਕਲਣ ਲੱਗੇ ਤਾਂ ਉਹ ਸਾਹਮਣੇ ਆ ਖੜੋਈ ,

''ਕਿੱਧਰ ਚੱਲਿਆ?''

ਪਰਮ ਕਹਿੰਦਾ ਪੀਜ਼ਾ ਲੈਣ ਚੱਲੇ ਹਾਂ।

ਅੱਗਿਓਂ ਕਹਿੰਦੀ, ਕੈਨ ਵੀ ਅਫੋਰਡ ਇਟ, ਤੇਰੇ ਕੋਲ ਪੈਸੇ ਹਨ, ਮੈਂ ਦਿਆ, ਮੇਰੇ ਕੋਲ ਪੰਜ ਪੌਂਡ ਹਨ ਉਹ ਲੈ ਜਾ ਜੇ ਲੈ ਕੇ ਜਾਣੇ।''

''ਉਹ ਮਾਈ ਗੋਡ, ਸੱਚੀ ਕੈਲਾਸ਼ ਜੀ, ਕਾਂਟ ਬਲੀਵ ਇੰਟ।''

ਮੈਂ ਹੈਰਾਨ ਸਾਂ ਗੱਲਾਂ ਸੁਣ ਸੁਣ।

''ਬੀਰਾ ਮੈਂ ਸ਼ੌਕ ਹੋ ਗਈ ਮਾਤਾ ਦੀ ਇਹ ਗਲ ਸੁਣ ਕੇ, ਅਸਲ ਵਿੱਚ ਉਹ ਮੈਨੂੰ ਇਹ ਦਿਖਾਲਣਾ ਚਾਹੁੰਦੀ ਸੀ ਕਿ ਪਰਮ ਕੋਲ ਪੈਸੇ ਨਹੀਂ ਹਨ, ਕਿਤੇ ਇਹ ਪੈਸਿਆਂ ਕਰ ਕੇ ਨਾ ਮਗਰ ਲੱਗੀ ਹੋਵੇ ਉਸ ਦੇ।''

''ਪਰ ਬੀਰਾ ਰੱਬ ਦੀ ਸੁੰਹ ਮੈਨੂੰ ਉਸ ਦੇ ਪੈਸਿਆਂ ਦਾ ਕੋਈ ਭਾਅ ਨਹੀਂ ਸੀ, ਨਾ ਕੋਈ ਆਸ ਹੀ ਸੀ, ਭਾਂਵੇ ਉਹ ਮੇਰਾ ਆਦਮੀ ਸੀ ਫਿਰ ਵੀ ਮੈਂ ਇਹ ਸੋਚਦੀ ਕਿ ਜਦ ਮੈਂ ਉਸ ਕੋਲ ਜਾ ਕੇ ਪਰਮਾਨੈਂਟ ਰਹਾਂਗੀ ਉਦੋਂ ਦੇਖੀ ਜਾਵੇਗੀ ਹਾਲੇ ਮੈਂ ਆਪਣਾ ਖਰਚਾ ਆਪ ਚੁੱਕ ਰਹੀ ਸਾਂ।''

ਦਿਨ-ਬ-ਦਿਨ ਇਹੋ ਜਿਹੀਆਂ ਘਟਨਾਵਾਂ ਹੁੰਦੀਆਂ ਰਹਿਣੀਆਂ, ਮੈਨੂੰ ਆਪਣੇ-ਆਪ ਨਾਲ ਘਿਰਣਾ ਮਹਿਸੂਸ ਹੋਣ ਲੱਗ ਗਈ ਸੀ। ਮੇਰਾ ਖੁਦ ਦਾ ਸਭਾਅ ਚਿੜਚਿੜਾ ਹੋਣ ਲੱਗ ਗਿਆ । ਜਦ ਉਸ ਦੇ ਘਰ ਜਾਣਾ ਮਾਤਾ ਨੇ ਮੈਨੂੰ ਵਾਧੂ ਫੀਲ ਕਰਾਉਣ 'ਚ ਕੋਈ ਕਸਰ ਨਾ ਛੱਡਣੀ । ਉਸ ਨੂੰ ਦੱਸਣ ਦੀ ਕੋਸ਼ਿਸ਼ ਕਰਨੀ ਤਾਂ ਉਸ ਨੇ ਭੜਕ ਉਠਣਾ। ਖਬਰਦਾਰ ਜੇ ਮੇਰੀ ਮਾਮ ਬਾਰੇ ਕੁਝ ਕਿਹਾ ਤਾਂ ਉਹ ਮੇਰਾ ਰੋਕ ਹੈ ਰੋਕ। ਮੈਂ ਕਿਸੇ ਨਾਲ ਗੱਲ ਵੀ ਨਹੀਂ ਕਰ ਸਕਦੀ ਸੀ।''

''ਰੋਕ ਹੈ, ਉਹ ਕਿਵੇਂ?''

ਮੈਂ ਕੈਲਾਸ਼ ਜੀ ਤੋਂ ਹੈਰਾਨ ਹੋ ਕੇ ਸਵਾਲ ਪੁੱਛਿਆ।

''ਕੀ ਪਤਾ ਬੀਰਾ ਅੱਗ ਲੱਗਣਾ ਮੈਂ ਤਾਂ ਸੁਣਿਆ ਹੀ ਪਹਿਲੀ ਵਾਰ ਸੀ ਕਿ ਕੋਈ ਆਪਣੀ ਮਾਂ ਨੂੰ ਰੋਕ ਸੱਦਦਾ ਹੈ।''

ਇੰਨਾ ਆਖ ਕੈਲਾਸ਼ ਵੀ ਹੱਸ ਪਈ।

''ਹਾਏ ਹਾਏ ਫਿਰ ਮਾਈ ਨੇ ਤਾਂ ਪੂਰਾ ਵੱਸ 'ਚ ਕੀਤਾ ਸੀ ਉਸ ਨੂੰ।''

''ਹਾਂ ਇੰਝ ਹੀ ਕਹਿ ਲਾ ਮਾਤਾ ਚਾਲਾਂ ਚੱਲਦੀ ਗਈ, ਅਸੀਂ ਦੂਰ ਹੁੰਦੇ ਗਏ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਉਸ ਦੀ ਵਜ੍ਹਾ ਨਾਲ ਸਾਡੇ 'ਚ ਫਰਕ ਨਾ ਪਵੇ। ਪਰ ਉਹ ਜਨਾਨੀ ਪਾਕਿਸਤਾਨੀ ਡਰਾਮੇ ਦੇਖ-ਦੇਖ ਪੂਰੀ ਟਰੇਂਡ ਹੋਈ ਸੀ ।

ਹੱਦ ਉਸ ਵੇਲੇ ਹੋਣ ਲੱਗ ਗਈ ਜਦ ਉਹ ਘਰ ਵਿੱਚ ਉਸ ਦੀ ਪੁਰਾਣੀ ਜਨਾਨੀ ਦੀਆਂ ਪੁਰਾਣੀਆਂ ਫੋਟੋਆਂ ਕੱਢ ਕੇ ਲਾਉਣ ਲੱਗ ਗਈ ।

ਉਸ ਨੂੰ ਪਤਾ ਸੀ ਮੈਂ ਫੋਟੋ ਦੇਖ ਕੇ ਪਰਮ ਨਾਲ ਲੜਾਂਗੀ। ਪਰ ਇਸ ਤਰ੍ਹਾਂ ਦਾ ਕੁਝ ਨਾ ਹੋਇਆ। ਮੈਂ ਬਹੁਤ ਹੀ ਸੁੱਚਜੇ ਢੰਗ ਨਾਲ ਪਰਮ ਨਾਲ ਗਲ ਕੀਤੀ ਕਿ ਆਹ ਜੋ ਹੋ ਰਿਹਾ ਇਹ ਸਹੀ ਨਹੀਂ ਹੈ। ਮੈ ਤੇਰੇ ਨਾਲ ਇਸ ਕਰ ਕੇ ਨਹੀਂ ਜੁੜੀ। ਇਹ ਮਾਹੌਲ ਮੇਰੇ ਲਈ ਨਹੀਂ ਹੈ, ਮੇਰਾ ਦਮ ਘੁੱਟ ਰਿਹਾ ਹੈ ਇਸ ਮਾਹੌਲ ਵਿੱਚ।

ਕਿੱਥੇ ਮੈਂ ਪੜ੍ਹਨ-ਲਿਖਣ ਵਾਲੀ ਇੱਕ ਸੁਲਝੀ ਹੋਈ ਔਰਤ। ਸੌ ਲੋਕਾਂ 'ਚ ਉੱਠਣਾ-ਬੈਠਣਾ ਕਿੱਥੇ ਮੈਂ ਇੱਕ ਬਜੁਰਗ ਔਰਤ ਦੀਆਂ ਚਾਲਾਂ ਦਾ ਮੋਹਰਾ ਬਣ ਕੇ ਰਹਿ ਗਈ ਸਾਂ। ਮੈਂ ਬਹੁਤ ਪ੍ਰੇਸ਼ਾਨ ਰਹਿਣ ਲੱਗੀ । ਹੁਣ ਦੋ ਹਫਤੇ ਬਾਅਦ ਮੇਰਾ ਜਾਣਾ ਬੰਦ ਹੋ ਗਿਆ ਹੁਣ ਮੈਂ ਚਾਰ ਹਫਤੇ ਬਾਅਦ ਜਾਂਦੀ ਉਹ ਵੀ ਵਿੱਚ-ਵਿੱਚ ਮੇਰੇ ਵੱਲ ਦੋ ਦਿਨ ਰਹਿ ਜਾਂਦਾ ।

''ਜਦ ਉਹ ਤੁਹਾਡੇ ਵੱਲ ਆਂਉਦਾ ਉਦੋਂ ਸਭਾਅ ਕਿੱਦਾਂ ਹੁੰਦਾ ਉਨ੍ਹਾਂ ਦਾ?''

''ਓਥੇ ਨਾਲੋਂ ਅਲੱਗ ਬਹੁਤ ਅਲੱਗ, ਪਿਆਰ ਨਾਲ ਬੋਲਦਾ, ਤਿਹ ਕਰਦਾ ਬਹੁਤ ਵਧੀਆ ਰਹਿੰਦਾ।''

ਪਰ ਜਦ ਮੈਂ ਉੱਥੇ ਜਾਂਦੀ ਤਾਂ ਬਿਲਕੁਲ ਅਲੱਗ ਹੁੰਦਾ।

''ਇਸ ਦਾ ਮਤਲੱਬ ਮੇਨ ਪੁਆੜੇ ਦੀ ਜੜ੍ਹ ਉਹ ਬੁੜੀ ਹੀ ਸੀ ਕੈਲਾਸ਼ ਜੀ?''

''ਹਾਂ ਸ਼ਾਇਦ, ਪਰ ਉਸ ਦਾ ਆਪਣਾ ਵੀ ਤਾਂ ਦਿਮਾਗ ਸੀ, ਮੈਂ ਹੈਰਾਨ ਸਾਂ ਕਿ ਉਸ ਨੂੰ ਕਿਉਂ ਦਿਖਾਈ ਨਹੀਂ ਦੇ ਰਿਹਾ ਸੀ।''

ਖ਼ੈਰ ਉਹ ਮੈਨੂੰ ਆਖਦਾ ਮੇਰੀ ਮਾਂ ਮੇਰਾ ਸਭ ਕੁਝ ਆ ਮੇਰਾ ਰੋਕ ਆ ਮੇਰੀ ਮਾਂ । ਮੇਰੀ ਤੀਂਵੀ ਜਾਣ ਬਾਅਦ ਮੇਰੀ ਮਾਂ ਨੇ ਮੇਰਾ ਘਰ ਸਾਂਭਿਆ, ਮੇਰੇ ਨਿਆਣੇ ਸਾਂਭੇ। ਜੇ ਮੇਰੇ ਮਾਂ-ਪੇ ਨਾ ਹੁੰਦੇ ਮੇਰੇ ਨਿਆਣੇ ਕਿਸਨੇ ਪਾਲਣੇ ਸਨ। ਜੇ ਮੇਰੇ ਨਾਲ ਤੂੰ ਰਹਿਣਾ ਤੈਨੂੰ ਮੇਰੇ ਮਾਂ-ਪੇ ਦਾ ਸਤਿਕਾਰ ਕਰਨਾ ਪੈਣਾ। ਉਹ ਜੋ ਮਰਜ਼ੀ ਕਰਨ ਬੋਲਣ ਤੂੰ ਕੁੱਝ ਨਹੀਂ ਬੋਲ ਸਕਦੀ ਨਾ ਕਹਿ ਸਕਦੀ। ਮੈਂ ਤੈਨੂੰ ਛੱਡ ਸਕਦਾ ਆਪਣੇ ਮਾਂ ਪਿਓ ਨੂੰ ਨਹੀਂ।''

''ਹਾਏ ਹਾਏ ਆਹ ਕੀ ਸੀ !''

ਮੈਂ ਗੱਲਾਂ ਸੁਣ-ਸੁਣ ਹੈਰਾਨ ਹੋ ਰਹੀ ਸਾਂ।

ਦੁੱਖ ਦੀ ਗੱਲ ਤਾਂ ਇਹ ਸੀ ਬੀਰਾ ਕਿ ਮੈਂ ਆਪਣੀ ਜ਼ੁਬਾਨ ਵਿੱਚੋਂ ਇੱਕ ਵੀ ਲਫਜ਼ ਉਨ੍ਹਾਂ ਦੋਹਾਂ ਨੂੰ ਕਦੀ ਮਾੜਾ ਨਹੀਂ ਬੋਲਿਆ ਸੀ। ਹਮੇਸ਼ਾ ਮੰਮੀ ਜੀ ਡੈਡੀ ਜੀ ਕਹਿ ਕੇ ਹੀ ਗੱਲ ਕੀਤੀ ਸੀ। ਜੇ ਕੁਝ ਗੱਲ ਹੁੰਦੀ ਸੀ ਤਾਂ ਬਸ ਉਸ ਨੂੰ ਆਖ ਦਿੰਦੀ ਕਿ ਉਹ ਬਦਲ ਗਈ ਹੈ। ਕਿਉਂ ਬਦਲੀ ਇਸ ਸਵਾਲ ਦੀ ਹੁਣ ਮੈਨੂੰ ਸਮਝ ਆ ਗਈ ਸੀ। ਖ਼ੈਰ ਸਮ੍ਹਾਂ ਚਾਲੇ ਚੱਲਦਾ ਗਿਆ, ਮੈਂ ਮਾਤਾ ਦਾ ਉਸ ਕੋਲ ਜ਼ਿਕਰ ਕਰਨਾ ਬੰਦ ਕਰ ਦਿੱਤਾ ਉਹ ਜੋ ਵੀ ਚਾਲਾਂ ਚੱਲਦੀ ਮੈਂ ਇਗਨੋਰ ਕਰ ਦਿੰਦੀ। ਮੈਂ ਆਪਣਾ ਘਰ ਹਰ ਹਾਲ 'ਚ ਵਸਾਉਣਾ ਚਾਹੁੰਦੀ ਸੀ । ਮੇਰਾ ਜਨਮਦਿਨ ਨੇੜੇ ਆ ਰਿਹਾ ਸੀ ।

ਉਸ ਨੇ ਆਪ ਹੀ ਮੈਨੂੰ ਕਿਹਾ ਕੰਮ ਤੋਂ ਵੀਕ ਦੀਆਂ ਛੁੱਟੀਆਂ ਲੈ ਲੈ ਆਪਾਂ ਆਊਟ ਔਫ ਕੰਟਰੀ ਘੁੰਮਣ ਚੱਲਦੇ ਹਾਂ। ਮੈਂ ਵੀ ਛੁੱਟੀਆਂ ਲੈ ਲੈਣੀਆਂ ਹਨ ।

''ਉਹ, ਇਹ ਤਾਂ ਤੁਹਾਡੇ ਲਈ ਖੁਸ਼ਖਬਰੀ ਸੀ।''

''ਹਾਂ ਮੈਂ ਖੁਦ ਹੈਰਾਨ ਸੀ, ਮੈਂ ਸੋਚਿਆ ਸ਼ੁਕਰ ਹੈ ਮਾਲਕਾਂ ਸਾਡੇ 'ਚ ਸਭ ਠੀਕ ਹੋਣ ਲੱਗਾ।''

ਮੈਂ ਵੀਕ ਦੀਆਂ ਛੁੱਟੀਆਂ ਲੈ ਲਈਆਂ ਤੇ ਉਸ ਨੇ ਵੀ। ਸਿਰਫ ਦੋ ਵੀਕ ਰਹਿ ਗਈਆਂ ਸਨ ਮੇਰੇ ਬਰਥਡੇ ਦੀਆਂ, ਪਰ ਉਸ ਨੇ ਹਾਲੇ ਵੀ ਕਿਤੇ ਜਾਣ ਲਈ ਕੁੱਝ ਬੁੱਕ ਨਹੀਂ ਕੀਤਾ ਸੀ।

ਜਦ ਅਸੀਂ ਨਵੇਂ-ਨਵੇਂ ਮਿਲੇ ਸਾਂ ਉਹ ਗੱਲਾਂ ਵਿੱਚ ਕੇਪ ਟਾਊਨ, ਬਾਲੀ, ਮੌਰੇਸ਼ਿਸ਼, ਬਾਰਬਡੋਸ, ਕਿਊਬਾ ਪਤਾ ਨਹੀਂ ਕਿੱਥੇ-ਕਿੱਥੇ ਦੇ ਸੁਪਨੇ ਦਿਖਾਉਂਦਾ ਸੀ ।

**ਚਲਦਾ....**

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



**ਗਿਆਨੀ ਗੁਰਦਿੱਤ ਸਿੰਘ ਜੀ ਪੰਥ ਦੇ ਉਘੇ ਤੇ ਗੁਰਮਤਿ ਨੂੰ ਪ੍ਰਣਾਏ ਹੋਏ ਅਜਿਹੇ ਵਿਦਵਾਨ ਹੋਏ ਹਨ, ਜਿਹਨਾਂ ਨੇ ਉਸ ਸਮੇਂ ਸਿੰਘ ਸਭਾ ਲਹਿਰ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਇਆ । ਉਹਨਾਂ ਨੇ ਗੁਰਮਤਿ ਸਬੰਧੀ ਆਪਣੀਆਂ ਲਿਖਤਾਂ ਰਾਹੀਂ ਸਿੱਖਾਂ ਵਿੱਚ ਜਾਗਰਤੀ ਲਿਆਉਣ ਲਈ ਸਖਤ ਮਿਹਨਤ ਕੀਤੀ। ਇਹ ਉਸ ਸਮਾਂ ਸੀ, ਜਦੋਂ ਸਿੱਖ ਪੰਥ ਵਿੱਚ ਮਜ਼ਹਬ ਅਤੇ ਧਰਮ ਦੇ ਨਾਂ ਤੇ ਆਮ ਜਨਤਾ ਵਿੱਚ ਵਰਣ ਵੰਡ ਜ਼ੋਰਾਂ ਤੇ ਸੀ । ਕਈ ਕਹਿੰਦੇ ਕਹਾਉਂਦੇ ਸਿੱਖ ਵੀ ਜਾਤ-ਪਾਤੀ ਨਿਜ਼ਾਮ ਦਾ ਸ਼ਿਕਾਰ ਸਨ। ਗਿਆਨੀ ਗੁਰਦਿੱਤ ਸਿੰਘ ਜੀ ਨੇ ਗੁਰਮਤਿ ਦਾ ਪ੍ਰਚਾਰ ਕਰਨ ਹਿੱਤ ਜੋ ਸਫਲ ਉਪਰਾਲੇ ਕੀਤੇ ਉਹਨਾਂ ਵਿੱਚ ਆਪ ਜੀ ਦੁਆਰਾ ਲਿਖਤ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' ਭਗਤ ਬਾਣੀ ਭਾਗ (ਐਡੀਸ਼ਨ-ਦੂਜਾ) ਇਥੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਸ਼ੁਰੂ ਕਰ ਰਹੇ ਹਾਂ। ਉਮੀਦ ਹੈ ਕਿ ਪੰਜਾਬ ਟਾਈਮਜ਼ ਦੇ ਪਾਠਕ ਇਸ ਤੋਂ ਲਾਭ ਲੈਣਗੇ । ਆਪਣੇ ਵਿਚਾਰ ਇਸ ਸਬੰਧੀ ਜ਼ਰੂਰ ਲਿਖ ਕੇ ਭੇਜੋ। – ਸੰਪਾਦਕ**

## ਪ੍ਰਸਤਾਵਨਾ

ਜਿਨ੍ਹਾਂ ਦੇ ਮਨ ਵਿੱਚ ਮਾਨਵ ਜੀਵਨ ਤੇ ਆਤਮਕ ਉਨਤੀ ਦੀ ਸੁੱਚੀ ਜਗਿਆਸਾ ਵਾਸ ਕਰਦੀ ਹੈ, ਜੋ ਅਗਾਹਾਂ ਕੂ ਤ੍ਰਾਂਘ ਦੇ ਪਾਂਧੀ ਹਨ, ਜੋ ਆਤਮਿਕ ਅਨੰਦ ਦੇ ਗੁੱਝੇ ਰਹੱਸ ਮਾਣਦੇ ਹਨ, ਜਿਨ੍ਹਾਂ ਨੇ ਸ਼ਬਦ ਵਿੱਚ ਨਿਵਾਸ ਕਰਦੇ ਬ੍ਰਹਮ ਨੂੰ ਖੋਜਣਾ ਤੇ ਪਾਉਣਾ ਜੀਵਨ ਦਾ ਲਕਸ਼ ਬਣਾਇਆ ਹੈ; ਜਿਨ੍ਹਾਂ ਦੇ ਹਿਰਦਿਆਂ ਵਿੱਚ ਅੰਮ੍ਰਿਤ ਭਿੰਨੀਆਂ ਦੈਵੀ ਖ਼ੁਸ਼ਬੋਆਂ ਮਚਲ ਰਹੀਆਂ ਹਨ, ਜਿਨ੍ਹਾਂ ਨੇ ਧੁਰ ਕੀ ਬਾਣੀ ਵਿੱਚ ਅਵਤਰੇ ਪਰਮ ਤੱਤ ਨੂੰ ਪਛਾਣਿਆ ਹੈ, ਜਿਨ੍ਹਾਂ ਨਾਮ ਅਤੇ ਨਾਮੀ ਦੇ ਭੇਦ ਦੇ ਪੜਦੇ ਦੂਰ ਕਰ ਦਿੱਤੇ ਹਨ; ਜਿਨ੍ਹਾਂ ਦੀ ਘਾਲਣਾ ਨੇ ਮਾਨਵ ਸਥਲ ਵਿੱਚ ਸੇਵਾ ਦੀ ਸਦੀਵੀ ਹਰਿਆਲੀ ਵਾੜੀ ਉਤਪੰਨ ਕੀਤੀ ਹੋਈ ਹੈ, ਇਕ ਨਿਵੇਦਕ ਦੇ ਰੂਪ ਵਿੱਚ ਸ਼ਰਧਾ ਨਾਲ ਸਰਸ਼ਾਰ ਹੋ ਕੇ ਉਨ੍ਹਾਂ ਦੇ ਪਰਮ ਪ੍ਰਨੀਤ ਚਰਨਾਂ ਉੱਤੇ ਲੇਖਕ ਆਪਣਾ ਭਾਵਨਾ ਦਾ ਅਰਘ ਭੇਟ ਕਰਦਾ ਹੈ:-

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ
ਨਾਨਕ ਕੀ ਅਰਦਾਸਿ॥

(ਤਿਲੰਗ ਮ: 1-722)

ਮਨੁੱਖਤਾ ਦੇ ਜਿਨ੍ਹਾਂ ਦਰਦਵੰਦਾਂ ਨੇ ਗੁਰਮਤਿ ਦੇ ਆਦਰਸ਼ ਦੀ ਆਤਮਿਕ ਲੋੜ ਸਭ ਲਈ ਸਾਂਝੀ ਸਮਝੀ ਹੈ ਗੁਰਬਾਣੀ ਦੇ ਦੱਸੇ ਮੰਤਵਾਂ ਤੇ ਮੁੱਖ ਮੁੱਦਿਆਂ ਨੂੰ ਸੰਸਾਰ ਦੇ ਭਲੇ ਲਈ ਲਾਭਵੰਦੇ ਅਨੁਭਵ ਕੀਤਾ ਹੈ, ਜਿਨ੍ਹਾਂ ਨੇ ਅਜਿਹੇ ਵਾਤਾਵਰਣ ਦੀ ਉਪਜ ਜ਼ਰੂਰੀ ਸਮਝੀ- ਜਿਥੇ ਗੁਰਮਤਿ ਦੀ ਚਰਚਾ ਹੋਵੇ, ਗੁਰੂ ਸਾਹਿਬਾਨ ਨੇ ਜੋ ਪ੍ਰੇਮ ਭਾਵ ਦਾ ਅਹਿਸਾਸ ਉਭਾਰਿਆ ਉਸ ਨੂੰ ਪੂਰੀ ਤਰ੍ਹਾਂ ਪ੍ਰਚਾਰਨ ਲਈ ਢੰਢੋਰਾ ਦਿੱਤਾ। ਨਾਲ ਹੀ ਹੋਰ ਭਾਸ਼ਾਵਾਂ ਦੇ ਵਿਚਾਰਕਾਂ ਦੀ ਸੁਰਤ ਟੁੰਬਣ ਲਈ ਦੇਸੀ ਤੇ ਵਿਦੇਸ਼ੀ ਚਿੰਤਕਾਂ ਨੂੰ ਆਹਰੇ ਲੱਗਣ ਵਾਸਤੇ ਪ੍ਰੇਰਿਆ ਹੈ, ਜੋ ਨਵੇਂ ਯੁੱਗ ਦੀ ਰਚਨਾ ਕਰਨ ਵਾਲੇ ਸੋਮੇ ਨੂੰ ਲੱਭਕੇ, ਗੁਰਲਾਧੋ ਰੇ ਦਾ ਪੱਲਾ ਫੇਰ ਰਹੇ ਹਨ,-ਜਿਨ੍ਹਾਂ ਨੇ ਆਪਣੇ, ਮਜ਼ਹਬੀ ਮਿਸ਼ਨਰੀ ਤਅੱਸਬ ਦੇ ਘੇਰੇ ਵਿੱਚੋਂ ਨਿਕਲ ਕੇ ਮਾਨਵਤਾ ਦੀ ਭਲਾਈ ਲਈ ਆਦਰਸ਼ਕ ਸੋਚਾਂ ਸਾਂਝੀਆਂ ਕਰਨ ਲਈ ਵੰਗਾਰ ਪਾਈ ਹੈ, ਜਿਨ੍ਹਾਂ ਨੇ ਗੁਰੂ ਨਾਨਕ ਜੀ ਦੀ ਸਿੱਖਿਆ ਨੂੰ ਗੁਣ ਦੋਸ਼ ਦੇ ਆਧਾਰ ਉੱਤੇ ਪਰਖ ਕੇ, ਮਨੁੱਖ ਦੇ ਭਵਿੱਖ ਦੇ ਪਾਰ ਨਿਸਤਾਰੇ ਵਾਲਾ ਗਾਡੀ ਰਾਹ ਸਵੀਕਾਰ ਕੀਤਾ ਹੈ, ਜਿਨ੍ਹਾਂ ਨੇ ਗੁਰਮਤ ਦੇ ਕੇਂਦਰੀ ਧੁਰੇ, ਸਰਬੱਤ ਦੇ ਭਲੇ ਦਾ ਮਹੱਤਵ ਜਾਣਿਆ ਹੈ; ਅਜਿਹਾ ਮਹੱਤਵ ਜਿਸ ਜਿਹੀ ਹੋਰ ਸੋਚ ਉਪਜੀ ਹੀ ਨਹੀਂ, ਗੁਰੂ ਨਾਨਕ ਜੀ ਦੀ ਦੇਸ਼ ਵਿਦੇਸ਼ ਭਰਮਣ ਕਰਕੇ ਦਿੱਤੀ ਮਨੋਹਰ ਸਿੱਖਿਆ ਦੇ ਗੁਣਾਂ ਦੀਆਂ ਪਟਾਰੀਆਂ ਦੇਸ਼ੀ ਵਿਦੇਸ਼ੀ ਲੋਕਾਂ ਅੱਗੇ ਖੋਲ੍ਹੀਆਂ ਹਨ। ਗੁਰੂ ਜੀ ਦੀ ਹਰ ਥਾਂ ਵਰਤੀ ਹਲੀਮੀ ਭਰੀ ਜੁਗਤ, ਵਿਆਪਕ ਉਦਾਰਤਾ, ਭਰਾਤਰੀ ਭਾਵ, ਸਾਂਝੀਵਾਲਤਾ ਦੇ ਪੱਖ ਉਜਾਗਰ ਕਰਨ ਵਾਲੀਆਂ ਝਾਕੀਆਂ ਉੱਤੇ ਝਾਤੀਆਂ ਪਾਈਆਂ ਹਨ। ਸਮਾਜਿਕ ਸੰਘਰਸ਼, ਰੀਤਾਂ ਰਸਮਾਂ ਦੇ ਸੁਧਾਰ ਦੇ ਪਹਿਲੂ ਉਘਾੜੇ ਹਨ, ਜਿਨ੍ਹਾਂ ਨੇ ਸੰਸਾਰ ਦੇ ਮਨੁੱਖਾਂ ਲਈ ਲੋੜੀਂਦੇ ਸਾਂਝੇ ਸਮਾਜਿਕ ਵਿਰਸੇ ਦੀ ਵਸਤੂ ਦੀ ਗੁਰਮਤਿ ਦ੍ਰਿਸ਼ਟੀਕੋਣ ਤੋਂ ਘੋਖ ਕੀਤੀ ਹੈ, ਮਾਨਵ ਹਿਤੈਸ਼ੀਆਂ ਨੂੰ ਹਿਲੂਣਿਆ ਹੈ ਤਿਨ੍ਹਾਂ ਪ੍ਰਤੀ ਮਨ ਵਿੱਚ ਅਰਦਾਸ ਭਿੰਨੀ ਭਾਵਨਾ ਉਪਜਦੀ ਹੈ :

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ
ਬਲਿ ਗੁਰ ਕਰਤਾਰਾ॥

(ਮਲਾਰ ਮ: 1-1255)


ਗੁਰੂ ਨਾਨਕ ਜੀ ਦੀ ਦ੍ਰਿਸ਼ਟੀ ਦੀ ਵਿਸ਼ਾਲਤਾ, ਸਭ ਤੋਂ ਵਧੀਕ ਧਿਆਨ ਖਿੱਚਣ ਵਾਲੀ ਹੈ। ਸਰਬੱਤ ਦਾ ਭਲਾ ਦਾ ਉਨ੍ਹਾਂ ਦਾ ਨਾਅਰਾ ਸੀ ਸਤਿਗੁਰ ਸਭਨਾ ਦਾ ਭਲਾ ਮਨਾਇਦਾ। ਏਹੋ ਆਦਰਸ਼ ਸੀ ਅਤੇ ਏਹੋ ਲਖਸ਼ ਸੀ। ਜਿਸ ਨਾਲ ਜੀਵਨ ਭਰ ਨੌਂ ਖੰਡ ਮੇਦਨੀ ਵਿੱਚ ਭਰਮਣ ਕੀਤਾ। ਪੀੜਤਾਂ ਦੇ ਦਰਦੀ ਬਣ ਕੇ ਹਰ ਦੇਸ਼, ਹਰਿਕ ਜਾਤੀ ਦੇ ਹਰ ਭਾਂਤ ਦੀ ਰੁਹਾਨੀ ਤੇ ਮਾਨਸਿਕ ਅਤੇ ਆਤਮਿਕ ਪੀੜਾਂ ਨਾਲ ਕਰਾਹ ਰਹੇ ਲੋਕਾਂ ਦੇ ਮਨ ਮਸਤਕ ਉੱਤੇ, ਸੁੱਖ ਸ਼ਾਂਤੀ ਦੇ ਫਹੇ ਰੱਖੇ। ਮਨ ਦੀਆਂ ਗੁੰਝਲਾਂ ਖੋਲ੍ਹੀਆਂ। ਨਿਰਾਸ਼ਤਾ ਨਾਲ ਮੁਰਝਾਏ ਲੋਕਾਂ ਨੂੰ ਸਦ ਖੁਸ਼ੀਆਂ ਸਦਚਾਉ ਦੇ ਮੰਡਲ ਦੇ ਵਾਸੀ ਬਣਾਇਆ।

ਉਨ੍ਹਾਂ ਯਾਤਰਾਵਾਂ ਕੀਤੀਆਂ, ਬਾਣੀ ਰਚੀ, ਨਾਥਾਂ ਯੋਗੀਆਂ, ਸਿਧਾਂ ਨਾਲ ਗੋਸ਼ਟਾਂ ਕੀਤੀਆਂ। ਜਿਨ੍ਹਾਂ ਨਾਲ ਸੰਪਰਕ ਪੈਦਾ ਕੀਤਾ, ਉਨ੍ਹਾਂ ਲਈ ਹਰ ਇਕ ਕਿਰਿਆ ਵਿੱਚ ਮਨੁੱਖਤਾ ਦੇ ਦੁੱਖ ਹਰਨ ਵਾਲੀ ਵੇਦਨਾ ਝਲਕਾਰੇ ਮਾਰਦੀ ਹੈ। ਉਨ੍ਹਾਂ ਜਾਣਿਆ ਮਨੁੱਖੀ ਦੁੱਖਾਂ ਦਾ ਮੁੱਖ ਕਾਰਨ, ਇਕ ਮਨੁੱਖ ਦਾ ਦੂਜੇ ਪ੍ਰਤੀ ਮੰਦਾ ਵਰਤਾਉ ਹੈ। ਮਜ਼ਹਬੀ ਖਿਚਾਉ ਹੈ (ਖਹਿ ਖਹਿ ਮਰਦੇ ਬਾਹਮਣ ਮੌਲਾਣੇ) ਦੂਜਾ ਕਾਰਨ ਸੀ, ਅਗਿਆਨਤਾ; ਤੰਗ ਦਿਲੀ; ਜਾਤੀ; ਜਮਾਤੀ, ਕੌਮੀ ਵਖੇਵੇਂ। ਸਤਿਗੁਰਾਂ ਨੇ ਪ੍ਰੇਮ ਸ਼ਾਂਤੀ, ਭਰਾਤਰੀ ਭਾਵ ਦੀ ਮਲ੍ਹਮ ਲਗਾਕੇ ਘਾਉ ਮੇਲੇ, ਮਨੁੱਖਾਂ ਦੇ ਅੰਦਰੋਂ ਹੀ ਦੈਵੀ ਭਾਵ ਜਗਾ ਕੇ ਰਾਕਸ਼ਾਂ ਨੂੰ ਦੇਵਤੇ ਬਣਾਇਆ। ਇਕ ਦੂਜੇ ਪ੍ਰਤੀ ਪਿਆਰ ਦੇ ਵਰਤਾਰੇ ਦੀ ਅਮਲੀ ਜਾਚ ਸਿਖਾਈ। ਸੂਖਮਮ ਹਉਮੈ ਦੀਆਂ ਅਲਾਮਤਾਂ ਪਛਾਣਕੇ ਕੁਦਰਤੀ ਅਤੇ ਸਰਲ ਸੁਖਾਵਾਂ ਜੀਵਨ ਜੀਉਣ ਦੀਆਂ ਜਾਚਾਂ ਦੱਸੀਆਂ। ਸਭ ਮਨੁੱਖ ਇਕੋ ਮਿੱਟੀ ਦੇ ਹਨ- ਬਹੁ ਬਿਧ ਭਾਂਡੇ ਘੜੇ ਘੁਮਾਰਾ। ਸਭਨਾ ਨਾਲ ਪ੍ਰੇਮ ਪਿਆਰ ਵਾਲੇ ਵਰਤਾਉ ਅਤੇ ਸੱਚਾ ਫਰਜ਼ ਅਨੁਭਵ ਕਰਾਇਆ। ਮਨੁੱਖੀ ਸਾਂਝਾਂ ਦੇ ਰਿਸ਼ਤੇ ਜਗਾਏ ਖਾਲਕ ਦਾ ਖਲਕ ਵਿੱਚ ਵਾਸਾ ਦੱਸਿਆ। ਆਪੋ ਆਪਣਾ ਵੱਖਰਾ ਸੱਚ ਸਮਝਣ ਦੀ ਸੋਚ ਗ਼ਲਤ ਦੱਸੀ। ਸੱਚ ਇਕੋ ਹੈ। ਰੱਬ ਇਕੋ ਹੈ। ਫਿਰ ਉਸ ਰੱਬ ਦੀ ਦੁਨੀਆਂ ਦੇ ਲੋਕਾਂ ਦੇ ਵੱਖੋ ਵੱਖਰੇ ਰਾਹ ਕਿਉਂ? ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ।

ਗੁਰੂ ਨਾਨਕ ਜੀ ਸੱਚ ਦਾ ਪਰਮ ਤੱਤ ਲੈਕੇ ਆਏ, ਉਨ੍ਹਾਂ ਨੇ ਸਤਿਨਾਮ ਦੇ ਸੂਖਮ ਅਤੇ ਸਥੂਲ ਰੂਪਾਂ ਦੇ ਭੇਦ ਅਤੇ ਰਹੱਸ ਸਮਝਾਉਣ ਲਈ, ਤੀਰਥ ਪੁਰਬ ਸਭੈ ਫਿਰ ਦੇਖੈਂ, ਹਰ ਪਾਸੇ ਪਸਰੇ ਹੋਏ ਦੰਭ ਪਰਪੰਚ ਦੇ ਭਰਮ ਜਾਲ ਤੋੜ ਕੇ ਅਨੇਕਾਂ ਤਰੀਕਿਆਂ ਨਾਲ ਗਾਡੀ ਰਾਹ ਉੱਤੇ ਚੱਲਣ ਦਾ ਮਾਰਗ ਦਰਸ਼ਨ ਕੀਤਾ: ਗੁਰਮੁਖ ਗਾਡੀ ਰਾਹ ਚਲਾਇਆ

ਰੱਬੀ ਪ੍ਰੀਤ ਅਤੇ ਪਰਮ ਦੈਵੀ ਹਸਤੀ ਦੇ ਨੂਰ ਤੱਕ ਪਹੁੰਚ ਹਰ ਵਿਅਕਤੀ ਦਾ ਹੱਕ ਅਨੁਭਵ ਕਰਾਇਆ। ਸਭਨਾਂ ਨੂੰ ਇਕ ਦੂਜੇ ਨਾਲ ਮਿਲਾਪ ਦੇ ਸਾਰੇ ਸਾਧਨ ਵਰਤਣ ਦਾ ਸੰਦੇਸ਼ ਦਿੱਤਾ। ਮਾਨਸਿਕ, ਬਲਕਿ ਸਰੀਰਕ ਸੁੱਖਾਂ ਦੀ ਪ੍ਰਾਪਤੀ ਦਾ ਭੀ ਸਭਨਾਂ ਨੂੰ ਇਕੋ ਜਿਹਾ ਅਧਿਕਾਰੀ ਜਣਾਇਆ। ਇਸ ਪ੍ਰਯੋਜਨ ਲਈ, ਸਰਵਦੇਸ਼ੀ ਵਾਤਾਵਰਣ ਰਚਿਆ। ਹਰ ਭਾਂਤ ਦੀਆਂ ਵਿਰੋਧਤਾਈਆਂ ਦੇ ਹੱਦ ਬੰਨੇ ਭੰਨੇ। ਸਭਨਾਂ ਮੁਲਕਾਂ, ਸਭਨਾਂ ਜਾਤੀਆਂ ਦੇ ਮਨੁੱਖਾਂ ਅੰਦਰ ਨਵੀਂ ਚੇਤਨਾ ਦੇਕੇ, ਸੁੱਤੀਆਂ, ਸੁੱਖਦਾਇਕ; ਪ੍ਰੰਤੂ ਪੂਰਨ ਹੋਣ ਵਾਲੀਆਂ ਆਸ਼ਾਵਾਂ ਜਗਾਈਆਂ।

ਸਭ ਤੋਂ ਲਾਭਵੰਦਾ ਅਤੇ ਉੱਤਮ ਕਰਮ ਇਹ ਕੀਤਾ, ਆਪਣੀਆਂ ਅਨੁਭਵੀ ਸੋਚਾਂ ਤੇ ਲੋਚਾ; ਅਨੁਭਵੀ ਤਜਰਬੇ, ਸੁਗੰਧੀ ਜਿਹੀ ਸੰਕੇਤਾਂ ਦੀ, ਮੂੰਹੋ ਬੋਲਦੀ, ਸ਼ਬਦੀ ਚਿਤਰਾਵਲੀ ਨਿਰੂਪਣ ਕਰ ਦਿੱਤੀ। ਫੁਰਨਿਆਂ ਜਿਹੇ ਸੂਖਮ ਭਾਵਾਂ ਸ਼ਬਦ ਦੀਪਕ




ਦੀਪਾਇਓਂ - ਦੀ ਨੂਰਾਨੀ ਅਬੁੱਝ ਦੀਪਾਵਲੀ ਜਗਾ ਦਿੱਤੀ। ਅੰਧਕਾਰ ਵਿਨਾਸ਼ਕ ਗਿਆਨ ਪ੍ਰਕਾਸ਼ੀ ਕੋਮਲ ਜੁਗਤਾਂ, ਜਾਦੂ ਭਰੀਆਂ ਜੀਵਨ ਛੋਹਾਂ ਨੂੰ ਵਿਲੱਖਣ ਢੰਗ ਨਾਲ ਸੰਭਾਲਿਆ। ਜਦੋਂ ਭੀ ਜਿਥੇ, ਜਗਿਆਸਾ ਦੀ ਭੂਮੀ ਤਿਆਰ ਹੋਵੇ ਤਾਂ ਉਨ੍ਹਾਂ ਖਿਆਲਾਂ ਦੇ ਬੀਜ ਡਿੱਗਦਿਆਂ ਹੀ ਕਰੂੰਬਲਾਂ ਨਿਕਲ ਆਉਣ। ਹਰ ਕੋਈ ਆਪਣੇ ਅੰਦਰ ਉਪਜੀ ਆਤਮਿਕ ਸੁੱਖਾਂ ਦੀ ਹਰੀ ਭਰੀ ਵਾੜੀ ਦਾ ਆਨੰਦ ਮਾਣ ਸਕੇ। ਉੱਚ ਮੰਡਲਾਂ ਵਿੱਚੋਂ ਅੰਮ੍ਰਿਤ ਰਸ ਚੱਖ ਕੇ ਆਪਣੀ ਦੇਹੀ ਨੂੰ ਜਿੰਨੀ ਚਾਹੇ ਅੰਮ੍ਰਿਤ ਭਿੰਨੀ ਕੰਚਨ ਵੰਨੀ ਬਣਾ ਲਵੇ।

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ
ਧਿਆਨ ਵਿੱਚ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ
ਕਰਮਿ ਧਿਆਈ॥

(ਸਲੋਕ ਮ: 2-1243)

ਜਿਸ ਵੇਲੇ ਇਸ ਅੰਮ੍ਰਿਤ ਬਾਣੀ ਦਾ ਪ੍ਰਕਾਸ਼ ਸਤਿਗੁਰਾਂ ਰਾਹੀਂ ਹੋਇਆ। ਧਾਰਮਿਕ ਗਿਆਨ ਗ੍ਰੰਥਾਂ ਦੀ ਕੋਈ ਘਾਟ ਨਹੀਂ ਸੀ। ਵੇਦਾਂ, ਪੁਰਾਣਾ, ਸੁਰਤੀਆਂ, ਸਿਮਰਤੀਆਂ, ਦਾਰਸ਼ਨਿਕ ਗ੍ਰੰਥਾਂ ਦਾ ਚੋਖਾ ਬੋਲਬਾਲਾ ਸੀ। ਭਗਤੀ ਜਿਹੀ ਸਰਲ ਪ੍ਰਕਿਰਿਆ ਉੱਤੇ ਭੀ ਗੂੜ੍ਹ ਭਾਸ਼ ਲਿਖੇ ਜਾ ਰਹੇ ਸਨ। ਅੱਗੋਂ ਉਨ੍ਹਾਂ ਭਾਸ਼ਾਂ ਦੇ ਹੋਰ ਟੀਕੇ ਤੇ ਵਿਆਖਿਆ ਦੇ ਗ੍ਰੰਥ, ਵਿਦਵਾਨ ਅਚਾਰੀਆ ਰੱਚ ਕੇ ਆਪਣੀ ਵਿਦਵਤਾ ਦੇ ਜੌਹਰ ਦਿਖਾ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਕਿਸੇ ਗ੍ਰੰਥ ਦਾ ਭਾਸ਼ ਨਹੀਂ ਰਚਿਆ। ਕਿਸੇ ਮਜ਼ਹਬ ਜਾਂ ਧਰਮ, ਵੈਸ਼ਣਵ ਧਰਮ, ਸ਼ੈਵਧਰਮ, ਵੈਦਿਕ ਧਰਮ ਜਾਂ ਇਸਲਾਮ ਦੀ ਸਿੱਖਿਆ ਕਬੂਲ ਨਹੀਂ ਕੀਤੀ। ਜ਼ਮਾਨਾ, ਆਪਣੇ ਗਿਆਨ ਨੂੰ ਕਿਸੇ ਪ੍ਰਸਿੱਧ ਗ੍ਰੰਥ ਉਤੇ ਨਿਰਭਰ ਕਰਕੇ ਉਸ ਦੇ ਅਰਥ ਅਤੇ ਵਿਆਖਿਆ ਰਾਹੀਂ ਆਪਣੇ ਵਿਚਾਰ ਪ੍ਰਗਟਾਉਣ ਦੀਆਂ ਰੀਤਾਂ ਦਾ ਸੀ। ਗੁਰੂ ਜੀ ਨੇ ਏਨ੍ਹਾਂ ਸਭਨਾਂ ਰਚਨਾਵਾਂ ਬਾਰੇ ਕਿਹਾ:-

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆਂ
ਨਾਮ ਬਿਨਾ ਸਭਿ ਕੂੜ ਗਾਲ੍ਹੀਂ ਹੋਛੀਆਂ॥

(ਸੂਹੀ ਮ: 5-761)

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

# ਬੰਦਾ ਕੀ ਕਰੇ... ?

**ਸੰਦੀਪ ਕੁਮਾਰ**
7009807121



ਅੱਜ ਦੇ ਸਮੇਂ ਵਿੱਚ, ਜਦੋਂ ਸਮਾਜ ਪਦਾਰਥਵਾਦ ਅਤੇ ਮੁਕਾਬਲੇਬਾਜ਼ੀ ਦੀ ਦੌੜ ਵਿੱਚ ਅੰਨ੍ਹਾ ਹੋ ਚੁੱਕਾ ਹੈ, ਇਨਸਾਨ ਨੂੰ ਇੱਕ ਅਜਿਹੀ ਦੋਧਾਰੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿੱਥੇ ਸੱਚ ਅਤੇ ਝੂਠ ਦੀ ਚੋਣ ਨਾ ਸਿਰਫ ਉਸ ਦੀ ਨੀਤੀ ਨੂੰ ਪਰਖਦੀ ਹੈ, ਸਗੋਂ ਉਸ ਦੇ ਰਿਸ਼ਤਿਆਂ ਦੀ ਮਜ਼ਬੂਤੀ ਨੂੰ ਵੀ ਚੁਣੌਤੀ ਦਿੰਦੀ ਹੈ। "ਬੰਦਾ ਕੀ ਕਰੇ...?" ਇਹ ਸਵਾਲ ਅੱਜ ਹਰ ਉਸ ਵਿਅਕਤੀ ਦੇ ਮਨ ਵਿੱਚ ਗੂੰਜਦਾ ਹੈ, ਜੋ ਇਸ ਸੰਸਾਰ ਦੀਆਂ ਪੇਚੀਦਗੀਆਂ ਵਿੱਚ ਫਸਿਆ ਹੋਇਆ ਹੈ। ਜੇਕਰ ਉਹ ਸੱਚ ਬੋਲਦਾ ਹੈ, ਤਾਂ ਉਸ ਦੀਆਂ ਗੱਲਾਂ ਦੂਜਿਆਂ ਨੂੰ ਮਿਰਚਾਂ ਵਾਂਗ ਚੁਭਦੀਆਂ ਹਨ, ਅਤੇ ਜੇਕਰ ਝੂਠ ਦਾ ਸਹਾਰਾ ਲੈਂਦਾ ਹੈ, ਤਾਂ ਅੰਦਰੋ-ਅੰਦਰੀ ਪਾਪ ਦੀ ਭਾਵਨਾ ਉਸ ਨੂੰ ਲਾਹਣਤਾ ਪਾਉਂਦੀ ਹੈ।

ਇਹ ਸਥਿਤੀ ਸਿਰਫ ਵਿਅਕਤੀਗਤ ਜੀਵਨ ਤੱਕ ਹੀ ਸੀਮਤ ਨਹੀਂ, ਸਗੋਂ ਸਮਾਜ ਦੇ ਹਰ ਰਿਸ਼ਤੇ -ਚਾਹੇ ਉਹ ਪਰਿਵਾਰਕ ਹੋਣ, ਦੋਸਤੀ ਦੇ ਹੋਣ, ਜਾਂ ਪੇਸ਼ੇਵਰ -ਉੱਤੇ ਭਾਰੀ ਪੈ ਰਹੀ ਹੈ। ਇਸ ਲੇਖ ਵਿੱਚ ਅਸੀਂ ਇਸ ਦੋਧਾਰੀ ਸਥਿਤੀ ਦੀ ਡੂੰਘਾਈ ਨਾਲ ਪੜਚੋਲ ਕਰਾਂਗੇ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਅਜਿਹੇ ਸਮੇਂ ਵਿੱਚ ਇਨਸਾਨ ਦੇ ਸਾਹਮਣੇ ਕੀ ਵਿਕਲਪ ਹਨ।

ਅੱਜ ਦਾ ਸਮਾਜ ਪਦਾਰਥਵਾਦੀ ਸੋਚ ਦੇ ਚੱਕਰ ਵਿੱਚ ਇੰਨਾ ਫਸ ਗਿਆ ਹੈ ਕਿ ਰਿਸ਼ਤਿਆਂ ਦੀ ਨਿੱਘ ਅਤੇ ਸੰਵੇਦਨਸ਼ੀਲਤਾ ਕਿਤੇ ਪਿੱਛੇ ਰਹਿ ਗਈ ਹੈ। ਲੋਕ ਸਫਲਤਾ, ਸੰਪਤੀ ਅਤੇ ਸਮਾਜਿਕ ਰੁਤਬੇ ਦੀ ਦੌੜ ਵਿੱਚ ਅਜਿਹੇ ਅੰਨ੍ਹੇ ਹੋ ਚੁੱਕੇ ਹਨ ਕਿ ਉਹ ਦੂਜਿਆਂ ਨੂੰ ਨੀਵਾਂ ਦਿਖਾਉਣ ਜਾਂ ਪਿੱਛੇ ਛੱਡਣ ਦੀ ਕੋਸ਼ਿਸ਼ ਵਿੱਚ ਹਰ ਸੰਭਵ ਜਤਨ ਕਰਦੇ ਹਨ। ਇਸ ਮੁਕਾਬਲੇਬਾਜ਼ੀ ਦੀ ਸੋਚ ਨੇ ਸਮਾਜ ਵਿੱਚ ਇੱਕ ਅਜਿਹੀ ਮਾਨਸਿਕਤਾ ਪੈਦਾ ਕਰ ਦਿੱਤੀ ਹੈ, ਜਿੱਥੇ ਸੱਚ ਅਤੇ ਸਚਿਆਈ ਨੂੰ ਸਵੀਕਾਰ ਕਰਨ ਦੀ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ। ਜਦੋਂ ਕੋਈ ਵਿਅਕਤੀ ਸੱਚ ਬੋਲਦਾ ਹੈ, ਤਾਂ ਉਸ ਦੀ ਗੱਲ ਨੂੰ ਅਕਸਰ ਨਕਾਰ ਦਿੱਤਾ ਜਾਂਦਾ ਹੈ, ਕਿਉਂਕਿ ਸੱਚ ਕੌੜਾ ਹੁੰਦਾ ਹੈ ਅਤੇ ਇਹ ਦੂਜਿਆਂ ਦੀ ਅਹੰਕਾਰ ਨੂੰ ਠੇਸ ਪਹੁੰਚਾਉਂਦਾ ਹੈ। ਇਸ ਦੇ ਉਲਟ, ਜੇਕਰ ਇਨਸਾਨ ਝੂਠ ਬੋਲ ਕੇ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਅੰਦਰੋ-ਅੰਦਰੀ ਇੱਕ ਗਲਤੀ ਦਾ ਅਹਿਸਾਸ ਹੁੰਦਾ ਹੈ, ਜੋ ਉਸ ਦੀ ਅੰਤਰ-ਆਤਮਾ ਨੂੰ ਚੈਨ ਨਹੀਂ ਲੈਣ ਦਿੰਦਾ। ਇਸ ਤਰ੍ਹਾਂ, ਇਨਸਾਨ ਦੋਵੇਂ ਪਾਸਿਆਂ ਤੋਂ ਫਸ ਜਾਂਦਾ ਹੈ, ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਉਸ ਦੇ ਰਿਸ਼ਤਿਆਂ ਨੂੰ ਹੁੰਦਾ ਹੈ।

ਪੰਜਾਬੀ ਸਭਿਆਚਾਰ ਵਿੱਚ, ਜਿੱਥੇ ਰਿਸ਼ਤਿਆਂ ਨੂੰ ਸਦਾ ਹੀ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਸੀ, ਅੱਜ ਉਹੀ ਰਿਸ਼ਤੇ ਕਮਜ਼ੋਰ ਪੈ ਰਹੇ ਹਨ। ਪਹਿਲਾਂ ਪਰਿਵਾਰ ਇਕੱਠੇ ਬੈਠਦੇ ਸਨ, ਗੱਲਬਾਤ ਕਰਦੇ ਸਨ, ਇੱਕ-ਦੂਜੇ ਦੀਆਂ ਸਮੱਸਿਆਵਾਂ ਸੁਣਦੇ ਸਨ ਅਤੇ ਉਨ੍ਹਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਸਨ। ਪਰ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿੱਚ, ਲੋਕਾਂ ਕੋਲ ਸਮਾਂ ਹੀ ਨਹੀਂ ਹੈ ਕਿ ਉਹ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਣ। ਸੋਸ਼ਲ ਮੀਡੀਆ ਅਤੇ ਤਕਨੀਕ ਨੇ ਸੰਵਾਦ ਦੀ ਇਸ ਕਮੀ ਨੂੰ ਹੋਰ ਵਧਾ ਦਿੱਤਾ ਹੈ। ਲੋਕ ਆਪਣੀਆਂ ਭਾਵਨਾਵਾਂ ਨੂੰ ਸੋਸ਼ਲ ਮੀਡੀਆ 'ਤੇ ਅਜਨਬੀਆਂ ਨਾਲ ਸਾਂਝੀਆਂ ਕਰ ਲੈਂਦੇ ਹਨ, ਪਰ ਆਪਣੇ ਨਜ਼ਦੀਕੀ ਰਿਸ਼ਤਿਆਂ ਨਾਲ ਖੁੱਲ੍ਹ ਕੇ ਗੱਲ ਕਰਨ ਤੋਂ ਕਤਰਾਉਂਦੇ ਹਨ। ਨਤੀਜੇ ਵਜੋਂ, ਗਲਤਫਹਿਮੀਆਂ ਵਧਦੀਆਂ ਹਨ, ਅਤੇ ਰਿਸ਼ਤਿਆਂ ਵਿੱਚ ਦਰਾਰਾਂ ਪੈ ਜਾਂਦੀਆਂ ਹਨ।



**ਸੋਸ਼ਲ ਮੀਡੀਆ ਦੇ ਇਸ ਯੁਗ ਨੇ ਸੱਚ ਅਤੇ ਝੂਠ ਦੀ ਇਸ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਲੋਕ ਆਪਣੀ ਜ਼ਿੰਦਗੀ ਦੀਆਂ ਚੋਣਵੀਆਂ ਖੁਸ਼ੀਆਂ ਨੂੰ ਸੋਸ਼ਲ ਮੀਡੀਆ 'ਤੇ ਪੇਸ਼ ਕਰਦੇ ਹਨ, ਜਿਸ ਨਾਲ ਦੂਜਿਆਂ ਵਿੱਚ ਅਸੁਰੱਖਿਆ ਅਤੇ ਈਰਖਾ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਕਾਰਨ, ਲੋਕ ਸੱਚ ਨੂੰ ਲੁਕਾਉਣ ਅਤੇ ਝੂਠੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ, ਜੋ ਰਿਸ਼ਤਿਆਂ ਵਿੱਚ ਵਿਸ਼ਵਾਸ ਨੂੰ ਹੋਰ ਘਟਾਉਂਦੀ ਹੈ। ਇਸ ਦੇ ਨਾਲ ਹੀ, ਸੋਸ਼ਲ ਮੀਡੀਆ 'ਤੇ ਫੈਲਦੀ ਗਲਤ ਜਾਣਕਾਰੀ ਅਤੇ ਅਫਵਾਹਾਂ ਨੇ ਵੀ ਲੋਕਾਂ ਦੇ ਵਿਸ਼ਵਾਸ ਨੂੰ ਡਗਮਗਾਇਆ ਹੈ। ਅਜਿਹੇ ਵਿੱਚ, ਜਦੋਂ ਕੋਈ ਸੱਚ ਬੋਲਦਾ ਹੈ, ਤਾਂ ਉਸ ਨੂੰ ਸਵੀਕਾਰ ਕਰਨ ਦੀ ਬਜਾਏ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਇਸ ਸਥਿਤੀ ਦਾ ਸਭ ਤੋਂ ਵੱਡਾ ਅਸਰ ਸਾਡੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ 'ਤੇ ਪੈ ਰਿਹਾ ਹੈ। ਪੰਜਾਬੀ ਸਮਾਜ, ਜੋ ਆਪਣੀ ਸਾਂਝ ਅਤੇ ਇਕੱਠ ਦੀ ਵਿਰਾਸਤ ਲਈ ਜਾਣਿਆ ਜਾਂਦਾ ਸੀ, ਅੱਜ ਵਿਅਕਤੀਵਾਦ ਅਤੇ ਸਵਾਰਥ ਦੀ ਲਪੇਟ ਵਿੱਚ ਆ ਗਿਆ ਹੈ।**

ਇਸ ਦੋਧਾਰੀ ਸਥਿਤੀ ਦਾ ਸਭ ਤੋਂ ਵੱਡਾ ਕਾਰਨ ਸਮਾਜ ਵਿੱਚ ਵਧਦੀ ਸਵਾਰਥੀ ਸੋਚ ਅਤੇ ਬੇਭਰੋਸਗੀ ਹੈ। ਅੱਜ ਦੇ ਸਮੇਂ ਵਿੱਚ, ਲੋਕ ਆਪਣੇ ਸਵਾਰਥ ਨੂੰ ਪਹਿਲ ਦਿੰਦੇ ਹਨ, ਅਤੇ ਇਸ ਕਾਰਨ ਉਹ ਸੱਚ ਨੂੰ ਸਵੀਕਾਰ ਕਰਨ ਦੀ ਬਜਾਏ ਝੂਠ ਨੂੰ ਸਹਿਣਾ ਸੌਖਾ ਸਮਝਦੇ ਹਨ। ਪਰ ਜਦੋਂ ਝੂਠ ਦਾ ਪਰਦਾਫਾਸ਼ ਹੁੰਦਾ ਹੈ, ਤਾਂ ਰਿਸ਼ਤਿਆਂ ਵਿੱਚ ਵਿਸ਼ਵਾਸ ਟੁੱਟ ਜਾਂਦਾ ਹੈ। ਉਦਾਹਰਣ ਵਜੋਂ, ਪਰਿਵਾਰਕ ਰਿਸ਼ਤਿਆਂ ਵਿੱਚ ਜੇਕਰ ਮਾਤਾ-ਪਿਤਾ ਜਾਂ ਬੱਚੇ ਇੱਕ-ਦੂਜੇ ਨਾਲ ਸੱਚ ਨਹੀਂ ਬੋਲਦੇ, ਤਾਂ ਉਨ੍ਹਾਂ ਦੇ ਵਿੱਚਕਾਰ ਦੂਰੀਆਂ ਵਧਦੀਆਂ ਹਨ। ਇਸੇ ਤਰ੍ਹਾਂ, ਵਿਆਹੁਤਾ ਜੀਵਨ ਵਿੱਚ, ਜੇਕਰ ਪਤੀ-ਪਤਨੀ ਇੱਕ-ਦੂਜੇ ਨਾਲ ਸੱਚਾਈ ਨਾਲ ਪੇਸ਼ ਨਹੀਂ ਆਉਂਦੇ, ਤਾਂ ਉਨ੍ਹਾਂ ਦੇ ਰਿਸ਼ਤੇ ਵਿੱਚ ਤਣਾਅ ਪੈਦਾ ਹੁੰਦਾ ਹੈ। ਪੇਸ਼ੇਵਰ ਜੀਵਨ ਵਿੱਚ ਵੀ, ਜੇਕਰ ਸਹਿਕਰਮੀ ਜਾਂ ਅਧਿਕਾਰੀ ਝੂਠ ਦਾ ਸਹਾਰਾ ਲੈਂਦੇ ਹਨ, ਤਾਂ ਵਿਸ਼ਵਾਸ ਦੀ ਕਮੀ ਕਾਰਨ ਕੰਮ ਦੀ ਗੁਣਵੱਤਾ ਅਤੇ ਸਹਿਯੋਗ 'ਤੇ ਅਸਰ ਪੈਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਨਾਲ ਸਮਾਜਿਕ ਤਾਨੇ-ਬਾਣੇ ਵਿੱਚ ਉਲਝਣਾਂ ਵੱਧ ਜਾਂਦੀਆਂ ਹਨ।

ਸੋਸ਼ਲ ਮੀਡੀਆ ਦੇ ਇਸ ਯੁਗ ਨੇ ਸੱਚ ਅਤੇ ਝੂਠ ਦੀ ਇਸ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਲੋਕ ਆਪਣੀ ਜ਼ਿੰਦਗੀ ਦੀਆਂ ਚੋਣਵੀਆਂ ਖੁਸ਼ੀਆਂ ਨੂੰ ਸੋਸ਼ਲ ਮੀਡੀਆ 'ਤੇ ਪੇਸ਼ ਕਰਦੇ ਹਨ, ਜਿਸ ਨਾਲ ਦੂਜਿਆਂ ਵਿੱਚ ਅਸੁਰੱਖਿਆ ਅਤੇ ਈਰਖਾ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਕਾਰਨ, ਲੋਕ ਸੱਚ ਨੂੰ ਲੁਕਾਉਣ ਅਤੇ ਝੂਠੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ, ਜੋ ਰਿਸ਼ਤਿਆਂ ਵਿੱਚ ਵਿਸ਼ਵਾਸ ਨੂੰ ਹੋਰ ਘਟਾਉਂਦੀ ਹੈ। ਇਸ ਦੇ ਨਾਲ ਹੀ, ਸੋਸ਼ਲ ਮੀਡੀਆ 'ਤੇ ਫੈਲਦੀ ਗਲਤ ਜਾਣਕਾਰੀ ਅਤੇ ਅਫਵਾਹਾਂ ਨੇ ਵੀ ਲੋਕਾਂ ਦੇ ਵਿਸ਼ਵਾਸ ਨੂੰ ਡਗਮਗਾਇਆ ਹੈ। ਅਜਿਹੇ ਵਿੱਚ, ਜਦੋਂ ਕੋਈ ਸੱਚ ਬੋਲਦਾ ਹੈ, ਤਾਂ ਉਸ ਨੂੰ ਸਵੀਕਾਰ ਕਰਨ ਦੀ ਬਜਾਏ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਇਸ ਸਥਿਤੀ ਦਾ ਸਭ ਤੋਂ ਵੱਡਾ ਅਸਰ ਸਾਡੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ 'ਤੇ ਪੈ ਰਿਹਾ ਹੈ। ਪੰਜਾਬੀ ਸਮਾਜ, ਜੋ ਆਪਣੀ ਸਾਂਝ ਅਤੇ ਇਕੱਠ ਦੀ ਵਿਰਾਸਤ ਲਈ ਜਾਣਿਆ ਜਾਂਦਾ ਸੀ, ਅੱਜ ਵਿਅਕਤੀਵਾਦ ਅਤੇ ਸਵਾਰਥ ਦੀ ਲਪੇਟ ਵਿੱਚ ਆ ਗਿਆ ਹੈ। ਪਹਿਲਾਂ ਜਿੱਥੇ ਸੰਯੁਕਤ ਪਰਿਵਾਰ ਇੱਕ-ਦੂਜੇ ਦੀਆਂ ਸਮੱਸਿਆਵਾਂ ਨੂੰ ਸਾਂਝੇ ਤੌਰ 'ਤੇ ਸੁਲਝਾਉਂਦੇ ਸਨ, ਅੱਜ ਉੱਥੇ ਇਕੱਲੇ ਪਰਿਵਾਰ ਅਤੇ ਵਿਅਕਤੀਗਤ ਸੁਖ-ਸਹੂਲਤਾਂ ਨੇ ਜਗ੍ਹਾ ਲੈ ਲਈ ਹੈ। ਬੱਚੇ ਆਪਣੇ ਮਾਤਾ-ਪਿਤਾ ਨਾਲ ਸਮਾਂ ਬਿਤਾਉਣ ਦੀ ਬਜਾਏ ਆਪਣੀ ਵਰਚੁਅਲ ਦੁਨੀਆ ਵਿੱਚ ਖੋਏ ਰਹਿੰਦੇ ਹਨ। ਵਿਆਹੁਤਾ ਜੀਵਨ ਵਿੱਚ ਵੀ, ਸੰਵਾਦ ਦੀ ਕਮੀ ਕਾਰਨ ਛੋਟੀਆਂ-ਛੋਟੀਆਂ ਗੱਲਾਂ ਵੱਡੇ ਝਗੜਿਆਂ ਦਾ ਰੂਪ ਲੈ ਲੈਂਦੀਆਂ ਹਨ। ਇਸ ਸਭ ਦਾ ਨਤੀਜਾ ਇਹ ਨਿਕਲਦਾ ਹੈ ਕਿ ਰਿਸ਼ਤਿਆਂ ਦੀਆਂ ਤੰਦਾਂ ਹੌਲੀ-ਹੌਲੀ ਕਮਜ਼ੋਰ ਹੁੰਦੀਆਂ ਜਾਂਦੀਆਂ ਹਨ, ਅਤੇ ਇਨਸਾਨ ਇਕੱਲੇਪਣ ਦਾ ਸ਼ਿਕਾਰ ਹੋ ਜਾਂਦਾ ਹੈ।

ਤਾਂ ਫਿਰ, ਬੰਦਾ ਕੀ ਕਰੇ? ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਆਪਣੀ ਸੋਚ ਅਤੇ ਵਿਵਹਾਰ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਾਨੂੰ ਸੱਚ ਅਤੇ ਸਚਿਆਈ ਨੂੰ ਅਪਣਾਉਣ ਦਾ ਸਾਹਸ ਵਿਕਸਿਤ ਕਰਨਾ ਹੋਵੇਗਾ। ਸੱਚ ਬੋਲਣਾ ਅਸਾਨ ਨਹੀਂ ਹੈ, ਪਰ ਜੇਕਰ ਅਸੀਂ ਸਹਿਣਸ਼ੀਲਤਾ ਅਤੇ ਸਮਝਦਾਰੀ ਨਾਲ ਆਪਣੀਆਂ ਗੱਲਾਂ ਨੂੰ ਪੇਸ਼ ਕਰੀਏ, ਤਾਂ ਦੂਜਿਆਂ ਨੂੰ ਉਸ ਨੂੰ ਸਵੀਕਾਰ ਕਰਨ ਵਿੱਚ ਸੌਖ ਹੋ ਸਕਦੀ ਹੈ। ਸੰਵਾਦ ਦੀ ਮਹੱਤਤਾ ਨੂੰ ਸਮਝਣਾ ਵੀ ਜ਼ਰੂਰੀ ਹੈ। ਜੇਕਰ ਅਸੀਂ ਆਪਣੇ ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਨਾਲ ਖੁੱਲ੍ਹ ਕੇ ਗੱਲਬਾਤ ਕਰੀਏ, ਤਾਂ ਗਲਤਫਹਿਮੀਆਂ ਨੂੰ ਘਟਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ, ਸਾਨੂੰ ਸਵਾਰਥੀ ਸੋਚ ਨੂੰ ਤਿਆਗ ਕੇ ਸਹਿਯੋਗ ਅਤੇ ਸਾਂਝ ਦੀ ਭਾਵਨਾ ਨੂੰ ਅਪਣਾਉਣ ਦੀ ਲੋੜ ਹੈ। ਸਮਾਜਿਕ ਪੱਧਰ 'ਤੇ ਵੀ, ਸਾਨੂੰ ਅਜਿਹੀਆਂ ਮੁਹਿੰਮਾਂ ਦੀ ਲੋੜ ਹੈ, ਜੋ ਸੱਚਾਈ, ਸੰਵੇਦਨਸ਼ੀਲਤਾ ਅਤੇ ਰਿਸ਼ਤਿਆਂ ਦੀ ਮਹੱਤਤਾ ਨੂੰ ਉਜਾਗਰ ਕਰਨ। ਸਕੂਲਾਂ ਅਤੇ ਕਮਿਊਨਿਟੀਆਂ ਵਿੱਚ ਅਜਿਹੇ ਪ੍ਰੋਗਰਾਮ ਚਲਾਏ ਜਾਣੇ ਚਾਹੀਦੇ ਹਨ, ਜੋ ਨੌਜਵਾਨ ਪੀੜ੍ਹੀ ਨੂੰ ਸਹਿਣਸ਼ੀਲਤਾ, ਸੰਵਾਦ ਅਤੇ ਵਿਸ਼ਵਾਸ ਦੀ ਮਹੱਤਤਾ ਸਿਖਾਉਣ। ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ, ਜੋ ਸਾਂਝ, ਇਕੱਠ ਅਤੇ ਸਚਿਆਈ 'ਤੇ ਅਧਾਰਿਤ ਹਨ, ਨੂੰ ਮੁੜ ਜਗਾਉਣ ਦੀ ਲੋੜ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਸੱਚੀ ਸਫਲਤਾ ਪੈਸੇ ਜਾਂ ਰੁਤਬੇ ਵਿੱਚ ਨਹੀਂ, ਸਗੋਂ ਮਜ਼ਬੂਤ ਅਤੇ ਨਿੱਘੇ ਰਿਸ਼ਤਿਆਂ ਵਿੱਚ ਹੈ।

ਅੰਤ ਵਿੱਚ, "ਬੰਦਾ ਕੀ ਕਰੇ?" ਦਾ ਜਵਾਬ ਸਾਡੇ ਅੰਦਰ ਹੀ ਲੁਕਿਆ ਹੈ। ਸੱਚ ਅਤੇ ਝੂਠ ਦੀ ਇਸ ਦੋਧਾਰੀ ਸਥਿਤੀ ਵਿੱਚ, ਸਾਨੂੰ ਸੰਵੇਦਨਸ਼ੀਲਤਾ, ਸਹਿਣਸ਼ੀਲਤਾ ਅਤੇ ਸੰਵਾਦ ਦਾ ਰਾਹ ਅਪਣਾਉਣਾ ਹੋਵੇਗਾ। ਸੱਚ ਨੂੰ ਸਮਝਦਾਰੀ ਨਾਲ ਪੇਸ਼ ਕਰਨਾ ਅਤੇ ਝੂਠ ਦੀ ਅਸਥਾਈ ਸਹੂਲਤ ਨੂੰ ਤਿਆਗਣਾ ਸਾਡੇ ਰਿਸ਼ਤਿਆਂ ਨੂੰ ਮੁੜ ਜੋੜ ਸਕਦਾ ਹੈ। ਸਾਨੂੰ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣ, ਉਨ੍ਹਾਂ ਦੀਆਂ ਗੱਲਾਂ ਸੁਣਨ ਅਤੇ ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਹੋਵੇਗੀ। ਸਿਰਫ ਇਸੇ ਤਰ੍ਹਾਂ ਅਸੀਂ ਇਸ ਪਦਾਰਥਵਾਦੀ ਯੁਗ ਵਿੱਚ ਵੀ ਰਿਸ਼ਤਿਆਂ ਦੀ ਨਿੱਘ ਅਤੇ ਮਜ਼ਬੂਤੀ ਨੂੰ ਕਾਇਮ ਰੱਖ ਸਕਦੇ ਹਾਂ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

ਸ਼ਹੀਦੋਂ ਕੀ ਚਿਤਾਓਂ ਪਰ ਲੱਗੇਂਗੇ ਹਰ ਬਰਸ ਮੇਲੇ । ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾ ਹੋਗਾ ।

# ਕਵੈਂਟਰੀ ਏਸ਼ੀਅਨ ਸਪੋਰਟਸ ਫ਼ੈਡਰੇਸ਼ਨ ਵੱਲੋਂ

## ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੀ ਸਰਪ੍ਰਸਤੀ ਹੇਠ

# 59ਵਾਂ ਸ਼ਹੀਦ ਊਧਮ ਸਿੰਘ ਮੈਮੋਰੀਅਲ ਟੂਰਨਾਮੈਂਟ

## 13 ਜੁਲਾਈ 2025 ਦਿਨ ਐਤਵਾਰ ਨੂੰ ਕਵੈਂਟਰੀ ਰੱਗਬੀ ਕਲੱਬ COVENTRY RUGHBY CLUB, 111 BUTTS ROAD, COVENTRY, CV1 3GW ਵਿੱਚ ਕਰਵਾਇਆ ਜਾ ਰਿਹਾ ਹੈ



ਸ਼ਹੀਦ ਸਰਦਾਰ ਊਧਮ ਸਿੰਘ


ਕਵੈਂਟਰੀ ਏਸ਼ੀਅਨ ਸਪੋਰਟਸ ਫ਼ੈਡਰੇਸ਼ਨ ਵੱਲੋਂ ਸਾਰੇ ਇੰਗਲੈਂਡ ਦੇ ਕਬੱਡੀ ਪ੍ਰੇਮੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰੀਏ ਤੇ ਕਬੱਡੀ ਦਾ ਅਨੰਦ ਮਾਣੀਏ। ਸਾਰੇ ਮੈਚ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਅਨੁਸਾਰ ਹੋਣਗੇ। ਗਰਾਂਊਂਡਾਂ ਵਿੱਚ ਸ਼ਰਾਬ ਲਿਆਉਣਾ ਮਨ੍ਹਾਂ ਹੈ। ਕਾਰਾਂ ਵਾਲਿਆਂ ਲਈ ਬੇਨਤੀ ਹੈ ਕਿ ਆਪਣੀਆਂ ਕਾਰਾਂ ਸੜਕਾਂ 'ਤੇ ਜਾਂ ਗਲਤ ਥਾਂਵਾਂ ਤੇ ਪਾਰਕ ਨਾ ਕੀਤੀਆਂ ਜਾਣ। ਆਪ ਸਾਰੇ ਸਾਡੀ ਬੇਨਤੀ ਪ੍ਰਵਾਨ ਕਰੋਗੇ, ਆਪ ਜੀ ਸਮੇਂ ਸਿਰ ਪਹੁੰਚੋ ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

**ਕੁਝ ਧਿਆਨ ਯੋਗ ਗੱਲਾਂ:** 1) ਕਾਰ ਪਾਰਕ ਵਿੱਚ ਜਾਣ ਲਈ ਹਰ ਕਾਰ, ਵੈਨ ਦੀ ਤਲਾਸ਼ੀ ਲਈ ਜਾਵੇਗੀ, ਸ਼ਰਾਬ ਜ਼ਬਤ ਕਰ ਲਈ ਜਾਵੇਗੀ। 2) ਟਾਇਲਟਾਂ ਗਰਾਊਂਡ ਵਿੱਚ ਹੋਣਗੀਆਂ, ਆਸ ਕਰਾਂਗੇ ਕਿ ਤੁਸੀਂ ਪਿਸ਼ਾਬ ਜਾਣ ਲਈ ਉਨ੍ਹਾਂ ਦੀ ਹੀ ਵਰਤੋਂ ਕਰੋਗੇ। ਬਾਹਰ ਪਿਸ਼ਾਬ ਕਰਨ ਵਾਲੇ ਗਰਾਊਂਡ ਵਿੱਚ ਰਹਿਣ ਦਾ ਹੱਕ ਗਵਾ ਲੈਣਗੇ। 3) * ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੇ ਨਿਯਮਾਂ ਅਨੁਸਾਰ ਉਹਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। * ਗਰਾਂਊਂਡ ਵਿੱਚ ਰੈਫਰੀ ਦਾ ਫੈਸਲਾ ਹੀ ਅਟੱਲ ਸਮਝਿਆ ਜਾਵੇਗਾ। 4) ਸਾਰੇ ਗੁਰੂ ਘਰਾਂ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਖਾਣ ਲਈ ਸਟਾਲ ਵੀ ਹੋਣਗੇ। ਕਬੱਡੀ ਫੈਡਰੇਸ਼ਨ ਨੂੰ ਬੇਨਤੀ ਹੈ ਕਿ ਅਸੀਂ ਲੋਕਲ ਕੌਂਸਲ ਅਤੇ ਪੁਲਿਸ ਨਾਲ ਟੂਰਨਾਮੈਂਟ ਸ਼ਾਮ 6.00 ਵਜੇ ਤੱਕ ਸਮਾਪਤ ਕਰਨ ਦਾ ਵਾਅਦਾ ਕੀਤਾ ਹੈ। ਇਸ ਲਈ ਮੈਚ ਸਮੇਂ ਸਿਰ ਸਵੇਰੇ 10:00 ਵਜੇ ਸ਼ੁਰੂ ਕਰਵਾ ਕੇ ਸਮਾਪਤੀ 6:00 ਵਜੇ ਕੀਤੀ ਜਾਵੇ।

## ਦਾਖਲਾ £15 / Entry Ticket £15

## ALL COVENTRY GURDWARA SAHIBS SPONSORING AND LANGER

Supported By: Gurdwara Guru Nanak Parkash, Gurdwara Dukh Niwaran, Indian Community Centre, Gurdwara NanakSar, Gurdwara Sri Guru Singh Sabha, Ramgarhia Sikh Temple, Ravidas Sikh Temple Jesmond Road, B.V.S. Sikh Temple




# ਕਵੈਂਟਰੀ ਏਸ਼ੀਅਨ ਸਪੋਰਟਸ ਫ਼ੈਡਰੇਸ਼ਨ

| | | | |
|---|---|---|---|
| Sarprasat: Satnam Singh Gill | Chairman: Avtar Singh Dhillon | President: Jaskaran Singh Aujla | Secretary: Rakesh Sachdev |
| Cashier: Bhajan Singh Samra | Vice Chairman: Ravinder Sandhu | Vice President: Geeta Bajwa | Joint Secretary: Amarjit Khangura |

Team Manager: Ranvir Zaildar, Sukhjeet Dhillon, Jaswant Khangura, Coach: Makhan Shankar & Sheera Sandhu & Shinder Pahal, Organiser: Jit Singh Khakh, Binder Kooner, Manjit Dhanda

COMMITTEE MEMBERS & SUPPORTERS: Raj Sanghera (Special guest), Mall Nagra, Sarbjit Bal, Gurdeep Singh (Deepa Mauli), Sam Pasla, Baduhar Kandola, Raman Shergill, Tony Window, Gurpal Gill, Gopi Sarpanch, Bhupinder Dhillon, Deepa Dhanda, Manjit Kaur Rai, Palwinder Ricka, Raja Punjabi Sweet Center, Bakam Desai, PK2 Construction, Sukhi Shutter wala, Gokha Shergill, Satty Sandhu, Jinder Builder, Billa Rangharia, Amba Basra, Sukh Saini, Happy Chahal, Avtar Tari, Jas Atwal, Jinder Chahal, Happy Chandi, Prabh, Kamo, Rupinder Singh, Sunny Hayer, Ranjit Bhullar, Rinda Bhalwan, Jassi Sarhali, Manjit Dhatt, Sunny Padda, Tirath Kooner, Sarbjit Bains, Bath Brothers, Charan Padda, Makhan Dhillon, Avtar Purewal, Gurjit Singh Takhar, Pala Nakodar, Mewa Singh, M.A. Rick, Lakha Dhaliwal, Balvir Singh, Pinder Pandori, Radio Panj, Satpal Ghuman, Manjit Bahia, Tarlochan Tosh, Sar Chokar, Surjit Bhalwan, Balvir Kalirai, Boby Sanghera, Jagir Singh Kalirai, Shvinder Maan, Rana Banwalia, Gurnam Tyre, Dharminder Punjabi Sweet, Friends Corner, Jaisar, Riaz Chodery, Cr. Bhagwant Singh Pandher, Tirath Singh, Pinder Vivah Deco, Jas Mercia Auto, Jas Mander (Southampton), Dilbag Gill, Jagmohan Sarkaria, Major Maan, Preet Singh, Rana Mauli, Sheepa Mauli, Sheera Mauli, Jinder Mauli, Ajaib Mauli, Pal Singh Mauli, Davinder Singh Somal, Makhan Singh Dosanjh, Rajwinder Sangha, Balwinder Dosanjh, Gela Lamber, Sanjeev Kumar , Pankaj Siyal, Satinder Transol Logistics, Maninder Dhanda, Malhi Dhanda, Pirthi Dhanda, Baljit Pharwala, Golu Coventry, Navinder Hayer, Kuldeep Singh Aulakh and Deepa Dosanjh.

ਕਬੱਡੀ ਸਬੰਧੀ ਜਾਣਕਾਰੀ ਲਈ: ਸਤਨਾਮ ਸਿੰਘ ਗਿੱਲ ਸਰਪ੍ਰਸਤ ਕਬੱਡੀ ਕਲੱਬ ਕਵੈਂਟਰੀ: 07448896101 ਭਜਨ ਸਿੰਘ ਸਮਰਾ: 07956659967
ਮਨਜੀਤ ਸਿੰਘ ਢੰਡਾ ਟੀਮ ਮੈਨੇਜਰ ਇੰਗਲੈਂਡ ਕਬੱਡੀ ਫੈਡਰੇਸ਼ਨ 07946 632091, ਗੀਤਾ ਬਾਜਵਾ ਮੀਤ ਪ੍ਰਧਾਨ ਕਵੈਂਟਰੀ ਕਲੱਬ 07949 303909

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ ।

# ਸ਼ਹੀਦੀ ਫੁੱਟਬਾਲ ਟੂਰਨਾਮੈਂਟ 2025



## ਡਰਬੀ ਸਪੋਰਟਸ ਕਮੇਟੀ ਵੱਲੋਂ ਸਮੂਹ ਗੁਰੂ ਘਰਾਂ ਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਰੇਸ ਕੋਰਸ ਪਲੇਇੰਗ ਫੀਲਡਜ਼ (ਗਰਾਊਂਡਾਂ) ਵਿੱਚ




AT LEISURE UNITED, RACECOURSE PLAYING FIELDS, ST. MARKS ROAD, DERBY, DE21 6AL

## 12-13 ਜੁਲਾਈ 2025 ਸ਼ਨਿੱਚਰਵਾਰ – ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

ਇਸ ਸਾਲ ਦਾ ਸ਼ਹੀਦੀ ਟੂਰਨਾਮੈਂਟ ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਦੇਸ਼ ਵਾਸੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਉਹਨਾਂ ਦੇ ਮਨਾਂ ਅੰਦਰ ਸੀ, ਆਓ ਉਹਨਾਂ ਦੇਸ਼ ਭਗਤ ਸੂਰਬੀਰਾਂ ਨੂੰ ਯਾਦ ਕਰਦੇ ਹੋਏ, ਉਹਨਾਂ ਦੇ ਸੁਪਨੇ ਸਾਕਾਰ ਕਰਨ ਦਾ ਯਤਨ ਕਰੀਏ ।

ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫੁੱਟਬਾਲ ਟੂਰਨਾਮੈਂਟ ਬੜੀ ਧੂਮ ਧਾਮ ਤੇ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ । ਇਸ ਟੂਰਨਾਮੈਂਟ ਵਿੱਚ ਇੰਗਲੈਂਡ ਭਰ ਦੇ ਵੱਖ ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 34 ਦੇ ਲੱਗਭੱਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਟੀਮਾਂ ਭਾਗ ਲੈ ਰਹੀਆਂ ਹਨ ।

**ਟੂਰਨਾਮੈਂਟ ਦੌਰਾਨ ਗੁਰੂ ਘਰਾਂ ਵੱਲੋਂ ਖਿਡਾਰੀਆਂ ਅਤੇ ਦਰਸ਼ਕਾਂ ਲਈ ਖੁੱਲੇ ਲੰਗਰ ਵਰਤਾਏ ਜਾਣਗੇ ।**



ਸ਼ਹੀਦ ਕਰਤਾਰ ਸਿੰਘ ਸਰਾਭਾ,



ਸ਼ਹੀਦ ਭਗਤ ਸਿੰਘ,



ਸ਼ਹੀਦ ਊਧਮ ਸਿੰਘ ਸੁਨਾਮ

## ਇਸ ਟੂਰਨਾਮੈਂਟ ਤੇ ਲੜਕੀਆਂ ਦੀਆਂ ਫੁੱਟਬਾਲ ਟੀਮਾਂ ਵੀ ਭਾਗ ਲੈ ਰਹੀਆਂ ਹਨ

ਨੋਟ:– ਇਸ ਟੂਰਨਾਮੈਂਟ ਵਿੱਚ ਆਪਣੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਬੀਬੀਆਂ ਭੈਣਾਂ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਵੀ ਦਰਸ਼ਕਾਂ ਵਜੋਂ ਸ਼ਾਮਿਲ ਹੁੰਦੇ ਹਨ, ਇਸ ਲਈ ਗਰਾਊਂਡਾਂ ਵਿੱਚ ਕੋਈ ਵੀ ਨਸ਼ਾ, ਸ਼ਰਾਬ ਅਤੇ ਮੀਟ ਆਦਿ ਲਿਆਉਣ ਅਤੇ ਵਰਤਣ ਦੀ ਸਖਤ ਮਨਾਹੀ ਹੈ ।

## ਡਰਬੀ ਸਪੋਰਟਸ ਕਮੇਟੀ ਬੋਰਡ ਦੇ ਮੈਂਬਰ ਹੇਠ ਲਿਖੇ ਅਨੁਸਾਰ ਹਨ:

| | | |
|---|---|---|
| Gabriel care home Ltd | Mr. Jaswinder Singh Johal | Mr. Ajit Singh Lidder |
| Mr. N.S. Shokar | Mr. Raspal Singh | Mr. Gaji Singh Ice cream man |
| Mr. B.S. Chahal | Mr. Joginder Singh Baath | Mr. Sohan Singh Baath |
| Mr. P.S. Cheema | Mr. Ranjit Singh Shergill | Mr. Resham Singh Chohan |
| Mr. G.S. Dhillon | Mr. Sohan Singh Soni | Mr. Sucha Singh Atwal |
| Mr. R.S. Sandhu | Mr. Amarjit Singh Johal Bidipur | Mr. Satnam Singh Bal |
| Mr. Jarnail Singh Butter | Mr. Sokha Singh Atwal | Mr. Resham Singh Johal |
| Mr. K.S. Kooner | Mr. Shimder Singh Johal | Mr. Gian Singh Nagra |
| Mr. Jasvir Singh Dhillon | Lady's of G.A.D.-Group (1) | Mr. Jaswinder Sinhg Dillon |
| Mr. Manjit Singh Mann | Lady's of G.A.D.-Group (2) | Mr. Major Singh Khakh |
| Mr. Paul Ghuman | Mr. Shingara Singh | Mr. Amrik Singh |
| Mr. Jaswinder Singh Ghadam | Mr. Hardeep Singh Bhandal | Mr. Gurvinder Singh Jaffarwal |
| | | Mr. Major Singh Sandhu |




**ਵਧੇਰੇ ਜਾਣਕਾਰੀ ਲਈ ਸੰਪਰਕ:** ਕੁਲਵੰਤ ਸਿੰਘ ਕੂਨਰ: 07872 694277, ਬਿੱਕਰ ਸਿੰਘ ਚਾਹਲ: 07813 640720, ਜੱਸਾ ਲੇਹਲ – 07980 627030, ਰਸ਼ਪਾਲ ਸਿੰਘ ਸੰਧੂ: 07890 335034, ਪੌਲੀ ਟੈਂਕ – 07973 699 130

**ਬੇਨਤੀ ਕਰਤਾ – ਡਰਬੀ ਸਪੋਰਟਸ ਕਮੇਟੀ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ, ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ**

**ਜਾਰੀ ਕਰਤਾ – ਨਛੱਤਰ ਸਿੰਘ ਛੋਕਰ, ਪ੍ਰਮਜੀਤ ਸਿੰਘ ਚੀਮਾ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ**

Sponsored By: Guru Arjan Dev Gurdwara, Sri Guru Singh Sabha Gurdwara, Ramgarhia Sabha Derby, Khalsa Darbar Gurdwara, Sri Guru Ravidass Sabha Derby, Indian Community Centre, Derby Sports Committee, Hindu Temple, Shiromani Akali Dal UK (Derby), Pak Food Store Derby.

# ਬਾਰਕਿੰਗ ਕਬੱਡੀ ਟੂਰਨਾਮੈਂਟ 'ਤੇ ਕਿਣਮਿਣ-ਕਿਣਮਿਣ ਦੇ ਬਾਵਜੂਦ ਖਿਡਾਰੀਆਂ ਦੇ ਨਾਲ ਨਾਲ ਦਰਸ਼ਕਾਂ ਦਾ ਵੀ ਚੋਇਆ ਮੁੜ੍ਹਕਾ

## *ਫਸਵੇਂ ਮੈਚਾਂ 'ਚੋਂ ਟੈਲਫੋਰਡ ਜੇਤੂ 'ਤੇ ਈਰਥ ਵੂਲਿਚ ਸਾਊਥਾਲ ਰਨਰ ਅੱਪ ਰਹੀ

## *ਖੁਸ਼ੀ ਦੁੱਗਾ ਤੇ ਬੂਰੀਆ ਸਰਬੋਤਮ ਖਿਡਾਰੀ ਬਣੇ

## *ਅਮਰੀਕ ਸਿੰਘ ਬੋਪਾਰਾਏ ਅਤੇ ਜਰਨੈਲ ਸਿੰਘ ਜ਼ੈਲਾ ਦਾ ਪਿੰਦਰ ਭਲਵਾਨ, ਰਾਣਾ ਪੱਡਾ, ਰਾਜਵਿੰਦਰ ਖਹਿਰਾ ਅਤੇ ਦਿਲਬਾਗ ਸਿੰਘ ਰੰਧਾਵਾ ਵੱਲੋਂ ਸੋਨੇ ਦੇ ਤਗਮਿਆਂ ਨਾਲ ਸਨਮਾਨ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੰਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਸਿੰਘ ਸਭਾ ਬਾਰਕਿੰਗ ਉਹਨਾਂ ਕਲੱਬਾਂ ਵਿੱਚੋਂ ਇੱਕ ਹੈ ਜਿਸ ਨੇ ਇੰਗਲੈਂਡ ਵਿੱਚ ਕਬੱਡੀ ਦਾ ਬੂਟਾ ਲਾਇਆ। ਦੁਨੀਆਂ ਦੇ ਹਰ ਮਸ਼ਹੂਰ ਕਬੱਡੀ ਖਿਡਾਰੀ ਬਾਰਕਿੰਗ ਦੀ ਟੀਮ ਵਿੱਚ ਹਾਜ਼ਰੀ ਲਵਾ ਚੁੱਕਾ ਹੈ। ਬਾਰਕਿੰਗ ਦੀ ਕਬੱਡੀ ਦਾ ਇਤਿਹਾਸ ਫਰੋਲੀਏ ਤਾਂ ਬੜਾ ਵੱਡਾ ਇਤਿਹਾਸ ਹੈ। ਇਸ ਕਲੱਬ ਦੀਆਂ ਸੇਵਾਵਾਂ ਦੇ ਨਾਲ ਨਾਲ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਹਿਮ ਅਹੁਦੇ ਤੇ ਬਾਰਕਿੰਗ ਵਾਲਿਆਂ ਨੂੰ ਹਮੇਸ਼ਾਂ ਮਾਣ ਮਿਲਿਆ ਹੈ। ਕਲੱਬ ਦੇ ਵੱਡੇ ਪ੍ਰਮੋਟਰਾਂ ਵਿੱਚੋਂ ਜਾਣੇ ਜਾਂਦੇ ਲਹਿੰਬਰ ਸਿੰਘ ਲੱਧੜ ਸਰਬ ਸੰਮਤੀ ਨਾਲ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾਵਾਂ ਦੇ ਚੁੱਕੇ ਹਨ ਜਦ ਕਿ ਇਸੇ ਕਲੱਬ ਦੇ ਜਸਮੀਤ ਸਿੰਘ ਰਾਣਾ ਪੱਡਾ ਖੀਰਾਂਵਾਲੀ ਬਤੌਰ ਮੀਤ ਪ੍ਰਧਾਨ ਹੁਣ ਸੇਵਾਵਾਂ ਦੇ ਰਹੇ ਹਨ। ਸ਼ਾਇਦ ਖੀਰਾਂ ਵਾਲੀ ਇੱਕੋ ਇੱਕ ਪੰਜਾਬ ਦਾ ਪਿੰਡ ਹੈ ਜਿਸ ਦੇ ਦੋ ਪ੍ਰਮੋਟਰ ਹਰਭਜਨ ਸਿੰਘ ਪੱਡਾ ਭਜੀ ਖੀਰਾਂ ਵਾਲੀ ਨੂੰ ਫੈਡਰੇਸ਼ਨ ਦੇ ਬਤੌਰ ਪ੍ਰਧਾਨ ਅਤੇ ਰਾਣਾ ਪੱਡਾ ਨੂੰ ਬਤੌਰ ਮੀਤ ਪ੍ਰਧਾਨ ਸੇਵਾਵਾਂ ਦੇਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਇਸ ਸ਼ਹਿਰ ਦੇ ਤਿੰਨ ਪ੍ਰਮੋਟਰਾਂ ਨੂੰ ਹਮੇਸ਼ਾਂ ਮੈਂ ਬਾਰਕਿੰਗ ਦੀ ਤਿਕੜੀ ਕਹਿ ਕੇ ਲਿਖਦਾ ਰਿਹਾ ਹਾਂ, ਜਿਸ ਵਿੱਚ ਲਹਿੰਬਰ ਸਿੰਘ ਲੱਦੜ, ਅਜਮੇਰ ਸਿੰਘ ਮੇਲਾ ਅਤੇ ਅਮਰੀਕ ਸਿੰਘ ਬੋਪਾਰਾਏ ਦਾ ਜਿਕਰ ਆਉਂਦਾ ਹੈ। ਇਹਨਾਂ ਤਿੰਨਾਂ ਸਖਸ਼ੀਅਤਾਂ ਨੂੰ ਭਿੰਦਰ ਭਲਵਾਨ, ਰਾਣਾ ਪੱਡਾ, ਰਾਜਵਿੰਦਰ ਖਹਿਰਾ ਅਤੇ ਦਿਲਬਾਗ ਰੰਧਾਵਾ ਦੇ ਉੱਦਮ ਸਦਕਾ ਸੋਨੇ ਦੇ ਤਗਮਿਆਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹਨਾਂ ਵੱਲੋਂ ਇਸ ਵਾਰ ਅਮਰੀਕ ਸਿੰਘ ਬੋਪਾਰਾਏ ਦੀਆਂ ਬਾਰਕਿੰਗ ਕਬੱਡੀ ਕਲੱਬ ਨੂੰ ਦਿੱਤੀਆਂ ਸੇਵਾਵਾਂ ਲਈ ਅਤੇ ਜਰਨੈਲ ਸਿੰਘ ਜ਼ੈਲਾ ਕਬੱਡੀ ਖਿਡਾਰੀ ਨੂੰ 16 ਸਾਲ ਲਗਾਤਾਰ ਬਾਰਕਿੰਗ ਕਬੱਡੀ ਕਲੱਬ ਲਈ ਖੇਡਣ ਲਈ ਇਸ ਵਾਰ ਸੋਨੇ ਦੇ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਇੰਗਲੈਂਡ ਵਿੱਚ ਹੋਏ ਪਹਿਲੇ ਕਬੱਡੀ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੇ ਕਬੱਡੀ ਖਿਡਾਰੀਆਂ ਵਿੱਚ ਮੇਜਰ ਸਿੰਘ ਬਾਸੀ ਵੀ ਬਾਰਕਿੰਗ ਸ਼ਹਿਰ ਤੋਂ ਹਨ, ਜੋ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਜਦ ਕਿ ਹੁਣ ਉਹਨਾਂ ਦਾ ਪੋਤਾ ਏਕਮ ਬਾਸੀ ਵਧੀਆ ਕਬੱਡੀ ਖੇਡਦਾ ਹੈ। ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ/ਸੈਵਨਕਿੰਗਜ਼ ਦਾ ਕਬੱਡੀ ਟੀਮ ਅਤੇ ਟੂਰਨਾਮੈਂਟ ਦੇ ਪ੍ਰਬੰਧਕਾਂ ਨੂੰ ਵੱਡਾ ਸਹਿਯੋਗ ਰਿਹਾ ਹੈ, ਮੁੱਖ ਸੇਵਾਦਾਰ ਸ: ਸਤਨਾਮ ਸਿੰਘ ਸੰਧੂ, ਮੀਤ ਪ੍ਰਧਾਨ ਗੁਰਦੀਪ ਸਿੰਘ ਹੁੰਦਲ ਅਤੇ ਸਾਥੀ ਸਾਰਾ ਦਿਨ ਟੂਰਨਾਮੈਂਟ ਵਿੱਚ ਹਾਜ਼ਰ ਰਹੇ, ਇਸ ਇਲਾਕੇ ਵੱਲੋਂ ਸੰਸਦ ਨੂੰ ਇੱਕ ਹੋਰ ਦਸਤਾਰਧਾਰੀ ਸਿੱਖ ਐਮ ਪੀ ਦੇਣ ਦਾ ਵੀ ਸਿਹਰਾ ਜਾਂਦਾ ਹੈ, ਐਮ ਪੀ ਜਸਬੀਰ ਸਿੰਘ ਅਠਵਾਲ ਉਚੇਚੇ ਤੌਰ ਤੇ ਕਬੱਡੀ ਦਾ ਅਨੰਦ ਮਾਣਨ ਲਈ ਪਹੁੰਚੇ ਸਨ।







ਆਓ ਹੁਣ ਗੱਲ ਕਰੀਏ ਗਰਾਉਂਡ ਵਿੱਚ ਹੋਈ ਕਬੱਡੀ ਕਬੱਡੀ ਦੀ। ਕੈਪਟਨ ਗਿਆਨੀ ਗੁਰਨਾਮ ਸਿੰਘ ਨੇ ਅਰਦਾਸ ਕੀਤੀ ਅਤੇ ਨਾਲ ਹੀ ਬੀ ਟੀਮ ਦੇ ਮੈਚ ਸ਼ੁਰੂ ਹੋ ਗਏ। ਭਜੀ ਖੀਰਾਂ ਵਾਲੀ ਨੂੰ ਸਮਰਪਿਤ ਟੂਰਨਾਮੈਂਟ ਦਾ ਪਹਿਲਾ ਮੈਚ ਮਿਡਲੈਂਡ ਟਾਈਗਰ ਨੇ ਲੰਡਨ ਟਾਈਗਰ ਨੂੰ 35/30.5 ਦੇ ਫਰਕ ਨਾਲ ਹਰਾ ਕੇ ਜਿੱਤਿਆ, ਜਦ ਕਿ ਦੂਜਾ ਮੈਚ ਬਾਬਾ ਦੀਪ ਸਿੰਘ ਕਲੱਬ ਨੇ ਮੌੜ ਕਬੱਡੀ ਕਲੱਬ ਨੂੰ 32.5/30 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ।

ਹੇਜ਼/ਡਰਬੀ ਅਤੇ ਈਰਥ ਵੂਲਿਚ/ਸਾਊਥਾਲ ਵਿਚਕਾਰ ਖੇਡੇ ਗਏ ਤੀਜੇ ਮੈਚ ਵਿੱਚ ਦਰਸ਼ਕਾਂ ਨੂੰ ਬੱਦਲਵਾਈ ਵਿੱਚ ਹੀ ਗਰਮੀ ਆਉਣੀ ਸ਼ੁਰੂ ਹੋ ਗਈ ਸੀ, ਇੱਕ ਪਾਸੇ ਕੰਮਾ ਔਜਲਾ, ਸੁਰਿੰਦਰ ਮਾਣਕ, ਜ਼ੈਲਾ, ਪਾਲਾ ਬਾਜਵਾ ਆਪਣੇ ਨਵੇਂ ਲਿਆਂਦੇ ਦੋ ਖਿਡਾਰੀਆਂ ਮੱਖਣ ਮੱਖੀ ਅਤੇ ਰੱਜ਼ੀ ਨਾਲ ਅੱਜ ਦਾ ਮੇਲਾ ਲੁੱਟਣ ਲੱਗੇ ਤੇ ਦੁਜੇ ਪਾਸੇ ਬਲਜਿੰਦਰ ਭਿੰਡਰ, ਹਰਜਿੰਦਰ ਬੋਈ, ਕੱਥੂ, ਕੋਚ ਸ਼ਫੀਕ, ਬਾਬਾ ਲੱਡਾ, ਅਰਸ਼ ਬਰਨਾਲਾ, ਸੁਖਵੀਰ, ਗੁਰਪ੍ਰੀਤ, ਇੰਦੂ ਰੁੜਕਾ, ਅਰਸ਼ ਲੁਹਾਰਾ, ਬਿੱਲਾ, ਲੱਖਾ ਸਵਰਾਵਾਂ ਨਾਲ ਧਾਕ ਜਮਾਉਣ ਲੱਗੇ। ਅੱਧੇ ਸਮੇਂ ਤੱਕ ਹੇਜ਼ ਡਰਬੀ ਵਾਲਿਆਂ ਨੇ ਚੱਲ ਲੋ ਚੱਕ ਲੋ ਕੀਤੀ ਪਈ ਸੀ ਨੰਬਰ ਵਿੱਚ ਵੀ 20.5/17 ਨਾਲ ਅੱਗੇ ਸੀ, ਪਰ ਅੱਧੇ ਸਮੇਂ ਤੋਂ ਬਾਅਦ ਜੱਗਾ ਚਕਰ, ਧਾਕੜ, ਰੱਜ਼ੀ, ਚੱਕੀ, ਸੁਨੀਲ, ਬਿੱਕਾ, ਬਾਗੀ ਆਪਣਾ ਕੰਮ ਕਰ ਕੇ 37/35.5 ਦੇ ਫਰਕ ਨਾਲ ਜਿੱਤ ਕੇ ਕਹਿ ਗਏ ਕਿ ਕੱਪ ਕੋਲ ਬੈਠੋ।

ਅਗਲੇ ਮੈਚ ਵਿੱਚ ਸਿੱਖ ਟੈਂਪਲ ਵੁਲਵਰਹੈਂਪਟਨ/ਮਿਡਵੇ ਨੇ ਬਾਰਕਿੰਗ/ਗ੍ਰੇਵਜ਼ੈਂਡ ਦੀ ਟੀਮ ਨੂੰ 38/26.5 ਅੰਕਾਂ ਦੇ ਵੱਡੇ ਫਰਕ ਨਾਲ ਹਰਾਇਆ। ਘਰ ਦਾ ਟੂਰਨਾਮੈਂਟ ਹੋਣ ਕਰਕੇ ਮਾਹਲੇ ਗੋਬਿੰਦਰਪੁਰੀਏ, ਸ਼ਾਜੀ ਸ਼ੱਕਰਪੁਰ, ਸੋਹਣ, ਰਾਜਾ ਪੱਧਰੀ, ਗੱਗੀ, ਬੂਟੇ ਤੋਂ ਢੇਰ ਸਾਰੀਆਂ ਆਸਾਂ ਲਾਈ ਬੈਠੇ ਲਹਿੰਬਰ ਲੱਧੜ, ਰਾਣਾ ਪੱਡਾ, ਮੇਲਾ, ਬੋਪਾਰਾਏ, ਪਿੰਦਰ, ਸੱਤਾ ਮੁਠੱਡਾ, ਪਾਲਾ ਸਹੋਤਾ, ਕੁਲਵਿੰਦਰ ਸਹੋਤਾ, ਮਨਦੀਪ ਬਨਿੰਗ, ਸੁੱਖਾ ਚੱਕਾਂ ਵਾਲਾ ਜੇਬਾਂ ਨੂੰ ਹੱਥ ਪਾਈ ਬੈਠੇ ਸਨ, ਲੇਕਨ ਮੇਸ਼ੀ, ਜਸ਼ਨ, ਨਾਥ, ਕਲੀਮ, ਪ੍ਰਤਾਪ, ਏਕਮ, ਸ਼ਾਕਾ, ਅੰਮ੍ਰਿਤ ਔਲਖ ਨੇ ਕਮਾਲ ਦੀ ਖੇਡ ਵਿਖਾ ਕੇ ਜਿੱਤ ਦਰਜ਼ ਕੀਤੀ। ਦੁੱਲੇ ਨੇ ਜਦੋਂ ਸੋਹਣ ਨੂੰ ਚੁੱਕ ਕੇ ਹੰਦਿਆਂ ਤੱਕ ਲਿਆਂਦਾ ਤਾਂ ਸਾਬੀ ਸੰਧੂ ਦੇ ਪੈਰ ਧਰਤੀ ਨਹੀਂ ਸੀ ਲੱਗਦੇ, ਸ਼ੀਰਾ ਔਲਖ ਮੁਛਕੜੀਏ ਹੱਸਦਾ ਟੀਮ ਤੋਂ ਬਾਗੋ ਬਾਗ ਹੋ ਰਿਹਾ ਸੀ। ਅੰਮ੍ਰਿਤ ਬਰਮੀ ਦਾ ਗੁੱਝਾ ਹਾਸਾ ਅੱਜ ਸ਼ਰਾਰਤਾਂ ਕਰਦਾ ਸੀ। ਜੋਗਿੰਦਰ ਦੁਸਾਂਝ, ਮੋਹਨ ਕੰਦੋਲਾ ਸਭ ਟੀਮ ਤੋਂ ਖੁਸ਼ ਵੇਖੇ ਗਏ।



ਸੁੱਖੀ ਬੈਂਸ ਅਤੇ ਖੁਸ਼ੀ ਦੁੱਗਾ ਜਿੱਤ ਦੀ ਖੁਸ਼ੀ ਸਾਂਝੀ ਕਰਦੇ ਹੋਏ

ਲੈਸਟਰ/ਬਰੈਡਫੋਰਡ ਨੂੰ ਸਲੋਹ/ਇਕਨਹਮ ਨੇ ਭਾਵੇਂ 31/33.5 ਦੇ ਫਰਕ ਨਾਲ ਹਰਾ ਦਿੱਤਾ ਸੀ, ਪਰ ਇਸ ਮੈਚ ਨੂੰ ਵੇਖ ਕੇ ਦਰਸ਼ਕਾਂ ਨੂੰ 15 ਪੌਂਡ ਦਾ ਮੁੱਲ ਮੁੜਦਾ ਨਜ਼ਰ ਆ ਰਿਹਾ ਸੀ। ਕੁਲਵੰਤ ਸੰਘਾ, ਦਲਬੀਰ ਸੈਂਹਬੀ, ਨਿਰਮਲ ਲੱਡੂ, ਪਿਆਰਾ ਰੰਧਾਵਾ ਪੂਰੇ ਖੁਸ਼ ਸਨ ਕਿ ਹਾਰ ਜਿੱਤ ਦੀ ਗੱਲ ਨਹੀਂ ਪਰ ਮੁੰਡਿਆਂ ਨੇ ਖੇਡ ਰੱਜ ਕੇ ਵਧੀਆ ਵਿਖਾਈ ਐ। ਆਤੀ, ਵਿੱਕੀ, ਸ਼ੀਰਾ ਚੱਕ ਅਲੀ ਸ਼ੇਰ, ਗੁਰਲਾਜ਼, ਅਜ਼ੀਮ ਚੱਠਾ, ਮੱਛੋ ਜੱਟ, ਹਰਪਾਲ ਕਾਹਲਵਾਂ, ਮਨੀ ਦਿਆਲਪੁਰੀਆ, ਸੁੱਖੀ, ਪੰਮਾ ਨੇ ਅੱਧੇ ਸਮੇਂ ਤੱਕ ਤਾਂ 18/15.5 ਅੰਕਾਂ ਨਾਲ ਬੜਤ ਬਣਾਈ ਰੱਖੀ ਪਰ ਬਾਅਦ ਵਿੱਚ ਸ਼ੀਰਾ ਸੰਮੀਪੁਰੀਆ ਆਪਣੀ ਕੋਚਿੰਗ ਦਾ ਕਮਾਲ ਵਿਖਾ ਗਿਆ। ਬਿੱਲੇ ਬਨੂੜ ਨੇ ਵਿੱਕੀ, ਸ਼ੀਰਾ ਰੋਕੇ ਫਰਿਆਦ ਨੇ ਸਲੀਨੇ ਵਾਲਾ ਰੋਕਿਆ। ਗੋਲਾ ਸੰਧਵਾਂ ਨਾਲ ਸ਼ੀਰਾ, ਢੀਲਾ, ਨਿਰਮਲ ਲੋਪੋ ਕੇ, ਪੰਕਜ ਬੇਰੀ ਨੇ ਮੈਚ ਜਿੱਤ ਕੇ ਗੋਲਡੀ, ਹਰਜੀਤ ਢਿਲੋਂ, ਤਾਰੀ, ਮੰਤਾ, ਬਿੰਦਰ ਅਤੇ ਸਾਥੀਆਂ ਤੋਂ ਸ਼ਾਬਾਸ਼ ਹਾਸਲ ਕੀਤੀ।

ਸੰਦੀਪ ਨੰਗਲ ਅੰਬੀਆਂ ਟੈਲਫੋਰਡ ਨੇ ਬ੍ਰਮਿੰਘਮ/ਕਵੈਂਟਰੀ ਨੂੰ ਛੇਵੇਂ ਮੈਚ ਵਿੱਚ 34/24.5 ਅੰਕਾਂ ਨਾਲ ਸਹਿਜੇ ਹੀ ਮਾਤ ਦੇ ਦਿੱਤੀ। ਅਮਨ ਖੱਤਰੀ, ਸਦੀਕ, ਹਿੰਦਾ, ਪ੍ਰਦੀਪ ਰਾਓਵਾਲ, ਯੋਧਾ, ਵਕਾਰ ਢਿਲੋਂ ਉਮੀਦਾਂ ਤੇ ਖਰ੍ਹੇ ਨਹੀਂ ਉੱਤਰੇ। ਨੇਕਾ ਮੈਰੀਪੁਰ, ਸਤਨਾਮ ਗਿੱਲ, ਭਜਨ ਸਮਰਾ, ਮਨਜੀਤ ਢੰਡਾ, ਸੁਖਦੇਵ ਪੁਰੇਵਾਲ ਚੱਲ ਕੀ ਕਰ ਸਕਦੇ ਹਾਂ। ਸਤਨਾਮ ਗਿੱਲ ਤਾਂ ਜਵਾਨੀ ਦਾ ਸਮਾਂ ਯਾਦ ਕਰਦਾ ਮੁੜ ਮੁੜ ਅਖਾਦਾ ਕੀ ਕਹੀਏ ਅੱਜ ਦੇ ਜੁਆਨਾਂ ਨੂੰ ਚੁੱਪ ਈ ਭਲੀ ਆ। ਲੰਬੜ ਮੱਲੀਆਂ, ਫੂਲਾ ਸੂਸ਼ਕ, ਖੁਸ਼ੀ ਦੁੱਗਾ, ਸੋਨੀ, ਯੋਧਾ ਸੁਰਖਪੁਰ ਦੇ ਨਾਲ ਕੁਲਵਿੰਦਰ ਧਰਮਪੁਰਾ, ਰਮਨ ਮੱਲੀਆਂ, ਬੂਰੀਆ ਅਤੇ ਰਾਕੇਸ਼ ਅੱਜ ਪੂਰੇ ਤਾਲਮੇਲ ਨਾਲ ਕਮਾਲਾਂ ਕਰ ਗਏ।

ਬਾਕੀ ਹਿਸਾ ਸਫਾ 42 ਤੇ ਪੜ੍ਹੋ →

## ਬਾਰਕਿੰਗ ਕਬੱਡੀ ਟੂਰਨਾਮੈਂਟ

### 41 ਸਫੇ ਦੀ ਬਾਕੀ

ਪਹਿਲੇ ਸੈਮੀਫਾਈਨਲ ਵਿੱਚ ਈਰਥ ਵੂਲਿਚ/ਸਾਊਥਾਲ ਨੇ ਸਲੋਹ ਇਕਨਹਮ ਨੂੰ 45/41.5 ਅੰਕਾਂ ਨਾਲ ਬੜੇ ਫਸਵੇਂ ਮੁਕਾਬਲੇ ਵਿੱਚ ਹਰਾਇਆ। ਅੱਜ ਮਾਣਕ, ਕੰਮਾ, ਪਾਲਾ ਮੱਖੀ ਤੇ ਆਸਾਂ ਲਾਈ ਬੈਠੇ ਸੀ, ਮੱਖੀ ਨੂੰ ਭਾਵੇਂ ਫਰਿਆਦ ਰੋਕ ਗਿਆ ਪਰ ਮੱਕੀ ਨੇ ਮੁੱਲ ਮੋੜਿਆ। ਹਰਜੀਤ ਢਿਲੋਂ, ਜਸਪਾਲ ਸਵਾਲ, ਬਲਜਿੰਦਰ ਜੈਨਪੁਰੀਆ, ਰਿੰਟੂ ਵੜੈਚ, ਬਿੱਲਾ ਗਿੱਲ, ਤਰਲੋਚਨ ਤੋਚੀ, ਗੋਲਡੀ, ਪ੍ਰਤਾਪ, ਸੋਨੂੰ ਥਿੰਦ ਪੂਰੇ ਬਾਗੋ ਬਾਗ ਸੀ ਦੋਵੇਂ ਟੀਮਾਂ ਦੇ ਪ੍ਰਮੋਟਰਾਂ ਦਾ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਕੌਣ ਕਿਸ ਦੀ ਹਮਾਇਤ ਕਰ ਰਿਹਾ। ਜੱਗਾ, ਧਾਕੜ, ਚੱਕੀ ਅਤੇ ਸਾਥੀ ਆਖਿਰ ਜਿੱਤ ਦਰਜ਼ ਕਰ ਫਾਈਨਲ ‘ਚ ਪਹੁੰਚ ਗਏ।

ਦੂਜਾ ਸੈਮੀਫਾਈਨਲ ਟੈਲਫੋਰਡ ਅਤੇ ਮਿਡਵੇ/ਵੁਲਵਰਹੈਂਪਟਨ ਵਿਚਕਾਰ ਕਮਾਲ ਦਾ ਦਾ ਮੈਚ ਸੀ, ਸਿਰ੍ਹੇ ਦਾ ਮੈਚ, ਜੋ ਮਰਜ਼ੀ ਕਹਿ ਲਵੋ ਦਰਸ਼ਕਾਂ ਦੀਆਂ ਟਿਕਟਾਂ ਦੇ ਮੁੱਲ ਮੋੜਦਾ ਮੈਚ ਸੀ। ਅੱਧੇ ਸਮੇਂ ਤੱਕ ਸਿਰਫ ਇੱਕ ਜੱਫੇ ਦੇ ਫਰਕ ਨਾਲ ਟੈਲਫੋਰਡ 23.5/22 ਨਾਲ ਅੱਗੇ ਸੀ। ਦੋ ਕਮਾਲ ਦੀਆਂ ਘਟਨਾਵਾਂ ਦਰਸ਼ਕਾਂ ਨੂੰ ਖੁਸ਼ ਕਰ ਗਈਆਂ, ਇੱਕ ਵਾਰ ਖੁਸ਼ੀ ਦੁੱਗਾ ਤੋਂ ਨੰਬਰ ਲੈਂਦਾ ਲੈਂਦਾ ਜਸ਼ਨ ਥਾਪੀ ਮਾਰਨ ਦੀ ਕੋਸ਼ਿਸ਼ ਕਰਦਾ ਨੰਬਰ ਦੇ ਗਿਆ, ਹੰਦਿਆਂ ਕੋਲ ਹੌਲੀ ਹੋ ਗਿਆ ਤੇ ਗੁੱਗੂ ਵੱਜ ਗਿਆ। ਤਾਂਹੀ ਤਾਂ ਕਹਿੰਦੇ ਹਨ ਕਿ ਸਮਾਂ ਕਦੇ ਕਿਸੇ ਦੀ ਉਡੀਕ ਨਹੀਂ ਕਰਦਾ, ਸਮਾਂ ਨਾਲ ਇਨਸਾਨ ਨੂੰ ਖੁਦ ਚੱਲਣਾ ਪੈਂਦਾ ਹੈ। ਦੂਜਾ ਕਮਾਲ ਦਾ ਨੰਬਰ ਮੇਸ਼ੀ ਹਰਖੋਵਾਲ ਨੇ ਲਿਆ ਜਾਣੀ ਮੇਲਾ ਲੁੱਟਣ ਵਾਲੀ ਗੱਲ ਸੀ ਜਦੋਂ ਖੁਸ਼ੀ ਦੁੱਗਾ ਨੂੰ ਗਰਾਉਂਡ ਦੇ ਇੱਕ ਸਿਰ੍ਹੇ ਤੋਂ ਮੋਢਿਆਂ ਤੇ ਚੁੱਕ ਕੇ ਹੰਦਿਆਂ ਤੇ ਲਿਆ ਕੇ ਬੜੇ ਪਿਆਰ ਨਾਲ ਲਾਹਿਆ ਤਾਂ ਜਾਣੀ ਚੀਕਾਂ ਤਾੜੀਆਂ ਨਾਲ ਬਾਰਕਿੰਗ ਗੂੰਜ ਉੱਠਿਆ ਸੀ, ਸਾਬੀ ਸੰਧੂ, ਗੈਵਨ ਗਰਾਉਂਡ ਵਿੱਚ ਹੀ ਭੰਗੜੇ ਪਾ ਰਹੇ ਸੀ, ਸ਼ੀਰਾ ਔਲਖ, ਅੰਮ੍ਰਿਤ ਬਰਮੀ, ਜੋਗਿੰਦਰ, ਮੰਗਾ ਮੇਸ਼ੀ, ਸੋਨੂੰ ਦਾ ਪੂਰਾ ਮਾਣ ਕਰਕੇ ਗਏ। ਲੰਬੜ ਨੇ ਮੇਸ਼ੀ ਰੋਕਿਆ ਤਾਂ ਸ਼ਾਕੇ ਨੇ ਬੂਰੀਆ, ਅਮਮ੍ਰਿਤ ਔਲਖ ਨੇ ਕੁਲਵਿੰਦਰ ਤਾਂ ਯੋਧੇ ਨੇ ਦੁੱਲਾ ਡੱਕ ਲਿਆ, ਖੁਸ਼ੀ ਵੀ ਨਾਥ, ਮੇਸ਼ੀ ਨੂੰ ਥੰਮ ਗਿਆ। ਗੱਲ ਕੀ ਸਿਰੇ ਦਾ ਮੈਚ ਆਖਿਰ ਟੈਲਫੋਰਡ ਨੇ 48.5/43 ਅੰਕਾਂ ਦੇ ਫਰਕ ਨਾਲ ਮਿਡਵੇ/ਸਿੱਖ ਟੈਂਪਲ ਵੁਲਵਰਹੈਂਪਟਨ ਤੋਂ ਜਿੱਤ ਕੇ ਫਾਈਨਲ ‘ਚ ਪ੍ਰਵੇਸ਼ ਕੀਤਾ।

ਸੁਖਬੀਰ ਬਾਸੀ ਅਤੇ ਸਾਥੀਆਂ ਵੱਲੋਂ ਛੋਟੇ ਬੱਚਿਆਂ ਦੀ ਟੀਮ ਦਾ ਮੁਕਾਬਲਾ ਕਰਵਾਇਆ। ਨਿੱਕੇ ਨਿੱਕੇ ਬੱਚਿਆਂ ਨੂੰ ਬਾਰਕਿੰਗ ਵਾਲੇ ਖੂਬ ਸਿਖਲਾਈ ਦਿੰਦੇ ਹਨ, ਇਸੇ ਕਰਕੇ ਬਾਰਕਿੰਗ ਦੇ ਕਈ ਬੱਚੇ ਬਾਕਸਿੰਗ ਵਿੱਚ ਅੱਗੇ ਵਧ ਰਹੇ ਹਨ। ਬੀ ਟੀਮ ਦਾ ਕੱਪ ਮਿਡਲੈਂਡ ਟਾਈਗਰ ਨੇ ਬਾਬਾ ਦੀਪ ਸਿੰਘ ਕਲੱਬ ਨੂੰ 31/26.5 ਅੰਕਾਂ ਨਾਲ ਹਰਾ ਕੇ ਜਿੱਤਿਆ। ਜਾ ਕਿ ਫਾਈਨਲ ਮੁਕਾਬਲਾ ਟੈਲਫੋਰਡ ਨੇ ਈਰਥ ਵੂਲਿਚ/ਸਾਊਥਾਲ ਨੂੰ 53/45.5 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ। ਇਸ ਮੈਚ ਵਿੱਚ ਲੰਬੜ ਨੇ ਬਿੱਕਾ, ਖੁਸ਼ੀ ਨੇ ਬਾਗੀ, ਸੁਨੀਲ ਸਮੇਤ 4 ਜੱਫੇ ਲਾ ਕੇ ਸਰਬੋਤਮ ਜਾਫੀ ਬਣਿਆ, ਧਾਕੜ ਨੇ ਕੁਲਵਿੰਦਰ, ਰੱਜੀ ਨੇ ਚੱਕੀ ਤੇ ਰਮਨ ਰੋਕਿਆ ਕੁੱਲ ਮਿਲਾ ਕੇ ਗਹਿਗੱਚ ਹੋਏ ਇਸ ਮੁਕਾਬਲੇ ਵਿੱਚ ਭਾਵੇਂ ਪ੍ਰਤਾਪ, ਬਲਜਿੰਦਰ, ਬਿੱਲਾ ਗਿੱਲ, ਰਿੰਟੂ, ਸੋਨੂੰ, ਜਸਪਾਲ ਅਤੇ ਸਾਥੀਆਂ ਨੇ ਸਾਊਥਾਲ/ਈਰਥ ਦੇ ਖਿਡਾਰੀਆਂ ਨੂੰ ਜਿੱਤਣ ਤੇ 1200 ਪੌਂਡ ਦਾ ਇਨਾਮ ਰੱਖ ਦਿੱਤਾ ਸੀ, ਪਰ ਸੁੱਖੀ ਬੈਂਸ, ਗੁਰਜੀਤ ਸੰਧੂ, ਮੇਸ਼ੀ ਕੂਨਰ ਅਤੇ ਸਾਥੀਆਂ ਦੀ ਟੀਮ ਦੇ ਗੱਭਰੂ ਅੱਜ ਕੱਪ ਨੂੰ ਬਲਵਿੰਦਰ ਚੱਠੇ ਦੀ ਗੈਰਹਾਜ਼ਰੀ ਵਿੱਚ ਜਿੱਤ ਕੇ ਔਹ ਗਏ। ਖੁਸ਼ੀ ਦੁੱਗਾ ਨੇ 16 ਕੋਸ਼ਿਸ਼ਾਂ ਕਰਦਿਆਂ 4 ਜੱਫੇ ਲਾ ਕੇ ਅਤੇ ਬੂਰੀਆ ਸ਼ੇਸ਼ਰ 23 ਕੌਡੀਆਂ ਪਾ ਕੇ 22 ਅੰਕ ਲੈ ਕੇ ਸਰਬੋਤਮ ਧਾਵੀ ਬਣਿਆ। ਪਰ ਮੱਖਣ ਮੱਖੀ ਵੀ ਅੱਜ ਫਾਈਨਲ ਵਿੱਚ 19 ਕੌਡੀਆਂ ਪਾ ਕੇ 17 ਅੰਕ ਲੈਣ ਵਿੱਚ ਕਾਮਯਾਬ ਰਿਹਾ।

ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਸ: ਲਹਿੰਬਰ ਸਿੰਘ ਲੱਧੜ, ਰਾਣਾ ਪੱਡਾ, ਗੁਰਦੀਪ ਸਿੰਘ ਹੁੰਦਲ, ਅਮਰੀਕ ਸਿੰਘ ਬਪਾਰਾਏ ਨੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ। ਸਰਬੋਤਮ ਖਿਡਾਰੀਆਂ ਨੂੰ 11-11 ਸੌ ਪੌਂਡ ਦੇ ਇਨਾਮ ਦਿੱਤੇ। ਛੋਟੇ ਬੱਚਿਆਂ ਨੂੰ ਮੌਕੇ ਤੇ 1800 ਪੌਂਡ ਤੋਂ ਵੱਧ ਦਾਨੀਆਂ ਨੇ ਹੌਂਸਲਾ ਅਫਜ਼ਾਈ ਕੀਤੀ। ਇਸ ਮੌਕੇ ਕੈਨੇਡਾ ਤੋਂ ਆਏ ਸਾਬਕਾ ਕਬੱਡੀ ਖਿਡਾਰੀ ਕੀਪਾ ਸੁਰਖਪੁਰ, ਸਾਬਕਾ ਕਬੱਡੀ ਖਿਡਾਰੀ ਜੀਤੀ ਕੂਨਰ ਅਤੇ ਪਿੰਦਰ ਪੰਡੋਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੁਮੈਂਟੇਟਰ ਭਿੰਦਾ ਮੁਠੱਡਾ, ਸੋਖਾ ਢੇਸੀ, ਦਵਿੰਦਰ, ਅਮਨ ਲੋਪੋ, ਸਤਨਾਮ ਜੈਂਗੋ, ਤੇਲੂ, ਮਿੱਠਾ ਸਾਰਾ ਦਿਨ ਨਾਲੋ ਨਾਲ ਹਾਲ ਸੁਣਾਉਂਦੇ ਰਹੇ। ਦਵਿੰਦਰ ਪਤਾਰਾ, ਕੇਸਰ ਸਿੰਘ ਧਾਲੀਵਾਲ, ਮੱਖਣ, ਸਿੰਦਰ ਪਾਹਲ ਅਤੇ ਸਾਥੀ ਆਪਣੀ ਜਿੰਮੇਂਵਾਰੀ ਨਿਭਾਉਂਦੇ ਰਹੇ। ਜਦ ਕਿ ਕਲੱਬ ਦੇ ਸਹਿਯੋਗੀ ਬੂਟਾ ਸਿੰਘ ਨਿੱਝਰ, ਗੁਰਪਾਲ ਸਿੰਘ ਉੱਪਲ, ਸ਼ਿੰਦਰ ਗਿੱਲ, ਰਸ਼ਪਾਲ ਪਵਾਰ, ਜਸਬੀਰ ਸਿੰਘ ਢੇਸੀ, ਡਾ: ਚਾਨਣ ਸਿੰਘ ਸਮੇਤ ਸਮੂਹ ਬਾਰਕਿੰਗ ਕਬੱਡੀ ਕਲੱਬ ਵਧੀਆ ਪ੍ਰਬੰਧ ਲਈ ਵਧਾਈ ਦੇ ਪਾਤਰ ਹਨ। ਪ੍ਰਬੰਧਕਾਂ ਵੱਲੋਂ ਸਾਰਾ ਦਿਨ ਚਾਹ ਪਾਣੀ ਅਤੇ ਲੰਗਰਾਂ ਦੀ ਖੂਬ ਸੇਵਾ ਕੀਤੀ।


ਹਰਭਜਨ ਸਿੰਘ ਭਜੀ ਖੀਰਾਂ ਵਾਲੀ, ਜੀਤਾ ਮੌੜ ਅਤੇ ਕੇਵਲ ਪਾਸਲਾ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਅਗਲੇ ਹਫਤੇ ਕਵੈਂਟਰੀ ਮਿਲਣ ਦਾ ਵਾਅਦਾ ਕਰਕੇ ਅਲਵਿਦਾ ਕਹੀ। ਪ੍ਰਧਾਨ ਕੰਮਾ ਔਜਲਾ ਨੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਅਤੇ ਰਾਣਾ ਪੱਡਾ ਨੇ ਆਏ ਦਰਸ਼ਕਾਂ, ਖਿਡਾਰੀਆਂ, ਕਬੱਡੀ ਕਲੱਬਾਂ ਦਾ ਧੰਨਵਾਦ ਕੀਤਾ।

* * * * * * *

## ਨਾ ਨੌ ਮਣ ਤੇਲ ਹੋਵੇ ਨਾ ਰਾਧਾ ਨੱਚੇ

### ਪਾਠਕਾਂ ਦੇ ਪੱਤਰ

ਇਹ ਠੀਕ ਹੈ ਪੰਜਾਬ ਵਿੱਚ ਚੰਗੀ ਨੀਤੀ, ਚੰਗੀ ਨੀਤ, ਚੰਗੇ ਨੇਤਾ ਨਾ ਸਾਰੀਆਂ ਗੱਲਾਂ ਪੂਰੀਆਂ ਹੋਣ ਨਾ ਪੰਜਾਬੀ ਨੰਬਰ ਪਹਿਲੇ ‘ਤੇ ਪਹੁੰਚੇ। ਇਹ ਗੱਲ ਜਰੂਰ ਸਪੱਸ਼ਟ ਹੋ ਗਈ ਹੈ ਇਕ B.J.P. ਆਪਣੇ ਬੱਲ ‘ਤੇ 2027 ਦੀਆਂ ਚੋਣਾਂ ਲੜੇਗੀ ਇਹ ਭੀ ਸੰਕੇਤ ਮਿਲਣਾ ਚਾਹੀ-ਦਾ ਹੈ ਅਗਰ B.J.P. ਜਿੱਤਦੀ ਹੈ ਕੀ ਸਿੱਖ ਨੂੰ ਚੀਫ ਮਨਿਸਟਰ ਬਣਾਇਆ ਜਾਵੇਗਾ। ਪਹਿਲਾਂ ਗੱਲ ਕਰੀਏ ਨੀਤ ਚੰਗੀ ਸਿਆਸਤ ਵਿੱਚ ਸਵੇਰੇ ਅਕਾਲੀ ਲੀਡਰ ਹੁੰਦਾ ਹੈ ਸ਼ਾਮ ਕਾਂਗਰਸ ਵਿੱਚ ਹੁੰਦਾ ਹਰ ਪਾਰਟੀ ਦਾ ਇਹੋ ਹਾਲ ਹੈ। ਅਗਰ ਲੀਡਰ ਜਿਸ ਪਾਰਟੀ ਤੋਂ ਜਿੱਤਦਾ ਹੈ ਜਾਂ ਹਾਰ ਖਾ ਜਾਂਦਾ ਹੈ ਆਪਣੀ ਪਾਰਟੀ ਵਿੱਚ ਰਹਿ ਕੇ ਸੇਵਾ ਕਰੇ। ਕਿਤਨੇ ਫੀਸਦੀ ਹਨ ਅਗਰ ਹਨ ਉਹ ਜਿਹੜੇ ਉੱਚੀਆਂ ਪੋਸਟਾਂ ‘ਤੇ ਹਨ, ਚੰਗੀ ਨੀਤੀ ਚੰਗੀ ਨੀਤੀ ਚਲੋ ਸਾਰੀਆਂ ਪਾਰਟੀਆਂ ਦੀ ਹੈ ਆਪਣੀ ਸੋਚ ਮੁਤਾਬਕ ਸਾਰੇ ਚੰਗੇ ਕੰਮ ਕਰਦੇ ਹਨ ਪਰ ਜਦੋਂ ਚਾਚੇ-ਭਤੀਜੇ ਦਾ ਸਵਾਲ ਆ ਜਾਂਦਾ ਹੈ ਚੰਗੇ ਤੋਂ ਚੰਗੀ ਸੋਚ ਦਾ ਨੇਤਾ ਦੇ ਦਿਮਾਗ ਖਿਆਲ ਬਦਲ ਜਾਂਦਾ ਹੈ। ਭਾਵੇਂ ਚਾਚਾ-ਭਤੀਜਾ ਕਿੰਨੇ ਭੀ ਗਲਤ ਹੋਣ ਫਿਰ ਭੀ ਉਸ ਦਾ ਹੱਕ ਪੂਰਦਾ ਹੈ। ਚੰਗੀ ਨੀਤੀ ਹਰ ਪਾਰਟੀ ਦੀ ਆਪਣੀ ਨੀਤੀ ਹੈ। ਉਹ ਆਪਣੀ ਸਮਝ ਮੁਤਾਬਕ ਉਸ ਨੂੰ ਲਾਗੂ ਕਰਦਾ ਹੈ ਉਸ ਨੀਤੀ ਨੂੰ ਕੁਝ ਲੋਕ ਚੰਗਾ ਸਮਝਦੇ ਹਨ ਕੁਝ ਗਲਤ ਕਹਿ ਦੇਂਦੇ ਹਨ। ਨੇਤਾ ਜੀ ਦਾ ਕਸੂਰ ਇਤਨਾ ਹੈ ਕਿ ਜਿਥੋਂ ਜ਼ਿਆਦਾ ਵੋਟਾਂ ਮਿਲਦੀਆਂ ਹਨ ਉਸ ਦੀ ਨੀਤੀ ਉਸ ਵੱਲ ਹੋ ਜਾਂਦੀ ਹੈ। ਉਸ ਦੀ ਚੰਗੀ ਨੀਤੀ ਬੱਸ ਉਥੇ ਹੀ ਰਹਿ ਜਾਂਦੀ ਹੈ। ਕਈ ਨੇਤਾ ਦੇ ਪਰਿਵਾਰ ਨਾਲ ਜੁੜੇ ਅਜਿਹੇ ਕਾਰਣ ਬਣ ਜਾਂਦੇ ਹਨ ਉਸ ਨੂੰ ਉਸ ਮੌਕੇ ‘ਤੇ ਪਰਿਵਾਰ ਦੇ ਕਹਿਣ ਮੁਤਾਬਕ ਕਰਨਾ ਪੈਂਦਾ। ਇਹ ਹਕੀਕਤ ਇਕ ਪੰਡਤ ਕੋਲ ਮਾਤਾ ਚਲੇ ਗਈ ਉਸ ਦਾ ਇਕ ਹੀ ਪੁੱਤਰ ਸੀ, ਘਰਵਾਲਾ ਪੰਜਾਬ ਪੁਲਸ ਦਾ ਅਫਸਰ ਸੀ ਕਾਕਾ ਬੀਮਾਰ ਹੋ ਗਿਆ ਪੰਡਤ ਜੀ ਨੇ ਦੱਸਿਆ ਉਸ ਨੇ ਉਸ ਮੁਤਾਬਕ ਕੀਤਾ ਦਵਾਈ ਵਗੈਰਾ ਦਿੱਤੀ ਕਾਕਾ ਠੀਕ ਹੋ ਗਿਆ, ਪੰਡਤ ਨੇ 2 ਰੁਪਏ ਲਏ ਬੀਬੀ ਦੇ ਦਿਲ ਵਿੱਚ ਪੰਡਤ ਲਈ ਕਾਫੀ ਸਤਿਕਾਰ ਵੱਧ ਗਿਆ ਇਕ ਦਿਨ ਐਵੇਂ ਹੀ ਮਿਲਾਪ ਪੰਡਤ ਹੋ ਪਰਿਵਾਰ ਨਾ ਹੋਇਆ ਪੰਡਤ ਕਹਿਣ ਲੱਗਾ ਬੀਬੀ ਜੀ ਤੁਹਾਡਾ ਘਰਵਾਲਾ D. S. P. ਬਣ ਰਿਹਾ ਹੈ ਫਲਾਣੀ ਤਰੀਕ ਤੀਕਰ ਖੈਰ D. S. P. ਬਨਣ ਲਈ ਠੀਕ ਪੰਡਤ ਦੇ ਕਹਿਣ ਮੁਤਾਬਕ D. S. P. ਬਣੇ ਦੀ ਚਿੱਠੀ ਆ ਗਈ, ਬੱਸ ਫਿਰ ਕੀ ਪੰਡਤ ਦੀ ਬਹਿ ਜਾ ਬਹਿ ਜਾ ਹੋ ਗਈ। ਪੰਡਤ ਦਾ ਹੁਣ ਹੁਕਮ ਪਰਿਵਾਰ ਦੇ ਚੱਲਣ ਲੱਗਾ, ਇਥੇ ਦੱਸੋ ਕਿਸੇ ਦੀ ਨੀਤ ਜਾਂ ਨੀਤੀ ਜਾਂ ਚੰਗਾ ਨੇਤਾ ਕੀ ਕਰੇ ਇਹ ਹਾਲ ਪੰਜਾਬ ਦਾ ਹੈ ਇਥੇ ਪੰਜਾਬ ਦਾ ਕੀ ਸਾਰੀਆਂ ਸਰਕਾਰਾਂ ਦਾ ਹੈ। ਇਸ ਵਿੱਚ ਸੁਧਾਰ ਹੋਣਾ ਮੁਸ਼ਕਿਲ ਨਹੀਂ ਅਸੰਭਵ ਹੈ।



ਜਿਹੜਾ ਸਹੀ ਇਨਸਾਨ ਹੈ ਉਹ ਬੋਲ ਹੀ ਨਹੀਂ ਸਕਦਾ। ਅਗਰ ਕਿਸੇ ਨੇਤਾ ਨੂੰ ਸਹੀ ਗੱਲ ਸਮਝਾਉਣ ਦੀ ਕੋਸ਼ਿਸ਼ ਕਰਦਾ, ਉਸ ਦਾ ਹਾਲ ਕੀ ਹੁੰਦਾ ਹੈ। ਗਲਤੀ ਮੁਆਫ – K.Jogi

## ਇੰਗਲੈਂਡ ਦੇ ਸ਼ਹਿਰ ਬ੍ਰਾਈਟਨ ਵਿਖੇ ਕਰਵਾਇਆ “ਧੀਆਂ ਦਾ ਮੇਲਾ”



ਧੀਆਂ ਦੇ ਮੇਲੇ ਮੌਕੇ ਪੰਜਾਬੀ ਗੱਭਰੂ ਅਤੇ ਮੁਟਿਆਰਾਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਬ੍ਰਾਈਟਨ ਸ਼ਹਿਰ ਦੇ ਵਿੱਚ ਦਰਿਆ ਦੇ ਕੰਢੇ ਤੇ ਪੰਜਾਬੀ ਧੀਆਂ ਦਾ ਮੇਲਾ ਕਰਵਾਇਆ ਗਿਆ। ਮੇਲੇ ਦੇ ਆਯੋਜਕ ਰਣਜੀਤ ਸਿੰਘ ਦੰਦੀਵਾਲ ਨੇ ਦੱਸਿਆ ਕਿ ਇਸ ਮੇਲੇ ਤੇ ਮੁੱਖ ਤੌਰ ਤੇ ਪੰਜਾਬੀ ਲੋਕ ਬੋਲੀਆਂ ਦੇ ਬਾਦਸ਼ਾਹ ਵਰਿੰਦਰ ਸਿੰਘ ਮਾਨਸਾ ਅਪਣੀ ਟੀਮ ਨਾਲ ਮੁੱਖ ਤੌਰ ਤੇ ਪੁੱਜੇ ਸਨ ਜਿੰਨਾਂ ਨੇ ਅਪਣੀ ਕਲਾ ਲੋਕ ਬੋਲੀਆਂ ਨਾਲ ਰੰਗ ਬੰਨ੍ਹਿਆ ਇਸ ਦੌਰਾਨ ਪੰਜਾਬੀ ਮੁਟਿਆਰਾਂ ਗਿੱਧਾ ਪਾ ਨੱਚ ਨੱਚ ਦੂਰੀਆਂ ਹੁੰਦੀਆਂ ਦਿਖਾਈ ਦਿੱਤੀਆਂ।**


ਵੱਖੋ ਵੱਖ ਦੇਸ਼ਾਂ ਦੇ ਲੋਕਾਂ ਲਈ ਪੰਜਾਬਣਾਂ ਦਾ ਗਿੱਧਾ ਖਿੱਚ ਦਾ ਕੇਂਦਰ ਬਣਿਆ, ਭਾਰਤੀ ਲੋਕਾਂ ਦੇ ਨਾਲ ਨਾਲ ਗੋਰਿਆਂ ਨੇ ਵੀ ਖੂਬ ਅਨੰਦ ਲਿਆ। ਰਣਜੀਤ ਸਿੰਘ ਦੰਦੀਵਾਲ ਨੇ ਦੱਸਿਆ ਕੀ ਇੰਗਲੈਂਡ ਦੇ ਇਸ ਸ਼ਹਿਰ ਵਿੱਚ ਪੰਜਾਬੀਆ ਦੀ ਗਿਣਤੀ ਘੱਟ ਹੋਣ ਕਾਰਨ ਪੰਜਾਬੀ ਸੱਭਿਆਚਾਰ ਪ੍ਰੋਗਰਾਮ ਘੱਟ ਦੇਖਣ ਨੂੰ ਮਿਲਦੇ ਹਨ। ਧੀਆਂ ਦਾ ਮੇਲਾ ਸਾਡੀ ਪਹਿਲੀ ਕੋਸ਼ਿਸ਼ ਸੀ ਤਾਂ ਕਿ ਭਵਿੱਖਵਿੱਚ ਸਥਾਨਿਕ ਲੋਕਾਂ ਨੂੰ ਪੰਜਾਬੀਅਤ ਨਾਲ ਜੋੜ ਕੇ ਰੱਖਿਆ ਜਾ ਸਕੇ। ਇਸ ਮੌਕੇ ਤੇ ਅਮਨਦੀਪ ਕੌਰ ਦੰਦੀਵਾਲ, ਅਰਚਨਾ ਗ੍ਰੋਵਰ, ਹਰਪ੍ਰੀਤ ਕੌਰ, ਮਨਿੰਦਰ ਕੌਰ, ਮਨਮੋਹਣ ਕੌਰ, ਦੀਪਕ ਸਿੰਘ, ਜਸਪ੍ਰੀਤ ਕੌਰ, ਬੌਬੀ ਸਿੰਘ, ਹਰਕੀਰਤ ਸਿੰਘ, ਇੰਦਰਪਾਲ ਸਿੰਘ, ਦਿਲਜਾਨ ਸਿੰਘ, ਅਵੀਰਾਜ ਸਿੰਘ, ਸ਼ੰਣੂ ਸਿੰਘ, ਭੁਵੀ ਸਿੰਘ, ਕੁਲਵੰਤ ਸਿੰਘ, ਰਮਨ ਸਿੰਘ, ਮਨੀ ਸਿੰਘ ਆਦਿ ਹਾਜ਼ਰ ਸਨ।

## ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਲੇਖ

# ਜਿਹੜੀ ਕੌਮ ਦੇ ਸੂਰਬੀਰ ਸਿਧਾਂਤਾਂ ਲਈ ਮਰ ਮਿਟਣ ਦਾ ਤਹੱਈਆ ਕਰ ਲੈਣ, ਉਹ ਕੌਮਾਂ ਖ਼ਤਮ ਨਹੀਂ ਹੁੰਦੀਆਂ

ਭਾਈ ਮਨੀ ਸਿੰਘ ਜੀ ਬੜੇ ਹੀ ਮਾਨਯੋਗ, ਸੰਤ ਲੋਕ, ਪੂਰਨ ਬੁੱਧੀ ਵਾਲੇ, ਸਤ ਪ੍ਰਤੱ-ਗੀ ਅਤੇ ਸ਼ਬਦ ਸੁਰਤ ਦੇ ਅਭਿਆਸੀ ਪੂਰਨ ਗੁਰਸਿੱਖ ਸਨ। ਜਿਥੇ ਆਪ ਜੀ ਤਪੱਸਵੀ, ਸ਼ਾਂਤ ਚਿੱਤ, ਦੂਸਰੇ ਦੀ ਵਧੀਕੀ ਨੂੰ ਸਹਾਰਨ ਵਾਲੇ ਸੂਰਮੇ ਅਤੇ ਕਿਸੇ ਦਾ ਭੈਅ ਨਾ ਮੰਨਣ ਵਾਲੇ ਨਿਰਭੈ ਸਿੱਖ ਸਨ,

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਉਥੇ ਆਪਣੇ ਕਰਮ-ਧਰਮ ਵਿੱਚ ਪੂਰੇ ਭਗਤ, ਗਿਆਨਵਾਨ, ਆਪਣੀ ਬੁੱਧ ਨੂੰ ਸਤਿਗੁਰਾਂ ਦੀ ਬਾਣੀ ਅਨੁਸਾਰ ਢਾਲ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਬਹੁਤ ਚਿਰ ਰਹੇ।

***ਮਨੀ ਸਿੰਘ ਥੇ ਸੰਤ ਸੁਜਾਨ,***
***ਜਤੀ ਸਤੀ ਔ ਧਯਾਨੀ ਮਾਨ,***
***ਹਠੀ ਤਪੀ ਔ ਮਤ ਕੋ ਪੂਰੋ,***
***ਸਹਿਨਸ਼ੀਲ ਔ ਦਿਲ ਕੋ ਸੂਰੋ।***
***ਕਰਮੀ ਧਰਮੀ ਭਗਤਿ ਗਿਆਨੀ,***
***ਸਤਿਗੁਰ ਬਚਨਨ ਪਰ ਮਤ ਠਾਨੀ,***
***ਹੁਤ ਸਤਿਗੁਰ ਸੋ ਰਹਿਤ ਹਜੂਰ,***
***ਤਿਸ ਪਰ ਭਯੋ ਸੁ ਗੁਰਮਤ ਪੂਰ।***

(ਪ੍ਰਾਚੀਨ ਪੰਥ ਪ੍ਰਕਾਸ਼ (ਸਟੀਕ) ਭਾਗ ਦੂਜਾ ਪੰਨਾ 58)

ਸੇਵਾ ਸਿੰਘ ਜੀ ਦਾ ਭੱਟ ਵਹੀਆਂ ਦੇ ਆਧਾਰ 'ਤੇ ਲਿਖਿਆ ਸ਼ਹੀਦ ਬਿਲਾਸ ਅਤੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਰਜਾ ਸਿੰਘ ਜੀ ਅਨੁਸਾਰ ਭਾਈ ਮਨੀ ਦਾ ਜਨਮ ਭਾਈ ਮਾਈ ਦਾਸ ਦੇ ਘਰ 7 ਅਪ੍ਰੈਲ 1644 ਨੂੰ ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ (ਪੱਛਮੀ ਪਾਕਿਸਤਾਨ) ਵਿੱਚ ਹੋਇਆ। ਭਾਈ ਮਾਈ ਦਾਸ ਜੀ ਪਹਿਲਾਂ ਤੋਂ ਹੀ ਗੁਰੂ ਘਰ ਦਾ ਸ਼ਰਧਾਲੂ ਸੀ। ਆਪ ਜੀ ਦੇ ਦਾਦਾ ਜੀ ਭਾਈ ਬੱਲੂ ਬੜੇ ਬਹਾਦਰ ਸਨ ਅਤੇ ਛੇਵੇਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮੁਗ਼ਲਾਂ ਨਾਲ ਲੜਦੇ ਹੋਏ ਅਪ੍ਰੈਲ 1734 ਈ: ਨੂੰ ਸ਼ਹੀਦ ਹੋਏ ਸਨ।

ਭਾਈ ਮਨੀ ਸਿੰਘ ਜੋ 12 ਸਕੇ ਭਰਾ ਸਨ। ਸਿਵਾਇ ਇਕ ਭਰਾ ਭਾਈ ਅਮਰ ਚੰਦ ਤੋਂ ਬਾਕੀ ਸਾਰਿਆਂ ਭਰਾਵਾਂ ਨੇ ਗੁਰਸਿੱਖੀ ਨੂੰ ਰਹਿੰਦੀ ਦੁਨੀਆਂ ਤੱਕ ਸੁਰਜੀਤ ਰੱਖਣ ਲਈ ਸ਼ਹੀਦੀਆਂ ਪਾਈਆਂ। ਇਤਿਹਾਸ ਵਿੱਚ ਇਨ੍ਹਾਂ ਦੇ ਨਾਂ ਅਤੇ ਸ਼ਹੀਦੀ ਅਸਥਾਨ ਹਨ (2) ਭਾਈ ਹਰੀ ਚੰਦ (ਭੰਗਾਣੀ ਦਾ ਯੁੱਧ) (3) ਭਾਈ ਸੋਹਣ ਚੰਦ (ਨੰਦੌਣ ਦੀ ਜੰਗ ਵਿੱਚ) (4) ਭਾਨ ਸਿੰਘ (ਚਮਕੌਰ) (5) ਭਾਈ ਲਹਿਣਾ ਸਿੰਘ (ਗੁਲੇਰ ਵਿਖੇ) (6) ਭਾਈ ਰਾਇ ਸਿੰਘ (ਮੁਕਤਸਰ) (7, 8) ਭਾਈ ਜੇਠਾ ਸਿੰਘ ਤੇ ਰੂਪ ਸਿੰਘ (ਆਲੋਵਾਲ) (9) ਭਾਈ ਮਾਨ



ਸਿੰਘ ਗੰਭੀਰ (ਚਿਤੌੜ) (10) ਭਾਈ ਜਗਤ ਸਿੰਘ। ਇਥੇ ਸਾਰਿਆਂ ਭਰਾਵਾਂ ਦੀਆਂ ਸ਼ਹੀਦੀਆਂ ਦੇਣ ਲਈ ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ। ਗੁਰੂ ਤੇਗ਼ ਬਹਾਦਰ ਜੀ ਨਾਲ ਦੇਗ ਵਿੱਚ ਉਬਾਲ ਕੇ ਸ਼ਹੀਦ ਹੋਣ ਵਾਲੇ (ਭਾਈ ਦਿਆਲਾ ਜੀ) ਵੀ ਮਨੀ ਸਿੰਘ ਜੀ ਦੇ ਸਕੇ ਭਰਾ ਸਨ।

ਭਾਈ ਮਨੀ ਸਿੰਘ ਜੀ ਦਾ ਵਿਆਹ ਭਾਈ ਲੱਖੀ ਰਾਇ ਦੀ ਸਪੁੱਤਰੀ ਬੀਬੀ ਸੀਤੋ ਨਾਲ ਹੋਇਆ। ਭਾਈ ਲੱਖੀ ਰਾਇ ਸਿੱਖ ਇਤਿਹਾਸ ਵਿੱਚ ਲੱਖੀ ਸ਼ਾਹ ਵਣਜਾਰੇ ਨਾਲ ਜਾਣਿਆ ਅਤੇ ਸਤਿਕਾਰਿਆ ਜਾਂਦਾ ਹੈ। ਲੱਖੀ ਸ਼ਾਹ ਵਣਜਾਰੇ ਨੇ ਹੀ ਨੌਵੇਂ ਗੁਰੂ ਤੇਗ਼ ਬਹਾਦਰ ਦੀ ਦਿੱਲੀ ਸ਼ਹੀਦੀ ਸਮੇਂ ਉਨ੍ਹਾਂ ਦੇ ਧੜ ਦਾ ਸਸਕਾਰ ਆਪਣੇ ਘਰ ਲਿਜਾ ਕੇ ਸਾਰੇ ਘਰ ਨੂੰ ਅੱਗ ਲਾ ਕੇ ਕੀਤਾ ਸੀ। ਜਿਥੇ ਹੁਣ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਭਾਈ ਮਨੀ ਸਿੰਘ ਜੀ ਦੇ ਦੱਸ ਪੁੱਤਰ ਸਨ। (1) ਭਾਈ ਬਚਿੱਤਰ ਸਿੰਘ (2) ਭਾਈ ਉਦੈ ਸਿੰਘ (3) ਚਿੱਤਰ ਸਿੰਘ (4) ਅਨਿਕ ਸਿੰਘ (5) ਅਜਬ ਸਿੰਘ (6) ਅਜਾਇਬ ਸਿੰਘ (7) ਗੁਰਬਖ਼ਸ਼ ਸਿੰਘ (8) ਭਗਵਾਨ ਸਿੰਘ (9) ਬਲਰਾਮ ਸਿੰਘ ਅਤੇ (10)ਵਾਂ ਸੀ ਦੇਸਾ ਸਿੰਘ ਰਹਿਤਨਾਮੀਆਂ।

ਭਾਈ ਬਚਿੱਤਰ ਸਿੰਘ ਉਹੀ ਹਨ, ਜਿਨ੍ਹਾਂ ਨੇ ਨਾਗਨੀ ਬਰਸ਼ਾ ਮਾਰ ਕੇ ਦੁਸ਼ਮਣ ਦੇ ਸ਼ਰਾਬੀ ਹਾਥੀ ਨੂੰ ਮਾਰ ਭਜਾਇਆ ਸੀ ਅਤੇ ਇਹ ਉਹੀ ਉਦੈ ਸਿੰਘ ਹਨ, ਜਿਨ੍ਹਾਂ ਨੇ ਕੇਸਰੀ ਚੰਦ ਦਾ ਸਿਰ ਉਤਾਰਿਆ ਸੀ। ਇਹ ਦੋਵੇਂ ਭਾਈ ਮਨੀ ਸਿੰਘ ਦੇ ਹੀ ਬੇਟੇ ਸਨ। ਭਾਈ ਉਦੈ ਸਿੰਘ ਜੀ ਸਰਸਾ ਦੇ ਕੰਢੇ ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਬੜੀ ਸੂਰਮਤਗਤੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ ਤੇ ਇਨ੍ਹਾਂ ਦੇ ਤਿੰਨ ਭਰਾ, ਅਜਬ ਸਿੰਘ, ਅਜਾਇਬ ਸਿੰਘ ਅਤੇ ਅਨਿਕ ਸਿੰਘ ਨੇ ਚਮਕੌਰ ਦੀ ਜੰਗ ਵਿੱਚ ਸ਼ਹੀਦੀਆਂ ਪਾਈਆਂ।

ਦਸੰਬਰ 1704 ਨੂੰ ਸਰਸਾ ਦੇ ਕੰਢੇ ਜਦੋਂ ਕਾਲੀ ਬੋਲੀ ਰਾਤ ਅਤੇ ਘਮਸਾਨ ਦੇ ਯੁੱਧ ਦੌਰਾਨ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ ਤਾਂ ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲਾਂ ਨੂੰ ਕਈ ਮੁਸੀਬਤ ਦਾ ਸਾਹਮਣਾ ਕਰਦੇ ਹੋਏ ਦਿੱਲੀ ਪਹੁੰਚਣ ਵਿੱਚ ਸਫ਼ਲ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੇ ਯੁੱਧ ਤੋਂ ਬਾਅਦ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ ਕੇ ਅਤੇ ਮੁਕਤਸਰ ਦੀ ਫ਼ਤਹਿ ਤੋਂ ਬਾਅਦ ਜਦੋਂ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਪਹੁੰਚੇ ਸਨ, ਤਾਂ ਭਾਈ ਮਨੀ ਸਿੰਘ ਜੀ ਵੀ ਗੁਰੂ ਕੇ ਮਹਿਲਾਂ ਨੂੰ ਨਾਲ ਲੈ ਕੇ ਅਤੇ ਸੰਗਤਾਂ ਸਮੇਤ ਕਲਗ਼ੀਧਰ ਪਾਤਸ਼ਾਹ ਦੇ ਚਰਨਾਂ ਵਿੱਚ ਹਾਜ਼ਰ ਹੋਏ ਸਨ ਤੇ ਬਾਅਦ ਵਿੱਚ ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਆਪਣੀ ਪਵਿੱਤਰ ਰਸਨਾ ਤੋਂ ਜ਼ੁਬਾਨੀ ਉਚਾਰ ਕੇ ਭਾਈ ਮਨੀ ਸਿੰਘ ਕੋਲੋਂ ਲਿਖਵਾਈ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦਰਜ ਕਰਵਾ ਕੇ ਬੀੜ ਨੂੰ ਸੰਪੂਰਨਤਾ ਬਖ਼ਸ਼ੀ। ਇਸ ਨੂੰ ਦਮਦਮੀ ਬੀੜ ਵੀ ਕਿਹਾ ਜਾਂਦਾ ਹੈ। ਭਾਈ ਮਨੀ ਸਿੰਘ ਜੀ ਦੁਆਰਾ ਲਿਖੀ ਦਮਦਮੀ ਬੀੜ ਨੂੰ ਗੁਰੂ ਜੀ ਨੇ 1708 ਈਸਵੀ ਨੂੰ ਨੰਦੇੜ ਵਿਖੇ ਗੁਰਤਾ ਬਖ਼ਸ਼ ਕੇ ਗੁਰ-ਗੱਦੀ ਪ੍ਰਦਾਨ ਕੀਤੀ।

ਦਮਦਮਾ ਸਾਹਿਬ ਤੋਂ ਗੁਰੂ ਜੀ ਦੱਖਣ ਨੂੰ ਚਲੇ ਗਏ ਅਤੇ ਮਾਤਾਵਾਂ ਸਮੇਤ ਫਿਰ ਦਿੱਲੀ ਆ ਗਏ। ਬਾਬਾ ਬੰਦਾ ਸਿੰਘ ਬਹਾਦਰ 9 ਜੂਨ 1716 ਈਸਵੀ ਫਰੁਖ਼ਸੀਅਰ ਦੇ ਹੁਕਮ ਨਾਲ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਬਾਬਾ ਬੰਦਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਆਗੂ ਰਹਿਤ ਹੋ ਗਈ, ਦੂਸਰਾ ਫਰੁਖ਼ਸੀਅਰ ਦਾ ਕੱਟੜਪੁਣਾ ਇੰਨਾ ਵੱਧ ਗਿਆ ਕਿ ਉਸ ਨੇ ਸਿੰਘਾਂ 'ਤੇ ਅਜ਼ਾਦੀ ਨਾਲ ਤੁਰਨ-ਫਿਰਨ 'ਤੇ ਵੀ ਪਬੰਦੀ ਲਗਾ ਦਿੱਤੀ, ਸਿੱਖਾਂ ਨੂੰ ਜਥੇਬੰਦ ਹੋਣਾ ਮੁਸ਼ਕਿਲ ਹੋ ਗਿਆ। ਫਰੁਖ਼ਸੀਅਰ ਨੇ ਸਿੱਖਾਂ ਦੇ ਕਤਲ-ਏ-ਆਮ ਦੇ ਫੁਰਮਾਨ ਜਾਰੀ ਕਰ ਦਿੱਤੇ। ਉਸ ਨੇ ਆਪਣੇ ਹੁਕਮਾਂ ਨੂੰ ਅਮਲੀ ਜਾਮਾ ਪਹਿਨਾਉਣ ਅਤੇ ਸਿੱਖਾਂ ਅਤੇ ਹਿੰਦੂਆਂ ਵਿੱਚ ਫ਼ਰਕ ਜਾਨਣ ਲਈ ਸਿਰ ਮੂੰਹ ਮਨਾਉਣ ਦਾ ਹੁਕਮ ਜਾਰੀ ਕੀਤਾ। ਹਿੰਦੂਆਂ ਨੇ ਤਾਂ ਆਪਣਾ ਮੂੰਹ ਸਿਰ ਘੋਨ-ਮੋਨ ਕਰ ਕੇ ਆਪਣਾ ਆਪ ਬਚਾ ਲਿਆ, ਪਰ ਸੀਸ ਭੇਟ ਕਰ ਕੇ ਸਜਿਆ ਸਾਬਤ ਸੂਰਤ ਖ਼ਾਲਸਾ ਆਪਣੇ ਗੁਰੂ ਦੀ ਮੋਹਰ ਨੂੰ ਇੰਨੀ ਸਸਤੀ ਕਿਵੇਂ ਵੇਚ ਸਕਦਾ ਸੀ। ਇਤਿਹਾਸਕਾਰਾਂ ਨੇ ਇਸ ਸਮੇਂ ਨੂੰ ਸਿੱਖਾਂ ਲਈ ਬਿਖੜਾ ਅਤੇ ਬਿਪਤਾ ਭਰਿਆ ਸਮਾਂ ਆਖਿਆ ਹੈ। ਗਸ਼ਤੀ ਫ਼ੌਜਾਂ ਸਿੰਘਾਂ ਦੇ ਸਿਰਾਂ ਦਾ ਮੁੱਲ ਵੱਟਣ ਲਈ ਹਰਲ-ਹਰਲ ਕਰਦੀਆਂ ਫਿਰਦੀਆਂ ਸਨ। ਸਿੰਘਾਂ ਦੇ ਟਿਕਾਣੇ ਅਤੇ ਛੁਪਣਗਾਹਾਂ ਸਾੜ ਦਿੱਤੀਆਂ, ਨਾ ਕੁਝ ਖਾਣ ਵਾਸਤੇ ਤੇ ਨਾ ਪਹਿਨਣ ਵਾਸਤੇ। ਬੱਸ ਉਹੀ ਪੁਰਾਣੇ ਘੱਸੇ ਹੋਏ, ਪਾਟੇ ਹੋਏ ਬਸਤਰ ਅਤੇ ਅੰਨ ਪਾਣੀ ਦੀ ਥਾਂ ਘਾਹ ਕੱਚਾ ਪੱਕਾ ਖਾ ਕੇ ਗੁਜ਼ਾਰਾ ਕਰਦੇ।

ਸਿੰਘ ਕੜਾਕੇ ਸਯੋ ਰਹੈ,
ਦੂਏ ਚੌਥੇ ਦਿਨ ਖਾਹਿ
ਬਿਨਾ ਲੂਣ ਭਾਜੀ ਲਭੈ,
ਤੋ ਖਾਵੇਂ ਬਹੁਤ ਸਲਾਹਿ ।8।
ਲੱਭੈ ਸਾਗ ਖਾਂਹਿ ਕੱਚਾ ਪੱਕਾ,
ਬ੍ਰਿਛਨ ਫਲ ਫੁਲ ਔ ਸੱਕਾ ।9।

ਇਤਿਹਾਸਕਾਰ ਲਿਖਦੇ ਹਨ ਕਿ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਕੋਈ ਐਸਾ ਜ਼ੁਲਮ ਜਾਂ ਤਸੀਹਾ ਨਹੀਂ, ਜੋ ਸਿੱਖਾਂ ਨੂੰ ਨਾ ਦਿੱਤਾ ਹੋਵੇ। ਸਿੱਖ ਨੂੰ ਵੇਖਦੇ ਸਾਰ ਕਤਲ (ਸ਼ੂਟ ਐਟ ਸਾਈਟ) ਦਾ ਹੁਕਮ ਸੀ। ਭਾਈ ਮਨੀ ਸਿੰਘ ਜੀ ਦੇ ਸਮੇਂ ਜਿਸ ਤਰ੍ਹਾਂ ਦੇ ਤਸੀਹੇ ਸਿੱਖਾਂ ਨੂੰ ਦਿੱਤੇ ਜਾਂਦੇ ਸਨ, ਉਨ੍ਹਾਂ ਦਾ ਵਰਨਣ ਪ੍ਰਾਚੀਨ ਗ੍ਰੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਦਰਜ ਹੈ।


ਕਈ ਚਰਖ (ਚਰਖੜੀ) ਕਈ ਫਾਂਸੀ ਮਾਰੇ।
ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਦੇ ਸਿਰ ਮੁੰਗਲੀਂ ਕੁਟੇ।
ਕਈ ਡੋਬੇ ਕਈ ਘਸੀਟ ਸੁ ਸੁਟੇ ।3।
ਦੱਬੇ, ਟੰਗੇ ਬੰਦੂਖਨ ਦਏ ਮਾਰ।
ਕੌਨ ਗਨੇ ਜੇ ਮਾਰੇ ਹਜ਼ਾਰ।
ਪਾਂਤ ਪਾਂਤ ਕਈ ਪਕੜ ਬਹਾਏ,
ਸਾਥ ਤੇਗਨ ਨੇ ਸੀਸ ਉਡਵਾਇ ।4।
ਕਿਸੇ ਹੱਥ ਕਿਸੇ ਟੰਗ ਕਟਵਾਇ।
ਅੱਖ ਕੱਢ ਕਿਸੇ ਖਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ।
ਬਾਲ ਬਿਰਧ ਲੱਭ ਛੱਡੈ ਨਾ ਕੋਈ।5।

ਅਤੇ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਪਨਾਹ ਦੇਣ ਵਾਲਿਆਂ ਵਾਸਤੇ ਵੀ ਬੜੇ ਸਖ਼ਤ ਫੁਰਮਾਨ ਜਾਰੀ ਕੀਤੇ:

ਜੋ-ਜੋ ਸਿੰਘ ਕੋ ਕੋਊ ਲੁਕਾਵੇ।
ਸੋ ਵਹਿ ਅਪਨੀ ਜਾਨ ਗੁਵਾਵੈ।
ਆਏ ਸਿੰਘ ਬਤਾਵੈ ਨਾਹੀ,
ਵੈ ਭੀ ਆਪਨੀ ਜਿੰਦ ਗੁਵਾਹੀ॥3॥

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ


# ਸਿਹਤ ਤੇ ਸੁੰਦਰਤਾ



## ਕੈਲਸ਼ੀਅਮ ਦੀ ਘਾਟ ਨੂੰ ਪੂਰਾ ਕਰਨ ਲਈ ਅਪਨਾਓ ਇਹ ਘਰੇਲੂ ਨੁਸਖੇ

ਕੈਲਸ਼ੀਅਮ ਸਾਡੀ ਹੱਡੀਆਂ, ਦੰਦਾਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਬਹੁਤ ਹੀ ਜ਼ਰੂਰੀ ਪੋਸ਼ਕ ਤੱਤ ਹੈ ਪਰ ਜਦੋਂ ਸਰੀਰ ਵਿਚ ਇਸ ਦੀ ਕਮੀ ਹੋ ਜਾਂਦੀ ਹੈ ਤਾਂ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ, ਜੋੜਾਂ ਵਿਚ ਦਰਦ ਰਹਿੰਦਾ ਹੈ ਅਤੇ ਦੰਦ ਵੀ ਖਰਾਬ ਹੋਣ ਲੱਗਦੇ ਹਨ। ਹਾਲਾਂਕਿ, ਚਿੰਤਾ ਕਰਨ ਦੀ ਲੋੜ ਨਹੀਂ ਕਿਉਂਕਿ ਘਰ ਵਿਚ ਹੀ ਕੁਝ ਆਸਾਨ ਅਤੇ ਕੁਦਰਤੀ ਨੁਸਖਿਆਂ ਨਾਲ ਤੁਸੀਂ ਇਸ ਕਮੀ ਨੂੰ ਪੂਰਾ ਕਰ ਸਕਦੇ ਹੋ। ਦੁੱਧ, ਪਨੀਰ, ਦਹੀਂ ਅਤੇ ਲੱਸੀ ਵਰਗੇ ਦੁੱਧ ਉਤਪਾਦ ਕੈਲਸ਼ੀਅਮ ਦੇ ਸਭ ਤੋਂ ਵਧੀਆ ਸਰੋਤ ਹਨ। ਰੋਜ਼ਾਨਾ ਇੱਕ ਗਿਲਾਸ ਦੁੱਧ ਜ਼ਰੂਰ ਪੀਓ। ਚਿੱਟੇ ਜਾਂ ਕਾਲੇ ਤਿਲ ਵਿਚ ਕੈਲਸ਼ੀਅਮ ਭਰਪੂਰ ਹੁੰਦਾ ਹੈ। ਮੱਥੀ, ਪਾਲਕ, ਬਥੂਆ ਅਤੇ ਸਰੋਂ ਦਾ ਸਾਗ ਨਾ ਸਿਰਫ਼ ਸਵਾਦ ਵਾਲੇ ਹਨ, ਸਗੋਂ ਇਹ ਕੈਲਸ਼ੀਅਮ ਨਾਲ ਭਰਪੂਰ ਹੁੰਦੇ ਹਨ। ਰੋਜ਼ਾਨਾ 2-3 ਭਿੱਜੇ ਹੋਏ ਸੁੱਕੇ ਅੰਜੀਰ ਖਾਣ ਨਾਲ ਵੀ ਕੈਲਸ਼ੀਅਮ ਦੀ ਕਮੀ ਦੂਰ ਹੋ ਸਕਦੀ ਹੈ। ਸਾਫ ਕਰਕੇ ਸੁਕਾਏ ਹੋਏ ਅੰਡਿਆਂ ਦੇ ਛਿਲਕੇ ਪੀਸ ਕੇ ਇਕ ਚੁਟਕੀ ਚੂਰਨ ਦਹੀਂ ਜਾਂ ਗੁਣਗੁਣੇ ਪਾਣੀ ਨਾਲ ਲੈਣਾ ਵੀ ਲਾਭਕਾਰੀ ਹੈ। ਵਿਟਾਮਿਨ ਡੀ ਦੇ ਬਿਨਾਂ ਕੈਲਸ਼ੀਅਮ ਅੰਗਾਂ ਵਿਚ ਪਚਦਾ ਨਹੀਂ। ਇਸ ਲਈ ਰੋਜ਼ਾਨਾ 15-20 ਮਿੰਟ ਸਵੇਰੇ ਦੀ ਧੁੱਪ ਲੈਣਾ ਵੀ ਜ਼ਰੂਰੀ ਹੈ।

## ਲਿਵਰ ਚੈਕ ਅਪ ਕਰਾਉਣਾ ਕਿਉਂ ਜ਼ਰੂਰੀ ਹੈ



ਲਿਵਰ ਸਾਡੇ ਸਰੀਰ ਦਾ ਸਭ ਤੋਂ ਵੱਡਾ ਗਲੈਂਡ ਹੈ ਜੋ ਕਈ ਜ਼ਰੂਰੀ ਬਾਡੀ ਫੰਕਸ਼ਨ ਕਰਦਾ ਹੈ। ਹਾਲਾਂਕਿ, ਖਰਾਬ ਲਾਈਫਸਟਾਈਲ ਤੇ ਡਾਈਟ ਕਾਰਨ ਲਿਵਰ ਨਾਲ ਜੁੜੀਆਂ ਸਮੱਸਿਆਵਾਂ ਦੇ ਮਾਮਲੇ ਕਾਫੀ ਵੱਧ ਰਹੇ ਹਨ। ਜੇਕਰ ਲਿਵਰ ਦੀ ਬਿਮਾਰੀ ਦਾ ਜਲਦੀ ਪਤਾ ਨਹੀਂ ਲਗਾਇਆ ਗਿਆ ਤਾਂ ਇਹ ਲਿਵਰ ਫੇਲੀਅਰ ਦਾ ਕਾਰਨ ਬਣ ਸਕਦੀ ਹੈ ਜੋ ਕਿ ਜੀਵਨ ਲਈ ਖਤਰਨਾਕ ਹੈ। ਜਦੋਂ ਲਿਵਰ ਠੀਕ ਢੰਗ ਨਾਲ ਕੰਮ ਨਹੀਂ ਕਰਦਾ ਤਾਂ ਸਰੀਰ ਵਿਚ ਕੁਝ ਲੱਛਣ ਦਿਖਾਈ ਦਿੰਦੇ ਹਨ, ਜਿਨ੍ਹਾਂ ਦੀ ਮਦਦ ਨਾਲ ਇਸ ਦਾ ਪਤਾ ਲਗਾਇਆ ਜਾ ਸਕਦਾ ਹੈ।

ਪੀਲੀਆ-ਪੀਲੀਆ ਲਿਵਰ ਡਜ਼ੀਜ਼ ਦਾ ਸਭ ਤੋਂ ਅਹਿਮ ਲੱਛਣ ਹੈ। ਇਸ ਵਿਚ ਸਕਿੰਨ ਤੇ ਅੱਖਾਂ ਦਾ ਸਫੈਦ ਹਿੱਸਾ ਪੀਲਾ ਪੈਣ ਲੱਗਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਲਿਵਰ ਵਿਚ ਬਣਨ ਵਾਲਾ ਬਿਲੀਰੂਬਿਨ ਅੰਤੜੀਆਂ ਤਕ ਨਹੀਂ ਪਹੁੰਚ ਪਾਂਦਾ ਤੇ ਸਰੀਰ ਵਿਚ ਲੀਕ ਹੋਣ ਲੱਗਦਾ ਹੈ। ਇਸ ਕਾਰਨ ਵਿਅਕਤੀ ਹੌਲੀ-ਹੌਲੀ ਪੀਲਾ ਦਿਖਾਈ ਦੇਣ ਲੱਗਦਾ ਹੈ। ਜੇਕਰ ਤੁਹਾਨੂੰ ਕੋਈ ਵੀ ਲੱਛਣ ਦਿਖਾਈ ਦੇਵੇ ਤਾਂ ਤੁਰੰਤ ਡਾਕਟਰ ਤੋਂ ਸਲਾਹ ਲਓ।

ਗਹਿਰੇ ਰੰਗ ਦਾ ਪਿਸ਼ਾਬ-ਆਮ ਤੌਰ 'ਤੇ ਪਿਸ਼ਾਬ ਦਾ ਰੰਗ ਹਲਕਾ ਪੀਲਾ ਹੁੰਦਾ ਹੈ, ਪਰ ਜੇਕਰ ਲਿਵਰ ਦੀ ਸਮੱਸਿਆ ਹੋਵੇ ਤਾਂ ਪਿਸ਼ਾਬ ਦਾ ਰੰਗ ਗਹਿਰਾ ਪੀਲਾ ਜਾਂ ਭੂਰਾ ਹੋ ਸਕਦਾ ਹੈ। ਇਹ ਬਿਲੀਰੂਬਿਨ ਦੇ ਵਧਣ ਕਾਰਨ ਹੁੰਦਾ ਹੈ ਤੇ ਲਿਵਰ ਬਿਮਾਰੀ ਦਾ ਸੰਕੇਤ ਦਿੰਦਾ ਹੈ।

ਹਲਕੇ ਰੰਗ ਦਾ ਮਲ-ਇਕ ਸਿਹਤਮੰਦ ਵਿਅਕਤੀ ਦਾ ਮਲ ਪੀਲੇ-ਭੂਰੇ ਰੰਗ ਦਾ ਹੁੰਦਾ ਹੈ, ਪਰ ਲਿਵਰ ਦੀ ਬਿਮਾਰੀ 'ਚ ਮਲ ਦਾ ਰੰਗ ਹਲਕਾ ਪੀਲਾ ਜਾਂ ਸਫੈਦ ਹੋ ਸਕਦਾ ਹੈ। ਇਹ ਬਾਇਲ ਦੇ ਫਲੋ 'ਚ ਰੁਕਾਵਟ ਕਾਰਨ ਹੁੰਦਾ ਹੈ।

ਫੈਟ ਠੀਕ ਤਰ੍ਹਾਂ ਨਾ ਪਚਾਉਣਾ-ਲਿਵਰ ਬਾਇਲ ਉਤਪਾਦਿਤ ਕਰਦਾ ਹੈ ਜੋ ਫੈਟ ਨੂੰ ਪਚਾਉਣ 'ਚ ਮਦਦ ਕਰਦਾ ਹੈ। ਜੇਕਰ ਲਿਵਰ ਖਰਾਬ ਹੋ ਜਾਵੇ ਤਾਂ ਬਾਇਲ ਦਾ ਸੀਕ੍ਰੇਸ਼ਨ ਘਟ ਜਾਂਦਾ ਹੈ, ਜਿਸ ਨਾਲ ਫੈਟੀ ਖਾਣੇ ਨੂੰ ਪਚਾਉਣ 'ਚ ਦਿੱਕਤ ਆਉਂਦੀ ਹੈ। ਇਸ ਨਾਲ ਪੇਟ 'ਚ ਭਾਰੀਪਣ, ਸੋਜ ਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਵਜ਼ਨ ਅਤੇ ਮਾਸਪੇਸ਼ੀਆਂ ਦਾ ਘਟਣਾ-ਲਿਵਰ ਡਿਜ਼ੀਜ਼ ਕਾਰਨ ਸਰੀਰ ਪੋਸ਼ਕ ਤੱਤਾਂ ਨੂੰ ਠੀਕ ਤਰ੍ਹਾਂ ਅਬਜ਼ਾਰਬ ਨਹੀਂ ਕਰ ਪਾਉਂਦਾ, ਜਿਸ ਨਾਲ ਵਜ਼ਨ ਘਟਣ ਲੱਗਦਾ ਹੈ ਤੇ ਮਾਸਪੇਸ਼ੀਆਂ ਵੀ ਘਟਣ ਲੱਗਦੀਆਂ ਹਨ। ਇਹ ਲਿਵਰ ਦੀ ਗੰਭੀਰ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ।

ਸਾਹ 'ਚ ਦੁਰਗੰਧ-ਲਿਵਰ ਦੀ ਖਰਾਬੀ ਕਾਰਨ ਸਰੀਰ 'ਚੋਂ ਟੌਕਸਿਕ ਉਤਪਾਦ ਠੀਕ ਤਰ੍ਹਾਂ ਨਹੀਂ ਨਿਕਲ ਪਾਉਂਦੇ, ਜਿਸ ਨਾਲ ਸਾਹ 'ਚ ਦੁਰਗੰਧ ਆਉਣ ਲੱਗਦੀ ਹੈ। ਇਸਨੂੰ "ਫੇਟਰ ਹੈਪੇਟਿਕਸ" ਵੀ ਕਿਹਾ ਜਾਂਦਾ ਹੈ।

ਦਿਮਾਗ ਨਾਲ ਜੁੜੀਆਂ ਸਮੱਸਿਆਵਾਂ-ਜੇਕਰ ਲਿਵਰ ਡੀਟੌਕਸੀਫਿਕੇਸ਼ਨ ਦਾ ਕੰਮ ਨਹੀਂ ਕਰ ਪਾਉਂਦਾ, ਤਾਂ ਖੂਨ 'ਚ ਅਮੋਨੀਆ ਵਰਗੇ ਹਾਨੀਕਾਰਕ ਪਦਾਰਥ ਵਧ ਜਾਂਦੇ ਹਨ। ਇਸ ਨਾਲ ਦਿਮਾਗ ਨੂੰ ਨੁਕਸਾਨ ਹੁੰਦਾ ਹੈ ਅਤੇ ਹੈਲੂਸਿਨੇਸ਼ਨ, ਯਾਦਦਾਸ਼ਤ ਦੀ ਘਾਟ, ਫੋਕਸ ਦੀ ਘਾਟ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਸਕਿੰਨ 'ਚ ਖੁਜਲੀ-ਲਿਵਰ ਡਿਜ਼ੀਜ਼ 'ਚ ਬਾਇਲ ਦੇ ਕੰਪੋਨੈਂਟ ਸਕਿੰਨ ਹੇਠਾਂ ਜਮ੍ਹਾ ਹੋ ਜਾਂਦੇ ਹਨ, ਜਿਸ ਨਾਲ ਬਿਨਾਂ ਕਿਸੇ ਦਾਣੇ ਦੇ ਤੇਜ਼ ਖੁਜਲੀ ਹੁੰਦੀ ਹੈ। ਇਹ ਖੁਜਲੀ ਰਾਤ ਦੇ ਸਮੇਂ ਅਤੇ ਗਰਮੀ 'ਚ ਵੱਧ ਸਕਦੀ ਹੈ।

## * ਚੁੰਝਾਂ-ਪ੍ਹੌਂਚੇ *


ਲੇਖਕ - ਨਿਰਮਲ ਸਿੰਘ ਕੰਧਾਲਵੀ





*ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਪਟੀਸ਼ਨ ਵਾਪਸ ਲਈ ਹੈ- ਗਿਆਨੀ ਰਘਬੀਰ ਸਿੰਘ

-ਜੇ ਭਾਵਨਾਵਾਂ ਦਾ ਸਤਿਕਾਰ ਹੁੰਦਾ ਤਾਂ ਗਿਆਨੀ ਜੀ ਤੁਸੀਂ ਪਟੀਸ਼ਨ ਪਾਉਂਦੇ ਹੀ ਨਾ।



*ਸਮਾਜਕ ਗ਼ੈਰ-ਬਰਾਬਰੀ ਲਈ ਅਰਬਪਤੀ ਜ਼ਿੰਮੇਵਾਰ- ਜ਼ੋਹਰਾਨ ਮਮਦਾਨੀ, ਨੀਊਯਾਰਕ ਲਈ ਮੇਅਰ ਉਮੀਦਵਾਰ

-ਚੱਪਾ ਕੁ ਚੰਨ ਮੁੱਠ ਕੁ ਤਾਰੇ, ਸਾਡਾ ਮੱਲ ਬੈਠੇ ਆਸਮਾਨ- ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਚੋਂ



*'ਆਪ' ਪਾਰਟੀ ਬਿਹਾਰ 'ਚ ਆਪਣੇ ਬਲਬੂਤੇ 'ਤੇ ਚੋਣਾਂ ਲੜੇਗੀ- ਕੇਜਰੀਵਾਲ

-ਘੜਾ ਚੁੱਕ ਲਊਂ ਪੱਟਾਂ 'ਤੇ ਹੱਥ ਧਰ ਕੇ, ਖ਼ਸਮਾਂ ਨੂੰ ਖਾਣ ਕੁੜੀਆਂ।



*ਮੁੱਖ ਮੰਤਰੀ ਦੀ ਦੌੜ ਤੋਂ ਪਾਸੇ ਹੋ ਕੇ ਪਾਰਟੀ ਲਈ ਕੰਮ ਕਰੋ- ਸੁਖਜਿੰਦਰ ਸਿੰਘ ਰੰਧਾਵਾ

-ਜਦ ਮੈਂ ਬੈਠਾਂ ਏਸ ਕੰਮ ਲਈ ਤੁਸੀਂ ਕਿਉਂ ਨੱਠ-ਭੱਜ ਕਰਦੇ ਹੋ ਬਈ।

*ਮਹਾਰਾਸ਼ਟਰ 'ਚ ਤਿੰਨ ਮਹੀਨਿਆਂ ਵਿਚ 767 ਕਿਸਾਨਾਂ ਨੇ ਕੀਤੀ ਖ਼ੁਦਕੁਸ਼ੀ- ਇਕ ਖ਼ਬਰ

-ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ।



*ਪਾਕਿਸਤਾਨ ਦੀ ਹਾਕੀ ਟੀਮ ਨੂੰ ਏਸ਼ੀਆ ਕੱਪ ਲਈ ਭਾਰਤ ਆਉਣ ਤੋਂ ਨਹੀਂ ਰੋਕਾਂਗੇ- ਖੇਡ ਮੰਤਰਾਲਾ

-ਵੈਰ ਤਾਂ ਤੁਹਾਡਾ ਪੰਜਾਬੀਆਂ ਨਾਲ ਖ਼ਾਸ ਕਰ ਕੇ ਦਸਤਾਰ ਨਾਲ ਹੀ ਹੈ।



*ਓਵੈਸੀ ਦੀ ਪਾਰਟੀ ਨੇ ਬਿਹਾਰ ਗੱਠਜੋੜ ਲਈ ਲਾਲੂ ਨੂੰ ਲਿਖੀ ਚਿੱਠੀ- ਇਕ ਖ਼ਬਰ

-ਚਿੱਠੀਆਂ ਸਾਹਿਬਾਂ ਜੱਟੀ ਨੇ ਲਿਖ ਮਿਰਜ਼ੇ ਵਲ ਪਾਈਆਂ।



*ਸੁਖਬੀਰ ਬਾਦਲ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਨੇ ਜ਼ਮਾਨਤਾਂ ਜ਼ਬਤ ਕਰਵਾਉਣ ਦਾ ਰਿਕਾਰਡ ਬਣਾਇਆ- ਜਸਟਿਸ ਨਿਰਮਲ ਸਿੰਘ

-ਕੀ ਹੋਇਆ ਜ਼ਮਾਨਤ ਜੇ ਜ਼ਬਤ ਹੋ ਗਈ, ਖ਼ਬਰਾਂ ਫੇਰ ਵੀ ਸਾਡੀਆਂ ਛਪਦੀਆਂ ਨੇ।



*ਸਾਬਕਾ ਚੀਫ਼ ਜਸਟਿਸ ਚੰਦਰਚੂੜ੍ਹ ਨੂੰ ਸਰਕਾਰੀ ਬੰਗਲਾ ਖ਼ਾਲੀ ਕਰਨ ਲਈ ਕਿਹਾ- ਇਕ ਖ਼ਬਰ

-ਚੁੱਕ ਚਰਖ਼ਾ ਪਰ੍ਹਾਂ ਕਰ ਪੀੜ੍ਹੀ, ਛੜਿਆਂ ਨੇ ਬੋਕ ਬੰਨ੍ਹਣਾਂ।



*ਅਕਾਲ ਤਖ਼ਤ ਸਾਹਿਬ ਅਤੇ ਪਟਨਾ ਸਾਹਿਬ ਵਿਚਾਲੇ ਵਿਵਾਦ ਹੋਰ ਡੂੰਘਾ ਹੋਇਆ- ਇਕ ਖ਼ਬਰ

-ਖਾਲੀ ਪਏ ਮੱਝੀਆਂ ਦੇ ਵਾੜੇ, ਇਕ ਰਾਂਝੇ ਯਾਰ ਦੇ ਬਿਨਾਂ।



*ਰਾਜੇਵਾਲ ਨੇ ਲੈਂਡ ਪੂਲਿੰਗ ਸਕੀਮ ਦਾ ਵਿਰੋਧ ਕਰਨ ਦਾ ਕੀਤਾ ਐਲਾਨ- ਇਕ ਖ਼ਬਰ

-ਮੁੰਡੇ ਗੱਭਰੂ ਸ਼ੁਕੀਨ ਬਥੇਰੇ, ਤੇਰੇ ਉੱਤੇ ਡੋਰ ਮਿੱਤਰਾ।



*ਰੂਸ ਨੇ ਅਫ਼ਗਾਨਿਸਤਾਨ 'ਚ ਤਾਲਿਬਾਨ ਸ਼ਾਸਨ ਨੂੰ ਦਿਤੀ ਰਸਮੀ ਮਾਨਤਾ- ਇਕ ਖ਼ਬਰ

-ਤੈਨੂੰ ਚੰਦ ਦੇ ਬਹਾਨੇ ਵੇਖਾਂ, ਕੋਠੇ ਉੱਤੇ ਆ ਜਾ ਮਿੱਤਰਾ।

*ਹਰ ਭਾਰਤੀ ਸਿਰ ਕਰਜ਼ੇ ਦੀ ਪੰਡ ਹੋਈ ਹੋਰ ਭਾਰੀ- ਇਕ ਖ਼ਬਰ

-ਗੱਲਾਂ ਤੇਰੀਆਂ ਦੇ ਉੱਠਣ ਮਰੋੜੇ, ਢਿੱਡ ਵਿਚ ਦੇਵਾਂ ਮੁੱਕੀਆਂ।



*ਅਕਾਲ ਤਖ਼ਤ ਦੇ ਜਥੇਦਾਰ ਦੇ ਸੇਵਾ ਨਿਯਮਾਂ ਸਬੰਧੀ ਗਠਿਤ ਕਮੇਟੀ 'ਤੇ ਮੁੜ ਵਿਚਾਰ ਦੀ ਲੋੜ-ਸਿੱਖ ਸੰਸਥਾਵਾਂ ਜਰਮਨੀ

-ਤੇਰੇ ਖ਼ੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਂਉਂ ਚੱਬਣੇ।



*ਮੈਂ ਸਿੱਖਾਂ ਦੇ ਹਿਤਾਂ ਅਤੇ ਯੋਗਦਾਨ ਨੂੰ ਉਜਾਗਰ ਕੀਤਾ- ਰਾਹੁਲ ਗਾਂਧੀ

-ਚੌਕੀਦਾਰੀ ਲੈ ਲੈ ਮਿੱਤਰਾ, ਤੇਰੇ ਲਗਦੇ ਨੇ ਬੋਲ ਪਿਆਰੇ।

* * * *

# ਕੀ "ਸਮਾਜਵਾਦੀ" ਤੇ "ਧਰਮ-ਨਿਰਪੱਖ" ਸ਼ਬਦ ਸੰਵਿਧਾਨ ਵਿੱਚੋਂ ਗ਼ਾਇਬ ਹੋ ਜਾਣਗੇ ?

ਗੁਰਮੀਤ ਸਿੰਘ ਪਲਾਹੀ
9815802070



ਇਹਨਾਂ ਦਿਨਾਂ 'ਚ ਦੇਸ਼ ਵੱਡੀਆਂ ਚਰਚਾਵਾਂ ਕਾਰਨ ਹੈਰਾਨ-ਪਰੇਸ਼ਾਨ ਹੈ। ਵੱਡੀ ਚਰਚਾ ਤਿੰਨ ਦਹਾਕੇ ਪਹਿਲਾਂ ਇੰਦਰਾ ਗਾਂਧੀ ਵੱਲੋਂ ਐਲਾਨੀ ਗਈ ਐਮਰਜੈਂਸੀ ਦੀ ਹੋ ਰਹੀ ਹੈ। ਨਾਲ ਹੀ ਚਰਚਾ ਹੋ ਰਹੀ ਹੈ ਆਰ.ਐੱਸ.ਐੱਸ.ਦੇ ਇੱਕ ਵੱਡੇ ਅਧਿਕਾਰੀ ਦੀ ਸਮਾਜਵਾਦੀ ਅਤੇ ਧਰਮ ਨਿਰਪੱਖਤਾ ਸੰਬੰਧੀ ਟਿੱਪਣੀ ਦੀ। ਕੋਈ ਵੀ ਅਖ਼ਬਾਰ, ਕੋਈ ਵੀ ਟੀ.ਵੀ. ਚੈਨਲ ਇਹੋ ਜਿਹਾ ਨਹੀਂ ਦਿਖਦਾ, ਜਿਹੜਾ ਐਮਰਜੈਂਸੀ ਦੌਰਾਨ ਹੋਈਆਂ ਜ਼ਿਆਦਤੀਆਂ, ਸੈਂਸਰਸ਼ਿਪ ਦੀ ਗੱਲ ਨਾ ਕਰਦਾ ਹੋਵੇ। ਗੋਦੀ ਮੀਡੀਆ ਵੱਲੋਂ 30 ਸਾਲ ਪਹਿਲਾਂ ਵਾਪਰੇ ਘਟਨਾਕ੍ਰਮ 'ਤੇ ਵੋਟ-ਬਟੋਰੂ ਰਾਜਨੀਤੀ ਕਰਦਿਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਪਾਸੇ ਕਰਨ ਲਈ ਇਹ ਮੁੱਦਾ ਵਿਸ਼ਾਲ ਪੱਧਰ 'ਤੇ ਪ੍ਰਚਾਰਿਆ ਜਾ ਰਿਹਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਸਦੀ ਤੋਂ ਵੀ ਵੱਧ ਪੁਰਾਣੀ ਕਾਂਗਰਸ ਇਸ ਪ੍ਰਚਾਰ ਪ੍ਰਤੀ ਚੁੱਪੀ ਧਾਰ ਕੇ ਬੈਠੀ ਹੈ। ਕਿਉਂ ਨਹੀਂ ਕਾਂਗਰਸ ਲੀਡਰਸ਼ਿਪ ਐਮਰਜੈਂਸੀ ਦੌਰਾਨ ਲੋਕਾਂ ਨਾਲ ਹੋਈਆਂ ਜ਼ਿਆਦਤੀਆਂ ਦੀ ਦੇਸ਼ ਦੇ ਲੋਕਾਂ ਤੋਂ ਮਾਫ਼ੀ ਮੰਗਦੀ ਅਤੇ ਭਾਜਪਾ ਦੇ ਇਸ ਤਿੱਖੇ ਹਥਿਆਰ ਨੂੰ ਖੁੰਢਾ ਕਰਨ ਦਾ ਯਤਨ ਕਰਦੀ, ਜਿਸ ਵੱਲੋਂ ਅਣਐਲਾਨੀ ਐਮਰਜੈਂਸੀ ਦੇਸ਼ ਵਿੱਚ ਲਗਾਈ ਹੋਈ ਹੈ।

ਮੁੱਖ ਮੰਤਵ 1975 ਐਮਰਜੈਂਸੀ ਮੁੱਦੇ ਨੂੰ ਭਖਾ ਕੇ, ਦੇਸ਼ ਦੇ ਸੰਵਿਧਾਨ ਵਿੱਚੋਂ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਸ਼ਬਦ ਕੱਟ ਦੇਣ ਦੀ ਮੁਹਿੰਮ ਵਿੱਢਣਾ ਹੈ ਅਤੇ ਆਰ.ਐੱਸ.ਐੱਸ.ਦੇ ਇਸ਼ਾਰੇ 'ਤੇ ਹੁਣ ਲੁਕਵੇਂ ਤੌਰ 'ਤੇ ਹੀ ਨਹੀਂ ਸਗੋਂ ਬਿਲਕੁਲ ਸਾਹਮਣੇ ਮੈਦਾਨ 'ਚ ਆ ਕੇ ਇਹ ਲੋਕਤੰਤਰ, ਸੰਵਿਧਾਨ , ਸਮਾਜਵਾਦ, ਧਰਮ ਨਿਰਪੱਖਤਾ ਦੇ ਖ਼ਾਤਮੇ ਲਈ ਹਾਕਮਾਂ ਨੇ ਦੇਸ਼ ਵਿਰੋਧੀ ਮੁਹਿੰਮ ਚਲਾਈ ਹੋਈ ਹੈ।

ਬਿਨਾਂ ਸ਼ੱਕ 25 ਜੂਨ ਨੂੰ ਭਾਰਤੀ ਇਤਿਹਾਸ ਵਿੱਚ ਕਾਲੇ ਦਿਨ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। 25 ਜੂਨ 1658 ਜ਼ਾਲਮ ਔਰੰਗਜ਼ੇਬ ਨੇ ਖ਼ੁਦ ਨੂੰ ਮੁਗਲ ਸਾਮਰਾਜ ਦਾ ਬਾਦਸ਼ਾਹ ਐਲਾਨਿਆ ਸੀ ਅਤੇ 25 ਜੂਨ 1975 ਨੂੰ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਬਰਕਰਾਰ ਰੱਖਣ ਲਈ ਸੰਵਿਧਾਨ ਦੀ ਆਤਮਾ ਦਾ ਗਲਾ ਘੁੱਟ ਦਿੱਤਾ ਸੀ।

ਉਹਨਾਂ ਸੰਵਿਧਾਨ ਦੀ ਧਾਰਾ 352 ਦੇ ਤਹਿਤ ਤਤਕਾਲੀ ਰਾਸ਼ਟਰਪਤੀ ਫ਼ਖ਼ਰੂਦੀਨ ਅਲੀ ਅਹਿਮਦ ਕੋਲੋਂ ਦੇਸ਼ ਵਿੱਚ ਅੰਦਰੂਨੀ ਗੜਬੜ ਦਾ ਹਵਾਲਾ ਦੇ ਕੇ ਐਮਰਜੈਂਸੀ ਦਾ ਐਲਾਨ ਕਰਵਾਇਆ ਸੀ। ਲੋਕਤੰਤਰ ਦੀ ਹੱਤਿਆ ਕਰ ਦਿੱਤੀ ਗਈ। ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਗਈ। ਸੱਤਾ 'ਤੇ ਕਾਬਜ਼ ਰਹਿਣ ਲਈ ਵਿਰੋਧੀ ਧਿਰ ਦੇ ਨਿਰਦੋਸ਼ ਅਤੇ ਬੇਕਸੂਰ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।

ਲੋਕਤੰਤਰ ਦਾ ਚੌਥਾ ਮਹੱਤਵਪੂਰਨ ਥੰਮ੍ਹ ਮੰਨੇ ਜਾਣ ਵਾਲੇ ਮੀਡੀਆ ਦੀ ਅਵਾਜ਼ ਨੂੰ ਬੰਦ ਕਰਕੇ ਇਸ ਨੂੰ ਗੂੰਗਾ ਬਣਾ ਦਿੱਤਾ ਗਿਆ। ਲੋਕਤੰਤਰ ਦੀ ਜਾਨ ਅਤੇ ਲੋਕਤੰਤਰ ਦਾ ਪੰਜਵਾਂ ਮਹੱਤਵਪੂਰਨ ਥੰਮ੍ਹ ਦੇਸ਼ ਦੇ ਨਾਗਰਿਕਾਂ ਨੂੰ ਐਮਰਜੈਂਸੀ ਲਗਾ ਕੇ ਉਹਨਾਂ ਦੇ ਮੁੱਢਲੇ ਹੱਕ - ਹਕੂਕਾਂ ਤੋਂ ਵਾਂਝੇ ਕਰ ਦਿੱਤਾ ਗਿਆ। ਮੀਡੀਆ ਸਮੇਤ ਆਮ- ਖ਼ਾਸ ਸਭ ਲੋਕਾਂ ਦੇ ਵਿਚਾਰ ਪ੍ਰਗਟਾਉਣ, ਸ਼ਾਂਤਮਈ ਢੰਗ ਨਾਲ ਵਿਰੋਧ ਕਰਨ, ਮੁਜ਼ਾਹਰਾ ਕਰਨ ਅਤੇ ਹੋਰ ਬੁਨਿਆਦੀ ਹੱਕ ਇੱਕ ਝਟਕੇ ਨਾਲ ਖੋਹ ਲਏ।

ਖ਼ਬਰਾਂ ਇੱਥੋਂ ਤੱਕ ਕਿ ਫ਼ਿਲਮਾਂ 'ਤੇ ਵੀ ਸਖ਼ਤੀ ਨਾਲ ਸੈਂਸਰ ਲਾ ਦਿੱਤਾ। ਬਿਨਾਂ ਸ਼ੱਕ ਦੇਸ਼ ਵਿੱਚ 25 ਮਾਰਚ 1977 ਤੱਕ 21 ਮਹੀਨੇ ਐਮਰਜੈਂਸੀ ਦਾ ਦੌਰ ਤਾਨਾਸ਼ਾਹ ਹੁਕਮਰਾਨ ਦੀਆਂ ਮਨਮਾਨੀਆਂ ਦਾ ਦੌਰ ਸੀ। ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਵੱਲੋਂ ਇਸ ਐਮਰਜੈਂਸੀ ਦਾ ਹਰ ਢੰਗ ਨਾਲ ਵਿਰੋਧ ਕੀਤਾ ਗਿਆ। ਮਾਹੌਲ ਖਰਾਬ ਹੋਇਆ। ਹਜ਼ਾਰਾਂ ਲੋਕਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਐਮਰਜੈਂਸੀ ਦੇ 50 ਸਾਲ ਬੀਤ ਜਾਣ 'ਤੇ ਵੀ ਆਮ ਲੋਕਾਂ ਅਤੇ ਵਿਰੋਧੀ ਪਾਰਟੀਆਂ ਦੇ ਮਨਾਂ ਵਿੱਚ ਇਸ ਦਿਨ ਪ੍ਰਤੀ ਰੋਸ ਅੱਜ ਵੀ ਉਸੇ ਤਰ੍ਹਾਂ ਬਣਿਆ ਹੋਇਆ ਹੈ।

ਐਮਰਜੈਂਸੀ ਦੇ ਇਸ ਕਾਲੇ ਦੌਰ ਦੀ ਯਾਦ ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਲੋਕਤੰਤਰ ਦੀ ਆਤਮਾ 'ਤੇ ਇੱਕ ਜ਼ਾਲਮ ਹਮਲਾ ਦੱਸਦਿਆਂ ਪ੍ਰਸਤਾਵ ਰੱਖਿਆ ਸੰਵਿਧਾਨ ਦੀ ਉਲੰਘਣਾ ਅਤੇ ਤਾਨਾਸ਼ਾਹੀ ਦੇ ਵਿਰੁੱਧ ਖੜ੍ਹੇ ਲੱਖਾਂ ਭਾਰਤੀਆਂ ਦੀ ਹਿੰਮਤ ਨੂੰ ਯਾਦ ਕਰਨ ਦੇ ਦਿਨ ਵਜੋਂ 25 ਜੂਨ ਨੂੰ ਹਰ ਸਾਲ "ਸੰਵਿਧਾਨ ਕਤਲ ਦਿਵਸ" ਵਜੋਂ ਮਨਾਇਆ ਜਾਣਾ ਚਾਹੀਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਐਮਰਜੈਂਸੀ ਦੇ ਖ਼ਾਤਮੇ ਤੋਂ ਬਾਅਦ ਭਾਰਤ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਸਥਾਪਿਤ ਹੋ ਸਕਿਆ ? ਕੀ ਸੰਵਿਧਾਨ ਸਹੀ ਢੰਗ ਨਾਲ ਅਤੇ ਸਹੀ ਅਰਥਾਂ ਵਿੱਚ ਲਾਗੂ ਹੋ ਸਕਿਆ? ਕੀ ਅਣਮਨੁੱਖੀ ਤਸ਼ੱਦਦ ਬੰਦ ਹੋ ਗਿਆ? ਕੀ ਲੋਕਾਂ ਨੂੰ ਪੂਰਨ ਅਜ਼ਾਦੀ ਹਾਸਲ ਹੋ ਗਈ? ਕੀ ਅੱਜ ਲੋਕ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਲਈ ਆਜ਼ਾਦ ਹਨ? ਕੀ ਮੌਜੂਦਾ ਸਰਕਾਰ ਲੋਕਤੰਤਰ ਦੀ ਪਰਵਾਹ ਕਰਦੀ ਹੈ ? ਕੀ ਮੌਜੂਦਾ ਸਰਕਾਰ ਆਮ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਸਫ਼ਲ ਹੋ ਸਕੀ ਹੈ ? ਕੀ ਅੱਜ ਦੇਸ਼ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਪ੍ਰਚਲਿਤ ਹੈ ਜਾਂ ਦੇਸ਼ ਅਜੇ ਵੀ ਅਣਐਲਾਨੀ ਐਮਰਜੈਂਸੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ? ਕੀ ਹੁਣ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਬੰਦ ਹੋ ਗਈ ਹੈ ?

ਬੇਸ਼ੱਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦਾ ਐਲਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼, ਤਰਕਸੰਗਤ ਅਤੇ ਨਿਆਂ ਸੰਗਤ ਨਹੀਂ ਠਹਿਰਾਇਆ ਜਾ ਸਕਦਾ ਪਰ ਉਹਨਾਂ ਨੇ ਮੌਜੂਦਾ ਸਰਕਾਰ ਵਾਂਗ ਕਿਸੇ ਇੱਕ ਵਰਗ ਦੇ ਲੋਕਾਂ ਨੂੰ, ਦੂਜੇ ਵਰਗ ਦੇ ਲੋਕਾਂ ਵਿਰੁੱਧ ਭੜਕਾ ਕੇ ਆਪਣੇ ਸਵਾਰਥਾਂ ਦੀ ਪੂਰਤੀ ਨਹੀਂ ਕੀਤੀ ਸੀ।

ਮੌਜੂਦਾ ਸਰਕਾਰ ਆਰ.ਐੱਸ. ਐੱਸ., ਬਜਰੰਗ ਦਲ, ਸ਼ਿਵ ਸੈਨਾ,ਗਊ ਰੱਖਿਆ ਜਿਹੇ ਅਨੇਕਾਂ ਫਿਰਕਾਪ੍ਰਸਤ ਸੰਗਠਨਾਂ ਨੂੰ ਵਰਤ ਕੇ ਦੇਸ਼ ਦੀ ਏਕਤਾ, ਅਖੰਡਤਾ, ਧਰਮ ਨਿਰਪੱਖਤਾ ਅਤੇ ਭਾਈਚਾਰੇ ਨੂੰ ਘੁਣ ਵਾਂਗ ਖਾ ਰਹੀ ਹੈ। ਮੁਸਲਮਾਨਾਂ ਦੀ ਅਬਾਦੀ ਵੱਧ ਤੇਜ਼ੀ ਨਾਲ਼ ਵਧਣ, 'ਲਵ ਜਿਹਾਦ', 'ਘਰ-ਵਾਪਸੀ', ਰਾਮ ਮੰਦਰ, ਬਾਬਰੀ ਮਸਜਿਦ ਜਿਹੇ ਮੁੱਦਿਆਂ ਤੇ ਦੰਗੇ ਫਸਾਦ ਕਰਵਾ ਕੇ ਸੱਤਾ ਵਿੱਚ ਰਹਿਣ ਲਈ ਵੋਟਾਂ ਬਟੋਰਨਾ, ਘੱਟ ਗਿਣਤੀਆਂ ਵਿਰੁੱਧ ਹਿੰਸਕ ਘਟਨਾਵਾਂ ਜਿਹੀਆਂ ਕਾਰਵਾਈਆਂ, ਕਿਸਾਨਾਂ ਦਾ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਸਾਲਾਂ ਬੱਧੀ ਸੜਕਾਂ 'ਤੇ ਰੁਲਣਾ ਅਤੇ ਹਾਕਮ ਦਾ ਅੰਨ੍ਹੇ, ਗੂੰਗੇ, ਬੋਲੇ ਹੋਣ ਦਾ ਦਿਖਾਵਾ ਕਰਨਾ, ਕੀ ਇਹ ਐਮਰਜੈਂਸੀ ਨਾਲੋਂ ਕਿਸੇ ਤਰ੍ਹਾਂ ਘੱਟ ਜ਼ਾਲਮਾਨਾ ਵਰਤਾਰਾ ਹੈ ? ਰਾਸ਼ਟਰਵਾਦ ਦੇ ਨਾਂ 'ਤੇ "ਹਿੰਦੂ ਰਾਸ਼ਟਰ" ਦਾ ਕੂੜ ਪ੍ਰਚਾਰਿਆ ਜਾ ਰਿਹਾ ਹੈ। ਭਾਰਤ ਦੀ "ਅਨੇਕਤਾ ਵਿੱਚ ਏਕਤਾ" ਨੂੰ ਖ਼ਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ।

ਦੇਸ਼ ਵਿੱਚ ਅਗਿਆਨਤਾ ਦਾ ਸਾਮਰਾਜ ਕਾਇਮ ਕਰਨ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਲਾਸ਼ਾ ਵਿਛਾ ਕੇ ਸਿਆਸਤ ਦੀ ਖੇਡ ਖੇਡੀ ਜਾ ਰਹੀ ਹੈ। ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਆਗੂਆਂ 'ਤੇ ਤਸ਼ੱਦਦ ਅੱਜ ਵੀ ਜਾਰੀ ਹੈ। ਸਰਕਾਰ ਵਿਰੋਧੀ ਨੇਤਾਵਾਂ, ਬੁੱਧੀਜੀਵੀ ਵਰਗ ਦੇ ਲੋਕਾਂ ਅਤੇ ਆਮ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਡੱਕਣਾ ਇਸ ਸਰਕਾਰ ਦਾ ਆਮ ਵਰਤਾਰਾ ਹੈ। ਨਾਗਰਿਕਤਾ ਸੋਧ ਕਾਨੂੰਨ, ਖੇਤੀ ਕਾਨੂੰਨ ਜਿਹੇ ਅਨੇਕਾਂ ਲੋਕ ਵਿਰੋਧੀ, ਲੋਕਤੰਤਰ ਵਿਰੋਧੀ ਕਾਨੂੰਨ ਸਰਕਾਰ ਦਾ ਲੋਕਤੰਤਰ ਵਿਰੋਧੀ ਚਿਹਰਾ ਸਾਫ਼ ਸਪੱਸ਼ਟ ਦਿਖਾਉਂਦੇ ਹਨ।

ਸੱਚ ਤਾਂ ਇਹ ਹੈ ਕਿ 25 ਜੂਨ 1975 ਦੀ ਐਮਰਜੈਂਸੀ ਦੇ ਦਿਨ ਨੂੰ "ਸੰਵਿਧਾਨ ਹੱਤਿਆ ਦਿਵਸ" ਵਜੋਂ ਮਨਾਉਣ ਦੀ ਸਿਫ਼ਾਰਸ਼ ਕਰਨ ਵਾਲੀ ਮੌਜੂਦਾ ਸਰਕਾਰ ਨੇ ਸਦਾ ਹੀ ਸੰਵਿਧਾਨ ਦੀ ਆਤਮਾ ਨੂੰ ਅੱਖੋਂ-ਪਰੋਖੇ ਕੀਤਾ ਹੈ ਅਤੇ ਲੋਕਤੰਤਰ ਨੂੰ ਛਿੱਕੇ ਟੰਗਿਆ ਹੈ। ਲੋਕ ਇਸ ਅਣਐਲਾਨੀ ਐਮਰਜੈਂਸੀ ਤੋਂ ਦੁੱਖੀ ਹਨ ਅਤੇ ਹੁਕਮਰਾਨ ਦਾ ਇਹ ਵਰਤਾਰਾ ਸਮੁੱਚੇ ਦੇਸ਼ ਲਈ ਘਾਤਕ ਹੈ।

ਇਸ ਤੋਂ ਅੱਗੇ ਚਲਦਿਆਂ ਜਿਵੇਂ ਦੇਸ਼ ਵਿੱਚ "ਹਿੰਦੂਤਵ" ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਘੱਟ ਗਿਣਤੀਆਂ ਦੇ ਹੱਕਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਮੁਸਲਮਾਨਾਂ ਖਿਲਾਫ਼ ਹਿੰਸਾ ਵੱਧਦੀ ਦਿਸਦੀ ਹੈ, ਸੰਘੀ ਢਾਂਚੇ ਨੂੰ ਖਿਲਾਰਿਆ ਜਾ ਰਿਹਾ ਹੈ, ਸ਼ਕਤੀਆਂ ਦਾ ਕੇਂਦਰੀਕਰਨ ਹੋ ਰਿਹਾ ਹੈ, ਨਿਆਂਪਾਲਿਕਾ ਉੱਤੇ ਕਾਬਜ਼ ਹੋਣ ਦਾ ਯਤਨ ਕੀਤਾ ਜਾ ਰਿਹਾ ਹੈ, ਇਸ ਸਭ ਨਾਲ ਦੇਸ਼ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਉੱਤੇ ਪਿਛਲੇ 11 ਸਾਲਾਂ 'ਚ ਸੈਂਕੜੇ ਮੁਕੱਦਮੇ ਚੱਲੇ। ਅਜ਼ਾਦ ਵਿਚਾਰਾਂ ਵਾਲਿਆਂ ਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਕਲਾ ਪਾਰਖੂਆਂ 'ਤੇ ਕਲਾਕਾਰਾਂ 'ਤੇ ਸ਼ਬਦੀ ਹਮਲੇ ਜਿਵੇਂ ਹੁਣ ਵਧ ਰਹੇ ਹਨ ਅਤੇ ਜਿਸ ਤਰ੍ਹਾਂ ਕੁਝ ਕੁ ਲੋਕ ਆਪਣੇ ਆਪ ਨੂੰ ਰਾਸ਼ਟਰਵਾਦੀ ਅਤੇ ਬਾਕੀਆਂ ਨੂੰ ਦੇਸ਼ ਧ੍ਰੋਹੀ ਗ਼ਰਦਾਨ ਰਹੇ ਹਨ, ਉਹ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਕਲਾਕਾਰ ਦਲਜੀਤ ਦੋਸਾਂਝ ਦੀ ਫ਼ਿਲਮ "ਸਰਦਾਰ 3" ਸੰਬੰਧੀ ਜਿਵੇਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਵਿੱਚ ਪਾਕਿਸਤਾਨੀ ਐਕਟ੍ਰੈੱਸ ਕੰਮ ਕਰ ਰਹੀ ਹੈ, ਕੀ ਇਹ ਨਿੰਦਣਯੋਗ ਨਹੀਂ ਹੈ ? ਆਪਣੀ ਕਲਾ ਦਾ ਪ੍ਰਦਰਸ਼ਨ, ਬੋਲੀ ਤੇ ਸੱਭਿਆਚਾਰ ਦਾ ਪਸਾਰ ਕੀ ਕਲਾਕਾਰਾਂ ਦਾ ਹੱਕ ਨਹੀਂ ਹੈ ? ਇੱਕ ਪਾਸੇ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਦਲਜੀਤ ਦੋਸਾਂਝ ਨੂੰ ਦੇਸ਼ ਦਾ ਮਾਣ ਕਹਿੰਦਾ ਹੈ ਦੂਜੇ ਪਾਸੇ "ਵੱਡੇ ਰਾਸ਼ਟਰਵਾਦੀ" ਉਸਦੀ ਨਾਗਰਿਕਤਾ ਖੋਹਣ ਦੀ ਗੱਲ ਕਰਦੇ ਹਨ। ਇਹ "ਵੱਡੇ ਰਾਸ਼ਟਰਵਾਦੀ" ਅਸਲ ਵਿੱਚ ਕੌਣ ਹਨ ? ਕੀ ਇਹ ਉਹ ਲੋਕ ਹਨ ਜੋ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ ਅਤੇ "ਇੱਕ ਬੋਲੀ, ਇੱਕ ਰਾਸਟਰ" ਦੀ ਗੱਲ ਕਰਦੇ ਹਨ ?

ਨਵੀਂ ਸਿੱਖਿਆ ਨੀਤੀ ਲਾਗੂ ਕਰਦਿਆਂ ਹਿੰਦੀ ਨੂੰ ਪ੍ਰਮੁੱਖਤਾ ਦੇਣ ਦੀ ਮੁਹਿੰਮ ਜ਼ੋਰਾਂ 'ਤੇ ਹੈ , ਜਿਸ ਦਾ ਵਿਰੋਧ ਕੁਝ ਹਲਕਿਆਂ ਵਿੱਚ ਲਗਾਤਾਰ ਹੋ ਰਿਹਾ ਹੈ। ਪਿਛਲੇ ਦਿਨੀ ਆਰ.ਐੱਸ.ਐੱਸ. ਦੇ ਇੱਕ ਵੱਡੇ ਅਧਿਕਾਰੀ ਦੱਤਾਤ੍ਰੇਯਾ ਹੋਸਬੋਲੇ ਵੱਲੋਂ "ਧਰਮ ਨਿਰਪੱਖ" ਅਤੇ "ਸਮਾਜਵਾਦੀ" ਸ਼ਬਦਾਂ ਉੱਤੇ ਬਹਿਸ ਅਤੇ ਪੁਨਰ ਵਿਚਾਰ ਦੇ ਸੁਝਾਅ ਨੇ ਸਿਆਸੀ ਭੁਚਾਲ ਲੈ ਆਂਦਾ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਸਮੇਤ ਕਾਂਗਰਸ ਨੇ ਇਸ ਨੂੰ ਸੰਵਿਧਾਨ ਬਦਲਣਾ ਕਰਾਰ ਦਿੱਤਾ ਹੈ।

ਅੱਜ '75 ਦੀ ਐਮਰਜੈਂਸੀ ਦੇ ਦਿਨਾਂ ਵਾਂਗਰ ਹੀ ਸਥਿਤੀ ਹੈ। ਜਿਵੇਂ ਸੱਤਾ ਦਾ ਕੇਂਦਰੀਕਰਨ ਐਮਰਜੈਂਸੀ ਦੌਰਾਨ ਸੀ, ਅੱਜ ਵੀ ਉਵੇਂ ਹੀ ਹੈ। ਵਿਅਕਤੀਪੂਜਾ ਜਿਵੇਂ ਇੰਦਰਾ ਗਾਂਧੀ ਕਰਵਾਉਂਦੀ ਸੀ, ਅੱਜ ਮੌਜੂਦਾ ਪ੍ਰਧਾਨ ਮੰਤਰੀ ਕਰਵਾਉਂਦੇ ਹਨ। ਪ੍ਰਸਿੱਧ ਕਵੀ ਭਵਾਨੀ ਪ੍ਰਸ਼ਾਦ ਮਿਸ਼ਰ ਦੀਆਂ ਪੰਕਤੀਆਂ ਅੱਜ ਦੇ ਮਾਹੌਲ 'ਤੇ ਉਵੇਂ ਹੀ ਢੁੱਕਦੀਆਂ ਹਨ, ਜਿਵੇਂ ਇੰਦਰਾ ਕਾਲ 'ਤੇ ਢੁੱਕਦੀਆਂ ਸਨ।

"ਬਹੁਤ ਨਹੀਂ ਸਿਰਫ਼ ਚਾਰ
ਕਊਏ ਥੇ ਕਾਲੇ,
ਉਨਹੋਂ ਨੇ ਤੈਅ ਕੀਆ ਕਿ
ਸਾਰੇ ਉੜਨੇ ਵਾਲੇ,
ਉਨਕੇ ਢੰਗ ਸੇ ਉੜੇਂ,
ਰੁਕੇਂ, ਖਾਏਂ ਔਰ ਗਾਏਂ,
ਵੇ ਜਿਸ ਕੋ ਤਿਉਹਾਰ ਕਹੇਂ
ਸਭ ਉਸੇ ਮਨਾਏ।"

ਸੰਵਿਧਾਨ ਨੂੰ ਬਦਲਣ ਵਾਲੇ ਅਤੇ ਇਸ ਵਿੱਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਕੱਢਣ ਦੀ ਮੁਹਿੰਮ ਚਲਾਉਣ ਵਾਲੇ ਪਤਾ ਨਹੀਂ ਕਿਉਂ ਡਾਕਟਰ ਭੀਮ ਰਾਓ ਅੰਬੇਡਕਰ ਦੇ ਇਹ ਸ਼ਬਦ ਭੁੱਲ ਬੈਠੇ ਹਨ, "ਭਾਰਤ ਦੇ ਲੋਕਾਂ ਦੇ ਸੋਚਣ, ਸਮਝਣ ਅਤੇ ਭਾਰਤ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਕਿਸੇ ਕਾਲ-ਖੰਡ ਦੀ ਪੀੜ੍ਹੀ ਦੀ ਸੋਚ-ਸਮਝ ਅਤੇ ਪਰਿਭਾਸ਼ਾ ਨਾਲ ਬੰਨ੍ਹਿਆ ਨਹੀਂ ਜਾ ਸਕਦਾ।"

# ਇਜ਼ਰਾਈਲ ਬਨਾਮ ਫਿਲਸਤੀਨ



ਲੇਖਕ:- ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K)

ਮਰੀ ਜਾਂਦੀ ਹੈ ਲੋਕਾਈ, ਗੁੱਸੇ-ਗਿਲੇ ਨੂੰ ਭੁਲਾਉ,
ਬੇਕਸੂਰ ਮਰੀ ਜਾਂਦੇ, ਪੁੱਤ ਮਾਵਾਂ ਦੇ ਬਚਾਉ,
ਸੁੰਨੀ ਤੇ ਯਹੂਦੀ, ਮੇਰੀ ਦੋਹਾਂ ਨੂੰ ਦੁਹਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਇੱਕ-ਦੂਜੇ ਉੱਤੇ ਤੁਸੀਂ, ਕਹਿਰੀ ਹੱਲੇ ਬੋਲੀ ਜਾਵੋਂ,
ਮਨੁੱਖਤਾ ਲਈ ਦਰ ਤੁਸੀਂ, ਕਬਰਾਂ ਦੇ ਖੋਲ੍ਹੀ ਜਾਵੋਂ,
ਜਨਤਾ ਦੀ ਸੁਣਦਾ ਕੋਈ ਹਾਲ ਨਾਂ ਦੁਹਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਗਲੀਆਂ-ਬਜ਼ਾਰਾਂ ਵਿੱਚ, ਮੌਤ ਰਾਣੀ ਨੱਚਦੀ,
ਬੰਬ ਤੇ ਮਿਜ਼ਾਈਲਾਂ ਵਿੱਚੋਂ, ਅਗਨੀ ਹੀ ਮੱਚਦੀ,
ਟੈਂਕਾਂ ਤੇ ਤੋਪਾਂ ਨੇ, ਮਚਾਈ ਪਈ ਤਬਾਹੀ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਟਹਿਕਦੇ ਚਮਨ ਨੂੰ, ਬਰੂਦ ਨਾਲ ਸਾੜੀ ਜਾਵੋਂ,
ਬਦਲੇ ਦੀ ਅੱਗ ਵਿੱਚ, ਖਿੜੇ ਫੁੱਲ ਸਾੜੀ ਜਾਵੋਂ,
ਇੱਕ ਦਾ ਨਹੀਂ ਦੋਸ਼, ਇਥੇ ਦੋਵੇਂ ਹੀ ਸ਼ੈਦਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਪਹਿਲਾਂ ਲੜੇ ਜੰਗ, ਦੱਸੋ ਕੀ ਇਹਨਾਂ ਖੱਟਿਆ,
ਕਰ ਕੇ ਲੜਾਈਆਂ, ਝੁੱਗਾ ਆਪਣਾ ਹੀ ਪੁੱਟਿਆ,
ਇੱਕ ਦੂਜੇ ਉੱਤੇ ਤੁਸੀਂ, ਅੱਗ ਹੀ ਵਰ੍ਹਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਗੁੱਸੇ-ਗਿਲੇ ਗੱਲ ਬਾਤ, ਕਰਕੇ ਨਜਿੱਠ ਲਉ,
ਬਦਲਾ ਲਊ ਭਾਵਨਾ, ਵਗ਼ਾ ਕੇ ਦੂਰ ਸਿੱਟ ਦਉ,
ਮੁਸਲਮ-ਯਹੂਦੀ, ਵਸਣ ਜਿਵੇਂ ਭਾਈ-ਭਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਵਪਾਰੀ ਲੋਕਾਂ ਵੇਚਣੇ ਨੇ, ਬੰਬ ਹਥਿਆਰ ਬਈ,
ਭਰਾ-ਪੁੱਤ ਆਪਣੇ ਹੀ, ਲੈਣੇ ਤੁਸੀਂ ਮਾਰ ਬਈ,
ਇਹਦੇ ਵਿੱਚ ਦੱਸੋ ਲੋਕੋ, ਕਿੱਥੋਂ ਦੀ ਭਲਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਅਮਨ ਪੁਜਾਰੀ ਹੋਵੋ, ਬਣੋ ਸ਼ਾਂਤੀ ਦੇ ਪੁੰਜ ਬਈ,
ਪਾਉ ਗਲਵਕੜੀ, ਨਾ ਜਾਇਉ ਤੁਸੀਂ ਖੁੰਝ ਬਈ,
ਨਹੀ ਤਾਂ ਅਣਭੋਲ ਜਿੰਦਾਂ, ਜਾਣੀਆਂ ਅਜਾਈਂ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਬਣੋ ਦਿਲਦਾਰ, ਪਾਈਆਂ ਸਾਂਝਾਂ ਉੱਤੇ ਮਾਣ ਹੋਵੇ,
ਸਾਥੀ ਦੁੱਖ-ਸੁੱਖ ਦੇ, ਤੇ ਜਾਨ ਵਿੱਚ ਜਾਨ ਹੋਵੇ,
ਬਾਡਰ ਦੇ ਦੋਵੇਂ ਪਾਸੇ, ਸਤੀ ਪਈ ਲੋਕਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਹੌਕਿਆਂ ਦੀ ਅੱਗ ਵਿੱਚ, ਸੜਦੇ ਹੀ ਰਹੋਂਗੇ,
ਅਣ-ਕਹੇ ਦੁੱਖ ਤੁਸੀਂ, ਸੀਨਿਆਂ ਤੇ ਸਹੋਂਗੇ,
ਘਾਟੇ ਵਾਲਾ ਸੌਦਾ, ਕੋਈ ਖੱਟੀ ਨਾ ਕਮਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥

ਦੰਦਲਾਂ ਪੈ ਜਾਣੀਆਂ, ਨਾ ਹੱਸੋਂਗੇ ਨਾ ਬੋਲੋਂਗੇ,
ਹੱਥਾਂ ਨਾਲ ਦਿੱਤੀਆਂ ਉਹ, ਦੰਦਾਂ ਨਾਲ ਖੋਲ੍ਹੋਂਗੇ,
ਨਛੱਤਰ ਸਿੰਘ ਭੋਗਲ, ਨਹੀਂ ਮਾਰਦਾ ਭਕਾਈ ਐ।
ਰੋਕ ਲਵੋ ਜੰਗ, ਥੋਡੀ ਏਸੇ 'ਚ ਭਲਾਈ ਐ॥
* * * * * * * *

# ਕਾਵਿ-ਕਿਆਰੀ

## ਵਧਾਈਆਂ ਜੀ ਵਧਾਈਆਂ



**ਗੀਤਕਾਰ-ਤਰਲੋਚਨ ਸਿੰਘ ਚੰਨ ਜੰਡਿਆਲਵੀ**

ਵਧਾਈਆਂ ਜੀ ਵਧਾਈਆਂ
ਖੁਸ਼ੀਆਂ ਦੀਆਂ ਘੜੀਆਂ ਆਈਆਂ।
ਪੈ ਗਈ ਅੱਜ ਕੁੜਮਾਈ ਹੁਣ ਵਿਆਹ ਵੀ ਹੋ ਜਾਊਗਾ!
ਲਾੜਾ ਆਪਣੀ ਜੀਵਨ ਸਾਥਣ ਸੰਗ ਖਲੋ ਜਾਊਗਾ!!

ਰਿਸ਼ਤਾ ਕਿਥੇ ਹੋਣਾ ਇਹ ਸਭ ਗੇੜ ਨਸੀਬਾਂ ਦੇ।
ਕੁਦਰਤ ਹੱਥ ਕ੍ਰਿਸ਼ਮੇਂ ਧਨੀਆਂ ਅਤੇ ਗਰੀਬਾਂ ਦੇ।
ਡੋਲੀ ਵੇਲੇ ਧੀ ਨਾਲ ਮਾਂ ਪਿਉ ਵੀ ਰੋ ਜਾਊਗਾ!
ਲਾੜਾ ਆਪਣੀ ਜੀਵਨ ਸਾਥਣ ਸੰਗ ਖਲੋ ਜਾਊਗਾ!!

ਕਰਮਾਂ ਦੇ ਨਾਲ ਮਿਲਦੇ ਰਿਸ਼ਤੇ ਏਦਾਂ ਦੇ।
ਜੀਵਨ ਸੁਵਰਗ ਬਣੌਣ ਫਰਿਸ਼ਤੇ ਏਦਾਂ ਦੇ।
ਵਿਆਂਦੜ ਜੋੜੀ ਬਣ ਗਈ ਬੂਹੇ ਤੇਲ ਵੀ ਚੋ ਜਾਊਗਾ!
ਲਾੜਾ ਆਪਣੀ ਜੀਵਨ ਸਾਥਣ ਸੰਗ ਖਲੋ ਜਾਊਗਾ!!

ਚਾਚੀਆਂ ਤਾਈਆਂ ਭੂਆ ਭੈਣਾਂ ਗਿੱਧਾ ਪੌਣਗੀਆਂ।
ਨਾਨੀ ਮਾਮੀ ਮਾਸੀਆਂ ਵਿਆਹ ਦਾ ਲੁਤਫ ਉਠੌਣਗੀਆਂ।
ਵੇਹੜੇ ਵੱਜਦਾ ਬੈਂਡ ਵਾਜਾ ਸਭ ਨੂੰ ਮੋਹ ਜਾਊਗਾ!
ਲਾੜਾ ਆਪਣੀ ਜੀਵਨ ਸਾਥਣ ਸੰਗ ਖਲੋ ਜਾਊਗਾ!!

ਜੇਕਰ ਚੰਨ ਜੰਡਿਆਲਵੀ ਵਿੱਚ ਬਰਾਤ ਦੇ ਆਵੇਗਾ।
ਦੋਹਾਂ ਧਿਰਾਂ ਨੂੰ ਗੱਜਕੇ ਮੁਬਾਰਕਬਾਦ ਬੁਲਾਵੇਗਾ।
ਗੁੱਸੇ, ਗਿਲੇ ਤੇ ਚੁਗਲੀਆਂ ਦੇ ਦਰਵਾਜੇ ਢੋ ਜਾਊਗਾ।
ਲਾੜਾ ਆਪਣੀ ਜੀਵਨ ਸਾਥਣ ਸੰਗ ਖਲੋ ਜਾਊਗਾ॥
* * * * * * * * *

## ਕਵਿਤਾ

ਇਸ਼ਕ ਦੇ ਜਦ ਨਾਮ ਉੱਤੇ ਜ਼ਾਬਤੇ ਹੀ ਰਹਿ ਗਏ
ਸਿਲਸਿਲੇ ਮੁੱਕਦੇ ਗਏ ਬਸ ਰਾਬਤੇ ਹੀ ਰਹਿ ਗਏ

ਦਿਲ ਦੇ ਟੋਟੇ ਕੁਕਨੁਸਾਂ ਦੀ ਜਾਤ ਵਿੱਚੋਂ ਹੋ ਗਏ
ਤੋੜ ਕੇ ਵੀ, ਸਾੜ ਕੇ ਵੀ, ਸਾਬਤੇ ਹੀ ਰਹਿ ਗਏ


ਪੈੜ ਉਸਦੀ ਕਿਸ ਦਿਆਂ ਰਾਹਾਂ ਦੀ ਹਾਣੀ ਹੋ ਗਈ
ਰਹਿ ਗਏ ਕਿ ਨੈਣ ਮੇਰੇ ਖ਼ਾਬ 'ਤੇ ਹੀ ਰਹਿ ਗਏ

ਲੱਖ ਸੁਪਨੇ ਮਰ ਗਏ ਸੀ ਦਿਲ ਦੇ ਅੰਦਰ ਡੁੱਬ ਕੇ
ਫੇਰ ਕਿੰਨੇ ਅੱਖ ਵਾਲੀ ਢਾਬ 'ਤੇ ਹੀ ਰਹਿ ਗਏ

ਗ਼ੈਰ ਹਿੱਸੇ ਆ ਗੀਆਂ ਹੱਥ ਘੁਟਣੀਆਂ, ਗਲਵਕੜੀਆਂ
ਆਪਾਂ ਉਸ ਦੇ ਪੋਟਿਆਂ ਦੀ ਦਾਬ 'ਤੇ ਹੀ ਰਹਿ ਗਏ।

**-ਸਿਮਰਨ ਅਕਸ**

# ਚੌਪਟ ਰਾਜ



ਰਵਿੰਦਰ ਸਿੰਘ ਕੁੰਦਰਾ

ਕੋਵੈਂਟਰੀ ਯੂ ਕੇ

ਰੋਲਦੇ ਨੇ ਪੈਰਾਂ ਵਿੱਚ, ਕਾਨੂੰਨ ਦੀ ਪਾਕ ਮਿੱਟੀ,
ਹਾਕਮਾਂ ਦੀ ਕਾਲ਼ੀ ਰਾਤ, ਵੀ ਹੈ ਸਦਾ ਚਿੱਟੀ।

ਹਾਕਮਾਂ ਦੇ ਹੱਥੋਂ ਮਿਲੇ, ਇਨਾਮ ਵੀ ਅਜਾਬ ਨੇ,
ਕਰੀਂ ਨਾ ਯਕੀਨ ਉਹਦਾ, ਜੇ ਜ਼ੁਬਾਨ ਹੈ ਮਿੱਠੀ।

ਮਜ਼ਲੂਮ ਤਾਂ ਆਦੀ ਨੇ, ਸਦਾ ਜ਼ੁਲਮ ਸਹਿਣ ਦੇ,
ਹੱਸ ਕੇ ਵੀ ਸਹਿ ਲੈਂਦੇ ਨੇ, ਹਰ ਤਸੀਹਾ- ਏ- ਕੁੜਿੱਕੀ।

ਵਫਾ ਦੀਆਂ ਰਾਹਾਂ ਵੀ, ਕਿੰਨੀਆਂ ਹੁਸੀਨ ਨੇ,
ਕੰਡੇ ਵੀ ਪੈਰਾਂ ਨੂੰ ਨਹੀਂ, ਲੱਗਣ ਦਿੰਦੇ ਮਿੱਟੀ।

ਨਾਹਰੇ ਅਤੇ ਦਮਗਜੇ, ਕਈ ਵਾਅਦੇ 'ਤੇ ਦਿਲਾਸੇ,
ਸੁਣ ਸੁਣ ਕੇ ਹੋ ਗਈ, ਹੈ ਸਾਡੀ ਜਵਾਨੀ ਲਿੱਸੀ।


ਹੱਦਾਂ ਅਤੇ ਕੰਧਾਂ ਵੀ, ਹਰ ਪਾਸੇ ਮੂੰਹ ਚਿੜਾਵਣ,
ਗ਼ਰੀਬ ਭਾਵੇਂ ਜਿੰਨਾ ਵੀ, ਦੁਹੱਥੜੀਂ ਜਾਵੇ ਪਿੱਟੀ।

ਜਜ਼ਬਾਤ ਅਤੇ ਜੇਰੇ ਵੀ, ਤਾਕਤ ਦੇ ਮੁਹਤਾਜ ਨੇ,
ਬਾਹੂ ਬਲ ਤੋਂ ਬਿਨਾ ਸਮਝੋ, ਗੁੰਮ ਹੈ ਸਿੱਟੀ ਵਿੱਟੀ।

ਅਖ਼ਬਾਰਾਂ ਵੇਚਣ ਵਾਲੇ ਨੂੰ, ਜ਼ਰਾ ਪੁੱਛ ਕੇ ਤਾਂ ਦੇਖੋ,
ਕਿ ਉਸ ਦੀ ਆਪਣੀ ਕਹਾਣੀ, ਕਿਉਂ ਨਹੀਂ ਵਿੱਕੀ?

ਅੰਧੇਰ ਹੈ ਇਸ ਨਗਰੀ ਦੀ, ਹਰ ਗਲੀ ਹਰ ਨੁੱਕਰ,
ਚੌਪਟ ਹੈ ਰਾਜ ਜਿਸ ਨੇ, ਤੜਫਦੀ ਜਨਤਾ ਨਾ ਡਿੱਠੀ।
* * * * * * *

# ਮੁਸ਼ਕਿਲਾਂ ਨਹੀਂ ਸਜ਼ਾ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸੁਣ ਲੈ 'ਕਾਣੀਏਂ' ਐਵੇਂ ਨਾ 'ਹੁੱਬ' ਹਾਲੇ
ਚੜ੍ਹਿਆ ਘੋੜੇ 'ਤੇ ਉਦੋਂ ਹੀ 'ਜਾਣੀਏਂ' ਜੀ।
ਕੇਸ ਕੋਰਟ ਵਿਚ ਜਾ ਕੇ ਵੀ ਬਦਲ ਜਾਂਦੇ
ਖਿੱਚਾ-ਧੂਹੀ ਦਾ ਸੁਆਦ ਹੀ ਮਾਣੀਏਂ ਜੀ।
ਸੋਸ਼ਲ ਮੀਡ੍ਰੀਆ 'ਭਖਦਾ' ਜੋ ਅੱਗ ਵਾਂਗੂੰ
'ਬਰਫ' ਹੋ ਜਾਂਦਾ ਪਲਾਂ ਵਿਚ ਠਾਣੀਏਂ ਜੀ।
'ਫਾਹੇ ਲੱਗਿਆ' ਸਿਆਸਤੀ ਚੋਰ ਕਿਹੜਾ
ਜ਼ਰਾ ਪਹਿਲੇ ਇਤਿਹਾਸ ਨੂੰ 'ਛਾਣੀਏਂ' ਜੀ।
ਜਿਹਦੀ ਚੱਲ ਰਹੀ 'ਜਾਂਚ-ਪੜਤਾਲ' ਹੋਵੇ
ਸੁਣੀਏਂ ਇਹੋ ਕਿ 'ਮੁਸ਼ਕਿਲਾਂ ਵਧਦੀਆਂ' ਨੇ।
ਜਨਤਾ ਖਬਰ ਇਹ ਸੁਣਨ ਨੂੰ ਤਾਂਘਦੀ ਐ
'ਲੋਟੂ ਲੀਡਰ' ਨੂੰ ਜੇਲ੍ਹਾਂ ਕਦ ਸੱਦਦੀਆਂ ਨੇ !

ਤਰਲੋਚਨ ਸਿੰਘ ਦੁਪਾਲ ਪੁਰ

# ਐਡਨਬਰਾ ਵਿੱਚ ਰਵਿੰਦਰ ਨਾਥ ਟੈਗੋਰ ਦੇ ਬੁੱਤ ਦਾ ਉਦਘਾਟਨ




**ਯੂਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਇਰਾਸਵਾਮੀ ਅਤੇ ਐਡਨਬਰਾ ਦਾ ਲਾਰਡ ਪ੍ਰੋਵੋਸਟ ਰਾਬਰਟ ਐਲਡਰਿੱਜ ਮੂਰਤੀ ਤੋਂ ਕੱਪੜਾ ਹਟਾਉਂਦੇ ਅਤੇ ਸੰਬੋਧਨ ਕਰਦੇ ਹੋਏ**

ਗਲਾਸਗੋ–(ਹਰਜੀਤ ਦੁਸਾਂਝ ਪੁਆਦੜਾ) – ਭਾਰਤ ਦੇ ਸਤਿਕਾਰਯੋਗ ਕਵੀ, ਦਾਰਸ਼ਨਿਕ ਅਤੇ ਸਾਹਿਤ ਵਿੱਚ ਪਹਿਲੇ ਗੈਰ–ਯੂਰਪੀਅਨ ਨੋਬਲ ਪੁਰਸਕਾਰ ਜੇਤੂ ਰਬਿੰਦਰਨਾਥ ਟੈਗੋਰ ਦੇ ਕਾਂਸੀ ਦੇ ਬੁੱਤ ਦਾ ਰਸਮੀ ਤੌਰ 'ਤੇ ਉਦਘਾਟਨ ਸਕਾਟਲੈਂਡ ਦੀ ਰਾਜਧਾਨੀ ਐਡਿਨਬਰਾ ਦੇ ਇਤਿਹਾਸਕ ਸਥਾਨ ਰਾਇਲ ਮਾਈਲ ਦੇ ਨੇੜੇ ਸੈਂਡੇਮੈਨ ਹਾਊਸ ਦੇ ਬਾਗ਼ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਵਿੱਚ ਕੀਤਾ ਗਿਆ। ਇਹ ਮੂਰਤੀ ਉੱਘੇ ਭਾਰਤੀ ਮੂਰਤੀਕਾਰ ਪਦਮਭੂਸ਼ਣ ਸ਼੍ਰੀ ਰਾਮ ਵੀ. ਸੁਤਾਰ ਅਤੇ ਯੂਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਇਰਾਸਵਾਮੀ ਦੁਆਰਾ ਐਡਿਨਬਰਗ ਦੇ ਲਾਰਡ ਪ੍ਰੋਵੋਸਟ ਰਾਬਰਟ ਐਲਡਰਿਜ ਨੂੰ ਸੌਂਪੀ ਗਈ, ਜਿਨ੍ਹਾਂ ਨੇ ਇਸਨੂੰ ਐਡਿਨਬਰਗ ਸ਼ਹਿਰ ਵੱਲੋਂ ਸਵੀਕਾਰ ਕੀਤਾ। ਇਸ ਬੁੱਤ ਦੀ ਜਗ੍ਹਾ ਸਕਾਟਲੈਂਡ ਦੇ ਉੱਘੇ ਵਿਗਿਆਨੀ ਸਰ ਪੈਟ੍ਰਿਕ ਗੈਡੇਸ ਦੇ ਬੁੱਤ ਦੇ ਉਲਟ ਪ੍ਰਤੀਕਾਤਮਕ ਤੌਰ 'ਤੇ ਰੱਖੀ ਗਈ ਹੈ। ਗੈਡੇਸ ਪ੍ਰਸਿੱਧ ਸਕਾਟਿਸ਼ ਵਾਤਾਵਰਣ ਵਿਗਿਆਨੀ, ਨਗਰ ਯੋਜਨਾਕਾਰ, ਅਤੇ ਟੈਗੋਰ ਦੇ ਲੰਬੇ ਸਮੇਂ ਦੇ ਦੋਸਤ ਸਨ। ਇਹ ਦੋ ਦੂਰਦਰਸ਼ੀ ਦਿਮਾਗਾਂ ਵਿਚਕਾਰ ਡੂੰਘੇ ਬੌਧਿਕ ਅਤੇ ਦਾਰਸ਼ਨਿਕ ਬੰਧਨ ਨੂੰ ਦਰਸਾਉਂਦਾ ਹੈ। ਟੈਗੋਰ ਅਤੇ ਗੈਡੇਸ ਦੋਵਾਂ ਨੇ ਸੰਪੂਰਨ ਸਿੱਖਿਆ, ਵਾਤਾਵਰਣਕ ਸਦਭਾਵਨਾ ਅਤੇ ਵਿਸ਼ਵਵਿਆਪੀ ਮਾਨਵਤਾਵਾਦ ਪ੍ਰਤੀ ਵਚਨਬੱਧਤਾ ਸਾਂਝੀ ਕੀਤੀ ਅਤੇ ਉਨ੍ਹਾਂ ਦੀ ਸਥਾਈ ਦੋਸਤੀ ਭਾਰਤ ਅਤੇ ਸਕਾਟਲੈਂਡ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਸੱਭਿਆਚਾਰਕ ਅਤੇ ਅਕਾਦਮਿਕ ਸਬੰਧਾਂ ਦਾ ਪ੍ਰਤੀਕ ਹੈ। ਸਮਾਰੋਹ ਦੀ ਮੇਜ਼ਬਾਨੀ ਸਕਾਟਿਸ਼ ਸੈਂਟਰ ਆਫ਼ ਟੈਗੋਰ ਸਟੱਡੀਜ਼ (SCoTS) ਅਤੇ ਐਡਿਨਬਰਗ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ ਸੀ, ਜਿਸ ਵਿੱਚ ਇਹ ਮੂਰਤੀ ਭਾਰਤੀ ਸੱਭਿਆਚਾਰਕ ਸਬੰਧਾਂ ਲਈ ਕੌਂਸਲ ਦੁਆਰਾ ਭਾਰਤ ਅਤੇ ਸਕਾਟਲੈਂਡ ਦੀ ਸਾਂਝੀ ਵਿਰਾਸਤ ਨੂੰ ਸ਼ਰਧਾਂਜਲੀ ਵਜੋਂ ਭੇਟ ਕੀਤੀ ਗਈ। ਟੈਗੋਰ ਦੇ ਬੁੱਤ ਦੀ ਸਥਾਪਨਾ ਸ਼ਾਂਤੀ, ਵਾਤਾਵਰਣ ਜਾਗਰੂਕਤਾ, ਸੱਭਿਆਚਾਰਕ ਸੰਵਾਦ ਅਤੇ ਭਾਰਤ ਤੇ ਸਕਾਟਲੈਂਡ ਵਿਚਕਾਰ ਬੰਧਨ ਦੇ ਵਿਸ਼ਵਵਿਆਪੀ ਮੁੱਲਾਂ ਦੀ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦੀ ਹੈ।

# ਡੰਗ ਮਨਚੰਦੇ ਦੇ



ਰਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

ਰੋਜ਼ ਬੈਂਕ ਲੁੱਟ ਹੋ ਰਹੇ ਹਨ,ਆਪਣੇ ਸ਼ਹਿਰ 'ਚੋ ਕਰਾਇਮ ਖ਼ਤਮ ਹੋਣਾ ਚਾਹੀਦਾ ਹੈ,ਤਾਂ ਜੋ ਸਰਕਾਰੀ ਖ਼ਜ਼ਾਨਾ ਬਚਾਇਆ ਜਾ ਸਕੇ..!!!



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਪੰਜਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 12

ਪ ਫ ਬ ਭ ਮ

Exercise 1 : Draw the above letters on paper and cut & paste in your notebook.
(Material needed: Card stock, Scissors, glue)

Exercise 2 : Write the Gurmukhi Akhars 3 times for English sounds given below.

Pappaa ............ ............ ............
Babbaa ............ ............ ............
Mammaa ............ ............ ............
Fafaa ............ ............ ............
Bhabbaa ............ ............ ............

ਸਿੱਖਿਆ - ਗੁਰਮੁਖੀ | Page 25 | Level I

# ਬਰਤਾਨਵੀ ਫੌਜ ਦੀ ਮਦਦ ਨਾਲ ਸਿੱਖ ਘਲੂਘਾਰਾ ਜੂਨ 84 ਕਰਵਾਇਆ ਕਾਂਗਰਸ ਨੇ


**✪ ਭਾਜਪਾ ਆਗੂ ਨਿਸ਼ੀਕਾਂਤ ਦੂਬੇ ਨੇ ਸਨਸਨੀਖੇਜ਼ ਕੀਤਾ ਦਾਅਵਾ ✪ ਭਾਜਪਾ ਦੀ ਸ਼ਾਤਰੀ ਸਿਆਸਤ: ਸਿੱਖ ਪੰਥ ਨੂੰ ਆਪਣੇ ਨਾਲ ਜੋੜਨਾ ਜਾਂ ਕਾਂਗਰਸ ਨੂੰ ਬਦਨਾਮ ਕਰਨਾ ? ✪ ਪੰਥਕ ਜਥੇਬੰਦੀਆਂ ਦਾ ਤਿੱਖਾ ਪ੍ਰਤੀਕਰਮ : ਸੰਤ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣਾ ਅਪਮਾਨਜਨਕ ✪ ਸਾਕਾ ਨੀਲਾ ਤਾਰਾ: ਬਰਤਾਨਵੀ ਭੂਮਿਕਾ ਦੀ ਜਾਂਚ ਕਿਉਂ ਨਹੀਂ ? ਮੋਦੀ ਸਰਕਾਰ 'ਤੇ ਸਵਾਲ**

ਖਾਸ ਰਿਪੋਟ

ਨਿਸ਼ੀਕਾਂਤ ਦੂਬੇ ਦੇ ਬਿਆਨ ਨੂੰ ਸਿਆਸੀ ਮਾਹਿਰ ਭਾਜਪਾ ਦੀ ਉਸ ਰਣਨੀਤੀ ਨਾਲ ਜੋੜ ਰਹੇ ਹਨ, ਜਿਸ ਵਿੱਚ ਕਾਂਗਰਸ ਨੂੰ ਸਿੱਖ ਮੁੱਦਿਆਂ 'ਤੇ ਬਦਨਾਮ ਕਰਕੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਖ ਘਲੂਘਾਰਾ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਨੂੰ ਸਿੱਖ ਭਾਈਚਾਰਾ ਇੱਕ ਜ਼ਾਲਮਾਨਾ ਅਤੇ ਸੰਵੇਦਨਸ਼ੀਲ ਘਟਨਾ ਮੰਨਦਾ ਹੈ, ਜਿਸ ਵਿੱਚ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਈਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਭਾਰੀ ਨੁਕਸਾਨ ਹੋਇਆ। ਅਜਿਹੇ ਵਿੱਚ, ਭਾਜਪਾ ਦਾ ਇਹ ਦਾਅਵਾ ਕਿ ਕਾਂਗਰਸ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਉਭਾਰਿਆ ਅਤੇ ਬਰਤਾਨਵੀ ਫੌਜ ਦੀ ਮਦਦ ਨਾਲ ਇਹ ਹਮਲਾ ਕੀਤਾ, ਸਿੱਖ ਪੰਥ ਵਿੱਚ ਤਿੱਖੀ ਪ੍ਰਤੀਕਿਰਿਆ ਦਾ ਕਾਰਨ ਬਣਿਆ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣ ਦਾ ਮੁੱਦਾ ਵੀ ਭਾਜਪਾ ਦੀ ਸਿਆਸਤ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਸੰਤ ਭਿੰਡਰਾਂਵਾਲੇ ਸਿੱਖ ਪੰਥ ਵਿੱਚ ਇੱਕ ਸਿੱਖ ਜਰਨੈਲ ਤੇ ਆਗੂ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਪੰਜਾਬ ਵਿੱਚ ਸਿੱਖਾਂ ਦੇ ਹੱਕਾਂ ਅਤੇ ਆਨੰਦਪੁਰ ਸਾਹਿਬ ਮਤੇ ਦੀਆਂ ਮੰਗਾਂ ਨੂੰ ਉਠਾਇਆ ਸੀ।

ਭਾਜਪਾ ਦਾ ਇਹ ਦਾਅਵਾ ਕਿ ਕਾਂਗਰਸ ਨੇ ਸੰਤ ਭਿੰਡਰਾਂਵਾਲਿਆਂ ਨੂੰ ਜਨਮ ਦਿੱਤਾ ਤੇ ਸਿੱਖ ਪੰਥ ਲਈ ਦੁਖਾਂਤ ਸਿਰਜਣ ਲਈ ਭੂਮਿਕਾ ਨਿਭਾਈ । ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਇਸ ਮੁੱਦੇ ਨੂੰ ਚੁੱਕ ਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਸਾਧਣ ਦੀ ਕੋਸ਼ਿਸ਼ ਕਰ ਰਹੀ ਹੈ: ਪਹਿਲਾਂ, ਕਾਂਗਰਸ ਨੂੰ ਸਿੱਖ-ਵਿਰੋਧੀ ਦੱਸ ਕੇ ਉਸ ਦੀ ਸਿਆਸੀ ਨੁਕਸਾਨ ਪਹੁੰਚਾਉਣਾ





**ਪੰਜਾਬ ਟਾਈਮਜ ਅਨੁਸਾਰ ਸਿੱਖ ਘਲੂਘਾਰਾ ਜੂਨ 84 ਅਤੇ ਇਸ ਵਿੱਚ ਬਰਤਾਨਵੀ ਭੂਮਿਕਾ ਦਾ ਮੁੱਦਾ ਸਿੱਖ ਭਾਈਚਾਰੇ ਲਈ ਅੱਤ ਸੰਵੇਦਨਸ਼ੀਲ ਹੈ। ਨਿਸ਼ੀਕਾਂਤ ਦੂਬੇ ਦੇ ਬਿਆਨ ਨੇ ਇਸ ਮੁੱਦੇ ਨੂੰ ਮੁੜ ਚਰਚਾ ਵਿੱਚ ਲਿਆਂਦਾ ਹੈ, ਪਰ ਸਿੱਖ ਪੰਥ ਦਾ ਮੰਨਣਾ ਹੈ ਕਿ ਇਹ ਸਿਰਫ ਸਿਆਸੀ ਖੇਡ ਹੈ। ਬਰਤਾਨਵੀ ਲੇਬਰ ਸਰਕਾਰ ਦੀ ਚੁੱਪੀ ਅਤੇ ਮੋਦੀ ਸਰਕਾਰ ਦੀ ਜਾਂਚ ਨਾ ਕਰਵਾਉਣ ਦੀ ਨੀਤੀ ਨੇ ਸਿੱਖ ਪੰਥ ਦੀਆਂ ਉਮੀਦਾਂ ਨੂੰ ਝਟਕਾ ਦਿੱਤਾ ਹੈ। ਸਿੱਖ ਪੰਥਕ ਜਥੇਬੰਦੀਆਂ ਦੀ ਮੰਗ ਹੈ ਕਿ ਇਸ ਘਟਨਾ ਦੀ ਪੂਰੀ ਸੱਚਾਈ ਸਾਹਮਣੇ ਆਵੇ, ਤਾਂ ਜੋ ਸਿੱਖ ਭਾਈਚਾਰੇ ਨੂੰ ਨਿਆਂ ਮਿਲ ਸਕੇ।**

ਚਾਹੁੰਦੀ ਹੈ, ਅਤੇ ਦੂਜਾ, ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਆਪਣੇ ਪੱਖ ਵਿੱਚ ਕਰਕੇ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨਾ ਚਾਹੁੰਦੀ ਹੈ।

ਪਰ ਸਵਾਲ ਇਹ ਵੀ ਉੱਠਦਾ ਹੈ ਕਿ ਭਾਜਪਾ ਸਰਕਾਰ, ਜੋ 2014 ਤੋਂ ਕੇਂਦਰ ਵਿੱਚ ਸੱਤਾ ਵਿੱਚ ਹੈ, ਨੇ ਸਿੱਖ ਘਲੂਘਾਰਾ ਜੂਨ 84 ਦੀ ਜਾਂਚ ਕਿਉਂ ਨਹੀਂ ਕਰਵਾਈ ? ਸਿੱਖ ਪੰਥ ਦੀਆਂ ਪੰਥਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਭਾਜਪਾ ਦਾ ਇਹ ਬਿਆਨ ਸਿਰਫ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਹੈ, ਨਾ ਕਿ ਸਿੱਖਾਂ ਨਾਲ ਸੱਚਮੁੱਚ ਹਮਦਰਦੀ।

ਸਿੱਖ ਫੈਡਰੇਸ਼ਨ (ਯੂਕੇ) ਦੇ ਨੁਮਾਇੰਦੇ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਭਾਜਪਾ ਦੇ ਇਹ ਦੋਸ਼ ਕਾਂਗਰਸ ਨੂੰ ਬਦਨਾਮ ਕਰਨ ਦੀ ਸਾਜਿਸ਼ ਹਨ। ਜੇਕਰ ਉਹ ਸੱਚਮੁੱਚ ਸਿੱਖਾਂ ਦੇ ਹੱਕ ਵਿੱਚ ਹਨ, ਤਾਂ ਮੋਦੀ ਸਰਕਾਰ ਨੂੰ ਸਿੱਖ ਘਲੂਘਾਰਾ ਜੂਨ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਸੁਤੰਤਰ ਜਾਂਚ ਕਰਵਾਉਣੀ ਚਾਹੀਦੀ।"

ਪੰਥਕ ਜਥੇਬੰਦੀਆਂ ਨੇ ਨਿਸ਼ੀਕਾਂਤ ਦੂਬੇ ਦੇ ਬਿਆਨ ਨੂੰ ਸਿੱਖ-ਵਿਰੋਧੀ ਅਤੇ ਭੜਕਾਊ ਕਰਾਰ ਦਿੱਤਾ ਹੈ। ਸਿੱਖ ਫੈਡਰੇਸ਼ਨ (ਇੰਡੀਆ) ਦੇ ਪ੍ਰਧਾਨ ਗੁਰਮੀਤ ਸਿੰਘ ਨੇ ਕਿਹਾ ਕਿ "ਭਾਜਪਾ ਦਾ ਸੰਤ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣਾ ਅਤੇ ਕਾਂਗਰਸ 'ਤੇ ਦੋਸ਼ ਲਗਾਉਣਾ ਸਿਰਫ ਸਿਆਸੀ ਖੇਡ ਹੈ। ਸਿੱਖ ਘਲੂਘਾਰਾ ਜੂਨ 84 ਸਿੱਖਾਂ ਦੇ ਦਿਲਾਂ 'ਤੇ ਇੱਕ ਡੂੰਘਾ ਘਾਉ ਹੈ। ਇਸ ਦੀ ਸੱਚਾਈ ਸਾਹਮਣੇ ਲਿਆਉਣ ਦੀ ਬਜਾਏ, ਭਾਜਪਾ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ।"

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਇਸ ਬਿਆਨ ਦੀ ਸਖਤ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਮੋਦੀ ਸਰਕਾਰ ਸਿੱਖ ਘਲੂਘਾਰਾ ਜੂਨ 84 ਦੀ ਸੁਤੰਤਰ ਜਾਂਚ ਕਰਵਾਏ। ਉਨ੍ਹਾਂ ਨੇ ਕਿਹਾ ਕਿ ਭਾਜਪਾ ਦੇ ਦੋਸ਼ਾਂ ਵਿੱਚ ਨਵਾਂ ਕੁਝ ਨਹੀਂ। 2014 ਵਿੱਚ ਬਰਤਾਨਵੀ ਸਰਕਾਰ ਦੇ ਦਸਤਾਵੇਜ਼ਾਂ ਵਿੱਚ ਵੀ ਇਹ ਗੱਲ ਸਾਹਮਣੇ ਆਈ ਸੀ ਕਿ ਭਾਰਤ ਨੇ ਬਰਤਾਨਵੀ ਮਦਦ ਮੰਗੀ ਸੀ। ਪਰ ਸਵਾਲ ਇਹ ਹੈ ਕਿ ਮੋਦੀ ਸਰਕਾਰ 11 ਸਾਲਾਂ ਵਿੱਚ ਇਸ ਮੁੱਦੇ 'ਤੇ ਜਾਂਚ ਕਿਉਂ ਨਹੀਂ ਕਰਵਾ ਸਕੀ ?

ਪੰਥਕ ਜਥੇਬੰਦੀਆਂ ਦਾ ਇਹ ਵੀ ਕਹਿਣਾ ਹੈ ਕਿ ਸੰਤ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਸਾਜਿਸ਼ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸੰਤ ਭਿੰਡਰਾਂਵਾਲੇ ਸਿੱਖ ਸੰਘਰਸ਼ ਦੇ ਪ੍ਰਤੀਕ ਸਨ ਅਤੇ ਉਨ੍ਹਾਂ ਨੂੰ ਬਦਨਾਮ ਕਰਕੇ ਸਿੱਖ ਪੰਥ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਜੂਨ '84 ਘਲੂਘਾਰੇ 'ਚ ਬਰਤਾਨਵੀ ਭੂਮਿਕਾ : ਲੇਬਰ ਸਰਕਾਰ ਜਾਂਚ ਤੋਂ ਕਿਉਂ ਹਟ ਰਹੀ ?

ਬਰਤਾਨਵੀ ਲੇਬਰ ਸਰਕਾਰ ਵੱਲੋਂ ਸਿੱਖ ਘਲੂਘਾਰਾ ਜੂਨ 84 ਵਿੱਚ ਬਰਤਾਨਵੀ ਭੂਮਿਕਾ ਦੀ ਸੁਤੰਤਰ ਜਾਂਚ ਦੀ ਮੰਗ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ 'ਤੇ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਵਧ ਰਹੀ ਹੈ। 2014 ਵਿੱਚ ਬਰਤਾਨਵੀ ਸਰਕਾਰ ਦੇ ਜਾਰੀ ਕੀਤੇ ਦਸਤਾਵੇਜ਼ਾਂ ਵਿੱਚ ਖੁਲਾਸਾ ਹੋਇਆ ਸੀ ਕਿ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬਰਤਾਨਵੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਤੋਂ ਫੌਜੀ ਮਦਦ ਮੰਗੀ ਸੀ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ, ਨਵੰਬਰ 1983 ਵਿੱਚ ਭਾਰਤੀ ਖੁਫੀਆ ਵਿਭਾਗ ਦੇ ਮੁਖੀ ਨਾਲ ਬਰਤਾਨਵੀ ਖੁਫੀਆ ਏਜੰਸੀ ਐਮ I6 ਦੇ ਅਧਿਕਾਰੀਆਂ ਦੀ ਗੱਲਬਾਤ ਹੋਈ ਸੀ। ਫਰਵਰੀ 1984 ਵਿੱਚ ਬਰਤਾਨਵੀ ਫੌਜ ਦੇ ਦੋ ਸੀਨੀਅਰ ਅਧਿਕਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਦਾ ਮੁਆਇਨਾ ਕਰਕੇ ਸਲਾਹ ਦਿੱਤੀ ਸੀ ਕਿ ਸੰਤ ਭਿੰਡਰਾਂਵਾਲੇ ਨੂੰ ਹੈਲੀਕਾਪਟਰਾਂ ਰਾਹੀਂ ਅਚਾਨਕ ਹਮਲਾ ਕਰਕੇ ਗ੍ਰਿਫਤਾਰ ਕੀਤਾ ਜਾਵੇ, ਜਿਸ ਨਾਲ ਜਾਨੀ ਨੁਕਸਾਨ ਘੱਟ ਹੋਵੇ। ਪਰ ਇਸ ਸਲਾਹ ਨੂੰ ਨਹੀਂ ਮੰਨਿਆ ਗਿਆ।

ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਬਰਤਾਨਵੀ ਸਰਕਾਰ ਨੇ ਕਈ ਮਹੱਤਵਪੂਰਨ ਦਸਤਾਵੇਜ਼ ਜਨਤਕ ਨਹੀਂ ਕੀਤੇ ਅਤੇ ਕੁਝ ਨੂੰ ਬਾਅਦ ਵਿੱਚ ਹਟਾ ਵੀ ਲਿਆ। ਸਿੱਖ ਫੈਡਰੇਸ਼ਨ (ਯੂਕੇ) ਦੇ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ, "ਲੇਬਰ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਸਿੱਖਾਂ ਦੀ ਜਾਂਚ ਦੀ ਮੰਗ ਨੂੰ ਸਮਰਥਨ ਦਿੱਤਾ ਸੀ, ਪਰ ਹੁਣ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਚੁੱਪ ਹਨ। ਇਹ ਸਿੱਖਾਂ ਨਾਲ ਧੋਖਾ ਹੈ।"

ਬਰਤਾਨਵੀ ਸੰਸਦ ਵਿੱਚ ਸਿੱਖ ਸੰਸਦ ਮੈਂਬਰਾਂ, ਜਿਵੇਂ ਕਿ ਤਨਮਨਜੀਤ ਸਿੰਘ ਢੇਸੀ, ਪ੍ਰੀਤ ਕੌਰ ਗਿੱਲ, ਜਸਬੀਰ ਸਿੰਘ ਅਠਵਾਲ ਅਤੇ ਵਰਿੰਦਰ ਜਸ ਨੇ ਵੀ ਇਸ ਮੰਗ ਨੂੰ ਵਾਰ-ਵਾਰ ਉਠਾਇਆ ਹੈ। ਲੇਬਰ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵੀ ਇਸ ਜਾਂਚ ਦਾ ਵਾਅਦਾ ਕੀਤਾ ਸੀ, ਪਰ ਅਪ੍ਰੈਲ 2025 ਵਿੱਚ ਸਿੱਖ ਭਾਈਚਾਰੇ ਵੱਲੋਂ ਦਿੱਤੇ ਗਏ ਦੋ ਮਹੀਨਿਆਂ ਦੇ ਅਲਟੀਮੇਟਮ ਦੇ ਬਾਵਜੂਦ ਕੋਈ ਪ੍ਰੋਗਰੈਸ ਨਹੀਂ ਹੋਇਆ।

ਹੁਣ ਤੱਕ ਅਪਰੇਸ਼ਨ ਬਲਿਊ ਸਟਾਰ ਵਿੱਚ ਬਰਤਾਨਵੀ ਭੂਮਿਕਾ ਦੀ ਜਾਂਚ ਸਬੰਧੀ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। 2014 ਵਿੱਚ ਬਰਤਾਨਵੀ ਸਰਕਾਰ ਦੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਦੇ ਹੁਕਮਾਂ ਨਾਲ ਕੀਤੀ ਗਈ ਸਮੀਖਿਆ ਵਿੱਚ ਵੀ ਸਿਰਫ ਸੀਮਤ ਜਾਣਕਾਰੀ ਸਾਂਝੀ ਕੀਤੀ ਗਈ ਸੀ, ਜਿਸ ਨੂੰ ਸਿੱਖ ਪੰਥ ਨੇ ਨਾਕਾਫੀ ਦੱਸਿਆ ਸੀ। ਸਿੱਖ ਸਮੁਦਾਏ ਦਾ ਮੰਨਣਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਪੂਰੀ ਸੱਚਾਈ ਸਾਹਮਣੇ ਲਿਆਉਣ ਲਈ ਇੱਕ ਸੁਤੰਤਰ ਅਤੇ ਨਿਰਪੱਖ ਜਾਂਚ ਜ਼ਰੂਰੀ ਹੈ।

## ਬੀਬੀ ਖਾਲੜਾ ਨਹੀਂ ਲੜਨਗੇ ਤਰਨਤਾਰਨ ਜ਼ਿਮਨੀ ਚੋਣ

ਬੀਬੀ ਪਰਮਜੀਤ ਕੌਰ ਖਾਲੜਾ ਤਰਨਤਾਰਨ ਜ਼ਿਮਨੀ ਚੋਣ ਨਹੀਂ ਲੜਨਗੇ। ਇਹ ਜਾਣਕਾਰੀ ਉਨ੍ਹਾਂ ਨੇ ਟਵੀਟ ਕਰਕੇ ਦਿੱਤੀ ਹੈ। ਇੱਕ ਮਹੱਤਵਪੂਰਨ ਮੀਟਿੰਗ ਤੋਂ ਬਾਅਦ, ਖਾਲੜਾ ਮਿਸ਼ਨ ਨੇ ਐਲਾਨ ਕੀਤਾ ਕਿ ਬੀਬੀ



ਪਰਮਜੀਤ ਕੌਰ ਖਾਲੜਾ ਤਰਨਤਾਰਨ ਵਿਧਾਨ ਸਭਾ ਸੀਟ ਸਮੇਤ ਕੋਈ ਵੀ ਚੋਣ ਨਹੀਂ ਲੜੇਗੀ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਮੀਟਿੰਗ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਖਡੂਰ ਸਾਹਿਬ ਤੋਂ ਪਿਛਲੀ ਚੋਣ ਰਾਜਨੀਤਿਕ ਇੱਛਾ ਨਹੀਂ ਸੀ, ਸਗੋਂ ਬੇਇਨਸਾਫ਼ੀ ਵਿਰੁੱਧ ਸਟੈਂਡ ਸੀ, ਜਿਸ ਨੂੰ ਸਿੱਖ ਭਾਈਚਾਰੇ ਨੇ ਜ਼ਬਰਦਸਤ ਸਮਰਥਨ ਦਿੱਤਾ। ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਚੋਣ ਲੜਨਾ ਉਨ੍ਹਾਂ ਦਾ ਪੇਸ਼ਾ ਨਹੀਂ, ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਉਨ੍ਹਾਂ ਨੇ ਚੋਣ ਲੜਨ ਦਾ ਫੈਸਲਾ ਲਿਆ ਸੀ।

# ਵਾਰਿਕਸ਼ਾਇਰ 'ਚ ਨਨੀਟਨ ਵਿਖੇ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਉਤੇ ਕਿਸੇ ਖਰੂਦੀ ਨੌਜਵਾਨ ਵੱਲੋਂ ਹਮਲਾ

## *ਲੰਗਰ ਹਾਲ ਦੀ ਰਸੋਈ ਚ ਲੰਗਰ ਅਤੇ ਧਾਰਮਿਕ ਸਾਹਿਤ ਕੀਤਾ ਖਰਾਬ, ਗ੍ਰੰਥੀ ਸਿੰਘ ਉੱਤੇ ਆਲੂ ਸੁੱਟੇ ਗਏ

## *ਡਰਬੀ ਦੇ ਗੁਰੂ ਘਰਾਂ ਨੂੰ ਧਮਕੀ ਭਰੀ ਚਿੱਠੀ ਲਿਖਣ ਵਾਲੇ ਨੂੰ 10 ਜੁਲਾਈ ਨੂੰ ਸਜ਼ਾ ਹੋਵੇਗੀ

**ਕਵੈਂਟਰੀ (ਪੰਜਾਬ ਟਾਈਮਜ਼) – ਇਥੇ ਕਵੈਂਟਰੀ ਨੇੜੇ ਨਨੀਟਨ ਵਿਖੇ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਉਤੇ ਬੀਤੇ ਕੱਲ੍ਹ 8 ਜੁਲਾਈ ਦਿਨ ਮੰਗਲਵਾਰ ਨੂੰ ਸ਼ਾਮ ਦੇ 5 ਕੁ ਵਜੇ ਕਿਸੇ ਖਰੂਦੀ ਨੌਜਵਾਨ ਵੱਲੋਂ ਨਫ਼ਰਤ ਫੈਲਾਉਣ ਲਈ ਹਮਲਾ ਕੀਤਾ ਗਿਆ ।**

ਇਸ ਨੌਜਵਾਨ (ਜਿਸ ਦੀ ਪਛਾਣ ਪੁਲਸ ਵੱਲੋਂ ਅਜੇ ਦੱਸੀ ਨਹੀਂ ਗਈ) ਨੇ ਨਨੀਟਨ ਦੇ ਗੁਰਦੁਆਰੇ ਅੰਦਰ ਦਾਖਲ ਹੋ ਕੇ ਪਹਿਲਾਂ ਤਾਂ ਲੰਗਰ ਹਾਲ ਦੀ ਰਸੋਈ ਵਿੱਚ ਜਾ ਕੇ ਖਾਣਾ ਖਰਾਬ ਕੀਤਾ ਗਿਆ। ਫਿਰ ਉਹ ਦਰਬਾਰ ਹਾਲ ਵਿੱਚ ਜਿੱਥੇ ਇਕੱਲਾ ਗ੍ਰੰਥੀ ਸਿੰਘ ਪਾਠ ਕਰ ਰਿਹਾ ਸੀ, ਜਾ ਦਾਖਲ ਹੋਇਆ ਤੇ ਉਥੇ ਵੀ ਉਸ ਨੇ ਗ੍ਰੰਥੀ ਸਿੰਘ ਤੇ ਹਮਲਾ ਕੀਤਾ । ਇਸ ਦੇ ਇਲਾਵਾ ਉਸ ਨੇ ਧਾਰਮਿਕ ਸਾਹਿਤ ਦੀਆਂ ਕਿਤਾਬਾਂ ਨੂੰ ਵੀ ਪਾੜਨ ਦੀ ਕੋਸ਼ਿਸ਼ ਕੀਤੀ ।ਕਿਤਾਬਾਂ ਵਿੱਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਵੀ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ।

ਸਥਾਨਕ ਸੇਵਾਦਾਰਾਂ ਵੱਲੋਂ ਇਸ ਖਰੂਦੀ ਨੌਜਵਾਨ ਦਾ ਹੁਲੀਆ ਇਸ ਤਰ੍ਹਾਂ ਬਿਆਨ ਕੀਤਾ ਗਿਆ, ਉਹ ਟੀਨਏਜਰ, 18 ਸਾਲ ਤੋਂ ਘੱਟ ਉਮਰ ਦਾ ਗੋਰੇ ਰੰਗ ਦਾ ਨੌਜਵਾਨ ਸੀ।


ਗੁਰੂ ਤੇਗ ਬਹਾਦਰ ਗੁਰਦੁਆਰਾ ਨਨੀਟਨ, ਵਾਰਿਕਸ਼ਾਇਰ

ਸੀ ਸੀ ਟੀ ਵੀ ਕੈਮਰਿਆਂ ਤੋਂ ਪਤਾ ਚੱਲਿਆ ਕਿ ਉਹ ਸਭ ਤੋਂ ਪਹਿਲਾਂ ਲੰਗਰ ਹਾਲ ਵਿੱਚ ਦਾਖਲ ਹੋਇਆ, ਜੋ ਕਿ ਹਰ ਇੱਕ ਲਈ ਖੁੱਲ੍ਹਾ ਹੁੰਦਾ ਹੈ, ਜਿੱਥੇ ਸਾਰੇ ਇਕੱਠੇ ਬੈਠ ਕੇ ਲੰਗਰ ਪ੍ਰਸ਼ਾਦਾ ਛਕ ਸਕਦੇ ਹਨ। ਪਰ ਇਸ ਨੌਜਵਾਨ ਨੇ ਉਥੇ ਪਏ ਫਲਾਂ ਨੂੰ ਕਿਸੇ ਚੀਜ਼ ਨਾਲ ਖਰਾਬ ਕਰ ਦਿੱਤਾ। ਫਿਰ ਉਹ ਜਿੱਥੇ ਧਾਰਮਿਕ ਕਿਤਾਬਾਂ ਰੱਖੀਆਂ ਹੁੰਦੀਆਂ ਉਥੇ ਦਾਖਲ ਹੋ ਗਿਆ ਤੇ ਕਿਤਾਬਾਂ ਵਿੱਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ । ਪਰ ਇਹ ਦੱਸਿਆ ਗਿਆ ਹੈ ਕਿ ਉਹਨਾਂ ਕਿਤਾਬਾਂ ਵਿੱਚ ਗੁਰਬਾਣੀ ਦੀਆਂ ਪੋਥੀਆਂ ਜਾਂ ਗੁਟਕੇ ਨਹੀਂ ਸਨ ।

ਇਸ ਪਿੱਛੋਂ ਨੌਜਵਾਨ ਨੇ ਰਸੋਈ ਵਿੱਚੋਂ ਕੁਝ ਆਲੂ ਚੁੱਕੇ ਅਤੇ ਦਰਬਾਰ ਹਾਲ ਵਿੱਚ ਦਾਖਲ ਹੋ ਗਿਆ ਤੇ ਉਹ ਆਲੂ ਉਸ ਨੇ ਗ੍ਰੰਥੀ ਸਿੰਘ ਦੇ ਮਾਰਨੇ ਸ਼ੁਰੂ ਕਰ ਦਿੱਤੇ, ਉਸ ਵਕਤ ਕੇਵਲ ਇਕੱਲਾ ਗ੍ਰੰਥੀ ਹੀ ਪਾਠ ਕਰ ਰਿਹਾ ਸੀ । ਗ੍ਰੰਥੀ ਸਿੰਘ ਨੇ ਜਦੋਂ ਇਸ ਸ਼ਰਾਰਤੀ ਨੂੰ ਦੇਖਿਆ ਤਾਂ ਉਸ ਨੇ ਗੁਰਬਾਣੀ ਦਾ ਸ਼ਬਦ ਮੁਕੰਮਲ ਹੋਣ ਤੇ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਕੇ ਨੌਜਵਾਨ ਦਾ ਸਾਹਮਣਾ ਕੀਤਾ ਤਾਂ ਉਹ ਲੜਕਾ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚੋਂ ਬਾਹਰ ਦੌੜ ਗਿਆ। ਸਿੱਖ ਮਰਯਾਦਾ ਅਨੁਸਾਰ ਉਸ ਲੜਕੇ ਨੇ ਨਾਂ ਤਾਂ ਸਿਰ ਢਕਿਆ ਸੀ ਨਾ ਹੀ ਜੁੱਤੀ ਉਤਾਰੀ ਸੀ।

ਘਟਨਾ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਕਮੇਟੀ ਸੇਵਾਦਾਰਾਂ ਵੱਲੋਂ ਪੁਲਿਸ ਨੂੰ ਫ਼ੋਨ ਕਰਨ ਤੇ ਪੁਲਿਸ ਨੇ ਕਿਹਾ ਕਿ ਇਹ ਮਾਮਲਾ ਏਨਾ ਜ਼ਰੂਰੀ ਨਹੀਂ ਹੈ, ਪੁਲਿਸ ਅਗਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਆ ਕੇ ਜਾਂਚ ਕਰੇਗੀ । ਸਿੱਖ ਚੈਨਲ ਦੇ ਸੇਵਾਦਾਰ ਕੰਮ ਸਿੰਘ ਨੂੰ ਪਤਾ ਲੱਗਣ ਤੇ ਉਹਨਾਂ ਤੁਰੰਤ ਇਸ ਘਟਨਾ ਬਾਰੇ ਲਾਈਵ ਜਾਣਕਾਰੀ ਸੰਗਤਾਂ ਨੂੰ ਦਿੱਤੀ ਤਾਂ ਮਿਡਲੈਂਡ ਦੇ ਦੂਜੇ ਸ਼ਹਿਰਾਂ ਤੋਂ ਸਿੱਖ ਸੰਗਤਾਂ ਤੁਰੰਤ ਸ਼ਾਮ ਨੂੰ ਘਟਨਾ ਸਥਾਨ 'ਤੇ ਪਹੁੰਚ ਗਈਆਂ । ਬਾਅਦ ਚ ਮਿਲੀ ਜਾਣਕਾਰੀ ਮੁਤਾਬਕ ਵਾਰਿਕਸ਼ਾਇਰ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਸੀ ਸੀ ਟੀ ਵੀ ਕੈਮਰਿਆਂ ਦੀਆਂ ਤਸਵੀਰਾਂ ਤੋਂ ਸ਼ਰਾਰਤੀ ਲੜਕੇ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਯਾਦ ਰਹੇ ਬੀਤੇ ਦਿਨੀਂ ਡਰਬੀ ਦੇ ਦੋ ਗੁਰਦੁਆਰਾ ਸਿੰਘ ਸਭਾ ਅਤੇ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਨੂੰ ਵੀ ਇੱਕ ਭਾਰਤੀ ਧਰਮੇਸ਼ ਅਗਰਾਵਤ ਨਾਂ ਦੇ ਬੰਦੇ ਨੇ ਚਿੱਠੀਆਂ ਲਿਖ ਕੇ ਧਮਕੀ ਦਿੱਤੀ ਸੀ ਕਿ ਜੇ 20 ਜੂਨ ਤੱਕ ਤੁਸੀਂ ਖਾਲਿਸਤਾਨ ਸਬੰਧੀ ਸਮਗਰੀ ਗੁਰਦੁਆਰਿਆਂ ਚੋਂ ਨਾ ਹਟਾਈ ਤਾਂ ਗੁਰਦੁਆਰਿਆਂ ਉਤੇ ਹਮਲੇ ਹੋ ਸਕਦੇ ਹਨ। ਤਦ ਪੁਲਿਸ ਕੋਲ ਸ਼ਿਕਾਇਤ ਕਰਨ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਤੇ ਕੱਲ੍ਹ ਵੀਰਵਾਰ 10 ਜੁਲਾਈ ਨੂੰ ਉਸ ਨੂੰ ਟੇਮਸਾਈਡ ਦੀ ਅਦਾਲਤ ਵੱਲੋਂ ਸਜ਼ਾ ਸੁਣਾਈ ਜਾਣੀ ਹੈ ।

# ਵਿਜੀਲੈਂਸ ਟੀਮ ਨੇ ਮਜੀਠੀਆ ਕੇਸ ਨਾਲ ਜੁੜੀ ਵੱਡੀ ਕਾਰਵਾਈ ਕੀਤੀ !

## ਗੋਰਖਪੁਰ ਦੀ ਸਰਈਆ ਡਿਸਟਲਰੀ ਵਿਚ ਖੰਘਾਲੇ ਦਸਤਾਵੇਜ਼, ਮਿਲੇ ਅਹਿਮ ਰਿਕਾਰਡ



ਗੋਰਖਪੁਰ-ਬੀਤੇ ਦਿਨੀਂ ਪੰਜਾਬ ਵਿਜੀਲੈਂਸ ਦੀ ਟੀਮ ਨੇ ਸਰਈਆ ਡਿਸਟਲਰੀ ਵਿਚ ਛਾਣਬੀਨ ਕੀਤੀ। ਬੀਤੇ ਸੋਮਵਾਰ ਨੂੰ ਟੀਮ ਨੇ ਅੱਠ ਘੰਟੇ ਤੱਕ ਦਸਤਾਵੇਜ਼ ਖੰਘਾਲੇ ਤੇ ਆਰਥਿਕ ਰਿਕਾਰਡਾਂ ਦੀ ਫੋਟੋ ਕਾਪੀ ਕਰਾਈ। ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਨਾਲ ਜੁੜੀ ਹੈ। ਵਿਜੀਲੈਂਸ ਦੀ ਟੀਮ ਨੇ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਕੀਤੀ। ਇਸ ਦੌਰਾਨ ਕੰਪਲੈਕਸ ਵਿਚ ਕਿਸੇ ਵੀ ਬਾਹਰੀ ਵਿਅਕਤੀ ਦੇ ਦਾਖ਼ਲੇ 'ਤੇ ਪੂਰੀ ਤਰ੍ਹਾਂ ਰੋਕ ਰਹੀ। ਸੁਰੱਖਿਆ ਇੰਚਾਰਜ ਜਸਵੰਤ ਸਿੰਘ ਟੀਮ ਦੇ ਨਾਲ ਮੌਜੂਦ ਰਹੇ।

ਸੂਤਰਾਂ ਦੇ ਮੁਤਾਬਕ ਟੀਮ ਨੂੰ ਡਿਸਟਲਰੀ ਦੇ ਰਿਕਾਰਡ ਤੋਂ ਅਜਿਹੇ ਵਿੱਤੀ ਦਸਤਾਵੇਜ਼ ਮਿਲੇ ਹਨ, ਜਿਹੜੇ ਮਜੀਠੀਆ ਦੀ ਐਲਾਨੀ ਆਮਦਨ ਤੇ ਅਸਲੀ ਜਾਇਦਾਦ ਵਿਚ ਫਰਕ ਨੂੰ ਉਜਾਗਰ ਕਰ ਸਕਦੇ ਹਨ। ਡਿਸਟਲਰੀ ਤੇ ਸ਼ੂਗਰ ਮਿੱਲ ਵਿਚ ਬਿਕਰਮ ਸਿੰਘ ਮਜੀਠੀਆ ਦੀ 11 ਫ਼ੀਸਦੀ ਹਿੱਸੇਦਾਰੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਸੀ, ਜਿਸ ਦੀ ਪੁਸ਼ਟੀ ਲਈ ਵਿਜੀਲੈਂਸ ਟੀਮ ਉਤਪਾਦਨ ਤੇ ਵਿਕਰੀ ਨਾਲ ਜੁੜੇ ਪੁਰਾਣੇ ਰਿਕਾਰਡਾਂ ਨੂੰ ਖੰਘਾਲ ਰਹੀ ਹੈ।

ਸਥਾਨਕ ਪ੍ਰਸ਼ਾਸਨ ਤੇ ਆਬਕਾਰੀ ਵਿਭਾਗ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਹਾਲਾਂਕਿ ਹੁਣ ਤੱਕ ਵਿਜੀਲੈਂਸ ਟੀਮ ਨੇ ਉਨ੍ਹਾਂ ਨਾਲ ਸਿੱਧੇ ਸੰਪਰਕ ਨਹੀਂ ਕੀਤਾ। ਡਿਸਟਲਰੀ ਵਿਚ ਇਸ ਤਰ੍ਹਾਂ ਦੀ ਜਾਂਚ ਨੇ ਸਰਈਆ ਤੇ ਆਸਪਾਸ ਦੇ ਇਲਾਕਿਆਂ ਵਿਚ ਮਾਹੌਲ ਗਰਮਾ ਦਿੱਤਾ ਹੈ। ਵਿਜੀਲੈਂਸ ਟੀਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਰਿਕਾਰਡ ਮਿਲੇ ਹਨ। ਜਾਂਚ ਹਾਲੇ ਜਾਰੀ ਰਹੇਗੀ।

### ਹਾਈ ਕੋਰਟ ਤੋਂ ਮਜੀਠੀਆ ਨੂੰ ਨਹੀਂ ਮਿਲੀ ਰਾਹਤ

ਬਿਕਰਮ ਸਿੰਘ ਮਜੀਠੀਆ, ਜੋ ਕਿ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਹਨ, ਨੂੰ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਸਰਕਾਰੀ ਵਕੀਲ ਨੇ ਕਿਹਾ ਕਿ ਮਜੀਠੀਆ ਦੇ ਵਕੀਲਾਂ ਨੇ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਵਿੱਚ ਸੋਧ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ 3 ਹਫ਼ਤਿਆਂ ਦਾ ਸਮਾਂ ਮੰਗਿਆ ਸੀ। ਹਾਈ ਕੋਰਟ ਨੇ ਇਸ ਅਪੀਲ ਨੂੰ ਸਵੀਕਾਰ ਕਰ ਲਿਆ ਹੈ। ਹੁਣ ਇਸ ਮਾਮਲੇ ਵਿੱਚ ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ। ਇਸ ਵੇਲੇ ਮਜੀਠੀਆ ਨਾਭਾ ਜੇਲ੍ਹ ਵਿੱਚ ਬੰਦ ਹੈ।

# ਐਮ ਪੀ ਮਾਲਵਿੰਦਰ ਸਿੰਘ ਕੰਗ ਨੇ ਪੰਜਾਬੀਆਂ ਦੀਆਂ ਮੁਸ਼ਕਿਲਾਂ ਸੁਣੀਆਂ


ਐਮ ਪੀ ਮਾਲਵਿੰਦਰ ਸਿੰਘ ਕੰਗ ਦਾ ਸਨਮਾਨ ਕਰਦੇ ਹੋਏ ਭਾਈਚਾਰੇ ਦੇ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਦਾ ਇੰਗਲੈਂਡ ਫੇਰੀ ਦੌਰਾਨ ਨੌਰਥੈਂਪਟਨ ਦੀ ਨੌਜਵਾਨ ਸਭਾ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਤੇ ਉਹਨਾਂ ਨੇ ਸੰਬੋਧਨ ਕਰਦਿਆਂ ਪੰਜਾਬ ਦੇ ਅਜੋਕੇ ਹਾਲਾਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਅਤੇ ਉਹਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਰਕਾਰ ਹਰ ਹੀਲਾ ਵਰਤ ਰਹੀ ਹੈ। ਸਮਾਗਮ ਵਿਚ ਹਾਜ਼ਰ ਲੋਕਾਂ ਨੇ ਐਮ ਪੀ ਕੰਗ ਨੂੰ ਆਪਣੀਆਂ ਨਿੱਜੀ ਮੁਸ਼ਕਿਲਾਂ ਸਾਂਝੀਆਂ ਕੀਤੀਆਂ ਜਿਹਨਾਂ ਦੇ ਹਰ ਸੰਭਵ ਹੱਲ ਲਈ ਮਾਲਵਿੰਦਰ ਸਿੰਘ ਕੰਗ ਨੇ ਵਾਅਦਾ ਕੀਤਾ।

ਇਸ ਸਮੇਂ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਪ੍ਰਧਾਨ ਸਰਦਾਰ ਚਮਕੌਰ ਸਿੰਘ, ਗਿਆਨੀ ਭਜਨ ਸਿੰਘ, ਸੁਰਜੀਤ ਸਿੰਘ ਢੇਸੀ, ਬਹਾਦਰ ਸਿੰਘ ਮਾਹਲ, ਮਨਪ੍ਰੀਤ ਸਿੰਘ ਟਵਾਣਾ, ਮਨਦੀਪ ਸਿੰਘ ਢੇਸੀ, ਗੁਰਮਿੰਦਰ ਸਿੰਘ ਨਿਜਰ, ਜਤਿੰਦਰ ਸਿੰਘ ਢਡਵਾਲ, ਜਗਮੀਤ ਸਿੰਘ ਬਰਾੜ, ਇੰਦਰਜੀਤ ਸਿੰਘ ਗਿੱਲ, ਗੁਰਵਿੰਦਰ ਸਿੰਘ ਮੁਨਾਸ ਅਤੇ ਹੋਰ ਵੀ ਬਹੁਤ ਸਾਰੇ ਨੌਜਵਾਨ ਮਜੂਦ ਸਨ।

# FIGHT BETWEEN TWO TAKHATS

Every Sikh across world should be worried to watch the unfortunate-fight between two highest religious seats Akal Takhat and Takhat PatnaSahib. Perhaps, it is the first time that this uncalled for tussle hasbeen thrusted by our own leaders on the community. Entire Indian Mediahas been highlighting front page stories for last many days. In thehistory there are many such examples of the fight between differentmissile leaders.

Ultimately, Baba Sahib Singh Bedi came forward todeclare Ranjit Singh as Maharaja Punjab.Everyone of us is watching this fight which has become a laughingstock among the non-Sikhs. All the Heads of various Deras, SantSamaj, retired Sr. officers can play an effective role to defuse thiscrises. Many Sikh politicians are enjoying this. Hoping that they willgain the lost support of the Sikhs. I feel Singh Sahib Jathedar TakhatHazur Sahib who has never taken a fight with any group can playhistoric role. He is the only Jathedar who spends the entire time inSewa and never go out of the city. The entire community is beholden tohim for maintaining the sanctity of Hazur Sahib. The Sikh Diaspora is also keeping quiet; they should rise to the occasion.

**Tarlochan Singh Ex-M.P**
**Former Chairman National Commission Minorities.**

# ਮਿਲਾਨ ਦੇ ਬਰਗਮੋ ਏਅਰਪੋਰਟ 'ਤੇ ਦਰਦਨਾਕ ਹਾਦਸਾ

ਮਿਲਾਨ : ਇਟਲੀ ਦੇ ਮਿਲਾਨ ਬਰਗਮੋ ਹਵਾਈ ਅੱਡੇ ਤੇ ਉਸ ਸਮੇਂ ਇੱਕ ਵੱਡਾ ਹਾਦਸਾ ਵਾਪਰ ਗਿਆ ਜਦੋਂ ਇੱਕ ਵਿਅਕਤੀ ਟੈਕਸੀਵੇਅ ਤੇ ਜਹਾਜ਼ ਦੇ ਇੰਜਣ ਵਿੱਚ ਫਸ ਗਿਆ, ਜਿਸ ਦੀ ਦਰਦਨਾਕ ਮੌਤ ਹੋ ਗਈ। ਜਿਵੇਂ ਹੀ ਇਹ ਹਾਦਸਾ ਵਾਪਰਿਆ ਤਾਂ ਹਵਾਈ ਅੱਡੇ ਤੇ ਮੌਜੂਦ ਮੁਲਾਜ਼ਮਾਂ ਵਿਚ ਭਗਦੜ ਮੱਚ ਗਈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਜਹਾਜ਼ ਉਡਾਨ ਭਰਨ ਦੇ ਲਈ ਪੂਰੀ ਤਰ੍ਹਾਂ ਤਿਆਰ ਸੀ,, ਪਰ ਇਸ ਹਾਦਸੇ ਮਗਰੋਂ ਹਵਾਈ ਅੱਡੇ ਨੂੰ 2 ਘੰਟੇ ਲਈ ਬੰਦ ਕਰਨਾ ਪਿਆ।

ਇਟਲੀ ਦੇ ਮਿਲਾਨ ਵਿਚ ਬਰਗਮੋ ਹਵਾਈ ਅੱਡੇ ਤੇ ਇਕ ਵਿਅਕਤੀ ਜਹਾਜ਼ ਦੇ ਇੰਜਣ ਵਿਚ ਫਸ ਗਿਆ, ਜਿਸ ਦੀ ਮੌਕੇ ਤੇ ਹੀ ਮੌਤ ਹੋ ਗਈ। ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ ਇਹ ਮੰਨਿਆ ਜਾ ਰਿਹਾ ਹੈ ਕਿ ਇਹ ਵਿਅਕਤੀ ਨਾ ਤਾਂ ਯਾਤਰੀ ਸੀ ਅਤੇ ਨਾ ਹੀ ਜ਼ਮੀਨੀ ਸਟਾਫ ਬਲਕਿ ਉਹ ਜਾਣਬੁੱਝ ਕੇ ਸਪੇਨ ਦੇ ਅਸਤੂਰੀਆਸ ਵਿਖੇ ਜਾ ਰਹੇ ਏਅਰਬੱਸ 1319 ਵੋਲੋਟੀਆ ਜਹਾਜ਼ ਦੇ ਰਸਤੇ ਵਿਚ ਆਇਆ, ਜਿਸ ਨੂੰ ਜਹਾਜ਼ ਦੇ ਇੰਜਣ ਨੇ ਆਪਣੇ ਵੱਲ ਖਿੱਚ ਲਿਆ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਜਹਾਜ਼ ਉਡਾਣ ਭਰਨ ਲਈ ਪੂਰੀ ਤਰ੍ਹਾਂ ਤਿਆਰ ਸੀ। ਹਾਦਸੇ ਤੋਂ ਬਾਅਦ ਹਵਾਈ ਅੱਡੇ ਦੇ ਇਕ ਹਿੱਸੇ ਨੂੰ ਸਵੇਰੇ ਲਗਭਗ 10:20 ਵਜੇ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਇਹ ਹਵਾਈ ਅੱਡਾ ਸਭ ਤੋਂ ਵੱਧ ਚੱਲਣ ਵਾਲੇ ਵਾਲੇ ਹਵਾਈ ਅੱਡਿਆਂ ਵਿੱਚੋਂ ਇੱਕ ਐ, ਜਿਸਨੂੰ ਮਿਲਾਨੋ ਬਰਗਮੋ ਵੀ ਕਿਹਾ ਜਾਂਦੇ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____
SON / DAUGHTER / WIFE OF MR ____
WHOSE PERMANENT ADDRESS IN INDIA IS ____
____
AND IS NOW LIVING AT ____
____ HEREBY GIVE NOTICE OF MY INTENTION
TO CHANGE MY NAME TO ____
TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**


-ਮਾਮਲਾ ਗੁਆਂਢੀ ਨਾਲ ਪੁਰਾਣੇ ਝਗੜੇ ਦਾ-

# ਅੰਮ੍ਰਿਤਸਰ ਦੇ ਰਾਜਾਸਾਂਸੀ ਵਿਚ ਸਾਬਕਾ ਸਰਪੰਚ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ




ਮੁਹਾਲੀ-ਅੰਮ੍ਰਿਤਸਰ ਦੇ ਰਾਜਾਸਾਂਸੀ ਦੇ ਪਿੰਡ ਸੈਦੂਪੁਰ ਵਿੱਚ ਬੀਤੇ ਦਿਨੀਂ ਸਾਬਕਾ ਸਰਪੰਚ ਦਾ ਪਰਵਿੰਦਰ ਸਿੰਘ ਦਾ ਗੁਆਂਢੀ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪਰਵਿੰਦਰ ਸਿੰਘ ਦਾ ਗੁਆਂਢੀ ਨਾਲ ਪੁਰਾਣਾ ਝਗੜਾ ਚੱਲ ਰਿਹਾ ਸੀ। ਇਸੇ ਰੰਜਿਸ਼ ਕਾਰਨ ਗੁਆਂਢੀ ਨੇ ਪਰਵਿੰਦਰ 'ਤੇ ਗੋਲੀਆਂ ਚਲਾਈਆਂ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਕਾਲੀ ਦਲ ਨੇ ਖਿੱਚੀ 2027 ਵਿਧਾਨ ਸਭਾ ਚੋਣਾ ਦੀ ਤਿਆਰੀ, ਨਿਯੁਕਤ ਕੀਤੇ 33 ਜ਼ਿਲ੍ਹਾ ਪ੍ਰਧਾਨ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਨੇ ਵੀ ਸਾਲ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਗਠਨ ਦੇ ਵਿਸਥਾਰ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਜ਼ਿਲ੍ਹਾ ਪ੍ਰਤੀਨਿਧੀਆਂ ਅਤੇ ਨਿਗਰਾਨਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ, ਪਾਰਟੀ ਨੇ 33 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਹਨ। ਇਨ੍ਹਾਂ ਵਿੱਚ ਸ਼ਹਿਰੀ ਅਤੇ ਪੇਂਡੂ ਦੋਵੇਂ ਤਰ੍ਹਾਂ ਦੇ ਮੁਖੀ ਸ਼ਾਮਲ ਹਨ। ਇਹ ਫੈਸਲਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲਿਆ। ਸੀਨੀਅਰ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਫੈਸਲੇ ਨਾਲ ਪਾਰਟੀ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਨੌਜਵਾਨ ਅਤੇ ਤਜਰਬੇਕਾਰ ਲੋਕਾਂ ਨੂੰ ਟੀਮ ਵਿੱਚ ਮੌਕਾ ਦਿੱਤਾ ਗਿਆ ਹੈ। ਪਾਰਟੀ ਮੁਖੀ ਸੁਖਬੀਰ ਬਾਦਲ ਨੇ ਲੁਧਿਆਣਾ ਤੋਂ ਇੱਕ ਪ੍ਰਸਿੱਧ ਵਕੀਲ ਅਤੇ ਸੀਨੀਅਰ ਅਕਾਲੀ ਆਗੂ ਹਰੀਸ਼ ਰਾਏ ਢਾਂਡਾ ਨੂੰ ਪਾਰਟੀ ਦੀ ਕੋਰ ਕਮੇਟੀ ਵਿੱਚ ਸ਼ਾਮਲ ਕੀਤਾ ਹੈ। ਇਸ ਤੋਂ ਇਲਾਵਾ, ਅਜਨਾਲਾ ਤੋਂ ਸ੍ਰ. ਜੋਧ ਸਿੰਘ ਸਮਰਾ, ਜੋ ਕਿ ਇੱਕ ਨੌਜਵਾਨ ਅਕਾਲੀ ਆਗੂ ਅਤੇ ਐਸਜੀਪੀਸੀ ਦੇ ਮੈਂਬਰ ਹਨ, ਨੂੰ ਪਾਰਟੀ ਦੀ ਕੋਰ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ।

# ਅਸ਼ਵਨੀ ਸ਼ਰਮਾ ਬਣੇ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ



ਚੰਡੀਗੜ੍ਹ-ਭਾਜਪਾ ਹਾਈਕਮਾਨ ਨੇ ਪਠਾਨਕੋਟ ਤੋਂ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਵਲੋਂ ਕੀਤੀ ਗਈ। ਇਸ ਤੋਂ ਪਹਿਲਾਂ ਸੁਨੀਲ ਜਾਖੜ ਨੇ ਸੂਬਾ ਭਾਜਪਾ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਪਰ ਪਾਰਟੀ ਹਾਈਕਮਾਨ ਵਲੋਂ ਅਸਤੀਫ਼ੇ ਨੂੰ ਮਨਜ਼ੂਰ ਨਹੀਂ ਕੀਤਾ ਗਿਆ ਸੀ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 2027 ਵਿਚ ਹੋਣੀਆਂ ਹਨ। ਅਜਿਹੀ ਸਥਿਤੀ ਵਿਚ ਭਾਜਪਾ ਵਲੋਂ ਸੰਗਠਨ ਨੂੰ ਮਜ਼ਬੂਤ ਕਰਨ ਵੱਲ ਅਹਿਮ ਕਦਮ ਚੁੱਕੇ ਜਾ ਰਹੇ ਹਨ। ਜਿਸ ਤਰ੍ਹਾਂ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਕੀਤੀ ਗਈ ਹੈ

# ਆਰਥਿਕ ਤੰਗੀ ਕਾਰਨ ਕਿਸਾਨ ਦੇ ਪੁੱਤਰ ਨੇ ਕੀਤੀ ਆਤਮ ਹੱਤਿਆ



ਸੁਨਾਮ-ਵਿਧਾਨ ਸਭਾ ਹਲਕਾ ਸੁਨਾਮ ਦੇ ਪਿੰਡ ਤੋਲਾਵਾਲ ਦੇ ਵਸਨੀਕ ਕਾਲਜ਼ ਵਿੱਚ ਪੜ੍ਹਦੇ ਇੱਕ ਵਿਦਿਆਰਥੀ ਮਨਜੀਤ ਸਿੰਘ (19) ਨੇ ਕੋਈ ਜ਼ਹਿਰੀਲੀ ਵਸਤੂ ਨਿਗਲਕੇ ਖੁਦਕੁਸ਼ੀ ਕਰ ਲਈ ਹੈ। ਆਤਮ ਹੱਤਿਆ ਦਾ ਕਾਰਨ ਘਰ ਵਿਚਲੀ ਆਰਥਿਕ ਤੰਗੀ ਦੱਸਿਆ ਜਾ ਰਿਹਾ ਹੈ। ਮ੍ਰਿਤਕ ਨੌਜਵਾਨ ਛੋਟੇ ਕਿਸਾਨ ਦਾ ਪੁੱਤਰ ਸੀ। ਏ ਐਸ ਆਈ ਨੇਕ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਮ੍ਰਿਤਕ ਮਨਜੀਤ ਸਿੰਘ ਦੇ ਪਿਤਾ ਗੁਰਜੰਟ ਸਿੰਘ ਦੇ ਬਿਆਨਾਂ 'ਤੇ ਬੀ ਐਨ ਐਸ ਐਸ ਦੀ ਧਾਰਾ 194 ਤਹਿਤ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ ਅਤੇ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ।

## CHANGE OF NAME


I, SANDEEEP S/O MR BHAJAN PAL WHOSE PERMANENT ADDRESS IN INDIA IS V P O BHATRANA, DISTT HOSHIARPUR, PUNJAB 146111 AND NOW LIVING AT 66 TEMPLE MEADOWS ROAD, WEST BROMWICH, B71 4DQ HEREBY GIVE NOTICE OF MY INTENTION TO CHANGE MY NAME TO SANDEEP. (U/I) E

# ਸਿੱਖੀ ਨੂੰ ਕੇਸ਼ਾਂ ਸੁਆਸਾਂ ਨਾਲ ਨਿਭਾਉਣ ਵਾਲੇ:- ਸ਼ਹੀਦ ਭਾਈ ਤਾਰੂ ਸਿੰਘ

ਰਮੇਸ਼ ਬੱਗਾ ਚੋਹਲਾ
ਮੋਬ:9463132719



**ਭਾਈ ਤਾਰੂ ਸਿੰਘ ਨੇ ਧਰਮ ਨੂੰ ਹਾਰਨ ਦੀ ਬਜਾਏ ਸਰੀਰ ਨੂੰ ਹਾਰਨਾ ਪ੍ਰਵਾਨ ਕਰ ਲਿਆ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਮੋਚੀ ਨੇ ਆਪਣੀ ਤੇਜ਼ ਧਾਰ ਵਾਲੀ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਉਤਾਰ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਇਸ ਕਸ਼ਟ ਨੂੰ ਸਹਿਣ ਕਰਦਿਆਂ ਭਾਈ ਸਾਹਿਬ ਨੇ ਸੀ ਤੱਕ ਨਹੀਂ ਉਚਾਰੀ, ਸਗੋਂ ਅਕਾਲ-ਪੁਰਖ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ।**



ਦੁਨੀਆਂ ਵਿਚ ਬਹੁਤ ਸਾਰੀਆਂ ਅਜਿਹੀਆਂ ਕੌਮਾਂ ਹੋਈਆਂ ਹਨ ਜਿਨ੍ਹਾਂ ਦੇ ਸਿਰਾਂ 'ਤੇ ਬਿਪਤਾ ਰੂਪੀ ਬਦਲ ਅਕਸਰ ਮੰਡਰਾਉਂਦੇ ਰਹੇ ਹਨ। ਇਨ੍ਹਾਂ ਕੌਮਾਂ ਵਿਚ ਪੰਜਾਬੀ (ਵਿਸ਼ੇਸ਼ ਕਰਕੇ ਸਿੱਖ) ਕੌਮ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾ ਸਕਦਾ ਹੈ। ਸੰਕਟਾਂ ਦੀ ਜਿਹੜੀ ਬਦਲਵਾਈ ਸਿੱਖ ਕੌਮ ਦੇ ਰਹਿਬਰਾਂ ਅਤੇ ਪੈਰੋਕਾਰਾਂ ਉਪਰ ਛਾਈ ਰਹੀ ਹੈ, ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਬਹੁਤ ਹੀ ਘੱਟ ਮਿਲਦੀ ਹੈ। ਜਿਥੇ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਨੂੰ ਆਪਣੇ ਦ੍ਰਿੜ ਇਰਾਦੇ ਅਤੇ ਉਚੀ ਪਹੁੰਚ ਸਦਕਾ ਤੱਤੀਆਂ ਤਵੀਆਂ ਦੇ ਸੇਕ ਨੂੰ ਠੰਢਿਆਂ ਕਰਨਾ ਪਿਆ ਉਥੇ ਇਸ ਧਰਮ ਦੇ ਪੈਰੋਕਾਰਾਂ/ਸੇਵਕਾਂ ਨੂੰ ਵੀ ਆਪਣੀ ਸਿਦਕਦਿਲੀ ਦੇ ਸਰਮਾਏ ਨਾਲ ਰੰਬੀ ਦੀਆਂ ਤਿੱਖੀਆਂ ਧਾਰਾਂ ਦਾ ਮੂੰਹ ਮੋੜਨਾ ਪਿਆ। ਨਿਰਭਉ ਜਪ ਕੇ ਸਗਲ ਭਉ ਮਿਟਾਉਣ ਵਾਲੇ ਅਤੇ ਮਰਨ ਨੂੰ ਸੱਚ ਤੇ ਜਿਉਣ ਨੂੰ ਝੂਠ ਸਮਝਕੇ ਚੱਲਣ ਵਾਲੇ ਇਹ ਮਰਜੀਵੜੇ ਮੌਤ ਨੂੰ ਵੀ ਮਖੌਲ ਕਰਦੇ ਰਹੇ ਹਨ। ਜਿਥੇ ਆਮ ਮਨੁੱਖ ਮੌਤ ਦੇ ਨਾਮ ਤੋਂ ਥਰ-ਥਰ ਕੰਬਦਾ ਹੈ ਉਥੇ ਕਲਗੀਧਰ ਤੋਂ ਥਾਪੜਾ ਲੈ ਕੇ ਜੂਝਣ ਵਾਲੇ ਇਨ੍ਹਾਂ ਯੋਧਿਆਂ ਤੋਂ ਇੱਕ ਵਾਰ ਤਾਂ ਮੌਤ ਵੀ ਭੈਅ ਖਾ ਜਾਂਦੀ ਰਹੀ ਹੈ। ਆਪਣੇ ਤਨ ਅਤੇ ਮਨ ਨੂੰ ਉਸ ਅਕਾਲ-ਪੁਰਖ ਦੀ ਅਮਾਨਤ ਸਮਝਣ ਵਾਲੇ ਇਹ ਸੂਰਮੇ ਜਦੋਂ ਕਿਸੇ ਉੱਚੇ ਅਤੇ ਸੁੱਚੇ ਆਸ਼ੇ ਦੀ ਪੂਰਤੀ ਹਿੱਤ ਮੈਦਾਨ ਵਿਚ ਆ ਜਾਂਦੇ ਹਨ ਤਾਂ ਉਸ ਆਸ਼ੇ ਦੀ ਪੂਰਤੀ ਤੋਂ ਬਗ਼ੈਰ ਮੈਦਾਨ ਨੂੰ ਵੇਹਲਾ ਨਹੀਂ ਕਰਦੇ। ਅਜਿਹਾ ਕਰਦਿਆਂ ਬੇਸ਼ੱਕ ਉਨ੍ਹਾਂ ਨੂੰ ਆਪਣੇ ਸਿਰਾਂ ਦੀਆਂ ਖੋਪਰੀਆਂ ਵੀ ਲਾਹੁਣੀਆਂ ਪੈ ਜਾਣ। ਕੁਰਬਾਨੀ ਦਾ ਪੁੰਜ ਬਣਨ ਵਾਲਿਆ ਇਨ੍ਹਾਂ ਸਿੰਘਾਂ ਵਿਚ ਹੀ ਸ਼ਾਮਿਲ ਹੈ ਸ਼ਹੀਦ ਭਾਈ ਤਾਰੂ ਸਿੰਘ ਦਾ ਨਾਮ।

ਭਾਈ ਤਾਰੂ ਸਿੰਘ ਜੀ ਦਾ ਜਨਮ 9 ਅਕਤੂਬਰ 1920 ਪਿੰਡ ਪਹੂਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਖੇ ਇੱਕ ਕਿਰਸਾਣ ਪਰਿਵਾਰ ਵਿੱਚ ਹੋਇਆ। ਬਾਲ ਵਰੇਸ ਵਿੱਚ ਹੀ ਆਪ ਜੀ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ। ਆਪ ਜੀ ਦੀ ਮਾਤਾ ਜੀ ਬਹੁਤ ਹੀ ਨੇਕ ਸੁਭਾਅ ਅਤੇ ਭਜਨੀਕ ਕਿਸਮ ਦੀ ਔਰਤ ਸੀ। ਉਸ ਨੇ ਭਾਈ ਤਾਰੂ ਸਿੰਘ ਦੇ ਮਨ ਵਿੱਚ ਗੁਰੂ ਸਾਹਿਬਾਨ, ਗੁਰਬਾਣੀ ਅਤੇ ਸਿੱਖ ਇਤਿਹਾਸ ਪ੍ਰਤੀ ਅਜਿਹਾ ਸਤਿਕਾਰ ਪੈਦਾ ਕੀਤਾ ਕਿ ਭਾਈ ਸਾਹਿਬ ਆਪਣੀ ਕਿਰਤ-ਕਮਾਈ ਵਿਚੋਂ ਗੁਰੂ ਘਰ ਦੇ ਪ੍ਰੇਮੀਆਂ ਦੀ ਸੇਵਾ ਲਈ ਹਮੇਸ਼ਾਂ ਤੱਤਪਰ ਰਹਿਣ ਲੱਗ ਪਏ। ਲੋੜਵੰਦ ਗੁਰਮੁਖ ਪਿਆਰੇ ਉਨ੍ਹਾਂ ਦੇ ਘਰ ਕਈ-ਕਈ ਦਿਨ ਠਹਿਰ ਕੇ ਪ੍ਰਸ਼ਾਦਾ-ਪਾਣੀ ਛੱਕਦੇ ਸਨ। ਕਦੇ-ਕਦੇ ਭਾਈ ਸਾਹਿਬ ਬਾਬਾ ਬੁੱਢਾ ਜੀ ਨੇੜਲੇ ਜੰਗਲਾਂ ਵਿੱਚ ਵਸਦੇ ਸਿੰਘ ਨੂੰ ਰਸਦਾਂ ਵੀ ਪਹੁੰਚਾਇਆ ਕਰਦੇ ਸਨ। ਪਰਉਪਕਾਰੀ ਅਤੇ ਨੇਕਬਖ਼ਤ ਹੋਣ ਕਰਕੇ ਆਲੇ-ਦੁਆਲੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੀ ਉਨ੍ਹਾਂ ਦਾ ਬਰਾਬਰ ਦਾ ਸਤਿਕਾਰ ਸੀ। ਇਸ ਸਤਿਕਾਰ ਸਦਕਾ ਹੀ ਭਾਈ ਤਾਰੂ ਸਿੰਘ ਜੀ ਸਕੰਟ ਦੇ ਸਮੇਂ ਆਪਣੇ ਨਗਰ ਖੇੜੇ ਵਿਚ ਬੇਖੌਫ਼ ਵਿਚਰਦੇ ਰਹੇ ਹਨ।

ਜੰਡਿਆਲੇ ਦਾ ਵਸਨੀਕ ਹਰਭਗਤ ਨਿਰੰਜਨੀਆ, ਜਿਸ ਦੇ ਵਡੇਰਿਆਂ ਦੀ ਬਾਂਹ ਸ੍ਰੀ ਗੁਰੂ ਤੇਗ਼ ਬਹਾਰਦ ਜੀ ਨੇ ਫੜੀ ਸੀ, ਉਹ ਗੁਰੂ ਨਾਨਕ ਦੇ ਘਰ ਦਾ ਅਕ੍ਰਿਤਘਣ ਸਾਬਤ ਹੋ ਗਿਆ। ਬਾਬੇਕਿਆਂ ਦਾ ਧੰਨਵਾਦੀ ਹੋਣ ਦੀ ਬਜਾਏ ਉਹ ਗੁਰੂ ਘਰ ਦੇ ਪਿਆਰਿਆਂ ਲਈ ਘਾਤਕੀ ਬਣ ਬੈਠਾ। ਇਸ ਘਾਤਿਕਮਈ ਪੈਂਤੜੇ ਤੋਂ ਹੀ ਉਸ ਨੇ ਲਾਹੌਰ ਦੇ ਗਵਰਨਰ ਜ਼ਕਰੀਆਂ ਖ਼ਾਨ ਨੂੰ ਜਾ ਕੇ ਮੂੰਹ ਮਾਰਿਆ ਕਿ, "ਪੂਹਲੇ ਪਿੰਡ ਵਿਚ ਵਸਦਾ ਤਾਰੂ ਸਿੰਘ ਆਪਣੇ ਘਰ ਆਏ ਡਾਕੂਆਂ ਨੂੰ ਜਲਪਾਨ ਕਰਵਾਉਂਦਾ ਹੈ ਅਤੇ ਰਾਤ ਰਹਿਣ ਦੀ ਠਹਿਰ ਤੱਕ ਵੀ ਦਿੰਦਾ ਹੈ। ਉਸ ਦੇ ਇਸ ਤਰ੍ਹਾਂ ਕਰਨ ਨਾਲ ਪਿੰਡ ਦੇ ਲੋਕਾਂ ਨੂੰ ਆਪਣੀ ਜਾਨ ਅਤੇ ਮਾਲ ਦਾ ਖ਼ਤਰਾ ਅਕਸਰ ਬਣਿਆ ਰਹਿੰਦਾ ਹੈ। ਹਕੂਮਤ ਦੇ ਬਾਗੀਆਂ ਦੀ ਮਦਦ ਕਰਨ ਦੇ ਨਾਲ-ਨਾਲ ਇਹ (ਤਾਰੂ ਸਿੰਘ) ਮੁਖ਼ਬਰੀ ਦਾ ਕੰਮ ਵੀ ਕਰਦਾ ਹੈ।" ਇਥੇ ਹੀ ਬੱਸ ਨਹੀਂ ਹੋਰ ਵੀ ਕਈ ਤਰ੍ਹਾਂ ਦੀਆਂ ਝੂਠੀਆਂ ਕਹਾਣੀਆਂ ਘੜ ਕੇ ਨਿਰੰਜਨੀਏ ਨੇ ਜ਼ਕਰੀਆਂ ਖ਼ਾਨ ਦੇ ਕੰਨ ਚੰਗੀ ਤਰ੍ਹਾਂ ਭਰ ਦਿੱਤੇ।

ਦੂਜੇ ਪਾਸੇ ਸਰਕਾਰ ਤਾਂ ਇਹ ਉਮੀਦ ਲਗਾਈ ਬੈਠੀ ਸੀ ਕਿ ਪਿੰਡਾਂ ਵਿਚ ਰਹਿਣ ਵਾਲੇ ਵਿਰਲੇ-ਟਾਵੇਂ ਸਿੱਖ ਜਿੱਥੇ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਕੇ ਚੱਲਣ ਉੱਥੇ ਸਰਕਾਰੀ ਨਿਜ਼ਾਮ ਦੇ ਪ੍ਰਤੀ ਵਫ਼ਾਦਾਰ ਵੀ ਰਹਿਣ। ਪਰ ਸਰਕਾਰੀ ਉਮੀਦ ਤੋਂ ਬਿਲਕੁਲ ਉਲਟ ਭਾਈ ਤਾਰੂ ਸਿੰਘ ਵਰਗੇ ਸਿੱਖ ਕੇਵਲ ਆਪਣੀ ਸੁਖ-ਸ਼ਾਂਤੀ ਖ਼ਾਤਰ ਹੀ ਨਹੀਂ ਜੀ ਰਹੇ ਸਨ ਸਗੋਂ ਉਹ ਆਪਣੇ ਸਿਰਲੱਖ/ਸੂਰਮੇਂ ਭਰਾਵਾਂ ਦੀ ਲੋੜ ਪੈਣ 'ਤੇ ਡੱਟਵੀਂ ਸਹਾਇਤਾ ਵੀ ਕਰਦੇ ਰਹਿੰਦੇ ਸਨ। ਇਸ ਤੋਂ ਛੁੱਟ ਉਨ੍ਹਾਂ ਵੀਰਾਂ ਨੂੰ ਆਉਣ ਵਾਲੇ ਖ਼ਤਰਿਆਂ ਦੀ ਆਮਦ ਤੋਂ ਵੀ ਗਿਆਤ ਕਰਵਾਉਂਦੇ ਰਹਿੰਦੇ ਸਨ।

ਸੂਬੇਦਾਰ ਜ਼ਕਰੀਆਂ ਖ਼ਾਨ ਨੇ ਹਰ ਭਗਤ ਨਿਰੰਜਨੀਏ ਦੀ ਚੁਗਲੀ ਦੀ ਚੁੱਕ ਵਿਚ ਆ ਕੇ ਅਤੇ ਬਗ਼ੈਰ ਕਿਸੇ ਪੁੱਛ-ਪੜਤਾਲ ਤੋਂ ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਇਸ ਹੁਕਮ ਤਹਿਤ ਹੀ ਲੱਗਭਗ ਡੇਢ ਕੁ ਦਰਜਨ ਪੁਲਸੀਏ ਪੈਦਲ ਚੱਲ ਕੇ ਪੂਹਲੇ ਪਿੰਡ ਆਏ ਅਤੇ ਭਾਈ ਤਾਰੂ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ।

ਜਦੋਂ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲੈ ਜਾ ਰਹੇ ਸਨ ਤਾਂ ਪੂਹਲੇ ਪਿੰਡ ਦੇ ਵਸਨੀਕਾਂ ਨੇ ਭਾਈ ਸਾਹਿਬ ਦੀਆਂ ਨੇਕੀਆਂ ਨੂੰ ਸਨਮੁੱਖ ਰੱਖ ਕੇ ਉਨ੍ਹਾਂ ਦੀ ਨਜ਼ਾਇਜ ਪਕੜ ਦੇ ਖਿਲਾਫ਼ ਹਾਅ ਦਾ ਨਾਅਰਾ ਵੀ ਮਾਰਿਆ ਪਰ ਇਸ ਨਾਅਰੇ ਦੀ ਆਵਾਜ਼ ਦਾ ਹਕੂਮਤ ਦੇ ਬੋਲੇ ਕੰਨਾਂ 'ਤੇ ਕੋਈ ਅਸਰ ਨਹੀਂ ਹੋਇਆ। ਰਸਤੇ ਵਿਚ ਪਿੰਡ ਭੜਾਣੇ ਦੇ ਸਿੱਖਾਂ ਨਿਰਦੋਸ਼ ਭਾਈ ਤਾਰੂ ਸਿੰਘ ਨੂੰ ਛੁਡਾਉਣ ਲਈ ਜਦੋਂ ਪੁਲਸੀਆਂ ਨਾਲ ਦੋ ਹੱਥ ਕਰਨੇ ਚਾਹੇ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ।

ਲਾਹੌਰ ਲੈ ਜਾ ਕੇ ਭਾਈ ਤਾਰੂ ਸਿੰਘ ਨੂੰ ਜ਼ੇਲ੍ਹ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿਚ ਭਾਈ ਜੀ ਨੂੰ ਕਈ ਅਸਹਿ ਅਤੇ ਅਕਹਿ ਤਸੀਹੇ ਦਿੱਤੇ ਗਏ। ਪਰ ਜਿਵੇਂ-ਜਿਵੇਂ ਹਕੂਮਤੀ ਕਰਿੰਦਿਆਂ ਵੱਲੋਂ ਭਾਈ ਸਾਹਿਬ ਨੂੰ ਸਤਾਇਆ ਜਾ ਰਿਹਾ ਸੀ ਤਿਵੇਂ-ਤਿਵੇਂ ਉਨ੍ਹਾਂ ਦੇ ਚਿਹਰੇ ਦੀ ਚਮਕ ਚੜ੍ਹਦੀਕਲਾ ਵਾਲੀ ਹੋਈ ਜਾ ਰਹੀ ਸੀ।

ਅਖੀਰ ਭਾਈ ਤਾਰੂ ਸਿੰਘ ਨੂੰ ਨਵਾਬ ਜ਼ਕਰੀਆਂ ਖ਼ਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਨਿੱਧੜਕਤਾ ਦੇ ਨਾਲ ਭਾਈ ਸਾਹਿਬ ਨੇ ਖ਼ਾਨ ਨੂੰ ਕਿਹਾ, "ਅਸੀਂ ਜ਼ਮੀਨ ਦਾ ਮਾਲੀਆ ਅਤੇ ਟੈਕਸ ਸਰਕਾਰ ਨੂੰ ਦਿੰਦੇ ਹਾਂ ਬਾਕੀ ਮਿਹਨਤ ਜੋ ਸਾਡੇ ਪੱਲੇ ਪੈਂਦੀ ਹੈ ਉਸ ਵਿੱਚੋਂ ਅਸੀਂ ਲੋੜਵੰਦਾਂ ਦੀਆਂ ਲੋੜਾ ਪੂਰੀਆਂ ਕਰਦੇ ਹਾਂ। ਹੇ ਨਵਾਬ! ਤੂੰ ਦੱਸ ਕਿ ਇਸ ਵਿੱਚ ਤੇਰੀ ਜੇਬ ਵਿੱਚੋਂ ਕੀ ਜਾਂਦਾ ਹੈ ਜਿਸ ਦੀ ਤੂੰ ਸਾਨੂੰ ਸਜ਼ਾ ਦੇ ਰਿਹਾ ਹੈ?

ਭਾਈ ਤਾਰੂ ਸਿੰਘ ਦੀਆਂ ਖ਼ਰੀਆਂ-ਖ਼ਰੀਆਂ ਸੁਣ ਕੇ ਨਵਾਬ ਜ਼ਕਰੀਆਂ ਖ਼ਾਨ ਦੇ ਸੱਤੀ ਕਪੜੀਂ ਅੱਗ ਲਗ ਗਈ। ਕੋਈ ਦਲੀਲਪੂਰਵਕ ਉਤਰ ਦੇਣ ਦੀ ਬਜਾਏ ਉਹ ਕਹਿਣ ਲੱਗਾ ਕਿ , "ਤੇਰੀ ਜਾਨ ਕੇਵਲ ਮੁਸਲਮਾਨ ਬਣਨ ਨਾਲ ਹੀ ਬਖਸ਼ੀ ਜਾ ਸਕਦੀ ਹੈ।" ਭਾਈ ਤਾਰੂ ਸਿੰਘ ਜੀ ਨੇ ਦਲੇਰਾਨਾ ਜਵਾਬ ਵਿਚ ਕਿਹਾ ਕਿ, "ਕੀ ਮੁਸਲਮਾਨ ਬਣਕੇ ਮੈਨੂੰ ਮੌਤ ਨਹੀਂ ਆਵੇਗੀ? ਕੀ ਮੁਸਲਮਾਨ ਕਦੀ ਮਰਦੇ ਨਹੀਂ ਹਨ? ਜੇਕਰ ਮੌਤ ਨੇ ਇਕ ਦਿਨ ਆ ਹੀ ਜਾਣਾ ਹੈ ਤਾਂ ਮੈਂ ਆਪਣੇ ਗੁਰੂ/ਧਰਮ ਤੋਂ ਕਿਉਂ ਬੇਮੁੱਖ ਹੋਵਾਂ। ਇਸ ਬੇਮੁੱਖਤਾ ਕਾਰਨ ਮੈਂ ਦਰਗਾਹ ਵਿਚ ਕੀ ਮੂੰਹ ਲੇ ਕੇ ਜਾਵਾਂਗਾ।"

ਭਾਈ ਤਾਰੂ ਸਿੰਘ ਦੀ ਨਿੱਡਰਤਾ ਨੂੰ ਦੇਖ ਕੇ ਸੂਬੇਦਾਰ ਖ਼ਾਨ ਦੇ ਦੰਦ ਜੁੜ ਗਏ। ਜਨੂੰਨ ਦੀ ਅੱਗ ਵਿਚ ਮੱਚਿਆ ਹੋਣ ਕਰਕੇ ਭਾਈ ਤਾਰੂ ਸਿੰਘ ਨੂੰ ਕਹਿਣ ਲੱਗਾ ਕਿ, "ਮੈਂ ਦੇਖਦਾ ਹਾਂ ਕਿ ਤੂੰ ਆਪਣੀ ਇਸ ਸਿੱਖੀ ਨੂੰ ਕਿਸ ਤਰ੍ਹਾ ਕਾਇਮ ਰੱਖਦਾ ਹੈ।" ਇਹ ਆਖ ਕੇ ਖ਼ਾਨ ਨੇ ਇਕ ਜਲਾਦ ਨੂੰ ਬੁਲਾ ਲਿਆ ਅਤੇ ਹੁਕਮ ਕੀਤਾ ਇਸ ਬਾਗੀ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਵੱਖ ਕਰ ਦਿੱਤੀ ਜਾਵੇ।

ਭਾਈ ਤਾਰੂ ਸਿੰਘ ਨੇ ਧਰਮ ਨੂੰ ਹਾਰਨ ਦੀ ਬਜਾਏ ਸਰੀਰ ਨੂੰ ਹਾਰਨਾ ਪ੍ਰਵਾਨ ਕਰ ਲਿਆ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਮੋਚੀ ਨੇ ਆਪਣੀ ਤੇਜ਼ ਧਾਰ ਵਾਲੀ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਉਤਾਰ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਇਸ ਕਸ਼ਟ ਨੂੰ ਸਹਿਣ ਕਰਦਿਆਂ ਭਾਈ ਸਾਹਿਬ ਨੇ ਸੀ ਤੱਕ ਨਹੀਂ ਉਚਾਰੀ, ਸਗੋਂ ਅਕਾਲ-ਪੁਰਖ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ।


ਇਧਰ ਜਦੋਂ ਭਾਈ ਤਾਰੂ ਸਿੰਘ ਦੇ ਸਿਰ ਤੋਂ ਖ਼ੂਨ ਵਹਿ ਰਿਹਾ ਸੀ ਤਾਂ ਉਧਰ ਜ਼ਕਰੀਆਂ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਜਦੋਂ ਸਾਰੀਆਂ ਹਿਕਮਤਾਂ-ਹੀਲੇ ਬੇਕਾਰ ਹੋ ਗਏ ਤਾਂ ਖ਼ਾਨ ਨੂੰ ਕੁਝ ਆਪਣੀ ਕੀਤੀ 'ਤੇ ਅਫ਼ਸੋਸ ਹੋਣ ਲੱਗਾ।

ਇਸ ਅਫ਼ਸੋਸ ਸਦਕਾ ਹੀ ਉਸ ਨੇ ਭਾਈ ਸੁਬੇਗ ਸਿੰਘ ਰਾਹੀਂ ਆਪਣਾ ਅਫਸੋਸਨਾਮਾ। ਮੁਆਫ਼ੀਨਾਮਾ ਖ਼ਾਲਸਾ ਪੰਥ ਨੂੰ ਭੇਜ ਦਿੱਤਾ। ਜਦੋਂ ਖ਼ਾਨ ਨੇ ਮੁਆਫ਼ੀਨਾਮੇ ਨੂੰ ਖਾਲਸੇ ਨੇ ਵਿਚਾਰਿਆਂ ਤਾਂ ਉਸ ਵਿਚਾਰ-ਚਰਚਾ ਵਿਚੋਂ ਖ਼ਾਨ ਦੇ ਇਲਾਜ ਲਈ ਭਾਈ ਤਾਰੂ ਸਿੰਘ ਦੀ ਜੁੱਤੀ ਉਸ ਦੇ ਸਿਰ ਵਿਚ ਮਾਰਨ ਦਾ ਸੁਝਾਅ ਦਿੱਤਾ ਗਿਆ। ਫਸੇ ਹੋਏ ਨਵਾਬ ਅਤੇ ਉਸ ਦੇ ਅਹਿਲਕਾਰਾਂ ਨੂੰ ਇਹ ਅੱਕ ਵੀ ਚੱਬਣਾ ਪਿਆ। ਜਿਉਂ-ਜਿਉਂ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਪਾਪੀ ਖ਼ਾਨ ਦੇ ਸਿਰ ਵਿਚ ਵੱਜ ਰਹੀਆਂ ਸਨ ਤਿਉਂ-ਤਿਉਂ ਉਸ ਦਾ ਪਿਸ਼ਾਬ ਵੀ ਖੁੱਲ ਰਿਹਾ ਸੀ। ਇਸ ਤਰ੍ਹਾਂ ਗੁਰੂ ਨਾਨਕ ਦੇ ਘਰ ਦੇ 16 ਜੁਲਾਈ 1745 ਈ: ਨੂੰ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ।

ਜਦੋਂ ਜ਼ਕਰੀਆ ਖ਼ਾਨ ਦੀ ਮੌਤ ਦੀ ਖ਼ਬਰ ਭਾਈ ਤਾਰੂ ਸਿੰਘ ਜੀ ਨੂੰ ਮਿਲੀ ਤਾਂ ਉਹ ਵੀ ਆਪਣੇ ਪੰਜ ਭੂਤਕ (ਜ਼ਖ਼ਮੀ) ਸਰੀਰ ਨੂੰ ਤਿਆਗ ਗਏ। ਅੱਜ ਜਦੋਂ ਵੀ ਵਾਹਿਗੁਰੂ ਦੇ ਸਨਮੁੱਖ ਅਰਦਾਸ ਬੇਨਤੀ ਕੀਤੀ ਜਾਂਦੀ ਹੈ ਤਾਂ ਉਸ ਵਿਚ ਸਿੱਖੀ ਨੂੰ ਕੇਸ਼ਾਂ-ਸੁਆਸਾਂ ਨਾਲ ਨਿਭਾਉਣ ਵਾਲਿਆਂ (ਭਾਈ ਤਾਰੂ ਸਿੰਘ ਜੀ ਵਰਗਿਆਂ)ਦਾ ਨਾਮ ਬੜੇ ਹੀ ਅਦਬ ਨਾਲ ਲਿਆ ਜਾਂਦਾ ਹੈ।

ਰਮੇਸ਼ ਬੱਗਾ ਚੋਹਲਾ
ਮੋਬ: 9463132719

# ਈਰਥ ਵੂਲਿਚ ਕਬੱਡੀ ਕਲੱਬ ਦੇ ਪ੍ਰਮੋਟਰ ਅਤੇ ਸਾਬਕਾ ਕਬੱਡੀ ਖਿਡਾਰੀ ਜਰਨੈਲ ਸਿੰਘ ਜ਼ੈਲਾ ਨੂੰ ਬਾਰਕਿੰਗ ਕਬੱਡੀ ਟੂਰਨਾਮੈਂਟ ਤੇ ਸੋਨੇ ਦੇ ਤਗ਼ਮੇ ਨਾਲ ਸਨਮਾਨਿਤ ਕਰਨ 'ਤੇ



## ਰਾਜਵੀਰ ਸਿੰਘ ਮਾਣਕ ਅਤੇ ਸੁਰਿੰਦਰ ਸਿੰਘ ਮਾਣਕ ਭਰਾਵਾਂ ਵੱਲੋਂ ਵਧਾਈ

## ਈਰਥ ਵੂਲਿਚ/ਸਾਊਥਾਲ ਟੀਮ ਦੇ ਰਨਰ ਅੱਪ ਕੱਪ ਜਿੱਤਣ ਤੇ ਖ਼ੁਸ਼ੀ ਦਾ ਪ੍ਰਗਟਾਵਾ

**ਜਰਨੈਲ ਸਿੰਘ ਜੈਲਾ ਨੂੰ ਬਾਰਕਿੰਗ ਕਬੱਡੀ ਕਲੱਬ ਲਈ 16 ਸਾਲ ਕਬੱਡੀ ਖੇਡਣ ਅਤੇ ਅਮਰੀਕ ਸਿੰਘ ਬੋਪਾਰਾਏ ਨੂੰ ਲੰਮਾ ਸਮਾਂ ਬਾਰਕਿੰਗ ਕਬੱਡੀ ਕਲੱਬ ਦੀਆਂ ਸੇਵਾਵਾਂ ਕਰਨ ਵਾਸਤੇ ਪਿੰਦਰ ਸਿੰਘ, ਰਾਣਾ ਪੱਡਾ, ਰਾਜਵਿੰਦਰ ਸਿੰਘ ਖਹਿਰਾ, ਦਿਲਬਾਗ ਸਿੰਘ ਰੰਧਾਵਾ ਅਤੇ ਬਾਰਕਿੰਗ ਕਬੱਡੀ ਕਲੱਬ ਵੱਲੋਂ ਗੋਲਡ ਮੈਡਲ ਨਾਲ ਸਨਮਾਨਤ ਕਰਨ 'ਤੇ**

## ਸੁਰਿੰਦਰ ਸਿੰਘ ਮਾਣਕ ਅਤੇ ਰਾਜਵੀਰ ਸਿੰਘ ਮਾਣਕ ਵੱਲੋਂ ਹਾਰਦਿਕ ਧੰਨਵਾਦ
















## ਜਾਰੀ ਕਰਤਾ: ਸੁਰਿੰਦਰ ਸਿੰਘ ਮਾਣਕ, ਰਾਜਵੀਰ ਸਿੰਘ ਮਾਣਕ



Rajvir Singh Manak
M.A. (Hons.), B.Sc. (Hons.)

*With Best Compliments From :*

# Manak Brothers

| 265 & 271a High Street<br>Orpington Kent<br>BR6 0NW<br>Tel: 01689 870769 | 42 Windmill Street<br>Gravesend Kent<br>DA12 1BA<br>Tel: 01474 324529 | 46 London Road<br>Sevenoaks Kent,<br>TN13 1AS<br>Tel: 01732 207207 |
|---|---|---|

www.manaksolicitors.co.uk info@manaksolicitors.co.uk



Surinder Singh Manak
LL.B. (Hons.)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਖ਼ਾਲਸਾ ਪੰਥ ਦੀ ਸੁਤੰਤਰਤਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ


ਤਲਵਿੰਦਰ ਸਿੰਘ ਬੁਟਰ



ਸ੍ਰੀ ਅਕਾਲ ਤਖ਼ਤ ਸਾਹਿਬ ਖ਼ਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਗ਼ੈਰ-ਰਾਜੀ ਸਿੰਘਾਸਣ ਹੈ। ਸਿੱਖ ਕੌਮ ਕੋਲ ਜਿੱਥੇ ਰੂਹਾਨੀਅਤ ਪੱਖ ਤੋਂ ਅਗਵਾਈ ਲਈ ਸਰਬਸਾਂਝਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਰਬਸਾਂਝਾ ਕੇਂਦਰੀ ਧਰਮ ਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੌਜੂਦ ਹੈ, ਉੱਥੇ ਸਮੇਂ-ਸਮੇਂ ਰਾਜਨੀਤਕ ਅਗਵਾਈ ਲਈ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਪੰਜ ਤਖ਼ਤ ਸਾਹਿਬਾਨ ਵੀ ਹਨ। ਇਨ੍ਹਾਂ ਪੰਜਾਂ ਤਖ਼ਤਾਂ 'ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹੋਣ ਦੇ ਨਾਲ-ਨਾਲ ਸਿੱਖ ਮਾਨਸਿਕਤਾ ਦੀ ਪ੍ਰਭੂਸੱਤਾ ਦਾ ਕੇਂਦਰੀ ਧੁਰਾ ਵੀ ਹੈ।

ਇਸ ਤਖ਼ਤ ਦੀ ਸਿਰਜਣਾ ਦੇ ਹਾਲਾਤ, ਉਦੇਸ਼, ਸੰਕਲਪ ਤੇ ਸਿਧਾਂਤ ਸਿੱਖ ਸਮਾਜ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਿਸ਼ੇਸ਼ ਮਹੱਤਤਾ ਦੇ ਧਾਰਨੀ ਬਣਾਉਂਦੇ ਹਨ। ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਹਾਕਮ ਜਹਾਂਗੀਰ ਵਲੋਂ ਸ਼ਹੀਦ ਕਰਨ ਤੋਂ ਬਾਅਦ ਸਿੱਖ ਸਮਾਜ ਅੰਦਰ ਅਜੀਬ ਕਿਸਮ ਦੇ ਹਾਲਾਤ ਬਣ ਗਏ ਸਨ। ਸਿੱਖ ਧਰਮ ਦੀ ਭਗਤੀ ਲਹਿਰ ਨੂੰ ਰਾਜਸੀ ਪ੍ਰਭੂਸੱਤਾ ਦੇ ਪ੍ਰਭਾਵ ਤੋਂ ਮੁਕਤ ਰੱਖਣ ਅਤੇ ਸਿੱਖਾਂ ਅੰਦਰ ਜ਼ੁਲਮ ਨਾਲ ਟਾਕਰੇ ਲਈ ਨਵੀਂ ਕਿਸਮ ਦਾ ਜੋਸ਼ ਤੇ ਉਤਸ਼ਾਹ ਪੈਦਾ ਕਰਨ ਲਈ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਦਿੱਤਾ, ਜਿਹੜਾ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ।

ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਭੂਸੱਤਾ ਸੰਪੰਨ ਗ਼ੈਰ-ਰਾਜੀ ਪੰਥਕ ਰਾਜ ਸਿੰਘਾਸਣ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਕਵੀ ਸੋਹਣ ਰਚਿਤ 'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹਾੜ ਸੁਦੀ ਪੰਚਮੀ, ਸੰਮਤ 1763 ਬਿਕਰਮੀ ਮੁਤਾਬਿਕ ਜੂਨ 1606 ਈਸਵੀ ਨੂੰ ਹੋਈ। ਨੀਂਹ ਰੱਖਣ ਦੀ ਰਸਮ ਅਤੇ ਉਸਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖ਼ੁਦ ਆਪਣੇ ਪਵਿੱਤਰ ਕਰ-ਕਮਲਾਂ ਨਾਲ ਕੀਤੀ। ਨਾਲ ਉਸਾਰੀ ਦਾ ਕਾਰਜ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਕੀਤਾ। ਗੁਰੂ ਜੀ ਨੇ ਇਸ ਤਖ਼ਤ ਦਾ ਪਹਿਲਾ ਜਥੇਦਾਰ-ਪ੍ਰਬੰਧਕ ਭਾਈ ਗੁਰਦਾਸ ਜੀ ਨੂੰ ਹੀ ਥਾਪਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘਾਸਣ 'ਤੇ ਬਿਰਾਜਮਾਨ ਹੋ ਕੇ ਛੇਵੇਂ ਗੁਰੂ ਸਿੱਖਾਂ ਨੂੰ ਜ਼ੁਲਮ ਨਾਲ ਲੜਨ ਲਈ ਹਥਿਆਰਬੰਦ ਲੜਾਈ ਦੀ ਪ੍ਰੇਰਨਾ ਦਿੰਦੇ। ਛੇਵੇਂ ਪਾਤਿਸ਼ਾਹ ਨੇ ਇੱਥੋਂ ਹੀ ਸਿੱਖਾਂ ਲਈ ਪਹਿਲਾ ਹੁਕਮਨਾਮਾ ਜਾਰੀ ਕਰਕੇ ਮੁਗ਼ਲ ਹਕੂਮਤ ਦੀ ਲਗਾਈ ਪਾਬੰਦੀ ਦੇ ਉਲਟ ਸਿੱਖਾਂ ਨੂੰ ਵਧੀਆ ਸ਼ਸਤਰ ਅਤੇ ਘੋੜੇ ਆਦਿ ਰੱਖਣ ਅਤੇ ਭੇਟ ਕਰਨ ਦੇ ਹੁਕਮ ਕੀਤੇ।



ਅਹਿਮਦ ਸ਼ਾਹ ਅਬਦਾਲੀ ਜਦੋਂ ਸਤੰਬਰ 1764 ਵਿਚ ਸੱਤਵੀਂ ਵਾਰ ਭਾਰਤ 'ਤੇ ਹਮਲਾਵਰ ਹੋ ਕੇ ਆਇਆ। ਇਸ ਦੌਰਾਨ ਉਸ ਨੇ ਸ੍ਰੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਇਸ ਦੀ ਮੂਲ ਬੁਰਜੀ ਅਤੇ ਇਮਾਰਤ ਨੂੰ ਢਾਹ ਦਿੱਤਾ ਅਤੇ ਇਸ ਦੇ ਜਥੇਦਾਰ ਭਾਈ ਗੁਰਬਖ਼ਸ਼ ਸਿੰਘ ਸਾਥੀ ਸਿੰਘਾਂ ਸਮੇਤ ਸ਼ਹੀਦ ਹੋ ਗਏ। 10 ਅਪ੍ਰੈਲ 1765 ਨੂੰ ਸਿੱਖ ਪੰਥ ਨੇ ਸਰਬੱਤ ਖ਼ਾਲਸਾ ਵਿਚ ਗੁਰਮਤਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕਰਨ ਦਾ ਫ਼ੈਸਲਾ ਕੀਤਾ। ਸਮੁੱਚੀ ਕਾਰ ਸੇਵਾ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨੱਈਆ, ਤਾਰਾ ਸਿੰਘ ਘੇਬਾ ਅਤੇ ਚੜ੍ਹਤ ਸਿੰਘ ਸ਼ੁਕਰਚਕੀਆ 'ਤੇ ਆਧਾਰਿਤ ਇਕ ਜਥਾ ਨੀਯਤ ਕੀਤਾ ਗਿਆ।

ਜਲਦੀ ਹੀ ਸੈਂਕੜਿਆਂ ਦੀ ਗਿਣਤੀ ਵਿਚ ਹਥਿਆਰਬੰਦ ਘੋੜ ਸਵਾਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਇਕੱਤਰ ਹੋਣ ਲੱਗੇ। ਗੁਰੂ ਸਾਹਿਬ ਨੇ ਸੂਰਬੀਰ ਸਿੱਖਾਂ ਨੂੰ ਚਾਰ ਜਥਿਆਂ ਵਿਚ ਵੰਡ ਕੇ ਇਕ ਜਥੇਬੰਦਕ ਫ਼ੌਜ ਦਾ ਰੂਪ ਦੇ ਦਿੱਤਾ। ਇਨ੍ਹਾਂ ਚਾਰ ਜਥਿਆਂ ਦੇ ਮੁਖੀ ਭਾਈ ਬਿਧੀ ਚੰਦ, ਭਾਈ ਪਿਰਾਨਾ, ਭਾਈ ਜੇਠਾ ਅਤੇ ਪੈਂਦੇ ਖ਼ਾਂ ਨੂੰ ਥਾਪਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜਮਾਨ ਹੁੰਦੇ ਅਤੇ ਸਾਹਮਣੇ ਵਿਹੜੇ ਵਿਚ ਦਰਬਾਰ ਸਜਦਾ। ਢਾਡੀ ਬੀਰ ਰਸ ਭਰਪੂਰ ਵਾਰਾਂ ਗਾਉਂਦੇ ਅਤੇ ਸਿੱਖਾਂ ਵਿਚ ਜੋਸ਼ ਅਤੇ ਬੀਰ ਰਸ ਭਰਦੇ।

ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ, 'ਹਰਿਮੰਦਰ ਸਾਹਿਬ ਦੇ ਸਾਹਮਣੇ ਇਹ ਤਖ਼ਤ ਇਸ ਲਈ ਬਣਾਇਆ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਦਾ ਜੀਵ, ਸਿਆਸਤ ਕਿਸੇ ਦੇ ਹਵਾਲੇ ਨਾ ਕਰੇ ਤੇ ਸਿਆਸਤ ਨੂੰ ਮਾੜਾ ਕਹਿ ਕੇ ਨਾ ਧਿਰਕਾਰੇ, ਸਗੋਂ ਇਸ ਨੂੰ ਨਿਗਾਹਬਾਨ ਸਮਝੇ। ਦੂਜੇ ਪਾਸੇ, ਤਖ਼ਤ ਦਾ ਮਾਲਕ ਬਣਾਇਆ ਗਿਆ ਕਿ ਧਰਮ ਦਾ ਸਤਿਕਾਰ ਕਾਇਮ ਰਹੇ।'

ਗੁਰੂ ਸਾਹਿਬਾਨ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦਾ ਅੰਮ੍ਰਿਤ ਸਰੋਵਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਸਿੱਖਾਂ ਲਈ ਰੂਹਾਨੀ ਤੇ ਜੰਗੀ ਜਜ਼ਬੇ ਦਾ ਸਰੋਤ ਰਹੇ ਹਨ। ਦੀਵਾਲੀ ਤੇ ਵਿਸਾਖੀ ਮੌਕੇ ਇੱਥੇ ਸਰਬੱਤ ਖ਼ਾਲਸਾ ਸੱਦਿਆ ਜਾਂਦਾ ਅਤੇ ਸਮੁੱਚੀਆਂ ਪੰਥਕ ਜਥੇਬੰਦੀਆਂ ਵਲੋਂ ਗੰਭੀਰ ਪੰਥਕ ਮਸਲਿਆਂ ਦੇ ਸਰਬਸੰਮਤੀ ਨਾਲ ਹੱਲ ਤੋਂ ਇਲਾਵਾ ਸੰਕਟ-ਕਾਲੀਨ ਹਾਲਾਤ ਦਾ ਸਾਹਮਣਾ ਕਰਨ ਲਈ ਵਿਉਂਤਬੰਦੀਆਂ ਕੀਤੀਆਂ ਜਾਂਦੀਆਂ ਰਹੀਆਂ।

ਅਹਿਮਦ ਸ਼ਾਹ ਅਬਦਾਲੀ ਜਦੋਂ ਸਤੰਬਰ 1764 ਵਿਚ ਸੱਤਵੀਂ ਵਾਰ ਭਾਰਤ 'ਤੇ ਹਮਲਾਵਰ ਹੋ ਕੇ ਆਇਆ। ਇਸ ਦੌਰਾਨ ਉਸ ਨੇ ਸ੍ਰੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਇਸ ਦੀ ਮੂਲ ਬੁਰਜੀ ਅਤੇ ਇਮਾਰਤ ਨੂੰ ਢਾਹ ਦਿੱਤਾ ਅਤੇ ਇਸ ਦੇ ਜਥੇਦਾਰ ਭਾਈ ਗੁਰਬਖ਼ਸ਼ ਸਿੰਘ ਸਾਥੀ ਸਿੰਘਾਂ ਸਮੇਤ ਸ਼ਹੀਦ ਹੋ ਗਏ। 10 ਅਪ੍ਰੈਲ 1765 ਨੂੰ ਸਿੱਖ ਪੰਥ ਨੇ ਸਰਬੱਤ ਖ਼ਾਲਸਾ ਵਿਚ ਗੁਰਮਤਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕਰਨ ਦਾ ਫ਼ੈਸਲਾ ਕੀਤਾ। ਸਮੁੱਚੀ ਕਾਰ ਸੇਵਾ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨੱਈਆ, ਤਾਰਾ ਸਿੰਘ ਘੇਬਾ ਅਤੇ ਚੜ੍ਹਤ ਸਿੰਘ ਸ਼ੁਕਰਚਕੀਆ 'ਤੇ ਆਧਾਰਿਤ ਇਕ ਜਥਾ ਨੀਯਤ ਕੀਤਾ ਗਿਆ।

ਇਸ ਜਥੇ ਨੇ ਸੰਗਤ ਤੋਂ ਮਾਇਆ ਇਕੱਤਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕ ਚਾਦਰ ਵਿਛਾਈ। ਸੰਗਤ ਨੇ ਇਸ ਚਾਦਰ ਨੂੰ ਪੈਸਿਆਂ ਨਾਲ ਭਰ ਦਿੱਤਾ। ਇਹ ਰਕਮ ਸ਼ਹਿਰ ਦੇ ਹੀ ਇਕ ਸਹਿਜਧਾਰੀ ਸਿੱਖ ਭਾਈ ਦੇਸ ਰਾਜ ਕੋਲ ਜਮ੍ਹਾਂ ਕਰਵਾ ਦਿੱਤੀ ਗਈ ਅਤੇ ਉਹ ਸਮੇਂ-ਸਮੇਂ ਸੇਵਾ ਵਿਚ ਪੈਸੇ ਮੁਹੱਈਆ ਕਰਵਾਉਂਦੇ ਰਹੇ। ਸੰਨ 1766 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬੁੰਗੇ ਦੀ ਸੇਵਾ ਮੁਕੰਮਲ ਹੋ ਗਈ। ਉੱਪਰਲੀਆਂ ਚਾਰ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵੇਲੇ ਮੁਕੰਮਲ ਹੋਈਆਂ। ਸਭ ਤੋਂ ਉੱਪਰਲਾ ਬੰਗਲਾ ਅਤੇ ਸੁਨਹਿਰੀ ਗੁੰਬਦ ਦੀ ਉਸਾਰੀ ਸਰਦਾਰ ਹਰੀ ਸਿੰਘ ਨਲਵਾ ਨੇ ਕਰਵਾਈ। ਜੂਨ 1984 ਵਿਚ ਭਾਰਤੀ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਇਸ ਦੀ ਉੱਪਰਲੀ ਇਮਾਰਤ ਨੂੰ ਢਾਹ ਦਿੱਤਾ।

ਭਾਰਤ ਸਰਕਾਰ ਨੇ ਹਮਲੇ ਤੋਂ ਬਾਅਦ ਇਸ ਦੀ ਮੁੜ ਉਸਾਰੀ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਰਾਹੀਂ ਕਰਵਾ ਦਿੱਤੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 1986 ਵਿਚ ਸਿੱਖ ਪੰਥ ਨੇ ਸਰਬੱਤ ਖ਼ਾਲਸਾ ਬੁਲਾ ਕੇ ਸਰਕਾਰ ਦੇ ਬਣਾਏ ਅਕਾਲ ਤਖ਼ਤ ਸਾਹਿਬ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਉਸ ਨੂੰ ਢਾਹ ਕੇ ਮੁੜ ਕਾਰ ਸੇਵਾ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾ ਦਿੱਤੀ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਅਵਚੇਤਨ ਵਿਚ ਕਿਸੇ ਵੀ ਦੁਨਿਆਵੀ ਰਾਜ ਤਖ਼ਤ ਨਾਲੋਂ ਵੀ ਸ਼ਕਤੀਸ਼ਾਲੀ ਪ੍ਰਭੂਸੱਤਾ ਸੰਪੰਨ 'ਤਖ਼ਤ' ਵਜੋਂ ਮਾਨਤਾ ਰੱਖਦਾ ਹੈ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਆਪਣੇ-ਆਪ ਵਿਚ ਸਿੱਖਾਂ ਦੀ ਇਕ ਸਰਬਉੱਚ ਸੰਸਥਾ ਹੈ।

# ਪੰਜ ਦਰਿਆ ਦੇ "ਮੇਲਾ ਬੀਬੀਆਂ ਦਾ" 'ਚ ਵਗਿਆ ਬੋਲੀਆਂ, ਗਿੱਧੇ ਦਾ ਦਰਿਆ ਮੋਹਨੀ ਬਸਰਾ ਤੇ ਸੁਨੀਤਾ ਮਹਿਮੀ ਦਾ ਵਿਸ਼ੇਸ਼ ਸਨਮਾਨ





ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਦੀਆਂ ਸੰਸਥਾਨਾਂ ਵਿੱਚੋਂ ਮੋਹਰੀ ਬਣਕੇ ਵਿਚਰ ਰਹੇ ਪੰਜ ਦਰਿਆ ਅਦਾਰੇ ਵੱਲੋਂ ਸਾਲਾਨਾ 'ਮੇਲਾ ਬੀਬੀਆਂ ਦਾ' ਕਰਵਾ ਕੇ ਦੱਸ ਦਿੱਤਾ ਕਿ ਸਕਾਟਲੈਂਡ ਦੇ ਭਾਈਚਾਰੇ ਨੂੰ ਵੀ ਇੱਕ ਮੰਚ 'ਤੇ ਇਕੱਤਰ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਕੋਸ਼ਿਸ਼ਾਂ ਇਮਾਨਦਾਰ ਹੋਣ।

ਗਲਾਸਗੋ ਦੇ ਮੈਰੀਹਿਲ ਕਮਿਊਨਿਟੀ ਹਾਲ ਵਿਖੇ ਹੋਏ ਇਸ ਵੱਡੇ ਮੇਲੇ 'ਮੇਲਾ ਬੀਬੀਆਂ ਦਾ'ਵਿੱਚ ਸਕਾਟਲੈਂਡ ਦੇ ਦੂਰ ਦੂਰ ਕਸਬਿਆਂ ਤੋਂ ਵੀ ਬੀਬੀਆਂ ਵੱਲੋਂ ਸ਼ਿਰਕਤ ਕੀਤੀ ਗਈ। ਨਰੋਲ ਪਰਿਵਾਰਕ ਤੇ ਇੱਜ਼ਤਦਾਰ ਮਾਹੌਲ ਵਿੱਚ ਹੋਏ ਇਸ ਮੇਲੇ ਵਿੱਚ ਹਰ ਬੀਬੀ ਆਪੋ ਆਪਣੇ ਤੌਰ 'ਤੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਬਤੌਰ ਪ੍ਰਬੰਧਕ ਹੀ ਵਿਚਰਦੀ ਨਜ਼ਰ ਆਈ। ਢੋਲ ਦੀ ਤਾਲ ਛਿੜਨ ਦੀ ਦੇਰ ਹੀ ਸੀ ਕਿ ਗਿੱਧੇ ਤੇ ਬੋਲੀਆਂ ਦਾ ਦਰਿਆ ਵਗ ਤੁਰਿਆ। ਬੀਬੀਆਂ ਨੇ ਲਾਈਵ ਬੋਲੀਆਂ ਪਾ ਕੇ ਆਪਣੇ ਦਿਲੀ ਗੁਬਾਰ ਤੇ ਮਨ ਦੇ ਵਲਵਲੇ ਸਾਂਝੇ ਕਰਦਿਆਂ ਆਪਣੇ ਅਮੀਰ ਸੱਭਿਆਚਾਰ ਦੇ ਦੀਦਾਰੇ ਕਰਵਾਏ। ਸਮਾਗਮ ਦੀ ਸ਼ੁਰੂਆਤ ਸ੍ਰੀਮਤੀ ਨਿਰਮਲ ਕੌਰ ਗਿੱਲ ਅਤੇ ਮਨੀਸ਼ਾ ਵੱਲੋਂ ਸਭ ਨੂੰ ਜੀ ਆਇਆਂ ਕਹਿਣ ਨਾਲ ਹੋਈ। ਇਸ ਉਪਰੰਤ ਬੋਲਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਮੇਲਾ ਬੀਬੀਆਂ ਦਾ ਨੂੰ ਸਫ਼ਲ ਬਣਾਉਣ ਲਈ ਹਰ ਸਹਿਯੋਗੀ ਤੇ ਸ਼ਾਮਲ ਬੀਬੀਆਂ ਦਾ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕਿ ਜੇਕਰ ਤੁਹਾਡੇ ਇਰਾਦੇ ਨੇਕ ਅਤੇ ਨੀਅਤ ਸਾਫ਼ ਹੈ ਤਾਂ ਤੁਹਾਡੇ 'ਤੇ ਭਾਈਚਾਰੇ ਦੇ ਲੋਕਾਂ ਦਾ ਕੀਤਾ ਗਿਆ ਭਰੋਸਾ ਅਜਿਹੇ ਸਫ਼ਲ ਮੇਲੇ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਨਿਰਮਲ ਗਿੱਲ, ਬਲਜਿੰਦਰ ਸਰਾਏ, ਅੰਮ੍ਰਿਤ ਕੌਰ, ਰਵੀ ਮੁਕਰ, ਸੰਤੋਸ਼ ਸੂਰਾ, ਮਨੀਸ਼ਾ, ਅਮਰਦੀਪ ਜੱਸਲ, ਨੀਲਮ, ਪ੍ਰਭਜੋਤ ਸਰਾਏ, ਕਿਰਨ ਨਿੱਝਰ ਅਤੇ ਸੀਮਾ ਸੈਨੀ ਆਦਿ ਵੱਲੋਂ ਆਏ ਮਹਿਮਾਨਾਂ ਲਈ ਦਿੱਤੀਆਂ ਸੇਵਾਵਾਂ ਲਾਜਵਾਬ ਸਨ। ਮੇਲੇ ਨੂੰ ਚਾਰ ਚੰਨ ਉਦੋਂ ਲੱਗੇ ਜਦੋਂ ਯੂਕੇ ਦੀ ਪ੍ਰਸਿੱਧ ਮੰਚ ਸੰਚਾਲਕਾ ਅਤੇ ਪੇਸ਼ਕਾਰਾ ਮੋਹਨੀ ਬਸਰਾ ਤੇ ਯੂਕੇ ਵਿੱਚ ਇੰਟਰਨੈਸ਼ਨਲ ਗਿੱਧਾ ਮੁਕਾਬਲਿਆਂ ਦੀ ਮੁੱਖ ਪ੍ਰਬੰਧਕ ਸੁਨੀਤਾ ਲਾਲ ਮਹਿਮੀ ਵੈਸਟ ਮਿਡਲੈਂਡਜ਼ ਤੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਪਹੁੰਚੇ। ਮੇਲਾ ਬੀਬੀਆਂ ਦਾ ਦੀ ਪ੍ਰਬੰਧਕ ਟੀਮ ਵੱਲੋਂ ਉਹਨਾਂ ਦੋਵਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਬੋਲਦਿਆਂ ਮੋਹਨੀ ਬਸਰਾ ਤੇ ਸੁਨੀਤਾ ਮਹਿਮੀ ਨੇ ਕਿਹਾ ਕਿ ਸਕਾਟਲੈਂਡ ਦੀ ਧਰਤੀ 'ਤੇ ਇੰਨਾ ਵੱਡਾ ਮੇਲਾ ਹੋ ਜਾਣਾ ਆਪਣੇ ਆਪ ਵਿੱਚ ਇੱਕ ਮਿਸਾਲ ਹੈ।

ਉਹਨਾਂ ਸਮੂਹ ਮੇਲਣਾਂ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਮੇਲੇ ਦੀ ਖਾਸੀਅਤ ਇਹ ਵੀ ਰਹੀ ਕਿ ਸਥਾਨਕ ਬੀਬੀਆਂ ਵੱਲੋਂ ਵੱਡੀ ਪੱਧਰ 'ਤੇ ਬੋਲੀਆਂ, ਗੀਤ ਗਾਉਣ ਦੇ ਨਾਲ ਨਾਲ ਨ੍ਰਿਤ ਦੀ ਪੇਸ਼ਕਾਰੀ ਕਰਕੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ ਗਿਆ। ਇਸ ਸਮੇਂ ਮਨਦੀਪ ਗਿੱਲ, ਮੀਨਾਕਸ਼ੀ, ਨਵ ਆਦਿ ਨੇ ਗੀਤਾਂ ਬੋਲੀਆਂ ਰਾਹੀਂ ਰੌਣਕ ਲਾਈ ਉਥੇ ਪ੍ਰਿਅੰਕਾ ਬਮਰਾਹ ਵੱਲੋਂ ਹਰਿਆਣਵੀ ਗੀਤ ਤੇ ਨ੍ਰਿਤ ਦੀ ਪੇਸ਼ਕਾਰੀ ਕਰਕੇ ਹਾਜ਼ਰੀਨ ਦੀ ਵਾਹ ਵਾਹ ਖੱਟੀ। ਹਰ ਕੋਈ ਪ੍ਰਿਅੰਕਾ ਬਮਰਾਹ ਦੀ ਵਾਹ ਵਾਹ ਕਰਦਾ ਨਜ਼ਰ ਆਇਆ।

ਪੰਜ ਦਰਿਆ ਤੇ ਮੇਲਾ ਬੀਬੀਆਂ ਦਾ ਟੀਮ ਵੱਲੋਂ ਮੋਹਨੀ ਬਸਰਾ ਤੇ ਸੁਨੀਤਾ ਲਾਲ ਮਹਿਮੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਇਸ ਸਮੇਂ ਯੂਰਪੀ ਪੰਜਾਬੀ ਸੱਥ ਵਾਲਸਾਲ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਮੁਫ਼ਤ ਪ੍ਰਦਰਸ਼ਨੀ ਵੀ ਲਗਾਈ ਗਈ। ਸਕਾਟਲੈਂਡ ਵਿੱਚ ਮੇਲੇ ਜਾਂ ਸਮਾਗਮ ਤਾਂ ਬਹੁਤ ਹੁੰਦੇ ਹਨ ਪਰ ਆਮ ਲੋਕਾਂ ਵੱਲੋਂ ਕੀਤਾ ਗਿਆ ਤੇ ਆਮ ਲੋਕਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ ਇਹ ਮੇਲਾ ਆਪਣੀ ਵਿਲੱਖਣ ਛਾਪ ਛੱਡ ਗਿਆ।

# ★ ਮਿੰਨੀ ਕਹਾਣੀਆਂ ★

## ਖੇਡ

ਅਚਾਨਕ ਕੁਛ ਬੱਚੇ ਖੇਡਦੇ-ਖੇਡਦੇ ਉਹਨਾਂ ਦੀ ਗਲੀ ਵੱਲ ਆ ਗਏ। ਪਹਿਲਾਂ ਇਹ ਬੱਚੇ ਗਲ਼ੀ ਤੋਂ ਹਟਕੇ ਖੁੱਲੇ ਮੈਦਾਨ ਵੱਲ ਖੇਲਦੇ ਸੀ ਅੱਜ ਉੱਥੇ ਕੋਈ ਪ੍ਰੋਗਰਾਮ ਰੱਖਿਆ ਹੋਣ ਕਰਕੇ ਇਹ ਬੱਚੇ ਆਸ-ਪਾਸ ਨੱਚਦੇ-ਟੱਪਦੇ ਇਧਰਲੀ ਗਲ਼ੀ ਵੱਲ ਆ ਗਏ। ਜਦ ਖਾਲਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਝਿੜਕ ਕੇ ਉਹਨਾਂ ਸਾਰਿਆਂ ਨੂੰ ਉੱਥੋਂ ਭਜਾ ਦਿੱਤਾ ਤੇ ਆਪ ਅੰਦਰ ਚਲੀ ਗਈ। ਜਦੋਂ ਹੀ ਖਾਲਾ ਅੰਦਰ ਗਈ ਤਾਂ ਉਹ ਸ਼ਰਾਰਤੀ ਬੱਚੇ ਫਿਰ ਤੋਂ ਅੱਖ ਬਚਾ ਕੇ ਉੱਥੇ ਹੀ ਮੁੜ ਆ ਕੇ ਨੱਚਣ-ਟੱਪਣ ਲੱਗ ਪਏ। ਇਹ ਸਭ ਦੇਖ ਕੇ ਪਰਵੀਨ ਨੂੰ ਬੜਾ ਹਾਸਾ ਆਇਆ। ਉਹ ਬੱਚਿਆਂ ਨੂੰ ਇਸ ਤਰਾਂ ਨੱਚਦਾ-ਟੱਪਦਾ ਦੇਖਕੇ ਵੀ ਬੜੀ ਖੁਸ਼ ਹੋ ਰਹੀ ਸੀ। ਫਿਰ ਉਹ ਆਸੇ-ਪਾਸੇ ਦੇਖ ਕੇ ਉਹਨਾਂ ਵੱਲ ਨੂੰ ਚਲ ਪਈ।

"ਓਏ ਬੱਚਿਓ ਤੁਸੀਂ ਜਾਓ ਖਾਲਾ ਆ ਗਈ ਤਾਂ ਡੰਡਾ ਲੈ ਕੇ ਲੱਤਾਂ ਭੰਨ ਦਊ ਤੁਹਾਡੀਆਂ।

"ਇਹ ਦੀਦੀ ਖੇਡ ਲੈਣ ਦਊ ਤਾਂ ਸਾਨੂੰ ਆਸ-ਪਾਸ ਕੋਈ ਨੀ ਖੇਡਣ ਦਿੰਦਾ ਇਧਰ ਆਏ ਤਾਂ ਖਾਲਾ ਮਾਰਨ ਪੈਂਦੀ ਆ ਤੇ ਹੁਣ ਤੁਸੀਂ ਵੀ....

"ਮੈਨੂੰ ਤੁਹਾਡੇ ਖੇਡਣ ਤੋਂ ਇਤਰਾਜ਼ ਨੀ ਪਰ ਖਾਲਾ ਤਾਂ ਮੇਰੀ ਵੀ ਨੀਂ ਮੰਨਦੀ ਤੁਸੀਂ ਜਾਓ ਐਥੋਂ....

"ਠੀਕ ਹੈ ਦੀਦੀ ਜਾਂਦੇ ਆਂ ਪਰ ਜਦੋਂ ਅਸੀਂ ਵੱਡੇ ਹੋ ਗਏ ਨਾ ਉਦੋਂ ਜੇ ਖਾਲਾ ਨੇ ਸਾਨੂੰ ਇਧਰ ਆਉਣ ਤੋਂ ਰੋਕਿਆ ਤਾਂ ਅਸੀਂ ਕੁੱਟ ਦੇਣਾ ਖਾਲਾ ਨੂੰ।

"ਹਾ-ਹਾ-ਹਾ ਤੁਸੀਂ ਤਾਂ ਹਜੇ ਭੋਲ਼ੇ ਓ ਜਦੋਂ ਤੁਸੀਂ ਵੱਡੇ ਹੋ ਗਏ ਫਿਰ ਤੁਹਾਡੇ ਇਧਰ ਆਉਣ ਤੇ ਗੁੱਸੇ ਨੀ ਹੋਇਆ ਕਰਨਾ ਸਗੋਂ ਉਸਨੇ ਤਾਂ ਚਾਹਿਆ ਕਰਨਾ ਕੀ ਤੁਸੀਂ ਰੋਜ਼ ਆਇਆ ਕਰੋ।

"ਉਹ ਅੱਛਾ ਉਦੋਂ ਸਾਡੇ ਕੋਲ ਪਾਪਾ ਵਾਂਗੂੰ ਪੈਸੇ ਹੋਇਆ ਕਰਨੇ ਨਾ ਫਿਰ ਖਾਲਾ ਨੇ ਪੈਸੇ ਲੈ ਲਿਆ ਕਰਨੇ ਸਾਡੇ ਤੋਂ ਇੱਥੇ ਖੇਡਣ ਦੇ।

"ਐਦਾਂ ਨਾ ਕਹੋ ਬੱਚੇ ਰੱਬ ਕਰੇ ਤੁਸੀਂ ਕਦੇ ਉਸ ਖੇਡ ਦੇ ਖਿਡਾਰੀ ਨਾ ਬਣੋ ਜੋ ਐਥੇ ਖੇਡੀ ਜਾਂਦੀ ਹੈ।

## ਉਪਾਅ

'ਮੇਰਾ ਇੱਕ ਦੋਸਤ ਆਖਣ ਲੱਗਾ ਕਿ ਉਹਦਾ ਬੜਾ ਜੀਅ ਕਰਦਾ ਹੈ ਕਿ ਇਨਾਮ ਆਦਿ ਲੈਂਦੇ ਦੀ ਉਹਦੀ ਫੋਟੋ ਕਿਸੇ ਮੰਤਰੀ ਨਾਲ ਹੋਵੇ ਪਰ ਕਦੇ ਸਬੱਬ ਹੀ ਨਹੀਂ ਬਣਿਆ?' ਉਹਨੂੰ ਮੇਰੀ ਸਲਾਹ ਬੜੀ ਪਸੰਦ ਆਈ ਕਿ ' ਸਾਡੀ ਪਿਛਲੀ ਗਲੀ ਦੇ ਵਿਚ ਇਕ ਮੰਤਰੀ ਹਾਰ ਗਿਆ ਸੀ ਤੇ ਤੂੰ ਫ਼ੋਟੋ ਖਿਚਵਾਉਣੀ ਹੈ ਤਾਂ ਉਹਦੇ ਘਰ ਵਿੱਚ ਛੋਟਾ ਜਿਹਾ ਹਾਲ ਬਣਿਆ ਹੋਇਐ, ਸਟੇਜ ਵੀ ਬਣੀ ਹੋਈ ਹੈ ਨਿੱਕੇ ਮੋਟੇ ਕਈ ਫੰਕਸ਼ਨ ਹੁੰਦੇ ਰਹਿੰਦੇ ਹਨ ,ਉਹਦੀ ਉਹਦੇ ਨਾਲ ਜਾਣ ਪਹਿਚਾਣ ਹੈ ਤੇ ਇਕ ਮੋਮੈਂਟੋ ਉਹ ਆਪਣਾ ਚੁੱਕ ਲੈਂਦਾ ਹੈ ਤੇ ਉਹਦੇ ਨਾਲ ਫੋਟੋ ਖਿਚਵਾ ਦਏਗਾ ਕਿਸੇ ਨੂੰ ਕੀ ਪਤਾ ਇਹ ਫ਼ੋਟੋ ਕਦੋਂ ਦੀ ਹੈ ?'-ਕੰਵਲਜੀਤ ਕੌਰ ਜੁਨੇਜਾ

## ਮਾਂ ਨਾਲ ਵਾਅਦਾ

ਮਾਂ ਦੇ ਸਸਕਾਰ ਤੋਂ ਬਾਅਦ ਅੱਜ ਤੀਜੇ ਦਿਨ ਸੁਜਾਤਾ ਦੀ ਮਾਂ ਦਾ ਭੋਗ ਸੀ। ਉਹ ਮਸਾਂ ਹੀ ਗੁਰਦੁਆਰਾ ਸਾਹਿਬ ਪਹੁੰਚੀ।ਮੱਥਾ ਟੇਕਦਿਆਂ ਗੁਰੂ ਜੀ ਦੇ ਚਰਨਾਂ 'ਚ ਪਈ ਮਾਂ ਦੀ ਤਸਵੀਰ ਦੇਖਦਿਆਂ ਉਸ ਦੀ ਭੁੱਬ ਨਿਕਲ ਗਈ ਤੇ ਉਹ ਆਪਣੇ ਆਪ ਨੂੰ ਕਾਬੂ ਕਰਦੀ ਇੱਕ ਨੁੱਕਰ ਤੇ ਜਾ ਬੈਠੀ। ਰਾਗੀਆਂ ਵੱਲੋਂ ਵੈਰਾਗਮਈ ਕੀਰਤਨ ਚੱਲ ਰਿਹਾ ਸੀ। ਉਸਦੇ ਹੰਝੂ ਰੁਕ ਨਹੀਂ ਰਹੇ ਸਨ। ਉਸਨੇ ਦੇਖਿਆ ਉਸਦੀਆਂ ਚਾਰੇ ਭਰਜਾਈਆਂ ਵੰਨ- ਸੁਵੰਨੇ ਸੂਟਾਂ 'ਚ ਮੈਚਿੰਗ ਲਿਪਸਟਿਕ ਲਾਈ ਉਸਦੇ ਕੋਲ ਹੀ ਬੈਠੀਆਂ ਸਨ। ਪਿੱਛੇ ਬੈਠੇ ਰਿਸ਼ਤੇਦਾਰ ਤੇ ਹੋਰ ਲੋਕ ਆਪਣੀਆਂ ਗੱਲਾਂ ਵਿਚ ਮਸ਼ਰੂਫ ਹਨ। ਬਿਲਕੁਲ ਪਿੱਛੇ ਬੈਠੀਆਂ ਔਰਤਾਂ ਤਾਂ ਗੱਲਾਂ ਕਰਦੀਆਂ ਹੱਸ ਵੀ ਰਹੀਆਂ ਸਨ।

ਇਨੇ ਨੂੰ ਸਟੇਜ ਤੇ ਬੁਲਾਰੇ ਭਾਸ਼ਣ ਦੇਣ ਲੱਗੇ। ਸੁਜਾਤਾ ਸਭ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਬੁਲਾਰੇ ਆਲੇ-ਦੁਆਲੇ ਦੀਆਂ ਗੱਲਾਂ ਕਰਦੇ ਉਸਦੇ ਭਰਾਵਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਰਹੇ ਸਨ। ਜਿਸਨੂੰ ਸੁਣ-ਸੁਣ ਕੇ ਸਭ ਤੋਂ ਅੱਗੇ ਬੈਠੇ ਉਸਦੇ ਚਾਰੇ ਭਰਾ ਖੁਸ਼ ਨਜ਼ਰ ਆ ਰਹੇ ਸਨ। ਪਰ ਉਸਦੀ ਮਾਂ ਬਾਰੇ ਕੋਈ ਕੁਝ ਨਹੀਂ ਬੋਲ ਰਿਹਾ ਸੀ। ਸੁਜਾਤਾ ਦਾ ਦਿਲ ਕੀਤਾ ਕਿ ਉਹ ਹੁਣੇ ਉੱਠ ਕੇ ਭਾਸ਼ਣ ਦੇਣ ਵਾਲੇ ਤੋਂ ਮਾਈਕ ਖੋਹ ਲਵੇ ਤੇ ਚੀਕ- ਚੀਕ ਕੇ ਸਾਰੀ ਸੰਗਤ ਨੂੰ ਦੱਸੇ ਕਿ ਸਾਡੇ ਪਿਓ ਦੇ ਮਰਨ ਤੋਂ ਬਾਅਦ ਕਿਵੇਂ ਸਾਡੀ ਮਾਂ ਨੇ ਮਿਹਨਤ-ਮੁਸ਼ੱਕਤ ਕਰ-ਕਰਕੇ ਸਾਨੂੰ ਪੰਜ ਭੈਣਾਂ ਭਰਾਵਾਂ ਨੂੰ ਪਾਲ਼ਿਆ, ਪੜ੍ਹਇਆ ਤੇ ਸਾਡੇ ਵਿਆਹ ਕੀਤੇ। ਹਰ ਪਲ, ਹਰ ਕਦਮ ? ਤੇ ਉਸਨੇ ਸਾਡੇ ਲਈ ਕੁਰਬਾਨੀਆਂ ਕੀਤੀਆਂ। ਪਰ..ਉਹ ਚਾਹ ਕੇ ਵੀ ਕੁਝ ਨਾ ਬੋਲ ਸਕੀ। ਭੋਗ ਤੋਂ ਬਾਅਦ ਸਾਰੀ ਸੰਗਤ ਲੰਗਰ ਹਾਲ ਵੱਲ ਚਲੀ ਪਈ ਸੀ। ਸਾਰੇ ਆਪਸ ਵਿੱਚ ਗੱਲਾਂ ਕਰਦੇ ਤੁਰਦੇ- ਤੁਰਦੇ ਹੱਸਦੇ ਜਾ ਰਹੇ ਸਨ। ਸੁਜਾਤਾ ਨੂੰ ਤਾਂ ਲੱਗ ਹੀ ਨਹੀਂ ਸੀ ਰਿਹਾ ਕਿ ਇਹ ਸਾਰੇ ਉਸਦੀ ਮਾਂ ਦੇ ਭੋਗ ਤੇ.....। ਸੁਜਾਤਾ ਵੀ ਬੋਝਲ ਕਦਮਾਂ ਨਾਲ ਲੰਗਰ ਹਾਲ ਵੱਲ ਚੱਲ ਪਈ।

ਲੰਗਰ ਹਾਲ 'ਚ ਵੀ ਵਿਆਹ ਵਰਗਾ ਮਾਹੌਲ ਸੀ। ਮੇਜ਼ਾਂ ਤੇ ਖਾਣੇ ਦਾ ਪ੍ਰਬੰਧ ਸੀ ਤੇ ਲੋਕ ਕੁਰਸੀਆਂ ਤੇ ਬੈਠੇ ਖਾਣਾ ਖਾ ਰਹੇ ਸਨ। ਸੁਜਾਤਾ ਨੂੰ ਸਭ ਤੋਂ ਵੱਧ ਦੁੱਖ ਤਾਂ ਉਦੋਂ ਹੋਇਆ ਜਦ ਦੇਖਿਆ ਉਸਦੇ ਭਰਾ ਆਪਣੇ ਯਾਰਾਂ-ਮਿੱਤਰਾਂ ਨਾਲ ਖੜ੍ਹੇ ਹੱਸ ਰਹੇ ਸਨ। ਇਹ ਅੱਜ ਦੇ ਦਿਨ ਤਾਂ ਮਾਂ ਨੂੰ.......। ਤੇ ਭਰੇ ਮਨ ਨਾਲ ਸੁਜਾਤਾ ਬਿਨਾਂ ਲੰਗਰ ਖਾਧੇ ਹੀ ਗੁਰੂ ਮਹਾਰਾਜ ਦੇ ਚਰਨਾਂ 'ਚ ਪਈ ਮਾਂ ਦੀ ਤਸਵੀਰ ਲਾਗੇ ਆ ਬੈਠੀ। ਮਾਂ ਦੀ ਫੋਟੋ ਚੁੱਕ ਉਸਨੇ ਜਿਉਂ ਹੀ ਛਾਤੀ ਨਾਲ ਲਾਈ ਉਸ ਦੀ ਭੁੱਬ ਨਿਕਲ ਗਈ। ' ਮਾਂ.... ਮਾਂ. ! ਦੇਖ ਲੈ ਸਭ ਭੁੱਲ ਗਏ ਤੈਨੂੰ। ਤੈਨੂੰ ਕਹਿੰਦੀ ਸੀ ਨਾ ਮੈਂ, ਤੂੰ ਵੀ ਆਪਣੀ ਜ਼ਿੰਦਗੀ ਜੀਅ ਲੈ...ਪਰ ਨਹੀਂ... ਤੂੰ ਤਾਂ ਹਰ ਪਲ ਆਪਣੇ ਪੁੱਤਰਾਂ ਲਈ ਮਰਦੀ ਰਹੀ ਤੇ ਉਨ੍ਹਾਂ ਸਭ ਨੇ ਤੈਨੂੰ ਵਿਸਾਰ ਵੀ ਦਿੱਤਾ। ਪਰ ਮੈਂ...ਮੈਂ...ਤੈਨੂੰ ਕਦੀ ਨਹੀਂ ਭੁੱਲ ਸਕਦੀ ਮਾਂ। ਤੇ ਨਾ ਹੀ ਤੇਰੀਆਂ ਕੁਰਬਾਨੀਆਂ ਨੂੰ। ਮੇਰੇ ਅੰਤਿਮ ਸਾਹ ਤੱਕ ਤੂੰ ਮੇਰੇ ਸੀਨੇ 'ਚ ਜੀਊਂਦੀ ਰਹੇਗੀ...ਮੇਰੇ ਅੰਤਿਮ ਸਾਹ ਤੱਕ।'

ਮਨਪ੍ਰੀਤ ਕੌਰ ਭਾਟੀਆ

# ਪੰਜਾਬ ਦੀ ਮਨਜੋਤ ਕੌਰ ਨੇ ਆਪਣਾ ਸ਼ਹਿਦ ਬਰੈਂਡ ਤਿਆਰ ਕਰਕੇ ਦੇਸ ਵਿਦੇਸ਼ ਵਿਚ ਪਹੁੰਚਾਇਆ

## ✪ ਪਿਤਾ ਦੇ ਬਿਜਨਸ ਨੂੰ ਅਗੇ ਵਧਾਇਆ, ਆਨਲਾਈਨ ਬਿਜਨਸ ਅਪਨਾਇਆ



ਬਠਿੰਡਾ-ਜ਼ਿਲ੍ਹਾ ਬਠਿੰਡਾ ਦੇ ਪਿੰਡ ਮੁਹਾਲਾ ਦੀ ਰਹਿਣ ਵਾਲੀ ਮਨਜੋਤ ਕੌਰ ਨੇ ਬੇਸ਼ੱਕ ਫੈਸ਼ਨ ਡਿਜਾਈਨਿੰਗ ਦਾ ਕੋਰਸ ਕੀਤਾ ਪ੍ਰੰਤੂ ਉਸ ਨੇ ਆਪਣਾ ਕਿੱਤਾ ਅਪਣਾਉਣ ਦੀ ਥਾਂ ਆਪਣੇ ਪਿਤਾ ਵਾਲਾ ਮਧੂ ਮੱਖੀਆਂ ਦਾ ਕੰਮ ਹੀ ਅੱਗੇ ਤੋਰਿਆ, ਕਿਉਂਕਿ ਉਹ ਆਪਣੇ ਪਿਤਾ ਨੂੰ ਪੁੱਤ ਨਾ ਹੋਣ ਦੀ ਘਾਟ ਮਹਿਸੂਸ ਨਹੀਂ ਹੋਣ ਦੇਣਾ ਚਾਹੁੰਦੀ ਸੀ। ਉਹ ਧੀਆਂ ਵਿਚੋਂ ਵਿਚਕਾਰਲੀ ਹੈ ਜੋ ਮਧੂ ਮੱਖੀਆਂ ਦੇ ਸ਼ਹਿਦ ਨੂੰ ਖੁਦ ਪ੍ਰੋਸੈਸ ਕਰਕੇ ਹਰ ਮਹੀਨੇ ਆਨ ਲਾਇਨ ਸ਼ਹਿਦ ਵੇਚ ਕੇ ਹਜ਼ਾਰਾਂ ਰੁਪਏ ਕਮਾ ਰਹੀ ਹੈ। ਉਸ ਨੇ ਸਾਲ 2022 ਵਿਚ ਬਠਿੰਡਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਮਧੂ ਮੱਖੀਆਂ ਦੀ ਸਿਖਲਾਈ ਲਈ, ਖੁਦ ਦਾ ਟ੍ਰੇਡ ਮਾਰਕ ਲਿਆ ਤੇ ਘਰ ਵਿਚ ਹੀ ਪੰਜਾਬ ਦੀਆਂ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੀ ਮਨਜੋਤ ਕੌਰ, ਤਿਆਰ ਕੀਤੇ ਸ਼ਹਿਦ ਦੀ ਦੇਸ਼ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਮੰਗ ਹੈ। ਉਹ ਆਨ ਲਾਈਨ ਸ਼ਹਿਦ ਵੇਚ ਰਹੀ ਹੈ। ਅੱਜ ਉਸ ਨੂੰ ਸ਼ਹਿਦ ਲੈਣ ਲਈ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਮੁੰਬਈ ਵਰਗੇ ਵੱਡੇ ਮਹਾਂ ਸ਼ਹਿਰਾਂ ਤੋਂ ਆਡਰ ਆਉਂਦੇ ਹਨ। ਉਸਦਾ ਸ਼ਹਿਦ ਹੁਣ ਵਿਦੇਸ਼ਾਂ ਵਿਚ ਵੀ ਜਾ ਰਿਹਾ ਹੈ।

ਮਨਜੋਤ ਨੇ ਦੱਸਿਆ ਕਿ ਉਸ ਦੇ ਮਾਤਾ ਪਿਤਾ ਨੇ ਸਾਲ 1998 ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਤੋਂ ਸਿਖਲਾਈ ਲੈ ਕੇ ਮਧੂ ਮੱਖੀਆਂ ਦਾ ਕੰਮ ਸ਼ੁਰੂ ਕੀਤਾ ਸੀ, ਉਸ ਸਮੇਂ ਉਨ੍ਹਾਂ ਕੋਲ 100 ਬਕਸਾ ਸੀ, ਅੱਜ ਉਨ੍ਹਾਂ ਕੋਲ 3000 ਹਜ਼ਾਰ ਦੇ ਕਰੀਬ ਬਕਸਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਦ ਨੂੰ ਵੇਚਣ ਲਈ ਸਭ ਤੋਂ ਪਹਿਲਾ ਉਨ੍ਹਾਂ ਵੱਲੋਂ ਬਠਿੰਡਾ ਵਿਚ ਲੱਗਦੇ ਵੱਡੇ ਮੇਲੇ ਜਿਵੇ ਕਿ ਵਿਰਾਸਤ ਮੇਲਾ, ਮੇਲਾ ਜਾਗਦੇ ਜੁਗਨੂੰਆ ਦਾ ਆਦਿ ਵਿਚ ਸ਼ਹਿਦ ਦੀ ਸਟਾਲ ਲਗਾਇਆ ਜਿੱਥੇ ਲੋਕਾਂ ਵੱਲੋਂ ਉਨ੍ਹਾਂ ਦਾ ਸਾਰਾ ਸ਼ਹਿਦ ਖਰੀਦ ਕੇ ਵੱਡਾ ਹੁਲਾਰਾ ਦਿੱਤਾ। ਮਨਜੋਤ ਦਾ ਦਾਅਵਾ ਹੈ ਇਕ ਸ਼ਹਿਦ ਦਾ ਇਕ ਚਮਚ ਇਕ ਕਿੱਲੋਂ ਸੇਬਾਂ ਦੇ ਬਰਾਬਰ ਸਰੀਰ ਨੂੰ ਤਾਕਤ ਦਿੰਦਾ ਹੈ। ਉਨ੍ਹਾਂ ਵੱਲੋਂ ਚਾਰ ਤਰ੍ਹਾਂ ਦਾ ਸ਼ਹਿਦ ਤਿਆਰ ਕੀਤਾ ਜਾਂਦਾ ਹੈ ਜਿਸ ’ਚ ਸਰੋਂ ਦਾ ਸ਼ਹਿਦ, ਬੇਰੀ ਦਾ ਸ਼ਹਿਦ, ਸਫੈਦੇ ਤੇ ਟਾਹਲੀ ਦਾ ਸ਼ਹਿਦ ਤੇ ਫੁੱਲੋਂ ਤੋਂ ਤਿਆਰ ਪਰਪਰਾਗਨ (ਬੀ ਪੋਲਣ) ਸ਼ਾਮਲ ਹੈ। ਉਨ੍ਹਾਂ ਵੱਲੋਂ ਸ਼ਹਿਦ ਨੂੰ ਬਜ਼ਾਰ ਵਿਚ ਵੇਚਣ ਲਈ ਆਪਣਾ ਟ੍ਰੇਡ ਮਾਰਕ ‘ਸੰਧੂ ਮੱਖੀ ਫਾਰਮ’ ਲਿਆ ਹੋਇਆ ਹੈ, ਜਿਸ ਟ੍ਰੇਡ ਮਾਰਕ ਜਰੀਏ ਹੀ ਉਹ ਆਪਣਾ ਸ਼ਹਿਦ ਬਜ਼ਾਰ ਵਿਚ ਵੇਚ ਰਹੀ ਹੈ। ਉਨ੍ਹਾਂ ਦੱਸਿਆ ਕਿ ਬਾਕੀ ਸ਼ਹਿਦ ਤਾਂ ਉਹ ਬਜ਼ਾਰ ਵਿਚ 380 ਰੁਪਏ ਪ੍ਰਤੀ ਕਿੱਲੋਂ ਵੇਚਦੇ ਹਨ, ਪ੍ਰੰਤੂ ਜਿਹੜਾ ਬੀ ਪੋਲਣ ਸ਼ਹਿਦ ਇਹ 1200 ਰੁਪਏ ਪ੍ਰਤੀ ਕਿੱਲੋਂ ਵੇਚਿਆ ਜਾਂਦਾ ਹੈ, ਜਿਹੜਾ ਕਿ ਬਜ਼ਾਰ ਵਿਚ ਆਮ ਦੋ ਹਜ਼ਾਰ ਰੁਪਏ ਤੋਂ ਲੈ ਕੇ ਤਿੰਨ ਹਜ਼ਾਰ ਰੁਪਏ ਮਿਲਦਾ ਹੈ।

ਮਨਜੋਤ ਕੌਰ ਨੇ ਦੱਸਿਆ ਕਿ ਸ਼ਹਿਦ ਪ੍ਰਾਪਤ ਕਰਨ ਲਈ ਸਾਲ ਭਰ ਮਧੂ ਮੱਖੀਆਂ ਦੇ ਬਕਸ਼ਿਆਂ ਨੂੰ ਵੱਖ-ਵੱਖ ਥਾਵਾਂ ਤੇ ਮੌਸਮ ਦੇ ਅਨੁਸਾਰ ਲਿਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ 15 ਫਰਵਰੀ ਤੋਂ ਅਪ੍ਰੈਲ ਦੇ ਅਖੀਰ ਤਕ ਹਰਿਆਣਾ ਦੇ ਪਿੰਡ ਦੇਸੂ ਨਹਿਰ ਤੇ ਲਿਜਾਦੇ ਹਨ, ਇਸ ਥਾਂ ਤੇ ਜਿਆਦਾ ਸਫੇਦਾ ਹੁੰਦਾ ਹੈ। ਜੂਨ ਮਹੀਨੇ ਦੇ ਅਖੀਰ ਤਕ ਲਗਭਗ ਪੰਦਰ੍ਹਾਂ ਦਿਨ੍ਹਾਂ ਲਈ ਅੰਮ੍ਰਿਤਸਰ ਸਾਹਿਬ, ਤਰਨਤਾਰਨ ਤੇ ਖੰਡੂਰ ਸਾਹਿਬ ਆਦਿ ਥਾਵਾਂ ਤੇ ਬਕਸਿਆ ਨੂੰ ਲਿਜਾਇਆ ਜਾਂਦਾ ਹੈ, ਉਸ ਤੋਂ ਬਾਅਦ ਦੋ ਮਹੀਨਿਆਂ ਲਈ ਹਰਿਆਣਾ ਦੇ ਸ਼ਹਿਰ ਰਿਵਾੜੀ ਲੈ ਕੇ ਜਾਣ ਤੋਂ ਬਾਅਦ ਇਕ ਵਾਰ ਫਿਰ ਬਕਸਿਆ ਨੂੰ ਪਿੰਡ ਲੈ ਕੇ ਆ ਜਾਈਦਾ ਹੈ। ਨਵੰਬਰ ਦੇ ਪਹਿਲੇ ਮਹੀਨੇ ਰਾਜਸਥਾਨ ਦੇ ਕੋਟਾ ਬੂੰਦੀ ਲੈ ਕੇ ਜਾਈਦਾ ਬਕਸਿਆ ਨੂੰ, ਇਸ ਤਰ੍ਹਾਂ ਕਰਨ ਨਾਲ ਮਧੂ ਮੱਖੀਆਂ ਵੀ ਮੌਸ਼ਮ ਦੇ ਹਿਸਾਬ ਨਾਲ ਵਧੀਆਂ ਸ਼ਹਿਦ ਤਿਆਰ ਕਰਦੀਆਂ ਹਨ।

ਮੇਲਿਆਂ ’ਤੇ ਸ਼ਹਿਦ ਦੀ ਸਟਾਲ ਲਗਾਉਣ ਤੋਂ ਬਾਅਦ ਹੁਣ ਉਸ ਨੂੰ ਸ਼ਹਿਦ ਦੇ ਆਨਲਾਇਨ ਆਰਡਰ ਆਉਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਹਰ ਰੋਜ਼ ਦੀ ਤਰ੍ਹਾਂ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਮੁੰਬਈ, ਚੰਡੀਗੜ੍ਹ, ਪਟਿਆਲਾ, ਜਲੰਧਰ, ਗੁਰਦਾਸਪੁਰ ਤੇ ਅੰਮ੍ਰਿਤਸਰ ਸਾਹਿਬ ਤੋਂ 5 ਤੋਂ 10 ਕਿੱਲੋਂ ਸ਼ਹਿਦ ਦੇ ਰੋਜ਼ਾਨਾ ਆਰਡਰ ਆ ਰਹੇ ਹਨ। ਜਿਸ ਨਾਲ ਉਨ੍ਹਾਂ ਨੂੰ ਮਹੀਨੇ ਦੀ 35 ਤੋਂ 40 ਹਜ਼ਾਰ ਰੁਪਏ ਦੀ ਕਮਾਈ ਹੋਣ ਲੱਗ ਪਈ ਹੈ।

ਉਨ੍ਹਾਂ ਦੱਸਿਆ ਕਿ ਇਸ ਖਿੱਤੇ ਨਾਲ ਜੁੜੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਕੋਈ ਸਹੂਲਤ ਨਹੀਂ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੋਲਸੇਲ ’ਚ ਸ਼ਹਿਦ ਦਾ ਰੇਟ ਬਹੁਤ ਘੱਟ ਹੋਣ ਕਾਰਨ ਲਗਭਗ 2500 ਦੇ ਕਰੀਬ ਸ਼ਹਿਦ ਦੀਆਂ ਬਾਲਟੀਆਂ ਕੋਲਡ ਸਟੋਰ ਵਿਚ ਰੱਖੀਆਂ ਹੋਈਆਂ ਹਨ, ਕਿਉਂਕਿ ਇਨ੍ਹੇ ਘੱਟ ਰੇਟ ਵਿਚ ਸ਼ਹਿਦ ਵੇਚ ਕੇ ਉਨ੍ਹਾਂ ਦਾ ਖਰਚਾ ਵੀ ਨਹੀਂ ਨਿਕਲ ਰਿਹਾ। ਸਰਕਾਰ ਇਸ ਪਾਸੇ ਜ਼ਰੂਰ ਧਿਆਨ ਦੇਵੇ। ਉਨ੍ਹਾਂ ਦੇਸ਼ ਛੱਡ ਕੇ ਬਾਹਰ ਜਾ ਰਹੀਆਂ ਲੜਕੀਆਂ ਨੂੰ ਨਸੀਅਤ ਦਿੱਤੀ ਹੈ ਕਿ ਇਥੇ ਰਹਿ ਕੇ ਵੀ ਆਪਣਾ ਕੰਮ ਚਲਾਇਆ ਜਾ ਸਕਦਾ ਹੈ। ਜਿਹੜੀਆਂ ਕੁੜੀਆਂ ਬਾਹਰ ਜਾਣ ਵਾਸਤੇ ਲੱਖਾਂ ਰੁਪਏ ਲਗਾਉਂਦੀਆਂ ਉਹ ਇੰਨ੍ਹੇ ਪੈਸ਼ਿਆਂ ਨਾਲ ਆਪਣਿਆ ਵਿਚ ਰਹਿ ਕੇ ਵਧੀਆਂ ਕੰਮ ਕਰ ਸਕਦੀਆਂ ਹਨ।

ਉਸ ਦਾ ਸੁਪਨਾ ਹੈ ਕਿ ਉਹ ਖੁਦ ਸ਼ਹਿਦ ਦਾ ਬ੍ਰੇਡ ਬਣਾ ਕੇ ਇਕ ਕੰਪਨੀ ਬਣਾਵੇਗੀ ਜਿਸ ਦੀ ਵਿਦੇਸ਼ਾਂ ਵਿਚ ਵੀ ਪਹਿਚਾਣ ਹੋਵੇ। ਇਸ ਕੰਮ ਵਿਚ ਉਹ ਲੱਗੀ ਹੋਈ ਹੈ। ਮਨਜੋਤ ਕੌਰ ਦੇ ਪਿਤਾ ਸਾਬਕਾ ਸਰਪੰਚ ਮੱਖਣ ਸਿੰਘ ਤੇ ਮਾਤਾ ਸੁਖਵੰਤ ਕੌਰ ਨੇ ਦੱਸਿਆ ਕਿ ਉਨ੍ਹਾਂ ਕਦੇ ਵੀ ਮੁੰਡੇ ਕੁੜੀ ਵਿਚ ਫਰਕ ਨਹੀਂ ਸਮਝਿਆ, ਮੁੰਡੇ ਤਾਂ ਨਸ਼ਿਆਂ ’ਤੇ ਲੱਗ ਜਾਂਦੇ ਨੇ ਪ੍ਰੰਤੂ ਕੁੜੀਆਂ ਮਾਪਿਆ ਦਾ ਨਾਂ ਰੌਸ਼ਨ ਕਰਦੀਆਂ ਨੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਬੇਟੀ ਹੁਣ ਸ਼ਹਿਦ ਦਾ ਸਾਰਾ ਕੰਮ ਖੁਦ ਹੀ ਸਾਂਭਦੀ ਹੈ, ਉਨ੍ਹਾਂ ਨੂੰ ਆਪਣੀ ਬੇਟੀ ਉਪਰ ਮਾਣ ਹੈ।

# ਪ੍ਰੋ.ਸੰਧੂ ਵਰਿਆਣਵੀ ਦੇ ਜਨਮ ਦਿਨ ਮੌਕੇ ਰੂਬਰੂ ਤੇ ਸਨਮਾਨ ਸਮਾਰੋਹ



ਜਲੰਧਰ – (ਤੇਜਿੰਦਰ ਮਨਚੰਦਾ) –ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਵਿਸ਼ਵ ਪੰਜਾਬੀ ਸਭਾ ਕਨੇਡਾ ਅਤੇ ਵਿਰਸਾ ਵਿਹਾਰ ਜਲੰਧਰ ਦੇ ਸਹਿਯੋਗ ਨਾਲ਼ ਵਿਰਸਾ ਵਿਹਾਰ ਜਲੰਧਰ ਵਿਖੇ ਇਕ ਸ਼ਾਨਦਾਰ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜੋ ਕਿ ਯਾਦਗਾਰੀ ਹੋ ਨਿੱਬੜਿਆ। ਮੰਚ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ ਦੇ ਜਨਮ ਦਿਨ ਮੌਕੇ ਉਹਨਾਂ ਦਾ ਰੂਬਰੂ ਕਰਵਾਇਆ ਗਿਆ ਤੇ ਉਹਨਾਂ ਨੂੰ ਜੀਵਨ ਭਰ ਦੀਆਂ ਉਪਲਬਧੀਆਂ ਲਈ ਸਨਮਾਨਿਤ ਕੀਤਾ ਗਿਆ। ਵਿਰਸਾ ਵਿਹਾਰ ਦੇ ਉਪ ਚੇਅਰਮੈਨ ਸੰਗਤ ਰਾਮ ਜੀ ਨੇ ਸਭ ਨੂੰ ਜੀ ਆਇਆਂ ਨੂੰ ਆਖਿਆ। ਮੰਚ ਸੰਚਾਲਨ ਕਰ ਰਹੇ ਜਗਦੀਸ਼ ਰਾਣਾ ਨੇ ਪ੍ਰੋ.ਸੰਧੂ ਵਰਿਆਣਵੀ ਦੇ ਕੁਝ ਸ਼ਿਅਰ ਪੜ੍ਹ ਕੇ ਸੁਣਾਏ ਤੇ ਕਿਹਾ ਕਿ ਸੰਧੂ ਹੋਰਾਂ ਆਖ਼ਰੀ ਸਾਹ ਤਕ ਸਾਹਿਤ ਅਤੇ ਮਾਂ ਬੋਲੀ ਪੰਜਾਬੀ ਪ੍ਰਤੀ ਸੇਵਾ ਕਰਨ ਦਾ ਅਹਿਦ ਕੀਤਾ ਹੋਇਆ ਹੈ। ਪ੍ਰੋਗਰਾਮ ਦੀ ਸ਼ੁਰੂਆਤ ਸੰਧੂ ਵਰਿਆਣਵੀ ਦੇ ਛੋਟੇ ਭਰਾ ਪ੍ਰਸਿੱਧ ਗੀਤਕਾਰ ਨਕਸ਼ ਵਰਿਆਣਵੀ ਨੇ ਸੰਧੂ ਵਰਿਆਣਵੀ ਦੀ ਇਕ ਗ਼ਜ਼ਲ ਤਰੰਨੁਮ ਵਿੱਚ ਪੇਸ਼ ਕਰਕੇ ਕੀਤੀ। ਪ੍ਰਸਿੱਧ ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਸੰਧੂ ਵਰਿਆਣਵੀ ਤੇ ਜਗਦੀਸ਼ ਰਾਣਾ ਦੀਆਂ ਗ਼ਜ਼ਲਾਂ ਦੇ ਸਾਂਝੀਆਂ ਕੀਤੀਆਂ। ਇਸ ਮੌਕੇ ਪ੍ਰੋ.ਸੰਧੂ ਵਰਿਆਣਵੀ ਨੇ ਆਪਣੇ ਜੀਵਨ,ਸੰਘਰਸ਼, ਵਿਚਾਰਧਾਰਾ, ਸਾਹਿਤਕ ਸਫ਼ਰ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਅਤੇ ਹਾਜ਼ਿਰ ਸਾਹਿਤਕਾਰਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਮੋਗਾ ਤੋਂ ਪਹੁੰਚੇ ਡਾ.ਸੁਰਜੀਤ ਬਰਾੜ, ਅੰਮ੍ਰਿਤਸਰ ਤੋਂ ਸਰਬਜੀਤ ਸਿੰਘ ਸੰਧੂ ਅਤੇ ਨਵਤੇਜ ਗੜ੍ਹਦੀਵਾਲਾ ਨੇ ਪ੍ਰੋ.ਸੰਧੂ ਵਰਿਆਣਵੀ ਦੀ ਸਖਸ਼ੀਅਤ ਬਾਰੇ ਤੇ ਉਹਨਾਂ ਦੀਆਂ ਸਾਹਤਿਕ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੰਧੂ ਵਰਿਆਣਵੀ ਨੇ ਉਮਰ ਭਰ ਸੰਘਰਸ਼ ਕਰਦਿਆਂ ਇਕ ਸੰਸਥਾ ਵਾਂਗ ਕੰਮ ਕੀਤਾ ਹੈ ਤੇ ਨਵੇਂ ਸਾਹਿਤਕਾਰਾਂ ਲਈ ਇਹਨਾਂ ਦਾ ਜੀਵਨ, ਸੰਘਰਸ਼ ਪ੍ਰੇਰਨਾਸ੍ਰੋਤ ਹੈ। ਇਸ ਮੌਕੇ ਮਾਝੇ ਮਾਲਵੇ ਤੇ ਦੁਆਬੇ ਦੀਆਂ ਸਾਹਿਤਕ ਸੰਸਥਾਵਾਂ ਲੋਕ ਸਾਹਿਤ ਅਕਾਦਮੀ ਮੋਗਾ ਅਤੇ ਅਦਾਰਾ ਲੋਹਮਣੀ, ਵਿਸ਼ਵ ਪੰਜਾਬੀ ਸਭਾ ਕਨੇਡਾ,ਰਾਬਤਾ ਮੁਕਾਲਮਾ ਅੰਮ੍ਰਿਤਸਰ, ਨਵੀਂ ਚੇਤਨਾ ਪੰਜਾਬੀ ਲੇਖਕ ਮੰਚ, ਦੁਆਬਾ ਸਾਹਿਤ ਸਭਾ ਲਧਾਣਾ ਝਿੱਕਾ,ਅਦਬੀ ਦੁਨੀਆ ਜਲੰਧਰ,ਪੰਜਾਬ ਸਾਹਤਿਕ ਮੰਚ, ਮੂਲ ਨਿਵਾਸੀ ਸੱਭਿਅਤਾ ਸੰਘ, ਕਲਮਾਂ ਦੀ ਪਰਵਾਜ਼ ਅੰਤਰਰਾਸ਼ਟਰੀ ਸਾਹਤਿਕ ਮੰਚ ਵਲੋਂ ਸ਼ਾਨਦਾਰ ਮੋਮੈਂਟੋ ਅਤੇ ਲੋਈ ਦੇ ਕੇ ਸੰਧੂ ਜੀ ਦਾ ਸਨਮਾਨ ਕੀਤਾ ਗਿਆ। ਸੰਧੂ ਵਰਿਆਣਵੀ ਦੇ ਪਿੰਡ ਦੀ ਸੰਸਥਾ ਸਾਹਿਤ ਕਲਾ ਮੰਚ ਵਰਿਆਣਾ ਵਲੋਂ ਸ਼ਾਨਦਾਰ ਲੋਈ ਅਤੇ 5100 ਰੁਪਏ ਦੇ ਕੇ ਪ੍ਰੋ.ਸੰਧੂ ਵਾਰਿਆਣਵੀ ਦਾ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਪ੍ਰੋਮਿਲਾ ਅਰੋੜਾ, ਦੀਪ ਜਗਤਪੁਰੀ,ਗੁਰਨਾਮ ਬਾਵਾ, ਚਰਨਜੀਤ ਸਮਾਲਸਰ ਤੇ ਜਸਵੰਤ ਗਿੱਲ ਸਮਾਲਸਰ ਅਤੇ ਦੇਸ ਰਾਜ ਬਾਲੀ ਵਲੋਂ ਵੀ ਕਿਤਾਬਾਂ ਅਤੇ ਹੋਰ ਖ਼ੂਬਸੂਰਤ ਤੋਹਫ਼ੇ ਦੇ ਕੇ ਸੰਧੂ ਜੀ ਦਾ ਸਨਮਾਨ ਕੀਤਾ ਗਿਆ। ਵਿਦੇਸ਼ ਦੌਰੇ ਤੇ ਗਏ ਹੋਏ ਮੰਚ ਦਾ ਪ੍ਰਧਾਨ ਡਾ.ਕੰਵਲ ਭੱਲਾ ਜੀ ਦਾ ਵਧਾਈ ਸੰਦੇਸ਼ ਜਗਦੀਸ਼ ਰਾਣਾ ਨੇ ਪੜ੍ਹ ਕੇ ਸੁਣਾਇਆ। ਇਸ ਮੌਕੇ ਮੰਚ ਦੇ ਜਨ ਸਕੱਤਰ ਜਗਦੀਸ਼ ਰਾਣਾ ਤੇ ਹੋਰ ਪਰਿਵਾਰਕ ਮੈਂਬਰਾਂ ਵਲੋਂ ਕੇਕ ਕੱਟ ਕੇ ਸੰਧੂ ਵਰਿਆਣਵੀ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ। ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸੰਧੂ ਵਰਿਆਣਵੀ ਦੇ ਭਰਾਵਾਂ ਨਕਸ਼ ਵਰਿਆਣਵੀ, ਜੀ ਡੀ ਸੰਧੂ,ਬੇਟੀ ਪ੍ਰਭਦੀਪ ਕੌਰ ਅਤੇ ਜਵਾਈ ਰਾਕੇਸ਼ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਿੱਚ ਵਿਸ਼ਵ ਪੰਜਾਬੀ ਸਭਾ ਕਨੇਡਾ ਦੇ ਪ੍ਰਧਾਨ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦਾ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਭਾਰਤ ਵਿਚ 2024 ਅਤੇ 2025 ਵਿੱਚ ਵੇਸਵਾਗਮਨੀ ਦੀ ਸਥਿਤੀ ਪਹਿਲਾਂ ਨਾਲੋਂ ਵੀ ਹੋਈ ਤਰਸਯੋਗ

## ✪ ਕਮਾਠੀਪੁਰਾ ਤੋਂ ਸੋਨਾਗਾਛੀ: ਭਾਰਤ ਦੇ ਰੈਡ ਲਾਈਟ ਖੇਤਰਾਂ ਦੀ ਸਿਆਹ ਦੁਖਾਂਤਕ ਦਾਸਤਾਨ

## ✪ ਕਈ ਵੇਸ਼ਵਾਵਾਂ ਅਨੇਕਾਂ ਰੋਗਾਂ ਨਾਲ ਪੀੜਤ, ਸਰਕਾਰ ਮੁੜ ਵਸੇਬੇ ਲਈ ਚਿੰਤਤ ਨਹੀਂ



ਵੇਸਵਾਗਮਨੀ, ਸਮਾਜ ਦੀ ਉਹ ਨਰਕ-ਭਰੀ ਸੱਚਾਈ ਹੈ, ਜਿਸ ਨੂੰ ਨਾ ਤਾਂ ਪੂਰੀ ਤਰ੍ਹਾਂ ਸਵੀਕਾਰ ਕੀਤਾ ਜਾਂਦਾ, ਨਾ ਹੀ ਰੱਦ। ਭਾਰਤ ਵਿੱਚ ਇਸ ਦੀਆਂ ਜੜ੍ਹਾਂ 2600 ਸਾਲ ਪੁਰਾਣੀਆਂ ਹਨ, ਜਦੋਂ ਵੈਦਿਕ ਯੁਗ ਵਿੱਚ 'ਗਣਿਕਾ' ਅਤੇ 'ਨਗਰਵਧੂ' ਸਮਾਜ ਵਿੱਚ ਮਾਨਤਾ ਪ੍ਰਾਪਤ ਸਨ। ਮੁਗਲਕਾਲ ਵਿੱਚ 'ਤਵਾਇਫ' ਦੇ ਰੂਪ ਵਿੱਚ ਇਹ ਔਰਤਾਂ ਸ਼ਾਹੀ ਦਰਬਾਰਾਂ ਦੀ ਸ਼ਾਨ ਸਨ, ਪਰ ਅੱਜ ਇਹ ਪੇਸ਼ਾ ਸਮਾਜ ਦੀਆਂ ਸੀਮਾਵਾਂ ਵਿੱਚ ਜਕੜਿਆ, ਬੇਵਸੀ ਅਤੇ ਦੁਖਾਂਤ ਦੀ ਇੱਕ ਸਿਆਹ ਗਾਥਾ ਬਣ ਚੁੱਕਿਆ ਹੈ। ਮੁੰਬਈ ਦੇ ਕਮਾਠੀਪੁਰਾ, ਕੋਲਕਾਤਾ ਦੇ ਸੋਨਾਗਾਛੀ, ਅਤੇ ਦਿੱਲੀ ਦੇ ਜੀ.ਬੀ. ਰੋਡ ਵਰਗੇ ਰੈਡ ਲਾਈਟ ਖੇਤਰ ਇਸ ਸੱਚਾਈ ਦੀ ਜੀਵੰਤ ਮਿਸਾਲ ਹਨ।

2024 ਅਤੇ 2025 ਵਿੱਚ ਵੇਸਵਾਗਮਨੀ ਦੀ ਸਥਿਤੀ ਪਹਿਲਾਂ ਨਾਲੋਂ ਵੀ ਤਰਸਯੋਗ ਹੋ ਚੁੱਕੀ ਹੈ। ਆਰਥਿਕ ਸੰਕਟ, ਸਮਾਜਕ ਬਾਈਕਾਟ, ਅਤੇ ਤਕਨੀਕੀ ਤਰੱਕੀ ਨੇ ਇਸ ਪੇਸ਼ੇ ਨੂੰ ਨਵੀਆਂ ਚੁਣੌਤੀਆਂ ਨਾਲ ਜੋੜ ਦਿੱਤਾ।

ਮੁੰਬਈ ਦੇ ਕਮਾਠੀਪੁਰਾ, ਜੋ 1880 ਵਿੱਚ ਬ੍ਰਿਟਿਸ਼ ਅਫਸਰਾਂ ਦੀਆਂ ਜ਼ਰੂਰਤਾਂ ਲਈ ਸਥਾਪਤ ਹੋਇਆ ਸੀ, ਅਤੇ ਕੋਲਕਾਤਾ ਦੇ ਸੋਨਾਗਾਛੀ ਵਿੱਚ ਸੈਕਸ ਵਰਕਰਾਂ ਦੀ ਜ਼ਿੰਦਗੀ ਅੱਜ ਵੀ ਬੇਹੱਦ ਨਾਜ਼ੁਕ ਹੈ। ਕਮਾਠੀਪੁਰਾ ਵਿੱਚ, ਜਿੱਥੇ 1980 ਦੇ ਦਹਾਕੇ ਵਿੱਚ ਹਜ਼ਾਰਾਂ ਸੈਕਸ ਵਰਕਰ ਸਨ, ਅੱਜ ਗਿਣਤੀ ਘਟਕੇ ਲਗਭਗ 2000-3000 ਰਹਿ ਗਈ। ਇਸ ਦਾ ਕਾਰਨ ਆਨਲਾਈਨ ਪਲੇਟਫਾਰਮਾਂ ਅਤੇ ਐਸਕਾਰਟ ਸਰਵਿਸਾਂ ਦਾ ਵਧਣਾ ਵੀ ਹੈ।

ਨਵੀਂ ਪੀੜ੍ਹੀ ਦੇ ਸੈਕਸ ਵਰਕਰ ਸੋਸ਼ਲ ਮੀਡੀਆ ਅਤੇ ਐਪਸ ਦੀ ਵਰਤੋਂ ਕਰਕੇ ਗਾਹਕ ਲੱਭਦੇ ਹਨ, ਜਿਸ ਨੇ ਪਰੰਪਰਾਗਤ ਰੈਡ ਲਾਈਟ ਖੇਤਰਾਂ ਦੀ ਰੌਣਕ ਘਟਾ ਦਿੱਤੀ ਹੈ। ਪਰ ਇਸ ਤਕਨੀਕੀ ਸੁਧਾਰ ਨੇ ਸੈਕਸ ਵਰਕਰਾਂ ਦੀ ਜ਼ਿੰਦਗੀ ਨੂੰ ਸੁਖਾਲਾ ਨਹੀਂ ਕੀਤਾ। ਉਹ ਅਜੇ ਵੀ ਪੁਲਿਸ ਦੀ ਪ੍ਰੇਸ਼ਾਨੀ, ਦਲਾਲਾਂ ਦੇ ਸ਼ੋਸ਼ਣ, ਅਤੇ ਸਮਾਜਕ ਬਾਈਕਾਟ ਦਾ ਸ਼ਿਕਾਰ ਹਨ।

ਸੋਨਾਗਾਛੀ, ਜਿੱਥੇ 11,000 ਤੋਂ ਵੱਧ ਸੈਕਸ ਵਰਕਰ ਕੰਮ ਕਰਦੇ ਹਨ, ਵਿੱਚ ਵੀ ਹਾਲਾਤ ਬਦਲੇ ਨਹੀਂ। ਇੱਥੇ ਵਸਦੀਆਂ ਔਰਤਾਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੇਪਾਲ, ਬੰਗਲਾਦੇਸ਼, ਜਾਂ ਪੱਛਮੀ ਬੰਗਾਲ ਦੇ ਪੇਂਡੂ ਖੇਤਰਾਂ ਤੋਂ ਹਨ, ਨੂੰ ਅਕਸਰ ਜਬਰੀ ਇਸ ਪੇਸ਼ੇ ਵਿੱਚ ਧੱਕਿਆ ਜਾਂਦਾ।

2024 ਦੀ ਇੱਕ ਰਿਪੋਰਟ ਮੁਤਾਬਕ, ਸੋਨਾਗਾਛੀ ਵਿੱਚ 30% ਸੈਕਸ ਵਰਕਰਾਂ ਦੀ ਉਮਰ 18 ਸਾਲ ਤੋਂ ਘੱਟ ਸੀ, ਜੋ ਮਨੁੱਖੀ ਤਸਕਰੀ ਦੀ ਭਿਆਨਕ ਸੱਚਾਈ ਨੂੰ ਦਰਸਾਉਂਦੀ ਹੈ। ਅਮਲਨੇਰ, ਮਹਾਰਾਸ਼ਟਰ ਦੀ ਹਰਦਾਸੀ ਬਸਤੀ ਵਿੱਚ ਵੀ ਸਥਿਤੀ ਤਰਸਯੋਗ ਹੈ। 150 ਸਾਲ ਪੁਰਾਣੀ ਇਸ ਬਸਤੀ ਵਿੱਚ ਵਸਦੀਆਂ ਵੇਸਵਾਵਾਂ, ਜੋ ਜ਼ਿਆਦਾਤਰ ਮੁਸਲਿਮ ਹਰਦਾਸੀ ਭਾਈਚਾਰੇ ਨਾਲ ਸਬੰਧਿਤ ਹਨ, ਨੇ ਪੀੜ੍ਹੀਆਂ ਤੋਂ ਇਹ ਪੇਸ਼ਾ ਅਪਣਾਇਆ। ਪਰ ਮੁਜਰੇ ਦੇ ਸਭਿਆਚਾਰ ਦੇ ਖਤਮ ਹੋਣ ਅਤੇ ਮਨੋਰੰਜਨ ਦੇ ਨਵੇਂ ਸਾਧਨਾਂ ਦੇ ਆਉਣ ਨੇ ਇਨ੍ਹਾਂ ਔਰਤਾਂ ਦੀ ਜ਼ਿੰਦਗੀ ਨੂੰ ਹੋਰ ਮੁਸ਼ਕਿਲ ਬਣਾ ਦਿੱਤਾ। ਗਾਹਕਾਂ ਦੀ ਘਟਦੀ ਗਿਣਤੀ ਅਤੇ ਸਥਾਨਕ ਵਿਰੋਧ ਨੇ ਇਨ੍ਹਾਂ ਦੀ ਰੋਜ਼ੀ-ਰੋਟੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਸੈਕਸ ਵਰਕਰਾਂ ਦੇ ਬੱਚੇ ਸਮਾਜ ਦੀ ਸਭ ਤੋਂ ਅਣਗੌਲੀਆਂ ਗਈ ਸ਼੍ਰੇਣੀ ਵਿੱਚੋਂ ਇੱਕ ਹਨ। ਇਹ ਬੱਚੇ ਨਾ ਸਿਰਫ਼ ਸਮਾਜੀ ਬਾਈਕਾਟ ਦਾ ਸ਼ਿਕਾਰ ਹੁੰਦੇ ਹਨ, ਸਗੋਂ ਸਿੱਖਿਆ, ਸਿਹਤ ਅਤੇ ਮੁੱਢਲੀਆਂ ਸਹੂਲਤਾਂ ਤੋਂ ਵੀ ਵੰਚਿਤ ਰਹਿੰਦੇ ਹਨ।

2024 ਦੀ ਇੱਕ ਗੈਰ-ਸਰਕਾਰੀ ਸੰਗਠਨ ਦੀ ਰਿਪੋਰਟ ਮੁਤਾਬਕ, ਕਮਾਠੀਪੁਰਾ ਅਤੇ ਸੋਨਾਗਾਛੀ ਵਰਗੇ ਖੇਤਰਾਂ ਵਿੱਚ ਸੈਕਸ ਵਰਕਰਾਂ ਦੇ ਲਗਭਗ 70% ਬੱਚੇ ਸਕੂਲ ਨਹੀਂ ਜਾਂਦੇ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਚਿਆਂ ਨੂੰ ਜਾਂ ਤਾਂ ਬਾਲ ਮਜ਼ਦੂਰੀ ਵਿੱਚ ਧੱਕਿਆ ਜਾਂਦਾ, ਜਾਂ ਫਿਰ ਉਹ ਆਪਣੀਆਂ ਮਾਵਾਂ ਦੇ ਪੇਸ਼ੇ ਵਿੱਚ ਸ਼ਾਮਲ ਹੋ ਜਾਂਦੇ ਹਨ।

ਸੈਕਸ ਵਰਕਰਾਂ ਦੇ ਬੱਚਿਆਂ ਨੂੰ ਅਕਸਰ "ਵੇਸਵਾ ਜਾਂ ਹਰਾਮ ਦੀ ਔਲਾਦ" ਕਹਿ ਕੇ ਤੰਗ ਕੀਤਾ ਜਾਂਦਾ, ਜਿਸ ਕਾਰਨ ਉਹ ਸਮਾਜੀ ਤੌਰ 'ਤੇ ਅਲੱਗ-ਥਲੱਗ ਹੋ ਜਾਂਦੇ ਹਨ। ਸਰਕਾਰ ਅਤੇ ਕੁਝ ਗੈਰ-ਸਰਕਾਰੀ ਸੰਗਠਨਾਂ ਨੇ ਇਨ੍ਹਾਂ ਬੱਚਿਆਂ ਲਈ ਸਿੱਖਿਆ ਅਤੇ ਪੁਨਰਵਾਸ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ, ਪਰ ਇਹ ਸਕੀਮਾਂ ਜ਼ਮੀਨੀ ਪੱਧਰ 'ਤੇ ਅਸਰਦਾਰ ਨਹੀਂ ਹਨ। 2025 ਵਿੱਚ, ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਸੈਕਸ ਵਰਕਰਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਮੁਫਤ ਦਾਖਲਾ ਅਤੇ ਸਕਾਲਰਸ਼ਿਪ ਦੇਣ ਦੀ ਯੋਜਨਾ ਸ਼ੁਰੂ ਹੋਈ ਸੀ, ਪਰ ਸਕੂਲ ਪ੍ਰਸ਼ਾਸਨ ਦੀ ਅਰੁਚੀ ਨੇ ਇਸ ਨੂੰ ਅਖੋਂ ਪਰੌਖੇ ਕਰ ਦਿੱਤਾ।

> ❛ ਪੰਜਾਬ ਟਾਈਮਜ ਅਨੁਸਾਰ ਸਰਕਾਰ ਨੂੰ ਪੁਨਰਵਾਸ ਦੀਆਂ ਅਸਰਦਾਰ ਸਕੀਮਾਂ, ਵੋਕੇਸ਼ਨਲ ਟ੍ਰੇਨਿੰਗ, ਅਤੇ ਸਮਾਜੀ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਨਾਲ ਹੀ, ਮਨੁੱਖੀ ਤਸਕਰੀ ਅਤੇ ਜਬਰੀ ਸੈਕਸ ਵਰਕ ਨੂੰ ਰੋਕਣ ਲਈ ਸਖਤ ਕਾਨੂੰਨੀ ਕਾਰਵਾਈ ਦੀ ਜ਼ਰੂਰਤ ਹੈ।

ਵੇਸਵਾਗਮਨੀ ਨੂੰ ਪੂਰੀ ਤਰ੍ਹਾਂ ਬੰਦ ਕਰਨ ਦਾ ਸਵਾਲ ਸਦੀਆਂ ਤੋਂ ਸਮਾਜ ਅਤੇ ਸਰਕਾਰ ਦੇ ਸਾਹਮਣੇ ਹੈ। ਭਾਰਤ ਵਿੱਚ ਵੇਸਵਾਗਮਨੀ ਨੂੰ ਅਨੈਤਿਕ ਵਪਾਰ (ਰੋਕਥਾਮ) ਅਧਿਨਿਯਮ, 1956 ਅਧੀਨ ਨਿਯਮਿਤ ਕੀਤਾ ਜਾਂਦਾ ਹੈ।

ਇਹ ਕਾਨੂੰਨ ਵੇਸਵਾਗਮਨੀ ਨੂੰ ਗੈਰ-ਕਾਨੂੰਨੀ ਨਹੀਂ ਮੰਨਦਾ, ਸਗੋਂ ਇਸ ਨਾਲ ਜੁੜੀਆਂ ਗਤੀਵਿਧੀਆਂ ਜਿਵੇਂ ਵੇਸ਼ਆਲਿਆਂ ਦਾ ਸੰਚਾਲਨ, ਦਲਾਲੀ, ਅਤੇ ਜਨਤਕ ਸਥਾਨਾਂ 'ਤੇ ਗਾਹਕ ਲੱਭਣ ਨੂੰ ਅਪਰਾਧ ਮੰਨਦਾ। ਪਰ ਇਸ ਕਾਨੂੰਨ ਦੀ ਅਮਲਦਾਰੀ ਬਹੁਤ ਕਮਜ਼ੋਰ ਹੈ। ਜੇ ਇਹ ਪੇਸ਼ਾ ਬੰਦ ਕਰ ਦਿੱਤਾ ਜਾਵੇ, ਤਾਂ ਇਨ੍ਹਾਂ ਔਰਤਾਂ ਲਈ ਬਦਲਵੇਂ ਰੁਜ਼ਗਾਰ ਦਾ ਸਰਕਾਰ ਵਲੋਂ ਪ੍ਰਬੰਧ ਨਹੀਂ। ਸਰਕਾਰੀ ਪੁਨਰਵਾਸ ਸਕੀਮਾਂ ਕਾਗਜ਼ੀ ਜ਼ਿਆਦਾ ਹਨ, ਅਤੇ ਜ਼ਮੀਨੀ ਪੱਧਰ 'ਤੇ ਅਮਲ ਨਹੀਂ ਹੁੰਦਾ।

ਕਈ ਲੋਕਾਂ ਦਾ ਮੰਨਣਾ ਹੈ ਕਿ ਜੇ ਇਹ ਪੇਸ਼ਾ ਬੰਦ ਹੋਵੇ, ਤਾਂ ਮਨੁੱਖੀ ਤਸਕਰੀ ਅਤੇ ਅੰਡਰਗਰਾਊਂਡ ਸੈਕਸ ਵਪਾਰ ਵਧ ਸਕਦਾ, ਜੋ ਹੋਰ ਵੀ ਖਤਰਨਾਕ ਹੈ।

ਸੁਪਰੀਮ ਕੋਰਟ ਨੇ 2011 ਅਤੇ 2022 ਵਿੱਚ ਸੈਕਸ ਵਰਕਰਾਂ ਨੂੰ ਅਨੁਛੇਦ 21 ਅਧੀਨ ਜੀਵਨ ਅਤੇ ਸੁਤੰਤਰਤਾ ਦਾ ਅਧਿਕਾਰ ਦਿੱਤਾ ਹੈ। ਅਦਾਲਤ ਨੇ ਸੈਕਸ ਵਰਕਰ ਨੂੰ 'ਪੇਸ਼ੇ' ਵਜੋਂ ਮਾਨਤਾ ਦਿੱਤੀ, ਜਿਸ ਕਾਰਨ ਇਸ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਕਾਨੂੰਨੀ ਤੌਰ 'ਤੇ ਮੁਸ਼ਕਿਲ ਹੈ।

ਕਈ ਰੈਡ ਲਾਈਟ ਖੇਤਰਾਂ ਵਿੱਚ ਪੁਲਿਸ ਅਤੇ ਸਥਾਨਕ ਨੇਤਾਵਾਂ ਦੀ ਮਿਲੀਭੁਗਤ ਦੀਆਂ ਰਿਪੋਰਟਾਂ ਹਨ। ਇਹ ਧੰਦਾ ਅੰਡਰਗਰਾਊਂਡ ਕਾਲੀ ਆਰਥਿਕਤਾ ਦਾ ਹਿੱਸਾ ਹੈ, ਜਿਸ ਨਾਲ ਸਰਕਾਰੀ ਅਮਲੇ ਦਾ ਇੱਕ ਹਿੱਸਾ ਲਾਭ ਲੈਂਦਾ। ਸੈਕਸ ਵਰਕਰਾਂ ਨੂੰ ਸਮਾਜ ਵਿੱਚ "ਕਲੰਕਿਤ ਔਰਤਾਂ" ਮੰਨਿਆ ਜਾਂਦਾ। ਉਹ ਨਾ ਸਿਰਫ਼ ਸਮਾਜਕ ਬਾਈਕਾਟ ਦਾ ਸ਼ਿਕਾਰ ਹੁੰਦੀਆਂ, ਸਗੋਂ ਅਕਸਰ ਪੁਲਿਸ ਅਤੇ ਸਥਾਨਕ ਲੋਕਾਂ ਦੁਆਰਾ ਪ੍ਰੇਸ਼ਾਨ ਵੀ ਕੀਤੀਆਂ ਜਾਂਦੀਆਂ ਹਨ।

ਅਮਲਨੇਰ ਵਿੱਚ ਸਥਾਨਕ ਲੋਕਾਂ ਨੇ ਵੇਸਵਾਵਾਂ ਨੂੰ ਬਸਤੀ ਛੱਡਣ ਲਈ ਮਜਬੂਰ ਕੀਤਾ ਸੀ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਹੋਰ ਮੁਸ਼ਕਿਲ ਹੋ ਗਈਸੀ। ਏਡਜ਼, ਸਿਫਿਲਸ, ਅਤੇ ਹੋਰ ਜਿਨਸੀ ਬਿਮਾਰੀਆਂ ਸੈਕਸ ਵਰਕਰਾਂ ਵਿੱਚ ਆਮ ਹਨ। ਸਿਹਤ ਸਹੂਲਤਾਂ ਦੀ ਘਾਟ ਅਤੇ ਮਹਿੰਗੀ ਦਵਾਈਆਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਜੋਖਮ ਵਿੱਚ ਪਾਇਆ ਹੈ। ਕਮਾਠੀਪੁਰਾ ਵਿੱਚ, 2024 ਦੀ ਇੱਕ ਸਰਵੇਖਣ ਰਿਪੋਰਟ ਮੁਤਾਬਕ, 40% ਸੈਕਸ ਵਰਕਰਾਂ ਨੂੰ ਕਿਸੇ ਨਾ ਕਿਸੇ ਜਿਨਸੀ ਬਿਮਾਰੀ ਨਾਲ ਜੂਝਣਾ ਪੈਂਦਾ ਹੈ।

# ਗ੍ਰੈਮੀ ਵੱਲੋਂ ਦਲਜੀਤ ਦੁਸਾਂਝ ਨਾਲ ਦਿਲਚਸਪ ਇੰਟਰਵਿਊ

ਪ੍ਰੋ: ਕੁਲਬੀਰ ਸਿੰਘ
9417153513





ਸੰਗੀਤ ਉਦਯੋਗ ਵਿਚ ਵੱਡੀਆਂ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਗ੍ਰੈਮੀ ਪੁਰਸਕਾਰ ਪ੍ਰਦਾਨ ਕੀਤਾ ਜਾਂਦਾ ਹੈ। ਅਸਲ ਵਿਚ ਇਨ੍ਹਾਂ ਨੂੰ ਗ੍ਰਾਮੋਫੋਨ ਐਵਾਰਡ ਕਿਹਾ ਜਾਂਦਾ ਹੈ ਜਿਹੜੇ ਅਮਰੀਕਾ ਦੀ ਰਿਕਾਰਡਿੰਗ ਅਕੈਡਮੀ ਦੁਆਰਾ ਦਿੱਤੇ ਜਾਂਦੇ ਹਨ। ਜਿਸ ਦਿਨ ਇਹ ਪੁਰਸਕਾਰ ਦਿੱਤੇ ਜਾਂਦੇ ਹਨ ਉਸਨੂੰ 'ਸੰਗੀਤ ਦੀ ਸਭ ਤੋਂ ਵੱਡੀ ਰਾਤ' ਕਿਹਾ ਜਾਂਦਾ ਹੈ।

ਜਦ ਗ੍ਰੈਮੀ ਪੁਰਸਕਾਰ ਦੇ ਪ੍ਰਧਾਨ ਵੱਲੋਂ ਦਲਜੀਤ ਦੁਸਾਂਝ ਨਾਲ ਕੀਤੀ ਇੰਟਰਵਿਊ ਸਾਹਮਣੇ ਆਈ ਤਾਂ ਵੇਖਣ ਸੁਣਨ ਵਾਲਿਆਂ ਦਾ ਹੜ੍ਹ ਆ ਗਿਆ। ਸਵਾਲ ਜਵਾਬ ਦੌਰਾਨ ਜਿਹੜੀ ਵਿਸ਼ੇਸ਼ ਗੱਲ ਦਲਜੀਤ ਦੁਸਾਂਝ ਨੇ ਸਾਂਝੀ ਕੀਤੀ ਉਹ ਸਭਿਆਚਾਰ ਸੰਬੰਧੀ ਸੀ। ਹਰੇਕ ਸਭਿਆਚਾਰ ਦੀ ਇਕ ਆਪਣੀ ਖੁਸ਼ਬੂ ਹੁੰਦੀ ਹੈ। ਦੁਨੀਆਂ ਵਿਚ ਆਪਣੀ ਪਹਿਚਾਣ ਬਨਾਉਣ ਦੇ ਨਾਲ ਨਾਲ ਉਸ ਖੁਸ਼ਬੂ ਨੂੰ ਫੈਲਾਓ।

ਇੰਟਰਵਿਊ ਦੌਰਾਨ ਉਸਨੇ ਨੇੜ-ਭਵਿੱਖ ਵਿਚ ਸਾਹਮਣੇ ਆਉਣ ਵਾਲੇ ਅਤੇ ਮੁਕੰਮਲ ਹੋਣ ਵਾਲੇ ਮਹੱਤਵਪੂਰਨ ਪ੍ਰਜੈਕਟਾਂ ਬਾਰੇ ਦੱਸਿਆ। ਫ਼ਿਲਮ 'ਸਰਦਾਰ ਜੀ' ਉਦੋਂ ਅਜੇ ਰਲੀਜ਼ ਨਹੀਂ ਹੋਈ ਸੀ। ਸੋ ਸੰਕੇਤਕ ਰੂਪ ਵਿਚ ਇਸ ਫ਼ਿਲਮ ਬਾਰੇ ਵੀ ਉਸਨੇ ਜਾਣਕਾਰੀ ਦਿੱਤੀ।

ਸਾਰੀ ਇੰਟਰਵਿਊ ਅੰਗਰੇਜ਼ੀ ਵਿਚ ਹੈ ਅਤੇ ਗ੍ਰੈਮੀ ਵੱਲੋਂ ਕੀਤੀ ਗਈ ਹੈ ਇਸ ਲਈ ਇਸਦਾ ਦਾਇਰਾ ਪੂਰੀ ਦੁਨੀਆਂ ਹੈ। ਲੱਖਾਂ ਲੋਕ ਇਸ ਇੰਟਰਵਿਊ ਨੂੰ ਵੇਖ ਸੁਣ ਚੁੱਕੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਕੈਨੇਡਾ ਦੀ ਟੋਰਾਂਟੋ ਮੈਟਰੋਪੋਲਿਟਨ ਯੂਨੀਵਰਸਿਟੀ (TMU) ਦਲਜੀਤ ਦੁਸਾਂਝ ਦੀ ਗਾਇਕੀ ਤੇ ਅਦਾਕਾਰੀ 'ਤੇ ਆਧਾਰਿਤ ਇਕ ਮਹੱਤਵਪੂਰਨ ਕੋਰਸ ਆਪਣੇ ਸਿਲੇਬਸ ਵਿਚ ਸ਼ਾਮਲ ਕਰਨ ਲੱਗੀ ਹੈ ਜਿਸ ਤਹਿਤ ਸੰਸਾਰ ਭਰ ਵਿਚ ਉਸਦੇ ਸਭਿਆਚਾਰਕ ਤੇ ਸਗੀਤਕ ਪ੍ਰਭਾਵ ਦੀ ਸਮੀਖਿਆ ਕੀਤੀ ਜਾਵੇਗੀ। ਯੂਨੀਵਰਸਿਟੀ ਦੇ 'ਕਰੀਏਟਿਵ ਸਕੂਲ' ਦੁਆਰਾ ਨੇਪਰੇ ਚੜ੍ਹਾਇਆ ਜਾਣ ਵਾਲਾ ਇਹ ਕਾਰਜ ਪੰਜਾਬ, ਪੰਜਾਬੀ, ਪੰਜਾਬੀ ਸੰਗੀਤ ਅਤੇ ਪਰਵਾਸੀ ਪੰਜਾਬੀਆਂ ਲਈ ਬੇਹੱਦ ਮਾਣਮੱਤਾ ਹੋਵੇਗਾ। ਜੁਪਿੰਦਰਜੀਤ ਸਿੰਘ ਦੀ ਰਿਪੋਰਟ ਮੁਤਾਬਕ ਯੂਨੀਵਰਸਿਟੀ ਨੇ ਦਿਲਜੀਤ ਦੁਸਾਂਝ ਦੀ ਇਸ ਗੱਲੋਂ ਸਰਾਹਨਾ ਕੀਤੀ ਕਿ ਉਹ ਪੰਜਾਬੀ ਸੰਗੀਤ ਦੇ ਸਭਿਆਚਾਰਕ ਪ੍ਰਭਾਵ ਅਤੇ ਆਰਥਿਕ ਸੰਭਾਵਨਾ ਨੂੰ ਪ੍ਰਦਰਸ਼ਿਤ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ।ਯੂਨੀਵਰਸਿਟੀ ਇਸ ਪਹਿਲੂ ਦੀ ਖੋਜ ਕਰੇਗੀ ਕਿ ਦਿਲਜੀਤ ਦਾ ਕੰਮ ਕਿਵੇਂ ਸਭਿਆਚਾਰਾਂ ਨੂੰ ਜੋੜਦਾ ਹੈ। ਦੱਖਣੀ ਏਸ਼ੀਆਈ ਭਾਈਚਾਰਿਆਂ ਨੂੰ ਲਾਮਬੰਦ ਕਰਦਾ ਹੈ ਅਤੇ ਸਿਰਜਣਾਤਮਿਕ ਉੱਦਮਤਾ ਨੂੰ ਉਤਸ਼ਾਹਿਤ ਕਰਦਾ ਹੈ।

ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਦਿਲਜੀਤ ਪੀੜ੍ਹੀਆਂ ਨੂੰ ਜੋੜਨ ਅਤੇ ਸਰਹੱਦਾਂ ਤੋਂ ਪਾਰ ਤੱਕ ਪ੍ਰਭਾਵ ਪਾਉਣ ਦੀ ਯੋਗਤਾ ਰੱਖਦਾ ਹੈ। ਉਸਦਾ ਸੰਗੀਤਕ ਸਫ਼ਰ ਸਭਿਆਚਾਰਕ ਮਾਣ, ਸਿਰ-ਜਣਾਤਮਿਕ ਅਜ਼ਾਦੀ ਤੇ ਪੰਜਾਬੀ ਤੇ ਦੱਖਣੀ ਏਸ਼ੀਆਈ ਭਾਈਚਾਰਿਆਂ ਲਈ ਵਿਸ਼ਵਵਿਆਪੀ ਪ੍ਰਤੀਨਿਧਤਾ ਨੂੰ ਦਰਸਾਉਂਦਾ ਹੈ।ਦਿਲਜੀਤ ਦਾ ਕਹਿਣਾ ਹੈ ਕਿ ਉਹ ਸੰਗੀਤ ਸੁਣਦਾ ਹੈ ਅਤੇ ਉਸਦਾ ਆਨੰਦ ਉਠਾਉਂਦਾ ਹੈ। ਇਹ ਨਹੀਂ ਵੇਖਦਾ ਕਿ ਉਸ ਸੰਗੀਤ ਦੀ ਵੰਨਗੀ ਕਿਹੜੀ ਹੈ। ਉਹ ਹਰੇਕ ਵੱਡੇ ਸ਼ੋਅ ਵਿਚ ਆਪਣੀ ਪੇਸ਼ਕਾਰੀ ਨੂੰ ਇਕ ਚੁਣੌਤੀ ਵਜੋਂ ਲੈਂਦਾ ਹੈ ਅਤੇ ਉਸ ਤੇ ਸਖ਼ਤ ਮਿਹਨਤ ਕਰਦਾ ਹੈ।

ਅੱਜ ਕਈ ਮੁਲਕ ਇਕ ਦੂਸਰੇ ਨਾਲ ਲੜਾਈ ਵਿਚ ਰੁੱਝੇ ਹਨ। ਸਾਡਾ ਇਨ੍ਹਾਂ ਚੀਜ਼ਾਂ 'ਤੇ ਕੋਈ ਕੰਟਰੋਲ ਨਹੀਂ ਹੈ। ਪਰੰਤੂ ਸੰਗੀਤ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਦੇਸ਼ਾਂ ਨੂੰ, ਦੁਨੀਆਂ ਨੂੰ ਜੋੜਿਆ ਜਾ ਸਕਦਾ ਹੈ। ਮੈਂ ਖ਼ੁਦ ਨੂੰ ਭਾਗਸ਼ਾਲੀ ਸਮਝਦਾ ਹਾਂ ਜੋ ਸੰਗੀਤ ਨਾਲ ਜੁੜਿਆ ਹੋਇਆ ਹਾਂ ਅਤੇ ਹੱਦਾਂ ਸਰਹੱਦਾਂ ਤੋਂ ਪਾਰ ਸੰਗੀਤ ਤੇ ਪਿਆਰ ਵੰਡਦਾ ਹਾਂ। ਸੰਗੀਤ ਤੇ ਸੁਰ ਮੇਰੇ ਲਈ ਪ੍ਰਮਾਤਮਾ ਸਮਾਨ ਹੈ ਅਤੇ ਮੈਂ ਬੇਸੁਰਾ ਸੰਗੀਤ ਪਸੰਦ ਨਹੀਂ ਕਰਦਾ।

ਨਵੇਂ ਨਵੇਂ ਤਜਰਬੇ ਕਰਨਾ, ਨਵੇਂ ਨਵੇਂ ਸੰਗੀਤਕ ਖਿਆਲਾਂ ਨੂੰ ਸਟੇਜ 'ਤੇ ਉਤਾਰਨਾ, ਨਵੀਂ ਨਵੀਂ ਕਲਪਨਾ ਉਡਾਰੀ ਕਰਨਾ ਉਸਦੀ ਵਿਸ਼ੇਸ਼ਤਾ ਹੈ। ਉਹ ਵੱਡਾ ਸੋਚਦਾ ਹੈ, ਵੱਡਾ ਕਰਦਾ ਹੈ। ਉਸਨੇ ਕਦੇ ਕਿਹਾ ਸੀ ਕਿ ਉਸਦੇ ਮਨ ਵਿਚ ਮਾਈਕਲ ਜੈਕਸਨ ਵਾਂਗ ਬੇਹੱਦ ਚਰਚਿਤ ਗਾਇਕ ਕਲਾਕਾਰ ਬਣਨ ਦਾ ਵਿਚਾਰ ਆਉਂਦਾ ਹੈ। ਇਸ ਸੁਪਨੇ ਨੂੰ ਉਸਨੇ ਸਖ਼ਤ ਮਿਹਨਤ, ਸਮਝ ਅਤੇ ਬੁਲੰਦ ਹੌਸਲੇ ਨਾਲ ਪੂਰਾ ਕੀਤਾ।ਸਟੇਜ ਪੇਸ਼ਕਾਰੀ ਸਮੇਂ ਉਹ ਉੱਚ-ਊਰਜਾ ਦਾ ਪ੍ਰਗਟਾਵਾ ਕਰਦਾ ਹੋਇਆ ਦਰਸ਼ਕਾਂ ਸਰੋਤਿਆਂ ਨੂੰ ਕਿਸੇ ਹੋਰ ਸੰਸਾਰ ਵਿਚ ਲੈ ਜਾਂਦਾ ਹੈ। ਮੌਜੂਦ ਲੋਕ ਉਸ ਦੁਆਰਾ ਸਿਰਜੇ ਸੰਗੀਤਕ ਵਹਿ ਵਿਚ ਵਹਿ ਜਾਂਦੇ ਹਨ।

ਉਹ ਆਪਣੇ ਸੰਗੀਤ, ਆਪਣੀ ਕਲਾ ਦਾ ਪਹੁੰਚ-ਘੇਰਾ ਵਧਾਉਣ ਲਈ ਅਨੇਕਾਂ ਕੌਮਾਂਤਰੀ ਕਲਾਕਾਰਾਂ ਨਾਲ ਸਾਂਝ-ਭਿਆਲੀ ਪਾਉਂਦਾ ਹੈ। ਪੰਜਾਬੀ ਸੰਗੀਤ ਦੀ ਪ੍ਰਸਿੱਧੀ ਨੂੰ ਸੰਸਾਰ ਵਿਚ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਵਿਚ ਉਸਨੇ ਅਹਿਮ ਭੂਮਿਕਾ ਨਿਭਾਈ ਹੈ।ਫ਼ਿਲਮਾਂ ਵਿਚ ਭਾਂਤ ਭਾਂਤ ਦੀ ਅਦਾਕਾਰੀ ਸਦਕਾ ਗਹਿਰੀ ਛਾਪ ਛੱਡੀ ਹੈ। ਕਈ ਐਵਾਰਡ ਹਾਸਲ ਕੀਤੇ ਹਨ। ਉਸਨੇ ਸੰਗੀਤ ਤੇ ਫ਼ਿਲਮ ਖੇਤਰ ਵਿਚਾਲੇ ਇਕ ਸਹਿਜ ਤਾਲਮੇਲ ਬਣਾ ਰੱਖਿਆ ਹੈ। ਉਹ ਪਹਿਲਾ ਭਾਰਤੀ ਸਿੱਖ ਕਲਾਕਾਰ ਹੈ ਜਿਹੜਾ ਮੈੱਗ ਕਲਾ ਵਿਚ ਸ਼ਾਮਲ ਹੋਇਆ।

------ 0 ------

## Tail Piece

# MARRIAGE CEREMONIES MAY BE DIFFERENT BUT ALL OTHER ITEMS SIMILAR

We had been talking on one civil law in the country, but because of different religions, matrimonial law could not be brought on the-same lines. In most of the matri-monial systems woman is subject of exploitation. Therefore, time-has come when we should bring one type of matrimonial alliances. Because of different religions, we may leave marriage ceremonies different for each reli-gion and tradition, but therwise, all other items in marriage bonds must be the same.

Divorce system should be one both the parties are at liberty to file applications for divorce, judi-cial separation, maintenance etc. on the same grounds and nothing be left to one party and no other-party should suffer and subject to exploitation.


Even law of one husband and one wife must be maintained and here more than one wives are there, anyone can seek divorce on this groundonly. The law on maintenance too must be similar and even divorced life partner can seek maintenance if he or she is not earnings ufficient for his or her maintenance.

Most of the items must be clear at the time of marriage and anaf-fidavit be prescribed where in all details of life be given correctly so that none of the parties could claim ignorance and he had been deceived. Even medical certifi-cates must be on record.

Marriages must be there only after completion of education, training and one of the life partner muss must be an earning hand. Before marriage it must be seen that the couple shall be having aseparate bed room in the house. We must try to establish better life for the couple.

**Advocate Dalip Singh Wasan,**
E mail- dalipsinghwassan@yahoo.co.in

# ਭਗੌੜੇ ਨੀਰਵ ਮੋਦੀ ਦਾ ਭਰਾ ਨੇਹਾਲ ਅਮਰੀਕਾ ਤੋਂ ਗ੍ਰਿਫਤਾਰ, ਭਾਰਤ ਲਿਆਉਣ ਦੀ ਤਿਆਰੀ ਸ਼ੁਰੂ




ਭਾਰਤ ਦੇ ਸਭ ਤੋਂ ਵੱਡੇ ਬੈਂਕ ਘਪਲਿਆਂ ਵਿਚੋਂ ਇਕ ਪੰਜਾਬ ਨੈਸ਼ਨਲ ਬੈਂਕ ਘਪਲੇ ਨਾਲ ਜੁੜੇ ਮਾਮਲੇ ਵਿਚ ਵੱਡੀ ਕਾਰਵਾਈ ਹੋਈ ਹੈ। ਅਮਰੀਕੀ ਅਧਿਕਾਰੀਆਂ ਨੇ ਨੀਰਵ ਮੋਦੀ ਦੇ ਭਰਾ ਨੇਹਲ ਮੋਦੀ ਨੂੰ 4 ਜੁਲਾਈ 2025 ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਗ੍ਰਿਫਤਾਰੀ ਦੀ ਜਾਣਕਾਰੀ ਅਮਰੀਕੀ ਨਿਆਂ ਵਿਭਾਗ ਨੇ ਭਾਰਤੀ ਏਜੰਸੀਆਂ ਨੂੰ ਦਿੱਤੀ ਹੈ। ਨੇਹਲ ਮੋਦੀ ਦੀ ਗ੍ਰਿਫਤਾਰੀ ਭਾਰਤ ਦੀ ਈਡੀ ਤੇ ਕੇਂਦਰੀ ਜਾਂਚ ਬਿਊਰੋ ਵੱਲੋਂ ਸਾਂਝੇ ਤੌਰ ਤੇ ਦਿੱਤੇ ਗਏ ਹਵਾਲਗੀ ਬੇਨਤੀ ਦੇ ਆਧਾਰ ਤੇ ਕੀਤੀ ਗਈ ਹੈ।

ਅਮਰੀਕੀ ਇਸਤਗਾਸਾ ਪੱਖ ਵੱਲੋਂ ਦਾਇਰ ਸ਼ਿਕਾਇਤ ਮੁਤਾ-ਬਕ ਨੇਹਲ ਮੋਦੀ ਵਿਰੁੱਧ ਭਾਰਤ ਚ ਦੋ ਵੱਡੇ ਦੋਸ਼ਾਂ ਵਿੱਚ ਹਵਾਲਗੀ ਪ੍ਰਕਿਰਿਆ ਚੱਲ ਰਹੀ ਹੈ। ਉਸ ਤੇ ਮਨੀ ਲਾਂਡਰਿੰਗ ਦਾ ਦੋਸ਼ ਹੈ। ਉਸ ਤੇ ਅਪਰਾਧਿਕ ਸਾਜ਼ਿਸ਼ ਰਚਣ ਅਤੇ ਸਬੂਤਾਂ ਨੂੰ ਨਸ਼ਟ ਕਰਨ ਦਾ ਵੀ ਦੋਸ਼ ਹੈ, ਜੋ ਕਿ ਭਾਰਤੀ ਦੰਡ ਸੰਹਿਤਾ ਦੀ ਧਾਰਾ 120-ਬੀ ਅਤੇ 201 ਦੇ ਤਹਿਤ ਆਉਂਦਾ ਹੈ।ਨੇਹਲ ਮੋਦੀ ਤੇ ਦੋਸ਼ ਹੈ ਕਿ ਉਸ ਨੇ ਆਪਣੇ ਭਰਾ ਨੀਰਵ ਮੋਦੀ ਦੀ ਮਦਦ ਨਾਲ ਘਪਲੇ ਤੋਂ ਕਮਾਏ ਗਏ ਹਜ਼ਾਰਾਂ ਕਰੋੜ ਰੁਪਏ ਦੇ ਕਾਲੇ ਪੈਸੇ ਨੂੰ ਸਫੈਦ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਨੇਹਲ ਨੇ ਸ਼ੈੱਲ ਕੰਪਨੀਆਂ ਤੇ ਵਿਦੇਸ਼ਾਂ ਵਿਚ ਕੀਤੇ ਗਏ ਲੈਣ-ਦੇਣ ਜ਼ਰੀਏ ਇਨ੍ਹਾਂ ਪੈਸਿਆਂ ਨੂੰ ਲੁਕਾਇਆ ਤੇ ਇਧਰ-ਉਧਰ ਭੇਜਿਆ।

# ਅੰਤਰਰਾਸ਼ਟਰੀ ਕਲਚਰ ਦੀ ਝਲਕ ਹੈ ਗਲੋਬਲ ਵਿਲੇਜ ਦੁਬਈ

## ਟੋਰਾਂਟੋ ਤੋਂ ਦੁਬਈ ਟੂਰ

ਡਾ. ਅਨਿਲ ਧੀਰ
ਕਾਲਮਨਿਸਟ ਅਤੇ ਲੇਖਕ:
''ਸੇਲਫ-ਕੇਅਰ ਟਿਪਸ
ਐਨਸਾਈਕਲੋਪੀਡੀਆ''
anil.dheer@yahoo.com



ਅੱਜ ਗਲੋਬਲ ਵਿਲੇਜ ਦੁਬਈ ਬਾਰੇ ਚਰਚਾ ਕਰ ਰਹੇ ਹਾਂ। ਗਲੋਬਲ ਵਿਲੇਜ ਦੁਬਈ, ਅੰਦਰ ਵੱਖ-ਵੱਖ ਮੁਲਕਾਂ ਦੇ ਸੱਭਿਆਚਾਰ'ਤੇ ਉੱਥੇ ਦੀ ਜ਼ਿੰਦਗੀ ਬਾਰੇ, ਯਾਨਿ ਸ਼੍ਰੀਲੰਕਾ ਅਤੇ ਬੰਗਲਾਦੇਸ਼, ਜਾਰਡਨ, ਕੋਰੀਆ, ਬਹਿਰੀਨ, ਕੁਵੈਤ, ਫਲਸਤੀਨ, ਓਮਾਨ, ਕਤਰ, ਇਰਾਕ, ਭਾਈਚਾਰੇ ਤੋਂ 971, ਖਲੀਫਾ ਫਾਊਂਡੇਸ਼ਨ, ਇਰਾਨ, ਸੀਰੀਆ, ਲੇਬਨਾਨ, ਰੂਸ, ਸਊਦੀ ਅਰਬ, ਥਾਈਲੈਂਡ, ਯੂਰਪ ਬਾਰੇ ਰੋਚਕ ਜਾਣਕਾਰੀ ਦੇ ਨਾਲ-ਨਾਲ ਬੜਾ ਕੁੱਝ ਦੇਖਣ ਨੂੰ ਮਿਲਦਾ ਹੈ।

ਘਲੋਬਲ ਵਿਲੇਜ ਦੁਬਈ, ਸੰਯੁਕਤ ਅਮੀਰਾਤ ਵਿਚ ਸ਼ੇਖ ਮੁਹੰਮਦ ਬਿਨ ਜ਼ਾਇਦ ਰੋਡ 'ਤੇ ਇੱਕ ਸਭਿਆਚਾਰਕ ਮਨੋਰੰਜਨ ਸਥਾਨ ਹੈ, ਜਿਥੇ ਫੈਸਟੀਵਲਾਂ ਦੀ ਸ਼ਾਪਿੰਗ, ਕਾਰਨੀਵਲ ਹਰ ਸਾਲ ਅਕਤੂਬਰ ਤੋਂ ਮਈ ਤੱਕ ਆਯੋਜਿਤ ਕੀਤਾ ਜਾਂਦਾ ਹੈ। ਜਿਨੂੰ ਦੁਬਈ ਸੰਯੁਕਤ ਅਰਬ ਅਮੀਰਾਤ 'ਚ ਸੱਭ ਤੋਂ ਵੱਡਾ ਖਾਣਾ, ਅਤੇ ਮਨੋਰੰਜਨ ਆਕਰਸ਼ਨ 'ਤੇ ਕਾਰਨੀਵਲ ਮੰਨਿਆ ਜਾਂਦਾ ਹੈ। ਇਸ ਸਥਾਨ 'ਤੇ ਹਰ ਸੀਜ਼ਨ 'ਚ ਕਰੀਬਨ 10 ਮਿਲੀਅਨ ਟੂਰਿਸਟ ਆਉਂਦੇ ਹਨ। ਅੰਤਰਰਾਸ਼ਟਰੀ ਕਲਾਕਾਰ ਜਿਵੇਂ ਜੇਸਨ ਡਰੂਲੋ, ਲਿਆਮ ਪੇਨ, ਨਾਓ ਯੁਨਾਈਟਿਡ, ਸ਼ਾਹਰੁੱਖ ਖਾਨ, ਰਾਹਤ ਫਤਿਹ ਅਲੀਖਾਨ, ਸਮੀਰਾ ਸੈਦ, ਆਤਿਫ ਅਸਲਮ ਅਤੇ ਐਲੀਸਾ ਵਗੈਰਾ ਵੀ ਆਪਣੀ ਪਰਫਾਰਮੈਂਸ ਦੇ ਚੁੱਕੇ ਹਨ।

ਗਲੋਬਲ ਵਿਲੇਜ ਜਨਵਰੀ 1997 ਵਿਚ ਦੁਬਈ ਨਗਰ ਪਾਲਿਕਾ ਦੇ ਸਾਹਮਣੇ ਕ੍ਰੀਕ ਸਾਈਡ 'ਤੇ ਸਥਿਤ ਕਈ ਕਿਓਸਕ ਦੇ ਰੂਪ ਵਿਚ ਸ਼ੁਰੂ ਹੋਇਆ। ਇਹ ਬਾਅਦ ਵਿਚ 5 ਸਾਲਾਂ ਲਈ ਵਾਫੀ ਸਿਟੀ ਦੇ ਨੇੜੇ ਔਡ ਮੇਥਾ ਖੇਤਰ ਵਿਚ ਤਬਦੀਲ ਹੋ ਗਿਆ। ਅੱਜ, ਗਲੋਬਲ ਵਿਲੇਜ ਵਾਦੀ ਅਲ ਸਫਾ ਵਿਚ ਸ਼ੇਖ ਜ਼ਾਇਦ ਐਗਜ਼ਿਟ 37 ਤੋਂ ਬਾਹਰ ਨਿਕਲਣ 'ਤੇ ਇਸਦੇ ਮੌਜੂਦਾ ਸਥਾਨ 'ਤੇ 6 ਮਿਲੀਅਨ ਟੂਰਿਸਟ ਦਰਜ ਕੀਤੇ ਗਏ ਹਨ।




ਇਸ ਵਿਲੇਜ ਨੂੰ 4 ਹਿੱਸਿਆਂ ਵਿਚ ਬਣਾਇਆ ਗਿਆ ਹੈ। ਕਲਚਰਲ ਸਮਾਗਮ ਅਤੇ ਸਮਾਰੋਹ, ਸ਼ਾਪਿੰਗ, ਸੁਆਦੀ ਭੋਜਨ ਦੇ ਸਟਾਲਾਂ ਨੂੰ ਵੱਖ-ਵੱਖ ਥਾਂ ਮੁਤਾਬਿਕ ਵੰਡਿਆ ਗਿਆ ਹੈ। ਦੁਬਈ ਗਲੋਬਲ ਵਿਲੇਜ ਵਿਚ ਕਰੀਬਨ 18300 ਤੋਂ ਵੱਧ ਦੀ ਪਾਰਕਿੰਗ ਹੈ। ਪਾਰਕਿੰਗ ਨੂੰ 2 ਹਿੱਸਿਆਂ ਵਿਚ ਮੁਫਤ ਅਤੇ ਪੇਡ ਵਿਚ ਵੰਡਿਆ ਗਿਆ ਹੈ। ਪਾਰਕਿੰਗ ਵਿਚ ਆਉਣ 'ਤੇ ਜਾਣ ਲਈ ਇੱਕ ਮੁਫਤ ਟ੍ਰੇਨ ਅਤੇ ਸ਼ਟਲ ਬੱਸ ਵੀ ਚਲਦੀ ਹੈ।

### ਗਲੋਬਲ ਵਿਲੇਜ ਦੁਬਈ ਅੰਦਰ:

ਸ਼੍ਰੀਲੰਕਾ ਅਤੇ ਬੰਗਲਾ ਦੇਸ਼ ਦੇ ਪਵੇਲੀਅਨ ਅੰਦਰ ਜਾ ਕੇ ਵੱਖ-ਵੱਖ ਪਰੰਪਰਾਵਾਂ, ਕਲਾ, ਅਤੇ ਵਿਸ਼ਵ ਭਰ ਦੇ ਸੁਆਦੀ ਵਿਅੰਜਨ ਵੀ ਮਿਲਦੇ ਹਨ। ਬੰਗਲਾਦੇਸ਼ੀ ਬਿਰਯਾਨੀ, ਦੇ ਨਾਲ-ਨਾਲ ਸ਼੍ਰੀ ਲੰਕਾਈ ਹੋਪਰਸ, ਅਤੇ ਖੁਸ਼ਬੂਦਾਰ ਕਰੀਆਂ, ਰਸਗੋਲਾ ਵਰਗੇ ਮਿੱਠੇ ਪਕਵਾਨਾਂ ਦਾ ਸੁਆਦ ਹੀ ਵੱਖਰਾ ਹੁੰਦਾ ਹੈ।

ਪ੍ਰਦਰਸ਼ਨੀਆਂ ਵਿਚ ਲੋਕਲ ਕਾਰੀਗਰਾਂ ਦੇ ਹੁਨਰ ਨੂੰ ਉਜਾਗਰ ਕਰਦੇ ਹੋਏ ਸ਼੍ਰੀ ਲੰਕਾਈ ਬਾਟਿਕ ਅਤੇ ਬੰਗਲਾਦੇਸ਼ੀ ਜੂਟ ਪ੍ਰਾਡਕਟ ਵਰਗੀ ਰਵਾਇਤੀ ਸ਼ਿਲਪਕਾਰੀ ਵੀ ਦੇਖਣ ਨੂੰ ਮਿਲਦੀ ਹੈ। ਦੋਵੇਂ ਦੇਸ਼ਾਂ ਦੇ ਰਵਾਇਤੀ ਡਾਂਸ, ਸੰਗੀਤ, ਸਮੇਤ ਸ਼੍ਰੀ ਲੰਕਾ ਅਤੇ ਬੰਗਲਾਦੇਸ਼ੀ ਸੱਭਿਆਚਾਰ ਦੀ ਰੰਗੀਨ ਟੇਪਸਟ੍ਰੀ ਵਿਚ ਲੀਨ ਕਰਨ ਦਾ ਮੌਕਾ ਵੀ ਮਿਲਦਾ ਹੈ।

ਜੋਰਡਨ ਦੇ ਪਵੇਲੀਅਨਅੰਦਰ ਦੇਸ਼ ਦੇ ਪੁਰਾਤੱਤਵ, ਖਜ਼ਾਨਿਆਂ, ਜੀਵੰਤ ਕਲਾਵਾਂ, ਅਤੇ ਪੇਟਰਾ ਦੇ ਸ਼ਾਨਦਾਰ ਲੈਂਡਸਕੇਪ ਅੱਮਾਨ ਦੀਆਂ ਜੀਵੰਤ ਗਲੀਆਂ ਨਾਲ ਮਿਲਦੇ ਹਨ। ਇੱਥੇ ਭੋਜਨ ਸਟਾਲਾਂ 'ਤੇ ਮੂੰਹ ਵਿਚ ਪਾਣੀ ਦੇਣ ਵਾਲੇ ਜਾਰਡੀਅਨ ਪਕਵਾਨ ਹਰ ਕਿਸੇ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ। ਕਾਰੀਗਰਾਂ ਦੁਆਰਾ ਮਿੱਟ ਦੇ ਬਰਤਨ ਅਤੇ ਮੋਜ਼ੇਕ ਬਣਾਉਣ ਵਰਗੀਆਂ ਰਵਾਇਤੀ ਸ਼ਿਲਪਕਾਰੀ ਦੇਖਣ ਨੂੰ ਮਿਲਦੀ ਹੈ। ਆਪਣੀਆਂ ਦਿਲਚਸਪ ਗਤੀਵਿਧੀਆਂ ਦੁਆਰਾ, ਜਾਰਡਨ ਪਵੇਲੀਅਨ ਨਾ ਸਿਰਫ ਆਪਣੀ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ, ਸਗੋਂ ਵੱਖ-ਵੱਖ ਸਭਿਆਚਾਰਾਂ ਵਿਚਕਾਰ ਸਬੰਧਾਂ ਅਤੇ ਸਮਝ ਨੂੰ ਵੀ ਉਤਸ਼ਾਹਿਤ ਕਰਦਾ ਹੈ।

ਕੋਰੀਆ ਦੇ ਪਵੇਲੀਅਨ ਅੰਦਰ ਕੁਦਰਤ ਅਤੇ ਆਰਕੀਟੈਕਚਰ ਦੇ ਵਿਚਕਾਰ ਇੱਕਸੁਰਤਾ ਦੇਖਣ ਨੂੰ ਮਿਲਦੀ ਹੈ। ਇੱਥੇ ਰਵਾਇਤੀ ਪਹਿਰਾਵੇ ਵਿਚ ਸਜਾਏ ਸਥਾਨਕ ਲੋਕ ਤੁਹਾਡਾ ਵੈਲਕਮ ਕਰਦੇ ਹਨ। ਵਿਸ਼ਵ ਪੱਧਰ ਦੇ ਕਲਾਕਾਰ ਕੋਰੀਅਨ ਲੋਕਧਾਰਾ ਡਾਂਸ ਨੂੰ ਯਾਦ ਕਰਦੇ ਹਨ। ਕੋਰੀਆਈ ਸੁੰਦਰਤਾ ਉਤਪਾਦਾਂ ਤੋਂ ਲੈ ਕੇ ਕੇ-ਪੀਓਪੀ ਥੀਮਡ ਵਪਾਰ ਤੱਕ ਦੀ ਖਰੀਦਾਰੀ ਕਰ ਸਕਦੇ ਹੋ। ਮੌਜੂਦ ਕਲਾਕਾਰਾਂ ਬਣਾਈ ਗਈ ਕੋਰੀਅਨ-ਸ਼ੈਲੀ ਵਾਲੀ ਕੈਰੀਕੇਚਰ ਆਰਟਵਰਕ ਮਨ ਨੂੰ ਮੋਹ ਲੈਂਦਾ ਹੈ।

ਬਹਿਰੀਨ ਪਵੇਲੀਅਨ 2 ਪ੍ਰਤੀਕ ਚਿੰਨਾਂ ਦੁਆਰਾ ਤਿਆਰ ਕੀਤਾ ਗਿਆ ਹੈ। ਇੱਕ ਪਾਸੇ ਪ੍ਰਭਾਵਸ਼ਾਲੀ ਰਿਫਾ ਟਾਵਰ ਹੈ, ਜਦੋਂ ਕਿ ਸਾਹਮਣੇ ਵਾਲੇ ਪਾਸੇ ਬਹਿਰੀਨ ਵਿਸ਼ਵ ਟ੍ਰੇਡ ਸੈਂਟਰ ਹੈ।

ਇਹ ਪਵੇਲੀਅਨ ਅੰਦਰ ਹਵਾ ਸ਼ੁੱਧ ਊਦ 'ਤੇ ਬੁਖਰ ਦੀਆਂ ਮਨਮੋਹਕ ਖੁਸ਼ਬੂਆਂ ਨਾਲ ਭਰੀ ਹੋਈ ਹੈ। ਲੋਕ ਡਾਂਸ ਅਤੇ ਸੰਗੀਤ ਦੀਆਂ ਸੁਰੀਲੀਆਂ ਧੁੰਨਾਂ ਦੁਆਰਾ ਸ਼ਾਂਤ ਹੁੰਦੇ ਹੋਏ ਇੱਕ ਰਵਾਇਤੀ ਭੋਜਨ ਦਾ ਅਨੰਦ ਲੈ ਸਕਦੇ ਹੋ। ਸੱਦਾ ਦੇਣ ਵਾਲਾ ਬਾਹਰੀ ਹਿੱਸਾ ਸਾਵਧਾਨੀ ਨਾਲ ਚੁਣੇ ਗਏ ਕਿਲੇ-ਸ਼ੈਲੀ ਦੇ ਪੱਥਰ ਨਾਲ ਸਜਾਇਆ ਗਿਆ ਹੈ। ਇਸਦੇ ਨਾਲ ਖਜੂਰ ਦੇ ਦਰੱਖਤਾਂ ਦੀਆਂ ਕਤਾਰਾਂ ਹਨ, ਜੋ ਕਿ ਸੈਂਟੀਨਲ ਵਾਂਗ ਖੜੇ ਲੱਗਦੇ ਹਨ 'ਤੇ ਸੁੰਦਰਤਾ ਦਾ ਮਾਹੌਲ ਉਜਾਗਰ ਹੁੰਦਾ ਹੈ।

ਕੁਵੈਤ, ਸੀਫ ਪੈਲੇਸ ਦੀ ਇਸਦੇ ਗੁੰਝਲਦਾਰ ਮੋਜ਼ੇਕ, ਸੋਨੇ ਦੇ ਗੁੰਬਦ ਅਤੇ ਸ਼ਾਨਦਾਰ ਪ੍ਰਤੀਕ੍ਰਿਤੀ ਹੈ ਜੋ ਕਿ ਪ੍ਰਤੀਕ ਅਤੇ ਸ਼ਹਿਰੀ ਕੁਵੈਤ ਟਾਵਰਾਂ ਨਾਲ ਜੁੜੀ ਹੋਈ ਹੈ। ਕੁਵੈਤ ਦੇ ਵੱਖਰੇ ਸਭਿਆਚਾਰ ਅਤੇ ਪਰੰਪਰਾਵਾਂ ਦਾ ਅਨੰਦ ਲੈਣ ਲਈ ਸੰਪੂਰਨ ਪਿਛੋਕੜ ਪ੍ਰਦਾਨ ਕਰਦੀ ਹੈ। ਜਦੋਂ ਤੁਸੀਂ ਕਾਹਵਾ ਦੀ ਚੁਸਕੀ ਲੈਂਦੇ ਹੋ ਅਤੇ ਡ੍ਰਮ ਦੀ ਤੇਜ਼ ਬੀਟ ਸੁਣਦੇ ਹੋ ਤਾਂ ਡਿਸਪਲੇ 'ਤੇ ਅਰਬੀ ਕੈਲੀਗ੍ਰਾਫੀ ਕਲਾ ਦੇਖਣ ਨੂੰ ਮਿਲਦੀ ਹੈ।

ਫਲਸਤੀਨ ਪਵੇਲੀਅਨ ਪ੍ਰਸਿੱਧ ਸ਼ਾਹਵਾਨ ਫੈਸ਼ਨ ਤੋਂ ਪ੍ਰੇਰਣਾ ਲੈਂਦਾ ਹੈ, ਜੋ ਖੇਤਰ ਦੀ ਇਤਿਹਾਸਕ ਅਤੇ ਸੱਭਿਆਚਾਰਕ ਦੌਲਤ ਨੂੰ ਸ਼ਰਧਾਂਜਲੀ ਵੱਜੋਂ ਸੇਵਾ ਦਾ ਮੌਕਾ ਦਿੰਦਾ ਹੈ। ਇੱਥੇ ਸੁੰਦਰ ਪ੍ਰੰਪਰਾਵਾਂ ਨੂੰ ਸਾਂਝਾ ਕਰਨ, ਪਰਾਣੇ ਯੁੱਗ ਦਾ ਜਸ਼ਨ ਮਨਾਉਣ ਅਤੇ ਦੋਸਤਾਂ ਅਜ਼ੀਜ਼ਾਂ ਨਾਲ ਯਾਦਾਂ ਬਣਾਉਣ ਦਾ ਮੌਕਾ ਵੀ ਮਿਲਦਾ ਹੈ। ਸੰਗੀਤ ਅਤੇ ਡਾਂਸ ਦਾ ਅਨੰਦ ਲੈਂਦੇ ਹੋਏ ਸਟ੍ਰੀਟ ਫੂਡ ਦਾ ਲਿਆ ਜਾਂਦਾ ਹੈ।

ਓਮਾਨ ਪਵੇਲੀਅਨ ਅੰਦਰ ਲੁਬਾਨ ਦੀ ਮਿੱਠੀ ਖੁਸ਼ਬੂ ਦਾ ਮਜ਼ਾ ਹੀ ਅਲੱਗ ਹੈ। ਕੁਦਰਤੀ ਵਾਤਾਵਰਣ, ਸ਼ਾਨਦਾਰ ਹਜਰ ਪਹਾੜਾਂ ਦੇ ਨਾਲ ਇੱਕ ਸੰਪੂਰਣ ਪਿਛੋਕੜ ਨੂੰ ਜਾਣਨ ਦਾ ਮੌਕਾ ਮਿਲਦਾ ਹੈ। ਇੱਕ ਰਵਾਇਤੀ ਬਾਜ਼ਾਰ ਵਿਚ ਸਥਾਨਕ ਕਾਰੀਗਰ ਵਿਲੱਖਣ ਪੁਰਾਤਨ ਵਸਤਾਂ, ਕਲਾਕ੍ਰਿਤੀਆਂ ਅਤੇ ਬੇਡੂਈਨਕਲਾਕਾਰਾਂ ਦੀਆਂ ਧੜਕਨ ਵਾਲੀਆਂ ਧੜਕਨਾਂ ਨੂੰ ਹਵਾ ਮਿਲ ਜਾਂਦੀ ਹੈ।

ਦੋਹਾ ਦੇ ਪਵੇਲੀਅਨ ਅੰਦਰ ਕਪੜਿਆਂ ਅਤੇ ਮਸਾਲਿਆਂ ਤੋਂ ਲੈ ਕੇ ਹੱਥਾਂ ਨਾਲ ਬਣੇ ਦਸਤਕਾਰੀ ਅਤੇ ਯਾਦਗਾਰੀ ਵਸਤਾਂ ਦੀ ਇੱਕ ਮਿਸਾਲ ਸ਼੍ਰਣੀ ਬਾਰੇ ਪਤਾ ਲੱਗਦਾ ਹੈ। ਰੁਮੇਲਾਹ ਪਾਰਕ ਆਰਚ 'ਤੇ ਇੱਕ ਕੱਪ ਤਾਜ਼ੀ ਗਰਾਉਂਡ ਕਾੱਫੀ ਦਾ ਸੁਆਦ ਲੈ ਸਕਦੇ ਹੋਤਰਾ ਪਵੇਲੀਅਨ ਅੰਦਰ ਸੈਲਫੀ ਦੇ ਨਾਲ ਯਾਦਾਂ ਨੂੰ ਕੈਪਚਰ ਕਰਨ ਦਾ ਮਜ਼ਾ ਹੀ ਅਲੱਗ ਹੈ।

ਦੇਸ਼ ਦੀ ਅਮੀਰ ਸੱਭਿਆਚਾਰਕ ਵਿਰਾਸਤ, ਇੱਥੇ ਮਹਿਮਾਨ ਇਰਾਕੀ ਇਤਿਹਾਸ, ਕਲਾ, ਅਤੇ ਕਾਰੀਗਰੀ ਦੀ ਦਿਲਚਸਪ ਟੇਪਸਟ੍ਰੀ ਵਿਚ ਆਪਣੇ ਆਪ ਨੂੰ ਲੀਨ ਕਰ ਸਕਦੇ ਹੋ। ਪਰੰਪਰਾਗਤ ਇਰਾਕੀ ਤੱਤ, ਜਿਵੇਂ ਕਿ ਗੁੰਝਲਦਾਰ ਕੈਲੀਗ੍ਰਾਫੀ, ਸ਼ਾਨਦਾਰ ਟੈਸਟਾਈਲ ਅਤੇ ਸਜਾਵਟੀ ਵਸਰਾਵਿਕ, ਸੁੰਦਰਤਾ ਨਾਲ ਸਮਕਾਲੀ ਕਲਾਤਮਕ ਸਮੀਕਰਨਾਂ ਦੇ ਨਾਲ ਪ੍ਰਦਰਸ਼ਿਤ ਕੀਤੇ ਗਏ ਹਨ। ਜੋ ਇਰਾਕੀ ਸਭਿਆਚਾਰ ਦੇ ਗਤੀਸ਼ੀਲ ਵਿਕਾਸ ਨੂੰ ਦਰਸਾਉਂਦੇ ਹਨ।

ਬੁਣਾਈ ਅਤੇ ਮਿੱਟੀ ਦੇ ਭਾਂਡੇ ਵਰਗੀਆਂ ਰਵਾਇਤੀ ਸ਼ਿਲਪਕਾਰੀ ਦੇ ਲਾਈਵ ਪ੍ਰਦਰਸ਼ਨਾਂ ਦੌਰਾਣ ਉਨਾਂ ਦਾ ਸਕਿੱਲ ਦੇਖ ਸਕਦੇ ਹੋ। ਤੁਸੀਂ ਇੰਟਰਐਕਟਿਵ ਵਰਕਸ਼ਾਪਾਂ ਵਿਚ ਹਿੱਸਾ ਲੈ ਕੇ ਹੱਥੀਂ ਅਨੁਭੱਵ ਵ ਕਿਰ ਸਕਦੇ ਹੋ।

ਪਵੇਲੀਅਨ ਅੰਦਰ ਫੂਡ ਸਟਾਲਾਂ 'ਤੇ ਕਈ ਕਿਸਮ ਦੇ ਪਕਵਾਨਾਂ ਵਿਚ ਸੁਆਦੀ ਕਬਾਬ ਤੋਂ ਲੈ ਕੇ ਵੱਖ-ਵੱਖ ਅਨੰਦ ਲਿਆ ਜਾ ਸਕਦਾ ਹੈ। ਗਲੋਬਲ ਵਿਲੇਜ ਦੁਬਈ ਅੰਦਰ ਪਵੇਲੀਅਨ ਘੁੰਮ ਕੇ ਹਮੇਸ਼ਾ ਲਈ ਯਾਦਗਾਰ ਬਣਾ ਸਕਦੇ ਹੋ।



# ਕੰਪਿਊਟਰ ਦੇ ਧਨੰਤਰ ਕਿਰਪਾਲ ਸਿੰਘ ਪੰਨੂੰ ਨੂੰ ਕੈਨੇਡੀਅਨ ਅਵਾਰਡ

ਪ੍ਰਿੰਸੀਪਲ ਸਰਵਣ ਸਿੰਘ



ਕਿਰਪਾਲ ਸਿੰਘ ਪੰਨੂੰ ਦਾ ਜਨਮ 25 ਮਾਰਚ 1936 ਨੂੰ ਰਾੜਾ ਸਾਹਿਬ ਨੇੜੇ ਪਿੰਡ ਕਟਾਹਰੀ ਵਿਚ ਹੋਇਆ ਸੀ। ਬਰੈਂਪਟਨ ’ਚ ਰਹਿੰਦੇ ਪੰਜਾਬ ਬਿਜਲੀ ਬੋਰਡ ਦੇ ਰਿਟਾਇਰ ਚੀਫ ਇੰਜਨੀਅਰ ਈਸ਼ਰ ਸਿੰਘ ਨੇ ਉਸ ਦੀ ਨਿਸ਼ਕਾਮ ਸੇਵਾ ਦਾ ਵੇਰਵਾ ਅੰਗਰੇਜ਼ੀ ਵਿਚ ਡਰਾਫਟ ਕਰ ਕੇ ਓਨਟਾਰੀਓ ਸਰਕਾਰ ਦੇ ਧਿਆਨ ਵਿਚ ਲਿਆਂਦਾ ਤਾਂ ਸਰਕਾਰ ਨੇ ਪੰਨੂੰ ਨੂੰ ‘ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡ’ ਦੇਣ ਦਾ ਐਲਾਨ ਕੀਤਾ। ਪੰਜਾਬੀ ਪਿਆਰਿਆਂ ਨੂੰ ਖੁਸ਼ੀ ਹੈ ਕਿ ਪੰਜਾਬੀ ਦੇ ਕੰਪਿਊਟਰੀਕਰਨ ਵਿਚ ਪ੍ਰਦਾਨ ਕੀਤੀਆਂ ਸੇਵਾਵਾਂ ਲਈ 25 ਜੂਨ 2025 ਨੂੰ ਓਨਟਾਰੀਓ ਸਰਕਾਰ ਵੱਲੋਂ ਕਿਰਪਾਲ ਸਿੰਘ ਪੰਨੂੰ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨ ਦੇਣ ਦੀ ਰਸਮ ਗਵਰਨਰ ਹਾਊਸ ਵਿਚ ਓਨਟਾਰੀਓ ਦੀ ਮਾਣਯੋਗ ਗਵਰਨਰ ਨੇ ਨਿਭਾਈ।

ਪੰਜਾਬੀ ਭਾਈਚਾਰੇ ਵਿਚ ਪੰਨੂੰ ਨੂੰ ਕੋਈ ‘ਕੰਪਿਊਟਰ ਦਾ ਭਾਈ ਘਨੱਈਆ’ ਕਹਿੰਦਾ ਹੈ ਤੇ ਕੋਈ ‘ਕੰਪਿਊਟਰ ਦਾ ਧੰਨਾ ਜੱਟ’। ਉਸ ਨੇ ਹਲ਼ ਤੋਂ ਹਾਕੀ ਤੇ ਕਾਰਬਾਈਨ ਤੋਂ ਕੰਪਿਊਟਰ ਤਕ ਦਾ ਸਫ਼ਰ ਤੈਅ ਕੀਤਾ ਹੈ। ਉਹਦੀ ਉਮਰ ਬੇਸ਼ਕ ਨੱਬਿਆਂ ਨੂੰ ਢੁੱਕ ਚੁੱਕੀ ਹੈ ਪਰ ਉਹਦੇ ਵਲੰਟੀਅਰੀ ਕੰਪਿਊਟਰੀ ਕਾਰਜਾਂ ਵਿਚ ਕੋਈ ਕਮੀ ਨਹੀਂ ਆਈ। ਖੂੰਡੀ ਫੜ ਕੇ ਅਜੇ ਵੀ ਉਹ ਮਸਤ ਚਾਲੇ ਪਿਆ ਹੋਇਐ। 2011 ’ਚ ਉਸ ਦੇ 75ਵੇਂ ਜਨਮ ਦਿਵਸ ’ਤੇ ਉਸ ਨੂੰ ਅਭਿਨੰਦਨ ਗ੍ਰੰਥ ‘ਕੰਪਿਊਟਰ ਦਾ ਧਨੰਤਰ’ ਭੇਟ ਕੀਤਾ ਗਿਆ ਤਾਂ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਉਹ ਕੈਨੇਡਾ ਦੀ ਓਨਟਾਰੀਓ ਸਰਕਾਰ ਵੱਲੋਂ ਵੀ ਨਿਵਾਜਿਆ ਜਾਵੇਗਾ।

ਪੰਨੂੰ ਨੇ ਬਚਪਨ ਵਿਚ ਆਮ ਕਿਸਾਨ ਬੱਚਿਆਂ ਵਾਂਗ ਡੰਗਰ ਚਾਰੇ ਤੇ ਪੱਠਾ ਦੱਥਾ ਕੀਤਾ। 1947 ਦੀ ਵੱਢ-ਟੁੱਕ ਆਪਣੀ ਅੱਖੀਂ ਵੇਖੀ। ਉਸ ਬਾਰੇ ਬਾਅਦ ਵਿਚ ਕਹਾਣੀਆਂ ਲਿਖੀਆਂ। ਉਸ ਨੇ ਮੁੱਢਲੀ ਪੜ੍ਹਾਈ ਕਟਾਹਰੀ ਤੋਂ ਤੇ ਹਾਈ ਸਕੂਲ ਦੀ ਪੜ੍ਹਾਈ ਕਰਮਸਰ ਰਾੜਾ ਸਾਹਿਬ ਤੋਂ ਕੀਤੀ। ਉਹ ਸਕੂਲ ਦੀ ਹਾਕੀ ਟੀਮ ਦਾ ਵਧੀਆ ਖਿਡਾਰੀ ਸੀ ਤੇ ਕੁਝ ਸਾਲ ਗੁਜਰਾਂਵਾਲਾ ਗੁਰੂ ਨਾਨਕ ਕਾਲਜ ਲੁਧਿਆਣੇ ਵੱਲੋਂ ਹਾਕੀ ਖੇਡਿਆ। ਹਾਕੀ ਦੀ ਖੇਡ ਦੇ ਸਿਰ ’ਤੇ ਉਹ ਪਟਿਆਲਾ ਪੁਲਿਸ ਵਿਚ ਭਰਤੀ ਹੋ ਗਿਆ ਤੇ ਤਰੱਕੀਆਂ ਪਾਉਣ ਲੱਗਾ। ਉਹ ਗੋਲਡਨ ਹੈਟਟ੍ਰਿਕ ਮਾਰਨ ਵਾਲੇ ਹਾਕੀ ਦੇ ਆਈਕੋਨਕ ਓਲੰਪੀਅਨ ਬਲਬੀਰ ਸਿੰਘ ਨਾਲ ਵੀ ਹਾਕੀ ਖੇਡਦਾ ਰਿਹਾ। ਰਿਟਾਇਰ ਹੋਣ ਵੇਲੇ ਉਹ ਬੀਐਸਐਫ ’ਚ ਡਿਪਟੀ ਕਮਾਂਡੈਂਟ ਸੀ।



1988 ਵਿਚ ਨੌਕਰੀ ਤੋਂ ਅਗਾਊਂ ਰਿਟਾਇਰਮੈਂਟ ਲੈ ਕੇ, ਟੋਰਾਂਟੋ ਆਪਣੇ ਬੱਚਿਆਂ ਪਾਸ ਪਹੁੰਚ ਕੇ, ਉਸ ਨੇ ਕੁਝ ਸਮਾਂ ਏਅਰਪੋਰਟ ’ਤੇ ਸਕਿਊਰਿਟੀ ਅਫਸਰ ਦੀ ਡਿਊਟੀ ਵੀ ਕੀਤੀ ਸੀ। ਉਸ ਦੇ ਪੁੱਤਰਾਂ ਨੇ ਕੰਪਿਊਟਰ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਹੋਈ ਸੀ ਜਿਸ ਕਰਕੇ ਘਰ ਵਿਚ ਹੀ ਕੰਪਿਊਟਰ ਮੌਜੂਦ ਸਨ। ਉਹ ਆਪ ਗਿਆਨੀ ਪਾਸ ਗ੍ਰੈਜੂਏਟ ਸੀ। ਘਰੋਂ ਹੀ ਉਸ ਨੂੰ ਕੰਪਿਊਟਰ ਸਿੱਖਣ ਦੀ ਜਾਗ ਲੱਗ ਗਈ। ਉਸ ਨੂੰ ਮੁੱਢਲੀ ਜਾਣਕਾਰੀ ਆਪਣੇ ਬੱਚਿਆਂ ਤੋਂ ਮਿਲੀ ਜਿਨ੍ਹਾਂ ਨੇ ਦੱਸ ਦਿੱਤਾ ਕਿ ਕੰਪਿਊਟਰ ਨਾਲ ਜਿੰਨੀ ਮਰਜ਼ੀ ਛੇੜ-ਛਾੜ ਕਰੀ ਚੱਲੋ ਇਹਦਾ ਕੁਝ ਨਹੀਂ ਵਿਗੜਦਾ। ਫਿਰ ਉਸ ਨੇ ਆਪਣੀ ਸਾਰੀ ਵਿਹਲ ਤੇ ਪ੍ਰਤਿਭਾ ਕੰਪਿਊਟਰ ਦੀ ਕਾਰੀਗਰੀ ਕਰਨ ਵਿਚ ਝੋਕ ਦਿੱਤੀ ਜਿਸ ਦੇ ਸਿੱਟੇ ਸਾਹਮਣੇ ਹਨ।

ਉਹ ਕੰਪਿਊਟਰ ਦੇ ਪੰਜਾਬੀਕਰਨ ਦਾ ਛੁਪਿਆ ਰੁਸਤਮ ਨਿਕਲਿਆ। ਉਸ ਨੇ ਪੰਜਾਬੀ ਭਾਸ਼ਾ ਲਈ ਕੰਪਿਊਟਰ ਦੀ ਵਰਤੋਂ ਬੜੀ ਸੁਖੈਣ ਬਣਾ ਦਿੱਤੀ। ਮੇਰੇ ਵਰਗੇ ਸੈਂਕੜੇ ਸੀਨੀਅਰਜ਼ ਨੇ ਉਸ ਤੋਂ ਕੰਪਿਊਟਰ ਦੀ ਮੁਫ਼ਤ ਸਿੱਖਿਆ ਲਈ। ਇਸ ਵਲੰਟੀਅਰ ਕਾਰਜ ਵਿਚ ਉਸ ਨੇ ਦੋ ਦਹਾਕੇ ਨਿਸ਼ਕਾਮ ਸੇਵਾ ਨਿਭਾਈ। ਨਾ ਨੇਰ੍ਹਾ ਵੇਖਿਆ, ਨਾ ਸਵੇਰਾ। ਬਾਰਾਂ ਮਹੀਨੇ ਤੀਹ ਦਿਨ ਇਸੇ ਕਾਰਜ ਵਿਚ ਲੱਗਾ ਰਿਹਾ। ਇਹ ਉਸ ਦੀ ਭਗਤੀ ਹੈ ਤੇ ਤਪੱਸਿਆ ਹੈ ਜੋ ਸਾਧੂ ਸੁਭਾਅ ਪੰਨੂੰ ਪਿਛਲੇ ਪੱਚੀ ਤੀਹ ਸਾਲਾਂ ਤੋਂ ਕਰਦਾ ਆ ਰਿਹੈ। ਜੋ ਨਹੀਂ ਸੋ ਕਰ ਵਿਖਾਇਆ ਪਰ ਉਸ ਦੀ ਪ੍ਰਤਿਭਾ ਤੇ ਘਾਲਣਾ ਨੂੰ ਅਜੇ ਵੀ ਪੂਰਾ ਗੌਲ਼ਿਆ ਨਹੀਂ ਗਿਆ।

ਸਾਡੇ ਪੰਜਾਬੀਆਂ ਕੋਲ ਪ੍ਰਤਿਭਾ ਦੀ ਘਾਟ ਨਹੀਂ ਪਰ ਅਸੀਂ ਉਸ ਦੀ ਸਮੇਂ ਸਿਰ ਪਛਾਣ ਨਹੀਂ ਕਰਦੇ ਤੇ ਉਸ ਦੀ ਕਦਰ ਨਹੀਂ ਪਾਉਂਦੇ। ਕਈ ਵਾਰ ਬੜੇ ਪ੍ਰਤਿਭਾਵਾਨ ਵਿਅਕਤੀ ਅਣਗੌਲੇ ਰਹਿ ਜਾਂਦੇ ਹਨ ਜਦ ਕਿ ਉਨ੍ਹਾਂ ਅੰਦਰ ਬਹੁਤ ਕੁਝ ਕਰਨ ਦੀਆਂ ਸੰਭਾਵਨਾਵਾਂ ਛੁਪੀਆਂ ਹੁੰਦੀਆਂ ਹਨ। ਉਨ੍ਹਾਂ ਦੇ ਨਿੱਜੀ ਤੌਰ ’ਤੇ ਕੀਤੇ ਯਤਨ ਫਿਰ ਸੀਮਤ ਪੱਧਰ ਤਕ ਹੀ ਰਹਿ ਜਾਂਦੇ ਹਨ। ਬਾਅਦ ਵਿਚ ਪਛਤਾਵਾ ਹੁੰਦਾ ਹੈ ਕਿ ਅਜਿਹੇ ਸੱਜਣਾਂ ਤੋਂ ਹੋਰ ਵੀ ਵੱਧ ਕਾਰਜ ਕਰਾਉਣ ਲਈ ਉਨ੍ਹਾਂ ਨੂੰ ਸੰਭਾਲਿਆ ਕਿਉਂ ਨਾ ਗਿਆ ਤੇ ਲੋੜੀਂਦਾ ਸਹਿਯੋਗ ਕਿਉਂ ਨਾ ਦਿੱਤਾ ਗਿਆ?

1900 ਦੇ ਆਸ ਪਾਸ ਪੰਜਾਬ ਦੀ ਕਿਸੇ ਵਿਦਿਅਕ, ਭਾਸ਼ਾ ਜਾਂ ਤਕਨੀਕੀ ਸੰਸਥਾ ਵੱਲੋਂ ਕਿਰਪਾਲ ਸਿੰਘ ਪੰਨੂੰ ਨੂੰ ਕੰਪਿਊਟਰ ਦੇ ਪੰਜਾਬੀਕਰਨ ਦਾ ਕੋਈ ਅਹਿਮ ਪ੍ਰੋਜੈਕਟ ਦਿੱਤਾ ਜਾਂਦਾ ਤਾਂ ਹੁਣ ਤਕ ਹੋਰ ਵੀ ਬਹੁਤ ਕੁਛ ਚੰਗਾ ਹੋ ਗਿਆ ਹੁੰਦਾ। ਹੁਣ ਵੀ ਅਜਿਹਾ ਕਰ ਲਿਆ ਜਾਵੇ ਤਾਂ ਚੰਗਾ ਹੀ ਹੋਵੇਗਾ।

ਕਿਰਪਾਲ ਸਿੰਘ ਪੰਨੂੰ ਸਾਡੇ ਦਰਮਿਆਨ ਕੰਪਿਊਟਰ ਦਾ ਐਸਾ ਆਸ਼ਕ ਹੈ ਜਿਸ ਨੂੰ ਕੰਪਿਊਟਰ ਦੇ ਪੰਜਾਬੀਕਰਨ ਦਾ ਫਰਿਹਾਦ ਕਿਹਾ ਜਾ ਸਕਦੈ। ਪਰ ਉਹ ਆਪਣੇ ਹੀ ਤੇਸੇ ਨਾਲ ਪਹਾੜ ਕੱਟਣ ਡਿਹੈ। ਧੰਨ ਹੈ ਉਸ ਦੀ ਲਗਨ ਤੇ ਸਲਾਮ ਹੈ ਉਸ ਦੇ ਸਿਰੜ ਨੂੰ ਕਿ ’ਕੱਲਾ ਹੀ ਰਾਹ ਬਣਾਈ ਤੁਰਿਆ ਜਾ ਰਿਹੈ। ਉਂਜ ਡਰ ਹੈ ਕਿ ਉਹ ਅਧਵਾਟੇ ਨਾ ਰਹਿ ਜਾਵੇ। ਇਸ ਲਈ ਲੋੜ ਹੈ ਉਸ ਨੂੰ ਸੰਭਾਲਣ ਦੀ ਤੇ ਉਸ ਤੋਂ ਹੋਰ ਵੀ ਯਾਦਗਾਰੀ ਕਾਰਜ ਕਰਵਾਉਣ ਦੀ।

ਕਈ ਵਾਰ ਇਹ ਸੋਚ ਕੇ ਸ਼ਰਮਿੰਦਗੀ ਹੁੰਦੀ ਹੈ ਕਿ ਸਾਡੀਆਂ ਪੰਜਾਬ ਸਰਕਾਰਾਂ ਤੇ ਪੰਜਾਬੀ ਸੰਸਥਾਵਾਂ ਪੰਜਾਬੀ ਹੀਰਿਆਂ ਦੀ ਓਨੀ ਕਦਰ ਨਹੀਂ ਪਾਉਂਦੀਆਂ ਜੋ ਕਦਰ ਕੈਨੇਡਾ ਜਾਂ ਕੁਝ ਹੋਰ ਮੁਲਕਾਂ ਦੀਆਂ ਸਰਕਾਰਾਂ ਤੇ ਸੰਸਥਾਵਾਂ ਪਾ ਰਹੀਆਂ ਹਨ। ਪੰਜਾਬੀ ਪਿਆਰੇ ਕੈਨੇਡਾ ਦੀ ਓਨਟਾਰੀਓ ਸਰਕਾਰ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਸਾਡੇ ਭੁੱਲੇ ਵਿਸਰੇ ਕੰਪਿਊਟਰ ਦੇ ਧਨੰਤਰ ਵਲੰਟੀਅਰ ਪੰਨੂੰ ਦੀ ਕਦਰ ਪਾਈ।

ਪੰਨੂੰ ਨਿਸ਼ਕਾਮ ਸੇਵਕ ਹੈ। ਡੀਆਰਚਾਤ੍ਰਿਕ ਫੌਂਟ ਦਾ ਉਸ ਨੇ ਲੰਗਰ ਲਾ ਰੱਖਿਆ ਹੈ। ਉਹਦੀ ਸੇਵਾ ਭਾਈ ਘਨੱਈਏ ਵਰਗੀ ਹੈ। ਜੋ ਜੀਅ ਆਵੇ ਸੋ ਰਾਜ਼ੀ ਜਾਵੇ। ਜੇ ਉਹ ਚਾਹੁੰਦਾ ਤਾਂ ਗੁਰਮੁਖੀ-ਸ਼ਾਹਮੁਖੀ ਦੇ ਸਭ ਤੋਂ ਪਹਿਲਾਂ ਤਿਆਰ ਕੀਤੇ ਕਨਵਰਸ਼ਨ ਟੂਲ ਨਾਲ ਜੇਬਾਂ ਭਰ ਸਕਦਾ ਸੀ ਜਿਵੇਂ ਕਿ ਉਹਦੀ ਹੀ ਨਕਲ ਕਰ ਕੇ ਕਈ ਯੂਨੀਵਰਸਿਟੀਏ ‘ਵਿਦਵਾਨ’ ਭਰਨ ਲੱਗ ਪਏ ਸਨ! ਪੰਨੂੰ ਪੈਸੇ ਕਮਾਉਣ ਦੀ ਜਿੱਲ੍ਹਣ ਵਿਚ ਨਹੀਂ ਖੁੱਭਾ ਤੇ ਇਹੋ ਕਾਰਨ ਹੈ ਕਿ ਉਹ ਕੰਪਿਊਟਰ ਦਾ ਭਾਈ ਘਨੱਈਆ ਵੱਜਦਾ ਹੈ।

ਹੁਣ ਕਿਸੇ ਦਾ ਕੰਪਿਊਟਰ ਬਿਮਾਰ ਹੋ ਜਾਵੇ ਤਾਂ ਉਹ ਵੈਦ ਰੋਗੀਆਂ ਦਾ ਬਣ ਕੇ ਬਹੁੜਦਾ ਹੈ। ਕਿਸੇ ਨੇ ਕੰਪਿਊਟਰ ਦੀ ਜਾਚ ਸਿੱਖਣੀ ਹੋਵੇ ਤਾਂ ਉਹ ਹਰ ਵੇਲੇ ਹਾਜ਼ਰ ਹੁੰਦਾ ਹੈ। ਕਿਤਾਬਾਂ ਦੇ ਖਰੜੇ ਛਪਾਈ ਲਈ ਤਿਆਰ ਕਰ ਦਿੰਦਾ ਹੈ। ਇੰਜ ਪੰਜਾਬੀ ਦੀਆਂ ਸੈਂਕੜੇ ਕਿਤਾਬਾਂ ਉਸ ਦੀ ਨਿਸ਼ਕਾਮ ਸੇਵਾ ਨਾਲ ਛਪੀਆਂ ਹਨ। ਵੀਹ ਪੱਚੀ ਕਿਤਾਬਾਂ ਤਾਂ ਮੇਰੀਆਂ ਹੀ ਹੋਣਗੀਆਂ। ਵੱਡਾ ਛੋਟਾ ਕੋਈ ਵੀ ਸਵਾਲੀ ਹੋਵੇ ਉਹਦੇ ਮਸਲੇ ਦਾ ਹੱਲ ਕਰਨ ਲਈ ਉਹ ਹਮੇਸ਼ਾਂ ਤਤਪਰ ਰਹਿੰਦਾ ਹੈ। ਸਾਡੀ ਦੁਆ ਹੈ ਉਹ ਸਿਹਤਯਾਬ ਰਹੇ, ਸੌ ਸਾਲ ਜੀਵੇ ਤੇ ਆਪਣੀ ਸਵੈਜੀਵਨੀ ਵੀ ਲਿਖਣ ਲਈ ਵੀ ਕੁਝ ਸਮਾਂ ਕੱਢੇ। ਸਾਨੂੰ ਯਕੀਨ ਹੈ ਉਸ ਦੀ ਸਵੈਜੀਵਨੀ ਹੋਰਨਾਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ।

*principalsarwansingh@gmail.com*





# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਸੇਵਾ ਨਿਯਮਾਂ ਸਬੰਧੀ ਗਠਿਤ ਕਮੇਟੀ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੜ ਵਿਚਾਰ ਕਰੇ-ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਸੰਸਥਾਵਾਂ ਜਰਮਨੀ



ਫਰੈਂਕਫੋਰਟ-ਜਰਮਨ ਦੀਆਂ ਗੁਰਦੁਆਰਾ ਪ੍ਰਬੰਧਕ ਤੇ ਸਿੱਖ ਸੰਸਥਾਵਾਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਸੇਵਾ ਨਿਯਮ ਬਣਾਉਣ ਲਈ ਗਠਿਤ ਕੀਤੀ 34-ਮੈਂਬਰੀ ਕਮੇਟੀ ਦੀ ਸੂਚੀ ਨੇ ਪੰਥਕ ਹਲਕਿਆਂ ਵਿੱਚ ਗੰਭੀਰ ਚਿੰਤਾਵਾਂ ਭਰੀ ਚਰਚਾ ਛੇੜ ਦਿੱਤੀ ਹੈ, ਜਿਹੜੀਆਂ ਸਿੱਖ ਸੰਸਥਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਸ਼ਾਨੋ-ਸ਼ੌਕਤ ਦੀ ਬਹਾਲੀ ਲਈ ਹਮੇਸ਼ਾ ਵਚਨਬੱਧ ਰਹੀਆਂ ਹਨ, ਇਸ ਕਮੇਟੀ ਦੇ ਗਠਨ 'ਤੇ ਡੂੰਘੀ ਚਿੰਤਾ ਅਤੇ ਅਸਹਿਮਤੀ ਪ੍ਰਗਟ ਕਰਦੀਆਂ ਹਨ। ਜਿਸ ਅਹਿਮ ਅਤੇ ਇਤਿਹਾਸਕ ਮਹੱਤਤਾ ਵਾਲੇ ਕਾਰਜ ਦੀ ਅਰੰਭਤਾ ਸੰਪੂਰਨ ਪਾਰਦਰਸ਼ਤਾ, ਪੰਥਕ ਏਕਤਾ ਅਤੇ ਗੁਰਮਤਿ ਦੀ ਰੋਸ਼ਨੀ ਵਿੱਚ ਹੋਣੀ ਚਾਹੀਦੀ ਸੀ, ਤੇ ਜਿਸ ਕਾਰਜ ਨਾਲ ਖਾਲਸਾ ਪੰਥ ਨੇ ਚੜ੍ਹਦੀ ਕਲਾ ਵਿੱਚ ਜਾਣਾ ਸੀ, ਉਸਦੀ ਸ਼ੁਰੂਆਤ ਵਿੱਚ ਹੀ ਸਵਾਲ, ਵਿਵਾਦ ਅਤੇ ਸ਼ੰਕੇ ਖੜ੍ਹੇ ਹੋ ਜਾਣੇ ਖਾਲਸਾ ਪੰਥ ਲਈ ਸ਼ੁੱਭ ਸ਼ਗਨ ਨਹੀਂ ਹਨ।

ਜਰਮਨ ਦੇ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੇ ਪ੍ਰਧਾਨ ਭਾਈ ਅਨੂਪ ਸਿੰਘ ਘੋਤੜਾ, ਗੁਰਦੁਆਰਾ ਸ਼੍ਰੀ ਗੁਰੂ ਦਸ਼ਮੇਸ਼ ਸਿੰਘ ਸਭਾ ਕਲੋਨ ਦੇ ਪ੍ਰਧਾਨ ਭਾਈ ਗੁਰਪਾਲ ਸਿੰਘ, ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੇ ਸਾਬਕਾ ਪ੍ਰਧਾਨ ਭਾਈ ਬਲਕਾਰ ਸਿੰਘ, ਭਾਈ ਨਰਿੰਦਰ ਸਿੰਘ, ਗੁਰਦੁਅਰਾ ਸਟੁਟਗਾਟ ਭਾਈ ਉਂਕਾਰ ਸਿੰਘ ਗਿੱਲ ,ਭਾਈ ਅਵਤਾਰ ਸਿੰਘ ਪ੍ਰਧਾਨ, ਗੁਰਦੁਆਰਾ ਲਾਈਪਸਿਕ ਭਾਈ ਬਲਦੇਵ ਸਿੰਘ ਬਾਜਵਾ , ਗੁਰਦੁਆਰਾ ਨਿਉਨਬਰਗ ਭਾਈ ਦਿਲਬਾਗ ਸਿੰਘ, ਗੁਰਦੁਆਰਾ ਰੀਗਨਸਬਰਗ ਭਾਈ ਨਰਿੰਦਰ ਸਿੰਘ,, ਗੁਰਦੁਆਰਾ ਗੁਰੂ ਤੇਗ ਬਹਾਦਰ ਕਲੋਨ ਸਾਬਕਾ ਪ੍ਰਧਾਨ ਕੁਲਦਾ ਸਿੰਘ, ਗੁਰਦੁਆਰਾ ਮਿਉਨਿਚਨ ਪ੍ਰਧਾਨ ਭਾਈ ਜਸਵਿੰਦਰ ਸਿੰਘ ਨਾਗਰਾ ਸਾਬਕਾ ਪ੍ਰਧਾਨ ਭਾਈ ਤਰਸੇਮ ਸਿੰਘ ਅਟਵਾਲ, ਸਿੰਘ ਸਭਾ ਜਰਮਨੀ ਭਾਈ ਮਲਕੀਤ ਸਿੰਘ, ਭਾਈ ਗੁਰਵਿੰਦਰ ਸਿੰਘ,ਦਲ ਖਾਲਸਾ ਜਰਮਨੀ ਭਾਈ ਗੁਰਦੀਪ ਸਿੰਘ ਪ੍ਰਦੇਸੀ ਹਾਈਜੈਕਰ,ਵਰਲਡ ਸਿੱਖ ਪਾਰਲੀਮੈਂਟ ਦੇ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਕੌਮ ਅੱਗੇ ਅਪੀਲ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁੱਖ ਸੇਵਾਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾਮੁਕਤੀ ਸੰਬੰਧੀ ਨਿਯਮਾਵਲੀ ਬਣਾਉਣ ਲਈ ਸੁਝਾਅ ਮੰਗੇ ਗਏ ਸਨ।

ਗੁਰਮਤਿ ਸਿਧਾਂਤਾਂ ਨੂੰ ਪ੍ਰਣਾਇ ਅਤੇ ਪੰਥ ਦੀ ਅੱਡਰੀ ਅਜ਼ਾਦ ਹਸਤੀ ਹਿੱਤ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਤੇ ਪਹਿਰਾ ਦੇਣ ਵਾਲਿਆਂ ਵੱਲੋਂ ਪੰਥ ਦੇ ਵਡੇਰੇ ਹਿਤਾਂ ਖ਼ਾਤਰ ਇਸ ਵਿਸ਼ੇ 'ਤੇ ਆਪਣੇ ਸੁਝਾਅ ਪੰਥ ਦੇ ਚਰਨਾਂ ਵਿੱਚ ਰੱਖੇ ਸਨ।

ਆਸ ਸੀ ਕਿ ਸਮੁੱਚੇ ਪੰਥ ਵੱਲੋਂ ਆਏ ਸੁਝਾਵਾਂ ਦੀ ਰੋਸ਼ਨੀ ਵਿੱਚ ਇੱਕ ਅਜਿਹੀ ਕਮੇਟੀ ਬਣਾਈ ਜਾਵੇਗੀ ਜੋ ਪੰਥ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕਰੇਗੀ ਅਤੇ ਮੌਜੂਦਾ ਸਮੇਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੋਂ ਸਿਆਸੀ ਪਾਰਟੀਆਂ, ਪੰਥ ਵਿਰੋਧੀ ਸਿਆਸਤਦਾਨਾਂ ਤੇ ਬ੍ਰਾਹਮਣਵਾਦੀ ਵਿਚਾਰਧਾਰਾ ਵਿੱਚ ਫਸੀਆਂ ਧਾਰਮਿਕ ਸ਼ਖ਼ਸੀਅਤਾਂ ਦੇ ਗਲਬੇ ਨੂੰ ਦੂਰ ਕਰੇਗੀ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਨਵ-ਗਠਿਤ ਕਮੇਟੀ ਦੀ ਬਣਤਰ ਵੇਖ ਕੇ ਪੰਥਕ ਸੋਚ ਨੂੰ ਪ੍ਰਣਾਏ ਸੁਹਿਰਦ ਸਿੱਖਾਂ ਵਿੱਚ ਕਈ ਸੁਆਲ ਅਤੇ ਖਦਸ਼ੇ ਪੈਦਾ ਹੋ ਰਹੇ ਹਨ।

ਨਵ ਗਠਿਤ 34 ਮੈਂਬਰੀ ਕਮੇਟੀ ਸਮੁੱਚੇ ਪੰਥ ਦੀਆਂ ਜਥੇਬੰਦੀਆਂ, ਸੰਪਰਦਾਵਾਂ ਅਤੇ ਵਿਚਾਰਧਾਰਾਵਾਂ ਦੀ ਨੁਮਾਇੰਦਗੀ ਕਰਦੀ ਪ੍ਰਤੀਤ ਨਹੀਂ ਹੁੰਦੀ। ਇਸ ਵਿੱਚ ਤੱਤ ਗੁਰਮਤਿ ਨੂੰ ਪ੍ਰਣਾਏ ਅਤੇ ਖਾਲਸਾ ਪੰਥ ਨੂੰ ਪੂਰੀ ਤਰ੍ਹਾਂ ਸਮਰਪਿਤ ਦੂਰ-ਅੰਦੇਸ਼ ਸਿੱਖ ਵਿਦਵਾਨਾਂ ਅਤੇ ਸ਼ਖ਼ਸੀਅਤਾਂ ਦੀ ਕਮੀ ਮਹਿਸੂਸ ਹੋ ਰਹੀ ਹੈ।

ਇਹ ਗੱਲ ਬਹੁਤ ਹੀ ਚਿੰਤਾਜਨਕ ਹੈ ਕਿ ਕਮੇਟੀ ਵਿੱਚ ਕੁਝ ਅਜਿਹੇ ਮੈਂਬਰ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਦੀ ਆਪਣੀ ਕਾਰਜਸ਼ੈਲੀ ਅਤੇ ਵਿਚਾਰਧਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਿਤ ਮਰਯਾਦਾ ਦੇ ਅਨੁਕੂਲ ਨਹੀਂ ਰਹੀ ਹੈ । ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਕੁਝ ਮੈਂਬਰ ਅਜਿਹੀਆਂ ਧਿਰਾਂ ਨਾਲ ਜੁੜੇ ਹੋਏ ਹਨ ਜੋ ਸਿੱਖਾਂ ਦੀ ਵੱਖਰੀ ਅਤੇ ਨਿਆਰੀ ਹੋਂਦ ਹਸਤੀ ਨੂੰ ਮੌਜੂਦਾ ਸਮੇਂ ਵਿੱਚ ਸਿਧਾਂਤਕ ਅਤੇ ਰਾਜਨੀਤਿਕ ਤੌਰ 'ਤੇ ਚੁਣੌਤੀ ਦੇ ਰਹੀਆਂ ਹਨ।

ਕਮੇਟੀ ਵਿੱਚ ਸ਼ਾਮਲ ਕਈ ਮੈਂਬਰਾਂ ਦੀ ਪਛਾਣ ਉਨ੍ਹਾਂ ਦੀ ਪੰਥਕ ਸੇਵਾ ਨਾਲੋਂ ਵੱਧ ਸਿਆਸੀ ਮੁਫਾਦਾਂ ਜਾਂ ਆਪਣੇ ਨਿੱਜੀ ਡੇਰਿਆਂ ਅਤੇ ਸੰਸਥਾਵਾਂ ਪ੍ਰਤੀ ਵਫ਼ਾਦਾਰੀ ਕਰਕੇ ਹੈ। ਖਦਸ਼ਾ ਹੈ ਕਿ ਅਜਿਹੇ ਮੈਂਬਰ ਪੰਥ ਦੇ ਵਿਸ਼ਾਲ ਹਿੱਤਾਂ ਦੀ ਥਾਂ ਆਪਣੇ ਨਿੱਜੀ ਜਾਂ ਸੰਸਥਾਗਤ ਏਜੰਡੇ ਨੂੰ ਹੀ ਅੱਗੇ ਵਧਾਉਣਗੇ। ਕੁਝ ਮੈਂਬਰ ਤਾਂ ਆਪਣੀ ਸੰਸਥਾ ਨੂੰ ਹੀ ਸਰਬਉੱਚ ਮੰਨਦੇ ਹੋਏ ਆਪਣੀ ਮਰਜ਼ੀ ਦਾ ਜਥੇਦਾਰ ਲਗਾਉਣ ਲਈ ਪਹਿਲਾਂ ਵੀ ਯਤਨਸ਼ੀਲ ਰਹੇ ਹਨ ਅਤੇ ਪੰਥਕ ਸਮਾਗਮਾਂ ਵਿੱਚ ਅੜਚਣਾਂ ਪੈਦਾ ਕਰਦੇ ਰਹੇ ਹਨ।

ਉਪਰੋਕਤ ਕਾਰਨਾਂ ਕਰਕੇ ਇਹ ਸਬ-ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਮਜ਼ਬੂਤ ਕਰਨ ਦੇ ਲਾਭਦਾਇਕ ਕਾਰਜ ਦੀ ਬਜਾਏ, ਇਸ ਨੂੰ ਹੋਰ ਕਮਜ਼ੋਰ ਕਰਨ ਅਤੇ ਵਿਵਾਦਾਂ ਵਿੱਚ ਘੇਰਨ ਦਾ ਕਾਰਨ ਬਣ ਸਕਦੀ ਹੈ। ਇਹ ਸਥਿਤੀ ਪੰਥ ਲਈ ਫਾਇਦੇ ਨਾਲੋਂ ਨੁਕਸਾਨ ਕਰਨ ਵਾਲੀ ਜ਼ਿਆਦਾ ਸਾਬਤ ਹੋਵੇਗੀ।

ਅੱਜ ਜਦੋਂ ਪੰਥ ਨੂੰ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਮਜ਼ਬੂਤ, ਨਿਰਪੱਖ ਅਤੇ ਗੁਰਮਤਿ ਆਧਾਰਿਤ ਅਗਵਾਈ ਦੀ ਸਖ਼ਤ ਲੋੜ ਹੈ। ਪਿਛਲੇ ਕੁਝ ਸਮੇਂ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਪਾਰਟੀ ਜਾਂ ਸੰਸਥਾ ਨੇ 'ਆਪਣਾ ਬੰਦਾ' ਜਥੇਦਾਰ ਲਗਵਾ ਕੇ ਆਪਣੇ ਨਿੱਜੀ ਮਸਲੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਪੰਥ ਨੂੰ ਨੁਕਸਾਨ ਹੀ ਹੋਇਆ ਹੈ।

ਇਸ ਕਮੇਟੀ ਦੀ ਬਣਤਰ 'ਤੇ ਗੰਭੀਰਤਾ ਨਾਲ ਮੁੜ ਗੌਰ ਕੀਤਾ ਜਾਵੇ। ਇਸ ਨੂੰ ਭੰਗ ਕਰਕੇ ਇੱਕ ਨਵੀਂ, ਛੋਟੀ ਅਤੇ ਵਧੇਰੇ ਪ੍ਰਭਾਵਸ਼ਾਲੀ ਕਮੇਟੀ ਦਾ ਗਠਨ ਕੀਤਾ ਜਾਵੇ ਜਿਸ ਵਿੱਚ ਸਿਰਫ਼ ਉਹੀ ਸ਼ਖ਼ਸੀਅਤਾਂ ਸ਼ਾਮਲ ਹੋਣ ਜੋ ਨਿਸ਼ਕਾਮ, ਨਿਰਵੈਰ, ਨਿਰਪੱਖ, ਗੁਰਮਤਿ ਦੇ ਧਾਰਨੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪੂਰਨ ਤੌਰ 'ਤੇ ਸਮਰਪਿਤ ਹੋਣ।

ਖਾਲਸਾ ਪੰਥ ਦੇ ਭਵਿੱਖ ਨਾਲ ਜੁੜੇ ਇਸ ਅਹਿਮ ਮਸਲੇ 'ਤੇ ਜੇ ਕਿਸੇ ਵੀ ਕਿਸਮ ਦੀ ਕੁਤਾਹੀ, ਨਿੱਜੀ ਜਾਂ ਧੜੇ ਦੇ ਮੁਫਾਦਾਂ ਨੂੰ ਮੁੱਖ ਰੱਖ ਕੇ ਗੈਰ ਸਿਧਾਂਤਿਕ ਫੈਸਲੇ ਲਏ ਗਏ ਜਾਂ ਸਮਝੌਤੇ ਕੀਤੇ ਗਏ ਤਾਂ ਪੰਥ ਲਈ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ।

## ਅਮਰੀਕਾ 'ਚ ਭਾਰਤੀ ਔਰਤ ਵੱਲੋਂ ਆਪਣੀ ਹੀ ਬੇਟੀ ਦਾ ਕਤਲ'

ਅਮਰੀਕਾ ਵਿਚ ਇਕ ਸਿਰਫਿਰੀ ਭਾਰਤੀ ਔਰਤ ਨੇ ਆਪਣੀ ਹੀ ਬੇਟੀ ਦਾ ਕਥਿਤ ਤੌਰ ਫ਼ਰਸਤੁੱਤੇ ਕਤਲ ਕਰ ਦਿਤਾ ਅਤੇ ਦਾਅਵਾ ਕਰਨ ਲੱਗੀ ਕਿ ਚਾਰ ਸਾਲਾ ਆਰੀਆ ਦੀ ਮੌਤ ਡੁੱਬਣ ਕਾਰਨ ਹੋਈ। ਓਕਲਾਹੋਮਾ ਸੂਬੇ ਦੇ ਐਡਮੰਡ ਸ਼ਹਿਰ ਨਾਲ ਸਬੰਧਤ ਡਾ. ਨੇਹਾ ਗੁਪਤਾ ਆਪਣੀ ਬੇਟੀ ਨਾਲ ਛੁੱਟੀਆਂ ਮਨਾਉਣ ਫਲੋਰੀਡਾ ਗਈ ਜਿਥੇ ਕਿਰਾਏ ਫ਼ਰਸਤੁੱਤੇ ਲਏ ਮਕਾਨ ਦੇ ਪਿਛਲੇ ਹਿੱਸੇ ਵਿਚ ਬਣੇ ਸਵਿਮਿੰਗ ਪੂਲ ਵਿਚ ਆਰੀਆ ਦੇ ਡੁੱਬਣ ਦਾ ਮਾਮਲਾ ਸਾਹਮਣੇ ਆਇਆ ਪਰ ਪੁਲਿਸ ਦਾ ਕਹਿਣਾ ਹੈ ਕਿ ਬੱਚੀ ਦਾ ਕਤਲ ਕਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਸਵਿਮਿੰਗ ਪੂਲ ਵਿਚ ਸੁੱਟਿਆ ਗਿਆ। ਪੁਲਿਸ ਨੇ 36 ਸਾਲ ਦੀ ਡਾ. ਨੇਹਾ ਗੁਪਤਾ ਨੂੰ ਗ੍ਰਿਫ਼ਤਾਰ ਕਰਦਿਆਂ ਪਹਿਲੇ ਦਰਜੇ ਦੀ ਹੱਤਿਆ ਦੇ ਦੋਸ਼ ਆਇਦ ਕਰ ਦਿਤੇ।

ਨੇਹਾ ਗੁਪਤਾ ਨੇ ਪੁਲਿਸ ਨੂੰ ਸੁਣਾਈ ਕਹਾਣੀ ਵਿਚ ਦੱਸਿਆ ਕਿ ਵੱਡੇ ਖੜਕੇ ਦੀ ਆਵਾਜ਼ ਸੁਣ ਕੇ ਉਹ ਉਠੀ ਤਾਂ ਆਰੀਆ ਕਮਰੇ ਵਿਚ ਮੌਜੂਦ ਨਹੀਂ ਸੀ। ਜਦੋਂ ਉਸ ਦੀ ਭਾਲ ਕੀਤੀ ਤਾਂ ਉਹ ਸਵਿਮਿੰਗ ਪੂਲ ਵਿਚ ਮਿਲੀ। ਆਰੀਆ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਚੁੱਕੀ ਸੀ। ਡਾਕਟਰੀ ਮੁਆਇਨੇ ਦੌਰਾਨ ਆਰੀਆ ਦੇ ਮੂੰਹ ਵਿਚ ਜ਼ਖਮ ਨਜ਼ਰ ਆਏ ਅਤੇ ਉਸ ਦੇ ਫੇਫੜਿਆਂ ਵਿਚ ਪਾਣੀ ਨਹੀਂ ਸੀ ਜਿਸ ਮਗਰੋਂ ਡਾ. ਨੇਹਾ ਗੁਪਤਾ ਦਾ ਦਾਅਵਾ ਝੂਠ ਸਾਬਤ ਹੋ ਗਿਆ ਕਿ ਆਰੀਆ ਦੀ ਮੌਤ ਡੁੱਬਣ ਕਾਰਨ ਹੋਈ। ਪੁਲਿਸ ਵੱਲੋਂ ਸੀ.ਸੀ.ਟੀ.ਵੀ. ਫੁਟੇਜ ਫਰੋਲੀ ਗਈ ਤਾਂ ਸਪਸ਼ਟ ਹੋ ਗਿਆ ਕਿ ਨੇਹਾ ਗੁਪਤਾ ਨੇ ਆਰੀਆ ਦੇ ਪਾਣੀ ਵਿਚ ਡੁੱਬਣ ਦਾ ਕਥਿਤ ਡਰਾਮਾ ਕੀਤਾ। ਫਿਲਹਾਲ ਨੇਹਾ ਗੁਪਤਾ ਨੂੰ ਓਕਲਾਹੋਮਾ ਕਾਊਂਟੀ ਡਿਟੈਨਸ਼ਨ ਸੈਂਟਰ ਵਿਚ ਰੱਖਿਆ ਗਿਆ ਹੈ ਅਤੇ ਜਲਦ ਹੀ ਮੁਕੱਦਮੇ ਦਾ ਸਾਹਮਣਾ ਕਰਨ ਲਈ ਫਲੋਰੀਡਾ ਭੇਜਿਆ ਜਾਵੇਗਾ। ਸਾਰੇ ਘਟਨਾਕ੍ਰਮ ਦੌਰਾਨ ਆਰੀਆ ਦੀ ਹੱਤਿਆ ਦੇ ਮਕਸਦ ਬਾਰੇ ਸਾਫ਼ ਤੌਰ ਫ਼ਰਸਤੁੱਤੇ ਕੋਈ ਤੱਥ ਸਾਹਮਣੇ ਨਹੀਂ ਆ ਸਕਿਆ। ਉਧਰ ਡਾ. ਨੇਹਾ ਗੁਪਤਾ ਦੇ ਵਕੀਲ ਰਿਚਰਡ ਕੂਪਰ ਨੇ ਕਿਹਾ ਕਿ ਪੁਲਿਸ ਖੁਦ ਬ ਖੁਦ ਹੀ ਨਤੀਜੇ ਤੇ ਪੁੱਜ ਗਈ ਜਿਸ ਦੇ ਸਿੱਟੇ ਵਜੋਂ ਆਪਣੀ ਬੇਟੀ ਨੂੰ ਗਵਾਉਣ ਵਾਲੀ ਮਾਂ ਜੇਲ ਵਿਚ ਬੈਠੀ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਸਾਹਮਣੇ ਲਿਆਉਣ ਲਈ ਮਾਮਲੇ ਦੀ ਤਹਿ ਤੱਕ ਜਾਣਾ ਹੋਵੇਗਾ

# ਡਿਜ਼ੀਟਲ ਘਸੁੰਨ-ਮੁੱਕੀ

## ਵਿਅੰਗ

ਮੰਗਤ ਕੁਲਜਿੰਦ
ਮੋ. +91 94177 53892



ਅੱਜ ਤਾਂ ਕੱਕੋ ਦੇ ਚੇਹਰੇ ਤੋਂ ਡੁੱਲ ਡੁੱਲ ਪੈਂਦੀ ਖੁਸ਼ੀ ਦੇ ਨਾਲ ਵਿਅੰਗਮਈ ਮੁਸਕਾਨ ਵੰਡੀ ਜਾ ਰਹੀ ਸੀ ਤੇ ਜੱਸੋ ਨੂੰ ਅੱਚਵੀ ਲੱਗੀ ਪਈ ਸੀ--ਘਰ ਦਾ ਕੰਮ ਧੰਦਾ ਨਿਬੇੜ ਕੇ ਗਲੀ'ਚ ਮੰਜਾ ਡਾਹ ਕੇ ਟਾਈਮ ਨੂੰ ਧੱਕਾ ਦੇਣ ਲਈ ਬੈਠੀਆਂ ਮੀਨਾ, ਸ਼ੀਨਾ, ਚਤਰੋ, ਰਾਣੀ, ਜੱਸੋ ਕਿਸੇ ਵਿਸ਼ੇ ਨੂੰ ਭਖਾਉਣ ਦੇ ਆਹਰ'ਚ ਸਨ। ਜੱਸੋ ਨੇ ਤੀਲੀ ਡੱਬੀ ਤੇ ਘਸਾ ਹੀ ਲਈ, "ਨੀ ਕੱਕੋ, ਅੱਜ ਤਾਂ ਬੜੀ ਮੁਸਕੀ ਪਈ ਐ।" ਕਹਿਣਾ ਤਾਂ ਉਸਨੇ 'ਮੁਸ਼ਕੜੀ ਹੱਸੀ ਜਾਂਦੀ ਐਂ' ਪਰ ਨੈਨੋ ਯੁੱਗ ਤੋਂ ਪ੍ਰਭਾਵਿਤ ਮਨ ਤੇ ਜ਼ੁਬਾਨ ਵੀ ਮਿੰਨੀ ਤੋਂ ਮਿੰਨੀ ਹੋਣ ਦਾ ਯਤਨ ਕਰਨ ਦੇ ਕਾਰਨ 'ਮੁਸਕੀ ਪਈ' ਕਹਿ ਹੋ ਗਿਆ। "ਕੀ ਗੱਲ ਕੁੜੇ ਅੱਜ ਤੂੰ ਤਾਂ ਰੁਮਾਂਟਿਕਤਾ ਤੇ ਹੀ ਉਤਰ ਆਈ ਐ ਤੜਕੇ ਤੜਕੇ ਈ! ਭਲਾ ਮੈਂ ਕਿਵੇਂ ਮੁਸ਼ਕੀ ਪਈ ਆਂ?''

"ਨਹੀਂ ਕੰਜਰੀਏ, ਮੇਰਾ ਮੁਸਕੀ ਤੋਂ ਮਤਲਬ ਤੇਰੇ ਚੇਹਰੇ ਤੋਂ ਪ੍ਰਗਟ ਹੋ ਰਹੀ ਮੁਸਕਾਨ ਤੋਂ ਸੀ।"

"ਕੁੜੇ ਮੁਸਕਾਣ ਤਾਂ ਆਉਣੀ ਹੀ ਸੀ... ਅੱਜ ਤਾਂ ਘਸੁੰਨ-ਮੁੱਕੀ ਹੋਣ ਦਾ ਸੁਵਾਦ ਈ ਆ ਗਿਆ।"

"ਹੈਂ! ਕੁੜੇ ਕੀਹਦੇ ਨਾਲ? ਸਾਡਾ ਜੀਜਾ 'ਤੇ ਤੇਰੇ ਅੱਗੇ ਪਾਣੀ ਭਰਦੈ,ਓਹਤਾ ਤੇਰੇ ਨਾਲ ਕੀ ਘਸੁੰਨ-ਮੁੱਕੀ ਹੋਇਆ ਹੋਊ?"

"ਕੁੜੇ ਘਸੁੰਨ ਮੁੱਕੀ ਤਾਂ ਬਰਾਬਰ ਦੇ ਨਾਲ ਹੀ ਕਰਨ'ਚ ਸੁਵਾਦ ਆਉਂਦੈ।"

"ਇਹਦਾ ਮਤਲਬ ਤੇਰੀ ਸੱਸ ਕੈਨੇਡਾ ਤੋਂ ਵਾਪਿਸ ਆ ਗਈ।"

"ਕਿੱਥੇ? ਉਹ ਤਾਂ ਕਹਿ ਕੇ ਗਈ ਐ, 'ਜੇ ਮੈਂ ਪਿਉ ਦੀ ਧੀ ਹੋਈ ਤਾਂ ਤੇਰਾ ਮਰੀ ਦਾ ਮੂੰਹ ਹੀ ਵੇਖਣ ਆਊ।'

"ਤੇ ਫੇਰ ਕੌਣ ਘਸੁੰਨ ਮੁੱਕੀ ਹੋ ਗਿਆ ਤੇਰੇ ਨਾਲ?"

"ਮੇਰਾ ਤਾ ਕਈ ਦਿਨਾਂ ਦਾ ਸਿਰ ਜਿਹਾ ਦੁਖੀ ਜਾਂਦਾ ਸੀ, ਬਦਹਜ਼ਮੀ ਹੋਈ ਪਈ ਸੀ। ਪਤਾ ਨਹੀਂ ਇਹਨਾਂ ਨੂੰ ਕਿੱਥੋਂ ਸੁਝਿਆ -ਵੱਡਾ ਸਾਰਾ ਮੁਬਾਈਲ ਘਰੇ ਲਿਆਏ ਅਤੇ ਕਹਿੰਦੇ, ਲੈ ਬਈ ਕੱਕੋ ਤੇਰੇ ਲਈ ਸਾਰੀ ਦੁਨੀਆਂ ਹੀ ਤੇਰੀ ਮੁੱਠੀ'ਚ ਲਿਆ ਤੀ, ਨੱਬੇ ਕੁ ਹਜ਼ਾਰ ਦਾ ਆਇਆ ਇਹ ਡੱਬੂ ਜਿਹਾ। ਤੇਰਾ ਸਿਰ ਦੁਖਣੋਂ ਨਹੀਂ ਹੱਟਦਾ, ਢਿੱਡ'ਚ ਕੜੱਲ ਪੈਣੋਂ ਸਾਹ ਨਹੀਂ ਲੈ ਰਹੇ, ਲੱਗਦੈ ਤੇਰੇ ਚਿੱਤ'ਚ ਗੁੱਭ-ਗੁਬਾਰ ਈ ਭਰਿਆ ਪਿਆ ਹੋਊ ਤੇ ਉਧਰ ਮਾਂ ਵੀ ਉਸਲਵੱਟੇ ਲਈ ਜਾਂਦੀ ਹੋਊ, ਕੋਈ ਮਿਹਣੋ-ਮਿਹਣੀ ਹੋਣ ਲਈ ਨਹੀਂ ਮਿਲਦੀ ਹੋਊ। ਅੱਜ ਮੈਂ ਥੋਡੀ ਕਰਾਉਣੀ ਹੈ ਵੀਡੀਓ-ਕਾਨਫਰੰਸ। ਆਪਾ ਆਜਾ ਗੇ ਇਕ ਦੂਸਰੇ ਦੇ ਸਾਹਮਣੇ,ਤੇ ਕਰ ਲਿਉ ਮਨ ਹਲਕਾ, ਘਸੁੰਨ-ਮੁੱਕੀ ਹੋ ਕੇ।"

"ਕਿਉਂ ਮੈਨੂੰ ਮੂਰਖ ਬਣਾਉਂਦੇ ਹੋ? ਉਹ ਕੜਮੀ ਦੀ ਜ਼ਬਾਨ ਹੀ ਇੰਨੀ ਲੰਮੀ ਹੈ ਕਿ ਉਹ ਵੱਧਦੀ ਵੱਧਦੀ ਇੱਥੋਂ ਤੱਕ ਆ ਜੇ ਗੀ। ਘਸੁੰਨਮੁੱਕੀ ਲਈ ਹੱਥ ਬਾਹਵਾਂ ਕਿਵੇਂ ਪਹੁੰਚਣਗੇ ਇਕ ਦੂਜੇ ਕੋਲ?"

"ਅਕਲ ਦੀਏ ਅੰਨੀਏ-ਨਹੀਂ! ਰੋਜ਼ ਟੀ.ਵੀ. ਤੇ ਨਹੀਂ ਵੇਹਦੀ ਹੁੰਦੀ ਘਸੁੰਨ-ਮੁੱਕੀ। ਅੱਜ ਕੱਲ ਜ਼ਮਾਨਾ ਹੈ ਡਿਜ਼ੀਟਲ ਘਸੁੰਨ-ਮੁੱਕੀ ਦਾ ਤੇ ਆਪਾਂ ਵੀ ਉਹੀ ਕਰਾਂਗੇ। ਮੈਨੂੰ ਪਤੈ, ਮੈਨੂੰ ਤਾਂ ਸਮਾਂ ਮਿਲਣਾ ਹੀ ਨਹੀਂ ਮੂੰਹ ਖੋਲ੍ਹਣ ਦਾ ਪਰ ਫਿਰ ਵੀ ਟੀ.ਵੀ. ਦੇ ਐਂਕਰ ਵਾਂਗ ਮੈਂ ਤੁਹਾਡੇ ਵਿਚਕਾਰ ਬੈਠਾਂਗਾ।"

ਤੇ ਜਿਉਂ ਹੀ ਅਸੀਂ ਸਕਰੀਨ ਤੇ ਇਕ ਦੂਜੇ ਦੇ ਸਾਹਮਣੇ ਆਈਆਂ- ਆਪਣੇ ਸੰਸਕਾਰਾਂ ਨੂੰ ਕਾਇਮ ਰੱਖਣ ਦਾ ਦਿਖਾਵਾ ਕਰਦਿਆਂ ਥੋਹੜਾ ਜਿਹਾ ਝੁੱਕ ਕੇ ਮਨ'ਚ ਮੈਂ ਗਾਲ੍ਹ ਜਿਹੀ ਕੱਢੀ ਤਾਂ ਕਿ ਉਹਨੂੰ ਲੱਗੇ ਮੈਂ ਪੈਰੀਪੈਣਾ ਕਰ ਰਹੀ ਹਾਂ।ਉਂਝ ਮੈਨੂੰ ਪਤੈ, ਿ?ਜਹੜੀ ਮੇਰੀਆਂ ਉਂਗਲਾਂ'ਚ ਹੁੰਦੀ ਹੈ ਉਹ ਉਹਦੇ ਨਹੁੰਆਂ'ਚ ਹੁੰਦੀ ਹੈ। ਉਹਨੇ ਵੀ ਹੱਥ ਜਿਹਾ ਉਤਾਂਹ ਨੂੰ ਚੁੱਕਿਆ ਤਾਂ ਕਿ ਵੇਖਣ ਵਾਲੇ ਨੂੰ ਲੱਗੇ, ਬਈ ਆਸ਼ੀਰਵਾਦ ਦੇ ਰਹੀ ਹੈ। ਮੈਨੂੰ ਪਤੈ ਮਨ'ਚ ਉਸਨੇ ਕਿਹਾ ਹੋਊ, 'ਕਿੱਥੇ ਡੈਣ ਮੱਥੇ ਲੱਗ ਗਈ।' ਚਲੋ ਘਰ ਵਾਲਿਆਂ ਦੇ ਸਾਹਮਣੇ ਤਾਂ ਸੰਸਕਾਰੀ ਹੋਣ ਦਾ ਡਰਾਮਾ ਕਰਨਾ ਹੀ ਸੀ।"

"ਨੀ ਕੁੜੇ ਅੱਗੇ ਦੱਸ!"

"ਬੱਸ ਫੇਰ ਕੀ ਭੈਣੇ, ਹਾਲ ਚਾਲ ਪੁੱਛ ਕੇ ਮਿਹਣਿਆਂ ਦੀ ਕਿਣਮਿਣ ਤੇ ਫਿਰ ਹੌਲੀ ਹੌਲੀ ਗਾਲ੍ਹਾਂ ਦੀ ਚਟਣੀ'ਚ ਭਿਉਂ ਭਿਉਂ ਕੇ ਛੱਡਣੇ ਸ਼ੁਰੂ ਕਰ ਦਿੱਤੇ ਅਤੇ ਜ਼ੁਬਾਨ ਦੀ ਉਚਾਈ-ਗਤੀ ਨੂੰ ਨੱਬੇ-ਮੀਲੀ ਬਣਾ ਕੇ ਪਰ ਫਿਰ ਵੀ ਲੱਗ ਰਿਹਾ ਸੀ ਕਿ ਸਪੀਡ ਅਜੇ ਘੱਟ ਹੈ ਤੇ ਲੱਗਦਾ ਸੀ ਸਾਡੀ ਗੱਲ ਤਾਂ ਇਕ ਦੂਜੀ ਕੋਲ ਪਹੁੰਚ ਹੀ ਨਹੀਂ ਰਹੀ, ਇਸੇ ਲਈ ਗਾਲ੍ਹਾਂ ਮਿਹਣਿਆਂ ਨੂੰ ਸਿਰੇ ਦੀ ਗਤੀ ਬਖ਼ਸ਼ਣ ਲਈ ਹੱਥਾਂ'ਤੇ ਬਾਹਵਾਂ ਨੂੰ ਐਕਸ਼ਨ ਵਿੱਚ ਲੈ ਆਂਦਾ। ਇਕ ਵਾਰ ਤਾਂ ਇਹਨਾਂ ਜ਼ੋਸ਼ ਆਇਆ ਕਿ ਮੈਂ ਮੁਬਾਈਲ ਦੀ ਸਕਰੀਨ ਤੇ ਹੀ ਮੁੱਕਾ ਮਾਰ ਦੇਣਾ ਸੀ ਇਹ ਤਾਂ ਇਹਨਾਂ ਨੇ ਹਵਾਂ 'ਚ ਲਹਿਰਾਇਆ ਮੁੱਕਾ ਫੜ੍ਹ ਲਿਆ ਤੇ ਨੱਬੇ ਹਜ਼ਾਰ'ਚ ਪਾਣੀ ਪੈਣੋਂ ਬਚ ਗਿਆ। ਪਰ ਭੈਣੇ ਇਕ ਘੰਟਾ ਡਿਜ਼ੀਟਲ ਘਸੁੰਨ ਮੁੱਕੀ ਕਰਕੇ ਸੁਆਦ ਹੀ ਆ ਗਿਆ-ਮਨ ਸ਼ਾਤ ਹੋ ਗਿਆ।"

"ਨੀ ਕੁੜੇ ਸਾਨੂੰ ਵੀ ਇਹ ਸਿਖਾ ਦੇ।"

"ਲੈ.... ਐਂ ਤਾਂ ਕਿਵੇਂ ਸਿਖਾਦਿਆਂ? ਪਹਿਲਾਂ ਪੰਜਾਹ ਪੰਜਾਹ ਹਜ਼ਾਰ ਖਰਾ ਕਰੋ।"

"ਕੰਜਰੀਏ ਤੂੰ ਸਾਥੋਂ ਫੀਸ ਲਏਂਗੀ।"

"ਮੈਂ ਤਾਂ ਕਾਹਦੀ ਫੀਸ ਲੈਣੀ ਐ? ਇਹ ਤਾਂ ਭੈਣੇ ਆਹ ਯੰਤਰ ਜੇ ਲੈਣੇ ਪੈਣ ਗੇ ਜੀਹਦੇ 'ਚ ਤੁਹਾਨੂੰ ਕਈ ਜਣੀਆਂ ਨੂੰ ਇਕੱਠੇ ਬਿਠਾ ਲੈਣ ਦੀ ਥਾਂ ਹੋਵੇ।"

ਸਦਕੇ ਜਾਈਏ ਵਿਗਿਆਨੀਆਂ ਦੇ ਜਿਹਨਾਂ ਨੇ ਡਿਜ਼ੀਟਲ ਨੂੰ ਲੋਕਾਂ ਦੀ ਜ਼ਿੰਦਗੀ ਦਾ ਹਮਸਫਰ ਬਣਾਇਆ: ਡਿਜ਼ੀਟਲ ਕਰੰਸੀ, ਡਿਜ਼ੀਟਲ ਅਪਰੇਸ਼ਨ, ਡਿਜ਼ੀਟਲ ਅਰੈਸਟ ਆਦਿ ਅਤੇ ਹੁਣ ਆਹ 'ਡਿਜ਼ੀਟਲ ਘਸੁੰਨ-ਮੁੱਕੀ'। ਸਾਰਾ ਸਮਾਜ ਹੀ ਡਿਜ਼ੀਟਲ ਡਿਜ਼ੀਟਲ ਕੀਤਾ ਪਿਐ। ਡਿਜ਼ੀਟਲ ਘਸੁੰਨ ਮੁੱਕੀ ਦੇ ਫਾਇਦੇ ਬੜੇ ਨੇ, ਕਿਸੇ ਦੇ ਕੋਈ ਸੱਟ ਲੱਗਣ ਦੀ ਗੁਜ਼ਾਇਸ਼ ਨਹੀਂ ਰਹਿ ਜਾਂਦੀ, ਜੂੰਡੇ ਪੱਟਣ-ਪਟਾਉਣ ਦਾ ਖਤਰਾ ਨਹੀਂ ਰਹਿੰਦਾ, ਜਦੋਂ ਸੱਟ ਫੇਟ ਨਹੀਂ ਵੱਜਣੀ ਫਿਰ ਡਾਕਟਰਾਂ, ਵਕੀਲਾਂ, ਪੁਲੀਸ ਦੇ ਘਰ ਕੀਹਨੇ ਭਰਨੇ ਹੋਏ? ਸੱਟਾਂ ਫੇਟਾਂ 'ਤੇ ਸੇਕੇ ਦੇਣ ਦੀਆਂ ਲੋੜਾਂ ਨਹੀਂ। ਜਿਹੜੇ ਮਕਸਦ ਫਿਜ਼ੀਕਲ ਘਸੁੰਨ ਮੁੱਕੀ ਨਾਲ ਪੂਰੇ ਹੁੰਦੇ ਸੀ ਉਹ ਸਾਰੇ ਦੇ ਸਾਰੇ ਡਿਜ਼ੀਟਲ ਘਸੁੰਨ ਮੁੱਕੀ ਨਾਲ ਪੂਰੇ ਹੋ ਜਾਂਦੇ ਨੇ।

ਯਾਦ ਕਰੋ! ਅੱਜ ਤੋਂ ਕੋਈ ਪੰਜ ਛੇ ਦਹਾਕੇ ਪਹਿਲਾਂ ਦੀਆਂ ਗੱਲਾਂ। ਮੈਨੂੰ ਲੱਗਦੈ ਉਦੋਂ ਬੱਚੇ ਬੜੇ ਸਿਆਣੇ ਹੁੰਦੇ ਸੀ। ਜਿਵੇਂ ਸਿਆਣੇ ਕਹਿੰਦੇ ਨੇ ਜਦੋਂ ਲੜਾਈ ਸਿਖਰ'ਤੇ ਪਹੁੰਚ ਜਾਵੇ ਫਿਜ਼ੀਕਲ ਨੁਕਸਾਨ ਹੋਣ ਤੋਂ ਬਚਾਅ ਕਰਨ ਲਈ ਉਦੋਂ ਜੇ ਇਕ ਮਿੰਟ ਲਈ ਵੀ ਕੰਧ ਵੱਲ ਮੂੰਹ ਕਰਕੇ ਖੜ੍ਹ ਜਾਈਏ ਤਾਂ ਨੁਕਸਾਨਾਂ ਤੋਂ ਬਚਿਆ ਜਾ ਸਕਦੈ। ਇਸੇ ਤਰ੍ਹਾਂ ਬੱਚੇ ਵੀ ਲੜਾਈ ਦੇ ਸਿਖਰੀ-ਪਲਾਂ ਨੂੰ ਟਾਲ ਲੈਂਦੇ ਸਨ। ਖੇਡਦੇ ਖੇਡਦੇ ਉਹ ਉਦੋਂ ਲੜਦੇ ਜਦੋਂ ਉਹਨਾਂ ਨੂੰ ਅਹਿਸਾਸ ਹੋ ਜਾਂਦਾ ਕਿ ਹੁਣ ਘਰਾਂ ਨੂੰ ਵਾਪਸੀ ਹੋਣ ਵਾਲੀ ਐ। ਯੁੱਧ ਨੂੰ ਭਖਾ ਕੇ ਸਿਖਰ'ਤੇ ਲੈ ਜਾਂਦੇ ਉਧਰੋਂ ਘਰ ਨੂੰ ਵਾਪਸੀ ਪਾ ਦਿੰਦੇ, ਚੱਲਦੇ ਬੈਕ ਗੇਅਰ ਪਾ ਕੇ ਤਾਂ ਕਿ ਵੈਰੀ ਪਿੱਠ ਪਿੱਛੋਂ ਨਾ ਵਾਰ ਕਰ ਦੇਵੇ, ਘਰ ਤੱਕ ਪਹੁੰਚਦਿਆਂ ਪੱਟਾਂ ਤੇ ਥਾਪੀਆਂ ਮਾਰ ਮਾਰ ਪੱਟਾ ਦੇ ਸੰਨਾਂ ਨੂੰ ਲਾਲ ਕਰ ਦਿੰਦੇ, ਨਾਲੇ ਪਿੱਛੇ ਪਿੱਛੇ ਹੱਟਦੇ ਕਹੀ ਜਾਂਦੇ, "ਆਈਂ ਸਾਡੇ ਘਰ ਵੰਨੀ.... ਦੇਊਂ ਧਨੇਸੜੀ..... ਤੇਰੀ ਭੈ...... ਕੱਢੂ ਤੇਰੀ ਜੇਬ'ਚੋਂ ਬੰਟੇ ਤੇ ਰੱਬ ਤੇ ਭੇਜਦੂੰ।" ਕਿਉਂਕਿ ਉਦੋਂ ਕੱਛਨੀ-ਦੌਰ ਹੁੰਦਾ ਸੀ, ਪੈਂਟ ਪਜਾਮੇ ਤਾਂ ਕਿਸੇ ਟਾਵੇਂ ਘਰੇ ਹੀ ਨਸੀਬ ਹੁੰਦੇ ਸੀ।ਲੱਗਦੈ ਇਹਨਾਂ ਦੀ ਸਿਆਣਪ ਇਹੀ ਹੁੰਦੀ ਸੀ ਹੁਣ ਦੀ ਘੜੀ ਟਾਲ ਲਉ, ਗੁੱਸਾ ਵੀ ਘਰੇ ਵੜਦਿਆਂ ਤਿੱਤਰ ਹੋ ਜਾਵੇਗਾ, ਹੁਣ ਦਬਕੇ ਮਾਰ ਕੇ ਭੱਜ ਚੱਲੀਏ, ਕਲ ਤੜਕੇ ਜਦੋਂ ਮਿਲਾਂਗੇ ਨਵੇਂ ਦੌਰ'ਚ ਸ਼ੁਭ-ਪ੍ਰਭਾਤ ਨਾਲ ਹੀ ਮਿਲਾਂਗੇ ਜਾਣੀ ਕਿ ਗਹਿਗੱਚ ਯਾਰੀ ਦਾ ਦੌਰ ਸ਼ੁਰੂ ਹੋ ਜਾਵੇਗਾ।

ਆਹ ਡਿਜ਼ੀਟਲ ਘਸੁੰਨਮੁੱਕੀ ਵੀ ਅਜਿਹੀ ਪ੍ਰਕਿਰਿਆ ਹੈ। ਗਰਮੋ-ਗਰਮੀ ਹੁੰਦਿਆ ਸਾਹਮਣੇ ਹੋਣ 'ਤੇ ਘਸੁੰਨਮੁੱਕੀ ਦੇ ਐਕਟਿਵ ਹੋਣ ਦੇ ਚਾਂਸ ਬਹੁਤ ਹੁੰਦੇ ਨੇ ਪਰ ਡਿਜ਼ੀਟਲ ਘਸੁੰਨ ਮੁੱਕੀ ਵਿੱਚ ਫੀਜੀਕਲ ਹੋਣ ਦੇ ਨੁਕਸਾਨਾਂ ਤੋਂ ਬਚਾਅ ਰਹਿੰਦਾ ਹੈ।

ਦਫਤਰਾਂ ਦੇ ਬੌਸਜ਼ ਨੂੰ ਡਿਜ਼ੀਟਲ ਘਸੁੰਨਮੁੱਕੀ ਦਾ ਬੜਾ ਫਾਇਦਾ ਰਹਿੰਦੈ। ਜਦ ਵੀ ਉਹਨਾਂ ਨੇ ਆਪਣੇ ਮਤਾਹਿਤਾਂ 'ਤੇ ਗੁੱਸਾ ਉਤਾਰ ਆਪਣਾ ਮਨ ਹਲਕਾ ਕਰਨਾ ਹੁੰਦਾ ਹੈ, ਆਹਮਣੇ-ਸਾਹਮਣੇ ਹੋਣ ਦੀ ਬਜਾਇ ਆਪਣੇ ਕੈਬਿਨ ਦਾ ਅੰਦਰੋਂ ਕੁੰਡਾ ਲਾ ਕੇ ਇਕ ਤਰਫਾ ਡਿਜ਼ੀਟਲ ਘਸੁੰਨ ਮੁੱਕੀ ਬੇਫਿਕਰੀ ਨਾਲ ਕਰ ਸਕਦੇ ਨੇ। ਕਿਉਂਕਿ ਮਾਤਹਿਤ ਤਾਂ ਹੁਕਮ ਦੇ ਬੱਝੇ ਹੁੰਦੇ ਨੇ ਕਿ 'ਬੌਸ ਵਿਰੁਧ ਜ਼ੁਬਾਨ' ਨੂੰ ਆਪਣੇ ਘਰ ਹੀ ਸੰਭਾਲ ਕੇ ਆਉਣਾ ਹੈ। ਜੀਭਾ ਘਸੁੰਨ ਮੁੱਕੀ ਕਰਦਿਆਂ ਜੇ ਮਾਤਹਿਤ ਕਦੇ ਸਾਹਮਣੇ ਖੜ੍ਹੇ ਹੋਣ, ਖਤਰਾ ਤਾਂ ਹੋ ਹੀ ਸਕਦੈ ਕਿ ਕਦੇ ਵੀ ਕਿਸੇ ਵੀ ਮਾਤਹਿਤ ਦਾ ਸਾਈਲੈਂਸ ਪਿਆ ਬਰੇਨ ਭੰਬੂਕਾ ਮਾਰ ਕੇ ਉਠ ਸਕਦੈ ਅਤੇ ਹੱਥਾਂ ਬਾਹਾਂ ਨੂੰ ਐਕਸ਼ਨ ਕਰਨ ਦਾ ਹੁਕਮ ਦੇ ਕੇ ਬਾਸ ਲਈ ਵਕਤ ਖੜ੍ਹਾ ਕਰ ਸਕਦੈ। ਇਸ ਲਈ ਇਸ ਗੱਲੋਂ ਬਾਸ ਹੁਣ ਆਪਣੇ ਆਪ ਨੂੰ ਬੜਾ ਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਨੇ।ਪਰ ਇਸ ਸੁਰੱਖਿਆ ਨੂੰ ਹੋਰ ਪਾਸਿਉਂ ਸੰਨ ਵੀ ਲੱਗ ਸਕਦੀ ਹੈ। ਪਹਿਲਾਂ ਤਾਂ ਵੱਡਾ ਖਤਰਾ ਉਹਨਾਂ ਨੂੰ ਸ਼ਾਮੀ ਘਰ ਪਹੁਚੰਣ ਤੇ ਝੱਲਣਾ ਹੁੰਦਾਸੀ। ਉਦੋਂ ਬੌਸ-ਸਾਹਿਬਾਨੀ ਸਾਰਾ ਦਿਨ ਘਰ ਦੇ ਕਮਰਿਆਂ ਦੇ ਚੱਕਰ ਕੱਟਦੀ ਸ਼ਾਮੀਂ ਲਈ ਜੋ ਮਨਸੂਬੇ ਬਣਾਉਂਦੀ ਰਹਿੰਦੀ ਸੀ ਉਹ ਸ਼ਾਮ ਨੂੰ ਹੀ ਲਾਗੂ ਹੁੰਦੇ ਸਨ। ਪਰ ਹੁਣ... ਝੱਟ 'ਮੁਬਾਈਲ ਜਾਨੇਮਨ' ਦੀਆਂ ਸੇਵਾਵਾਂ ਲੈ ਕੇ ਬੌਸ ਦੇ ਦਫਤਰ ਬੈਠੇ ਦੇ ਸਿਰ ਹੀ ਆ ਗੱਜਦੀਆਂ ਨੇ ਤੇ ਬੇਜ਼ੁਬਾਨ ਹੋਇਆ ਬੌਸ ਫੋਨ ਨੂੰ ਆਪਣੇ ਸਾਹਮਣੇ ਇਸ ਐਂਗਲ ਤੇ ਰੱਖ ਲੈਂਦਾ ਹੈ ਕਿ ਮੈਡਮ ਨੂੰ ਸਾਰੇ ਦਾ ਸਾਰਾ ਦੀਹਦਾ ਰਹੇ। ਉਂਝ ਉਸ ਵਕਤ ਬਾਸ ਦੇ ਹੱਥ ਬਾਹਵਾਂ ਅਤੇ ਜੀਭ ਨੂੰ ਵੀ ਲਕਵੇ ਦਾ ਦੌਰਾ ਪੈ ਜਾਂਦਾ ਹੈ ਪਰ ਬੌਸ ਦੀ ਕੋਸ਼ਿਸ਼ ਹੁੰਦੀ ਹੈ ਦਫਤਰ ਦਾ ਕੋਈ ਖਤਰਨਾਕ ਕੋਨਾ ਮੈਡਮ ਨੂੰ ਨਾ ਦਿਸੇ। ਮੈਡਮ ਦੀ ਡਿਜ਼ੀਟਲ ਘਸੁੰਨ ਮੁੱਕੀ ਜੋ ਬਿਨ੍ਹਾਂ ਸਮਾਂ-ਬੱਧ ਹੁੰਦੀ ਹੈ, ਚੱਲਦੀ ਰਹਿੰਦੀ ਹੈ- ਕਰਮਚਾਰੀ ਵੀ ਇਸ ਮੌਕੇ ਦਾ ਕਦੇ ਕਦੇ ਫਾਇਦਾ ਉਠਾ ਲੈਂਦੇ ਨੇ ਕਿਉਂਕਿ ਬਾਸ ਦੀਆਂ ਨਿਗਾਹਾਂ ਤਾਂ ਮੈਡਮ ਦੀਆਂ ਨਿਗਾਹਾਂ ਨੇ ਕਾਬੂ ਕੀਤੀਆਂ ਹੁੰਦੀਆਂ ਹਨ ਤੇ ਉਹ ਇਕ ਪਾਸੇ ਫਾਈਲਾਂ ਲਿਆ ਲਿਆ ਬੌਸ ਤੋਂ ਘੁੱਗੀਆਂ ਮਰਵਾਈ ਜਾਂਦੇ ਨੇ। ਇਸ ਤਰ੍ਹਾਂ ਬਾਸ ਦੇ ਗੁੱਸੇ ਦੀਆਂ ਸ਼ਿਕਾਰ ਹੋਈਆਂ ਅਲਮਾਰੀਆਂ ਦਾ ਸ਼ਿੰਗਾਰ ਬਣੀਆਂ ਕਈ ਫਾਈਲਾਂ ਵੀ ਭਵਸਾਗਰ ਤਰ ਜਾਂਦੀਆਂ ਹਨ।

ਵੈਸੇ ਡਿਜ਼ੀਟਲ ਘਸੁੰਨ ਮੁੱਕੀ ਦਾ ਫਾਇਦਾ ਸਾਡੀਆਂ ਰਾਜਨੀਤਕ ਪਾਰਟੀਆਂ ਨੂੰ ਬਹੁਤ ਹੁੰਦਾ ਹੈ। ਪਹਿਲਾਂ ਕਦੇ ਮੇਲਿਆਂ ਜਾਂ ਕਿਸੇ ਸਮਾਗਮਾਂ ਵਿੱਚ ਇਕੱਠੇ ਹੋ ਕੇ ਇਕ ਦੂਜੇ ਤੇ ਚਿੱਕੜ-ਉਛਾਲਣ, ਗਾਲੋ ਗਾਲੀ, ਹੱਥੋਪਾਈ ਹੋਣ ਦਾ ਮੌਕਾ ਮਿਲਦਾ ਸੀ ਪਰ ਉਥੇ ਆਪਣੀ ਜਿੱਤ ਯਕੀਨੀ ਬਣਾਉਣ ਲਈ ਗੁੰਡੇ-ਬਦਮਾਸ਼, ਹਥਿਆਰ ਸਮੇਤ ਟਕੂਏ, ਕ੍ਰਿਪਾਨਾਂ, ਗੰਡਾਸੇ, ਡਾਂਗਾਂ, ਬੰਦੂਕਾਂ, ਪਿਸਟਲ, ਨਾਲ ਰੱਖਣੇ ਪੈਂਦੇ ਪਰ ਹੁਣ ਇਹ ਸਾਰੇ ਝੰਝਟ ਖਤਮ ਹੋ ਗਏ ਨੇ। ਹੁਣ ਤਾਂ ਆਪਣੇ ਘੁਰਨਿਆਂ 'ਚ ਬੈਠੇ, ਚੈਨਲਾਂ ਨਾਲ ਸੰਪਰਕ ਸਾਧ ਕੇ ਇਕ ਦੂਜੇ ਨੂੰ ਘੂਰਦਿਆਂ ਡਿਜ਼ੀਟਲ ਘਸੁੰਨ ਮੁੱਕੀ ਕਰਦੇ ਰਹਿੰਦੇ ਨੇ ਜਿਹਨਾਂ ਦੀ ਕੋਈ ਹੱਦ ਬੰਨਾਂ ਨਹੀਂ ਹੁੰਦਾ ਕਈ ਵਾਰ ਤਾਂ ਇਹ ਇੰਨੇ ਗਰਮੋ ਗਰਮ ਹੋ ਜਾਂਦੇ ਨੇ ਕਿ ਦਰਸ਼ਕਾਂ ਨੂੰ ਡਰ ਲੱਗਣ ਲੱਗ ਜਾਂਦਾ ਹੈ ਕਿ ਇਹ ਇੰਨੇ ਗੁੱਸੇ'ਚ ਆਏ ਜ਼ਰੂਰ ਕਿਸੇ ਨੂੰ ਸੱਟ ਫੇਟ ਮਾਰ ਦੇਣਗੇ। ਪਰ ਐਂਕਰ ਵੀ ਆਪਣੇ ਕੋਲ ਸੁਦਰਸ਼ਨ ਚੱਕਰ ਰੱਖੀ ਬੈਠਾ ਹੁੰਦਾ ਹੈ, ਇਹਨਾਂ ਦੀਆਂ ਛੱਡੀਆਂ ਮਜ਼ਾਈਲਾਂ-ਡਰੋਨਾਂ ਨੂੰ ਭਸਮ ਕਰ ਦਿੰਦਾ ਹੈ ਤੇ ਇਸ਼ਾਰੇ ਨਾਲ ਸੱਭ ਨੂੰ ਆਪਣੇ ਬੈਂਕ ਖਾਤਿਆਂ ਨੂੰ ਵੇਖਣ ਦੇ ਆਹਰੇ ਲਾ ਦਿੰਦਾ ਹੈ। ਤੇ ਜਦੋਂ ਖਾਤੇ ਦਾ ਕੱਦ ਵਧਿਆ ਦਿਸਦਾ ਹੈ ਤੇ ਫਿਰ ਵਿਰੋਧੀ ਕਿਸ ਨੂੰ ਦਿਸਣਾ ਹੋਇਆ? ਇਹੀ ਪੁੱਛਦੇ ਰਹਿੰਦੇ ਨੇ, ਬਈ ਅਜਿਹੀ ਘਸੁੰਨ ਮੁੱਕੀ ਫੇਰ ਕਦੋਂ ਕਰਨੀ ਐ? ਸੁਵਾਦ ਈ ਆ ਗਿਆ ਅੱਜ ਤਾਂ। ਤੇ ਨਾਲ ਹੀ ਐਂਕਰ ਦੀ ਰਾਇ ਜਾਨਣ ਲਈ ਪੁੱਛ ਬਹਿੰਦੇ ਨੇ , "ਕਿਵੇਂ ਲੱਗੀ ਮੇਰੀ ਐਕਟਿੰਗ'ਤੇ ਗੱਲ ਬਾਤ ਫਿਰ?"

* * * * * * * *

# • ਪੰਜਾਬੀ ਫ਼ਿਲਮ ਦਰਪਣ •

## ਰਾਮ ਨੂੰ ਮਿਲੀ ਨਰਗਿਸ ਫਾਖਰੀ ਬੋਲੀ ਮੁੰਬਈ ਆਨਾ



ਨਿਊਯਾਰਕ ਵਿੱਚ ਰਾਮ ਜੀ ਸੰਗੀਤ ਬਜ਼ਾਰ ਦੇ ਕਾਮਯਾਬ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਨਾਲ ਫਿਲਮੀ ਦੁਨੀਆਂ ਦੇ ਸ਼ੋ ਕਰਵਾਉਂਦੇ ਰਹਿੰਦੇ ਹਨ, ਕਾਫ਼ੀ ਚਿਰ ਤੋਂ ਸਿਲਸਿਲਾ ਜ਼ਾਰੀ ਹੈ। ਬਾਲੀਵੁੱਡ ਨੂੰ ਉਂਗਲਾਂ ਤੇ ਨਚਾਉਣ ਵਾਲੀ ਐਕਟ੍ਰੈਸ ਨਰਗਿਸ ਫਾਖਰੀ ਯੂ ਐਸ ਏ ਆਈ ਤੇ ਨਿਊਯਾਰਕ ਵਿਖੇ ਕਾਫੀ ਦੇਰ ਆਰ ਜੇ ਬੀਟਸ ਦੇ ਮਾਲਿਕ ਰਾਮ ਭੋਗ ਪੁਰੀਆ ਨਾਲ ਗੱਲਾਂ ਵਿੱਚ ਮਸਰੂਫ ਰਹੀ। ਰਾਮ ਨੂੰ ਉਚੇਚੇ ਸੱਦੇ ਮੁੰਬਈ ਆਓਣ ਲਈ ਦਿੱਤੇ ਤੇ ਕਿਹਾ ਤੁਸੀਂ ਪੰਜਾਬੀ ਫ਼ਿਲਮ ਕਰੋਗੇ ਤਾਂ ਓਹ ਓਸ ਵਿੱਚ ਕੰਮ ਕਰ ਖੁਸ਼ ਹੋਏਗੀ। ਰਾਮ ਜੀ ਅੱਜ ਕਲ ਭੱਟੀ ਬ੍ਰਦਰਜ਼, ਮਨਵੀਰ ਰਾਣਾ ਤੋਂ ਬਾਅਦ ਟੋਪ ਦੇ ਟਰੈਕ ਲਿਆ ਰਹੇ ਨੇ ਤੇ ਨਰਗਿਸ ਫਾਖਰੀ ਮੁੰਬਈ ਦੁੱਖ ਸੁੱਖ ਹੱਸ ਖੇਡ ਕੱਟ ਰਹੀ ਹੈ ਜੈ ਹੋ। ਬੰਨੀ ਸ਼ਰਮਾ ਨੇ ਸੋਸ਼ਲ ਮੀਡੀਆ ਤੇ ਕਿਹਾ ਕਿ ਰਾਮ ਭੋਗਪੁਰ ਦਰਅਸਲ ਯੁਵਾ ਅਵਸਥਾ ਵਿੱਚ ਹੀਰੋ ਲੱਗਦੇ ਸਨ ਤੇ ਨਰਗਿਸ ਫਾਖਰੀ ਓਹਨਾਂ ਤੋਂ ਪ੍ਰਭਾਵਿਤ ਹੋਈ ਸੀ ਤੇ ਰਾਮ ਜੀ ਵੀ ਇਸ ਫਿਲਮੀ ਸ਼ੋ ਬਾਅਦ ਅੱਜ ਨਰਗਿਸ ਦੀਆਂ ਤਸਵੀਰਾਂ ਸ਼ੇਅਰ ਕਰ ਆਪਣੇ ਅਰਮਾਨ ਏ ਫਾਖਰੀ ਪੇਸ਼ ਕਰ ਰਹੇ ਹਨ।

## ਬਲਦੇਵ ਰਾਜ ਬੋਲੇ ਦਿਲਜੀਤ ਦੋਸਾਂਝ ਲਈ ਤਨ ਮਨ ਧਨ ਨਾਲ ਕੁਰਬਾਨ



ਦੋਸਾਂਝ ਵਾਲੇ ਲਈ ਪੰਜਾਬੀ ਫ਼ਿਲਮਾਂ ਵਾਲੇ ਡੱਟ ਕਿ ਸਾਹਮਣੇ ਆਏ ਨੇ ਤੇ ਖਾਸ ਕਰ ਬਲਦੇਵ ਰਾਜ ਜਿਹੜੇ ਪੰਜ ਪੰਜਾਬੀ ਫ਼ਿਲਮਾਂ ਕਰ ਚੁੱਕੇ ਨੇ ਤੇ ਹੁਣ ਹਿੰਦੀ ਫ਼ਿਲਮਾਂ ਵੱਲ ਆਏ ਹਨ ਨੇ ਕਿਹਾ ਕਿ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ ਤੇ ਉਂਗਲ ਚੁੱਕਣ ਵਾਲੇ ਸਸਤੀ ਸ਼ੋਹਰਤ ਦੇ ਭੁੱਖੇ ਨੇ ਤੇ ਸਾਡਾ ਮਾਂਡੀਆਂ ਪਰਿਵਾਰ ਡੱਟ ਕਿ ਤਨ ਮਨ ਧਨ ਨਾਲ ਦਿਲਜੀਤ ਦੋਸਾਂਝ ਲਈ ਖੜ੍ਹਾ ਹੈ ।ਬਲਦੇਵ ਰਾਜ ਨੇ ਕਿਹਾ ਕਿ ਓਹਨਾਂ ਦਾ ਹੀਰੋ ਪੁੱਤਰ ਦੀਪ ਵੀ ਦਿਲਜੀਤ ਦੋਸਾਂਝ ਦੀ ਪਿੱਠ ਤੇ ਹੈ। ਦੁਨੀਆਂ ਵਿੱਚ ਟੈਗ "ਪੰਜਾਬੀ ਆ ਗਏ ਓਏ" ਦਿਲਜੀਤ ਦੀ ਦੇਣ ਹੈ, ਬਾਕੀ ਬਾਲੀਵੁੱਡ ਕੀ ਸਾਡੀ ਸਾਰੀ ਹਿੰਦੀ ਫ਼ਿਲਮਾਂ ਦੀ ਦੁਨੀਆਂ ਪਹਿਲਗਾਮ ਘਟਨਾ ਤੇ ਸੱਪ ਸੁੰਘ ਗਿਆ ਤੇ ਅੱਜ ਦਿਲਜੀਤ ਦੋਸਾਂਝ ਨਾਲ ਵਿਤਕਰਾ, ਈਰਖਾ ਤੇ ਬਲਦੇਵ ਰਾਜ ਨੇ ਕਿਹਾ ਸਾਰਾ ਪੰਜਾਬ,ਪੰਜਾਬੀ ਦੋਸਾਂਝ ਵਾਲੇ ਨਾਲ ਹਨ ਖੁਦ ਨਰਿੰਦਰ ਮੋਦੀ ਜੀ ਸਤਿਕਾਰਤ ਪ੍ਰਧਾਨ ਮੰਤਰੀ ਦਿਲਜੀਤ ਦੁਸਾਂਝ ਨਾਲ ਮਿਲਦੇ ਹਨ ਤਾਂ ਇਹ ਨਕਲੀ ਦੇਸ਼ ਪ੍ਰੇਮੀ ਹਾਸਾ ਇਹਨਾਂ ਦੀ ਸੋਚ ਤੇ ਬਲਦੇਵ ਰਾਜ ਨੇ ਕਿਹਾ ਸਾਬਾਸ਼ ਬਲਦੇਵ ਰਾਜ ਨਿਰਮਾਤਾ ਹੋਏ ਤੇ ਐਸਾ ਵਰਨਾ ਭੀੜ ਤੋਂ ਕੀ ਲੈਣਾ ?

## ਰਜਨੀ ਮਾਨ ਦਾ ਤਾਂ "ਕ੍ਰਾਈਮ" ਵੀ ਸਿਰ ਮੱਥੇ ਪ੍ਰਵਾਨ



ਮਟੋਲ ਗੋਲ ਗੱਲ੍ਹਾਂ ਤੇ ਰੰਗ ਕ੍ਰੀਮਾਂ ਨੂੰ ਮਖੌਲ ਕਰੇ ਕਿ ਰਜਨੀ ਮਾਨ ਜਿਆਦਾ ਚਿੱਟੀ ਏ ਗੋਰੀ ਹੈ। ਬੱਲੀ ਮਾਨ ਨਾਲ ਦੋਹਾਂ ਦੀ ਜੋੜੀ ਸੁਪਰ ਹਿੱਟ ਰਹੀ ਤੇ ਅਚਾਨਕ ਬੱਲੀ ਮਾਨ ਸਦਾ ਲਈ ਦੁਨੀਆਂ ਤੋਂ ਗਾਇਬ,ਫਿਰ ਰਜਨੀ ਚੁੱਪ। ਹੁਣ ਰਜਨੀ ਮਾਨ ਦੀ ਓਹੀ ਬੁਲੰਦ ਆਵਾਜ਼ ਤੇ ਸਟੇਜ ਤੇ ਦਿਲ ਮੋਹਣੇ ਅੰਦਾਜ਼ ਸ਼ੁਰੂ ਹਨ। ਰਜਨੀ ਮਾਨ ਇੱਕਲੀ ਗਾ ਰਹੀ ਹੈ ਤੇ ਓਸ ਦਾ ਗੀਤ "ਕ੍ਰਾਈਮ" ਖ਼ੂਬ ਚਲ ਰਿਹਾ ਹੈ। ਰਜਨੀ ਰੱਜ ਕਿ ਮੇਲੇ ਲਾ ਰਹੀ ਏ ਗਾ ਰਹੀ ਏ ਤੇ ਜਾਗਰਣ ਵੀ ਜੈ ਮਾਤਾ ਦੀ ਵਾਧੂ ਹਨ। ਰਜਨੀ ਮਾਨ ਨਾਰੀ ਸੰਗੀਤ ਵਿੱਚ ਵੀ ਧੁੰਮ ਪਾਈ ਹੋਈ ਹੈ ਤੇ ਜਲਦੀ ਦੋ ਨਵੇਂ ਗੀਤ ਓਸ ਦੇ ਆ ਰਹੇ ਹਨ। ਫ਼ਿਲਮਾਂ ਵਾਲਿਆਂ ਦੀ ਅੱਖ ਨੇ ਰਜਨੀ ਦੇਖ ਲਈ ਹੈ, ਸੁਣ ਲਈ ਹੈ ਤੇ ਜਲਦੀ ਰਜਨੀ ਮਾਨ ਭਾਈ ਮੇਰੇ ਭਾਈ ਬਲਜੀਤ ਮਚਰਾਵਾਂ ਪਰਦੇ ਤੇ ਆ ਸਕਦੀ ਹੈ। ਆਖ ਰਹੀ ਹੈ ਰੱਜੀ ਕਿ ਓਹ ਸੁਨੰਦਾ ਸ਼ਰਮਾ, ਅਮਰ ਨੂਰੀ ਤੇ ਨੇਹਾ ਕੱਕੜ ਦੀ ਤਰਾਂ ਆਪਣੇ ਦਮ ਤੇ ਆਵਾਜ਼ ਦੇ ਦਮ ਤੇ ਅੱਛੇ ਸੰਗੀਤ ਗੀਤ ਦੇ ਦਮ ਤੇ ਦਮ ਦਿਖਾਉਂਦੀ ਸਟਾਰ ਗਾਇਕਾ ਬਣ ਕਿ ਦਿਖਾ ਦੇਵੇਗੀ ਅੱਗੇ ਸਾਈਂ ਰੱਬ ਬੇਲੀ।

## ਬੰਨੀ ਸ਼ਰਮਾ ਦੇ "ਪੰਜਾਬੀ ਜ਼ਿੰਦਾਬਾਦ" ਲਈ ਤੇਜਵੰਤ ਕਿੱਟੂ ਦੀ ਸ਼ੁੱਭ ਕਾਮਨਾ

ਤੇਜਵੰਤ ਕਿੱਟੂ ਪੰਜਾਬ ਦਾ ਸਟਾਰ ਮਿਊਜ਼ਿਕ ਡਾਇਰੈਕਟਰ ਹੈ ਤੇ ਟੀਵੀ ਚੈਨਲਾਂ



ਦੇ ਰਾਜਾ ਬੰਨੀ ਸ਼ਰਮਾ ਦਾ ਪਰਮ ਮਿੱਤਰ ਵੀ ਹੈ। ਕਿੱਟੂ ਨੇ ਕਿਹਾ ਕਿ ਬੰਨੀ ਸ਼ਰਮਾ ਨੇ ਤਦ ਜਲੰਧਰ ਦੂਰਦਰਸ਼ਨ ਤੇ ਪ੍ਰੋਗਰਾਮ ਚਲਾਏ ਜਦ ਕਈ ਵਾਰ ਘਾਟੇ ਦੇ ਸੌਦੇ ਸਨ ਪਰ ਓਸ ਹਿੰਮਤ ਨਹੀਂ ਹਾਰੀ ਤੇ ਹੁਣ ਓਹ ਰਿਆਲਿਟੀ ਸ਼ੋ "ਪੰਜਾਬੀ ਜ਼ਿੰਦਾਬਾਦ" ਨੂੰ ਵੀ ਵਿਲੱਖਣ ਦਿੱਖ ਦੇਵੇਗਾ। ਤੇਜਵੰਤ ਕਿੱਟੂ ਨੇ ਕਿਹਾ ਕਿ ਜਿਸ ਬੰਨੀ ਸ਼ਰਮਾ ਕੋਲ ਜਰਨੈਲ ਘੁਮਾਣ ਜਿਹਾ ਸਾਥੀ ਹੈ ਇਸ ਸ਼ੋ ਲਈ ਸਮਝੋ ਓਸ ਕੋਲ ਰਾਗ ਮਾਲਾ ਪੂਰੀ ਏ ਤਾਂ ਸੰਗੀਤ ਦਿਲਕਸ਼ ਬਣੇਗਾ ਹੀ ਤੇ ਬੰਨੀ ਸ਼ਰਮਾ ਸ਼ੋ ਚਲਾਉਣ ਦੇ ਐਕਸਪਰਟ ਨੇ ਜਦ ਕਿ ਜਰਨੈਲ ਘੁਮਾਣ ਦੀ ਪੰਜਾਬੀ ਮਿੱਠੀ ਤੇ ਪਿਆਰੀ ਹੈ।ਤੇਜਵੰਤ ਕਿੱਟੂ ਦੀ ਸ਼ੁੱਭ ਕਾਮਨਾ ਤੇ ਬੰਨੀ ਸ਼ਰਮਾ ਨੇ ਪ੍ਰਤੀਕਰਮ ਦਿੱਤਾ ਹੈ ਕਿ ਜੈ ਹੋ ਕਿੱਟੂ ਸਾਬ ਤੁਹਾਡੀ ਸ਼ੁੱਭ ਕਾਮਨਾ ਨਾਲ ਹੌਸਲੇ ਸੱਤ ਅਸਮਾਨੀ ਪਹੁੰਚ ਗਏ ਨੇ ਤੇ ਪੰਜਾਬੀ ਸਦਾ ਸਾਡੇ ਸ਼ੋ ਤੇ ਮਾਣ ਦਿੰਦੇ ਆਏ ਨੇ ਤੇ ਇਸ ਹਕੀਕੀ ਸ਼ੋ "ਪੰਜਾਬੀ ਜ਼ਿੰਦਾਬਾਦ" ਨੂੰ ਵੀ ਜ਼ਿੰਦਾਬਾਦ ਕਰਨਗੇ ਤੇ ਹੁਣ ਤੋਂ ਹੀ ਤੇਜਵੰਤ ਕਿੱਟੂ ਨੇ ਜ਼ਿੰਦਾਬਾਦ ਕਰ ਉਤਸ਼ਾਹ ਦੀ ਊਰਜਾ ਬੰਨੀ ਸ਼ਰਮਾ ਵਿੱਚ ਭਰ ਦਿੱਤੀ ਹੈ ਬੇਹਤਰੀਨ।

## ਗੋਗੀ ਘੁਮਾਣ ਨੇ ਸੁੱਖਰੀਤ ਬੁੱਟਰ ਨਾਲ ਮਿਲ ਕਿ ਗਾ ਕਿ ਕਿਹਾ "ਸੋਰ"




ਗੋਗੀ ਘੁਮਾਣ ਰਹਿਣ ਸਹਿਣ ਅਮਰੀਕਾ ਦੇਸ਼ ਵਿੱਚ ਤੇ ਕਰਦਾ ਗਾਇਕੀ ਬਣ ਗਿਆ ਨਾਮ ਤੇ ਗੁਰਲੇਜ਼ ਅਖਤਰ ਦੇ ਬਾਅਦ ਸੋਹਣੀ ਆਵਾਜ਼, ਸੋਹਣੀ ਸੂਰਤ ਸੀਰਤ ਸੁੱਖਰੀਤ ਬੁੱਟਰ ਨਾਲ ਦੋਗਾਣਾ ਗਾ ਦਿੱਤਾ ਹੈ। ਪੋਸਟਰ ਵਾਇਰਲ ਹੈ। ਪੰਜਾਬ ਕਿੰਗ ਮਿਊਜ਼ਿਕ ਨੇ ਗੋਗੀ ਘੁਮਾਣ ਤੇ ਸੁਖਰੀਤ ਬੁੱਟਰ ਦਾ ਮਿਊਜ਼ਿਕ ਐਂਪਾਇਰ ਦੇ ਮਿਊਜ਼ਿਕ ਵਿੱਚ ਆ ਰਿਹਾ ਏ ਡਿਊਟ ਤੇ ਨਾਮ ਹੈ "ਸੋਰੀ" ਬਾਈ ਗੋਗੀ ਘੁਮਾਣ ਨੇ ਸਿਰੇ ਦੇ ਨਾਮਵਰ ਗੀਤਕਾਰ ਵਿੱਕੀ ਧਾਲੀਵਾਲ ਤੋਂ ਗੀਤ ਲਿਆ ਹੈ "ਸੋਰੀ" ਤੇ ਮਨਜਿੰਦਰ ਕੌਰ ਦਾ ਨਿਰਮਾਣ ਹੈ। ਪਾਰਸ ਕੁਲਦੀਪ ਦੇ ਲਾਡਲੇ ਸ਼ਗਿਰਦ ਗੋਗੀ ਘੁਮਾਣ ਦਾ ਕਹਿਣਾ ਹੈ ਕਿ "ਅੱਧਾ ਪਿੰਡ" ਨੇ ਨਾਮ ਬਣਾ ਦਿੱਤਾ ਤੇ "ਸੋਰੀ" ਇਸ ਨਾਮ ਨੂੰ ਚਾਰ ਚੰਨ ਲਾਏਗਾ। ਗੋਗੀ ਘੁਮਾਣ ਖੁਦ ਮਾਡਲ ਵੀ ਹੈ ਤੇ ਪਾਲ ਸਿੱਧੂ ਨਾਲ ਇਸ ਵੇਲੇ ਓਸ ਦਾ ਤਾਲਮੇਲ ਓਸ ਨੂੰ ਚਮਕਾ ਰਿਹਾ ਹੈ। ਗੋਗੀ ਘੁਮਾਣ ਆਡੀਓ ਹਿੱਟ ਹੁੰਦੇ ਹੀ ਅੰਮ੍ਰਿਤ ਸਿੰਘ ਸਿੱਧੂ ਦੀ ਸਲਾਹ ਨਾਲ ਇਸ ""ਸੋਰੀ" ਦਾ ਵੀਡਿਓ ਵੀ ਬਣਾਏਗਾ।

## ਬਬਲੀ ਬਰਾੜ ਦੀਆਂ "ਅੱਖੀਆਂ" ਰਾਤੀਂ ਸੌਣ ਨਾ ਦਿੰਦੀਆਂ



ਬਬਲੀ ਬਰਾੜ ਨੂੰ ਹੁਸਨ ਦਿੱਤਾ ਰੱਬ ਸੋਹਣੇ ਨੇ ਸੋਹਣਾ ਤੇ ਗਲਾ ਦਿੱਤਾ ਸ਼ਹਿਦ ਜਿਹਾ ਮਿੱਠਾ ਤੇ "ਅੱਖੀਆਂ" ਖਿੱਚ ਵਾਲੀਆਂ ਕਾਲੀਆਂ ਮੋਟੀਆਂ ਤੇ ਸਟੇਜਾਂ ਤੇ ਪੰਜਾਬ ਤੋਂ ਅਮਰੀਕਾ ਤੱਕ ਇਸ ਬਬਲੀ ਨੇ ਬਬਲੀ ਗਰਲ ਬਣਨ ਦਾ ਮਾਣ ਹਾਸਿਲ ਕੀਤਾ ਹੈ। ਅਜੇ ਜਵਾਨੀ ਡੁੱਲ ਡੁੱਲ ਪੈਂਦੀ ਸੀ ਕਿ ਯੂ ਐਸ ਏ ਇਹ ਬਬਲੀ ਗਾ ਆਈ। ਹੁਣ ਜਗਰੂਪ ਕੰਗ ਨੇ ਕਿਹਾ ਕਿ ਸੁਨੰਦਾ ਸ਼ਰਮਾ, ਕੌਰ ਬੀ, ਨਿਮਰਤ ਖੈਹਰਾ ਦੀ ਕਤਾਰ ਵਿੱਚ ਬਬਲੀ ਬਰਾੜ ਆ ਰਹੀ ਹੈ। ਬੇਹਤਰੀਨ ਟਰੈਕ ਓਸ ਨੇ ਚੰਡੀਗੜ੍ਹ ਕੀਤਾ ਹੈ। ਮਿਊਜ਼ਿਕ ਅੱਤੀ ਆਧੁਨਿਕ ਹੈ ਤੇ ਵੀਡਿਓ ਫਿਲਮੀ ਅੰਦਾਜ਼ ਦਾ ਕੰਗ ਸਾਬ ਬਣਾ ਰਹੇ ਹਨ। ਬਬਲੀ ਬਰਾੜ "ਅੱਖੀਆਂ" ਇਸ ਦਾ ਨਾਮ ਰੱਖ ਸਕਦੀ ਹੈ। ਟਰੈਕ ਨੂੰ ਵਿਸ਼ਾਲ ਪੱਧਰ ਤੇ ਪ੍ਰਚਾਰ ਨਾਲ ਰਲੀਜ਼ ਕੀਤਾ ਜਾਏਗਾ ਤੇ ਲਲਿਤ ਮਹਿਤਾ ਨੇ ਬਬਲੀ ਬਰਾੜ ਦਾ ਨਵਾਂ ਫੋਟੋ ਸੈਸ਼ਨ ਕਰਵਾ ਲਿਆ ਹੈ। ਦੁਨੀਆਂ ਇਧਰ ਉਧਰ ਦੀ ਹੋ ਜਾਏ ਬਬਲੀ ਬਰਾੜ ਹੁਣ ਸਟਾਰ ਟੋਪ ਗਾਇਕਾ ਬਣ ਦਮ ਲੈਣ ਵਾਲੀ ਹੈ ਤੇ ਟਾਂਡਾ ਫ਼ਿਲਮਜ਼ ਨਾਰਵੇ ਨੇ ਬਬਲੀ ਬਰਾੜ ਨੂੰ ਆਪਣੀ ਨਵੀਂ ਫਿਲਮ ਵਿੱਚ ਇਸ ਵਾਰ ਲੈਣ ਦਾ ਫੈਸਲਾ ਕੀਤਾ ਹੈ। ਜੈ ਹੋ ਬਬਲੀ ਬਰਾੜ ਸਾਹਿਬਾਂ ਤੇ ਜਗਰੂਪ ਕੰਗ ਦੀ ਮਿਹਨਤ ਨੂੰ ਮਿੱਠਾ ਫਲ ਪੈਣ ਵਾਲਾ ਹੈ।

-ਅੰਮ੍ਰਿਤ ਪਵਾਰ

* * * * * *

# ਦਿਓ-ਕੱਦਾ ਭਲਵਾਨ ਸੀ ਦਾਰਾ ਦੁਲਚੀਪੁਰੀਆ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ

ਦਾਰਾ ਦੁਲਚੀਪੁਰੀਆ ਦਿਓਆਂ ਵਰਗਾ ਭਲਵਾਨ ਸੀ। ਉਹਦਾ ਕੱਦ ਪਹਿਲਵਾਨ ਕਿੱਕਰ ਸਿੰਘ ਵਾਂਗ ਸੱਤ ਫੁੱਟਾ ਸੀ। ਉਹਦੀ ਸਮਾਧ ਵੀ ਸੱਤ ਫੁੱਟੀ ਹੈ। ਉਸ ਨੇ ਵਰਲਡ ਚੈਂਪੀਅਨ ਕਿੰਗ ਕਾਂਗ ਨੂੰ ਢਾਹ ਕੇ ਰੁਸਤਮੇਂ ਜਮਾਂ ਦੀ ਬੈਲਟ ਜਿੱਤੀ ਸੀ। ਉਦੋਂ ਦਾਰੇ ਦਾ ਭਾਰ 135 ਕਿਲੋ ਸੀ ਤੇ ਕਿੰਗ ਕਾਂਗ ਦਾ 2 ਕੁਇੰਟਲ। ਦਾਰੇ ਨੇ ਭੁੰਜੇ ਸੁੱਟ ਕੇ ਉਹਦਾ ਗੋਡਾ ਤੋੜਿਆ ਤਾਂ ਉਹ ਰਿੰਗ ਵਿਚ ਹੀ ਬਹੁੜੀਆਂ ਪਾਉਣ ਲੱਗ ਪਿਆ ਸੀ...।

ਦਾਰੇ ਦੀਆਂ ਜੀਂਦੇ ਜੀਅ ਦੰਦ ਕਥਾਵਾਂ ਚੱਲ ਪਈਆਂ ਸਨ। ਜਿਵੇਂ ਦਿਓਆਂ ਦੀਆਂ ਬਾਤਾਂ ਪੈਂਦੀਆਂ ਉਵੇਂ ਦਾਰੇ ਦੀਆਂ ਪੈਣ ਲੱਗੀਆਂ ਸਨ। ਅਖੇ ਉਹ ਕਿਸੇ ਪਿੰਡ ਬਰਾਤ ਗਿਆ। ਖਾਣ ਪੀਣ ਦੇ ਆਹੂ ਲਾਹ ਕੇ ਫਿਰਨੀ 'ਤੇ ਆਇਆ ਤਾਂ ਉਹਨੂੰ ਮਾਰਨਖੰਡਾ ਸਾਨ੍ਹ ਪੈ ਗਿਆ। ਦਾਰੇ ਨੇ ਉਹਦੇ ਸਿੰਗ ਫੜ ਲਏ। ਕਦੇ ਦਾਰਾ ਸਾਨ੍ਹ ਨੂੰ ਦਸ ਕਦਮ ਪਿੱਛੇ ਧੱਕ ਲਿਜਾਂਦਾ ਤੇ ਕਦੇ ਸਾਨ੍ਹ ਦਾਰੇ ਦੇ ਪੈਰ ਉਖੇੜ ਦਿੰਦਾ। ਆਖ਼ਰ ਸਾਨ੍ਹ ਦਾ ਏਨਾ ਜ਼ੋਰ ਲੱਗ ਗਿਆ ਕਿ ਉਹਦੀ ਮੋਕ ਵਗ ਤੁਰੀ। ਦਾਰੇ ਨੇ ਸਿੰਗ ਛੱਡੇ ਤਾਂ ਉਹ ਅਜਿਹਾ ਦੌੜਿਆ ਕਿ ਮੁੜ ਉਸ ਪਿੰਡ ਦੀ ਜੂਹ ਵਿਚ ਨਾ ਵੜਿਆ। ਫਿਰੋਜ਼ਪੁਰ ਜੇਲ੍ਹ ਵਿਚ ਪਾਣੀ ਦੀ ਟੈਂਕੀ ਉਤੇ ਦਾਰੇ ਦੀ ਵਗਾਹ ਕੇ ਸੁੱਟੀ ਇੱਟ ਕਈ ਸਾਲ ਉਥੇ ਪਈ ਰਹੀ। ਸਾਈਕਲਾਂ ਦੀ ਇਕ ਕੰਪਨੀ ਨੇ ਸਾਈਕਲ ਉਹਦੀਆਂ ਲੱਤਾਂ ਵਿਚਾਲੇ ਖੜ੍ਹਿਆ ਕੇ ਫੋਟੋ ਲਾਹੀ ਜੋ ਇਸ਼ਤਿਹਾਰਬਾਜ਼ੀ ਲਈ ਵਰਤੀ ਗਈ।

ਦਾਰੇ ਭਲਵਾਨ ਦੋ ਹੋਏ ਹਨ। ਦੋਵੇਂ ਰੁਸਤਮੇ ਹਿੰਦ। ਦਾਰਾ ਦੁਲਚੀਪੁਰੀਆ 1918 'ਚ ਜੰਮਿਆ ਤੇ 1988 ਵਿਚ ਗੁਜ਼ਰਿਆ। ਦਾਰੇ ਧਰਮੂਚੱਕੀਏ ਦਾ ਜਨਮ 1928 'ਚ ਹੋਇਆ ਤੇ ਦੇਹਾਂਤ 2012 ਵਿਚ। ਇਹਨੀਂ ਦਿਨੀਂ ਮੈਂ ਦੋਹਾਂ ਦਾਰਿਆਂ ਬਾਰੇ ਪੁਸਤਕ ਲਿਖ ਰਿਹਾਂ 'ਦਾਰੇ ਭਲਵਾਨਾਂ ਦੀ ਦਾਸਤਾਨ। ਦਾਰੇ ਦੁਲਚੀਪੁਰੀਏ ਦੀ ਦਾਸਤਾਨ ਦਰਦਭਰੀ ਹੈ। ਉਹਦਾ ਜਨਮ ਖਡੂਰ ਸਾਹਿਬ ਨੇੜੇ ਪਿੰਡ ਦੁਲਚੀਪੁਰ ਵਿਚ ਪਿਆਰਾ ਸਿੰਘ ਦੇ ਘਰ ਨਿਹਾਲ ਕੌਰ ਦੀ ਕੁੱਖੋਂ ਹੋਇਆ ਸੀ। ਉਹ ਛੇ ਭੈਣ ਭਰਾ ਸਨ। ਦਾਰਾ ਦਸ ਸਾਲ ਦਾ ਸੀ ਕਿ ਬਾਪ ਪਰਲੋਕ ਸਿਧਾਰ ਗਿਆ। ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਵੱਡੇ ਭਰਾ ਇੰਦਰ ਸਿੰਘ ਦੇ ਸਿਰ ਆਣ ਪਈ। ਫਿਰ ਵੀ ਦਾਰੇ ਨੂੰ ਪਹਿਲਵਾਨ ਬਣਾਇਆ ਗਿਆ। ਉਸ ਨੇ ਦੇਸੀ ਕੁਸ਼ਤੀਆਂ ਲਾਹੌਰੋਂ ਤੇ ਫਰੀ ਸਟਾਈਲ ਕੁਸ਼ਤੀਆਂ ਸਿੰਗਾਪੁਰੋਂ ਸਿੱਖੀਆਂ।

1946 'ਚ ਉਹ ਮਲਾਇਆ ਦਾ ਚੈਂਪੀਅਨ ਬਣ ਗਿਆ ਸੀ। ਉਹਦੀ ਚੜ੍ਹਤ ਨਾਲ 'ਹੈਪੀ ਵਰਲਡ ਕਲੱਬ ਦੀ ਝੰਡੀ ਹੋ ਗਈ ਸੀ। ਦਾਰੇ ਦਾ ਮੁਕਾਬਲਾ ਕਰਨ ਲਈ 'ਗਰੇਟ ਵਰਲਡ ਕਲੱਬ ਵਾਲੇ ਹੰਗਰੀ ਦੇ ਪਹਿਲਵਾਨ ਕਿੰਗ ਕਾਂਗ ਨੂੰ ਲੈ ਆਏ। ਦਾਰੇ ਦੀ ਟੱਕਰ ਵਰਲਡ ਚੈਂਪੀਅਨ ਕਿੰਗ ਕਾਂਗ ਨਾਲ ਕਰਵਾਈ ਗਈ। ਦਾਰੇ ਨੇ ਉਸ ਨੂੰ ਤੇਰ੍ਹਾਂ ਮਿੰਟਾਂ




'ਚ ਈ ਤਾਰੇ ਦਿਖਾ ਦਿੱਤੇ ਤੇ ਉਹਦਾ ਗੋਡਾ ਤੋੜ ਦਿੱਤਾ। ਕਿੰਗ ਕਾਂਗ ਨੂੰ ਸਟਰੈਚਰ 'ਤੇ ਪਾ ਕੇ ਲਿਜਾਣਾ ਪਿਆ ਜਦ ਕਿ ਦਾਰੇ ਨੂੰ ਦਰਸ਼ਕਾਂ ਨੇ ਮੋਢਿਆਂ 'ਤੇ ਚੁੱਕ ਲਿਆ। ਫਿਰ ਉਸ ਨੂੰ ਫਿਲਪਾਈਨ, ਜਪਾਨ ਤੇ ਹੋਰ ਮੁਲਕਾਂ ਤੋਂ ਵੀ ਕੁਸ਼ਤੀਆਂ ਦੇ ਸੱਦੇ ਆਉਣ ਲੱਗੇ। ਉਸ ਦੇ ਘਰ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਹਰਬੰਸ ਸਿੰਘ ਰੱਖਿਆ ਗਿਆ। ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ।

ਜਦੋਂ ਕੁਸ਼ਤੀਆਂ ਵਿਚ ਉਹਦੀ ਗੁੱਡੀ ਸਿਖਰ 'ਤੇ ਸੀ ਤਾਂ ਪਿੱਛੇ ਪਿੰਡ ਵਿਚ ਉਹਦੇ ਭਰਾ ਦਲੀਪ ਸਿੰਘ ਦਾ ਕਤਲ ਹੋ ਗਿਆ ਤੇ ਇੰਦਰ ਸਿੰਘ ਦਾ ਗੁੱਟ ਵੱਢਿਆ ਗਿਆ। ਦਾਰਾ ਨੇ ਆਪਣੇ ਸਕੇ ਭਰਾ ਦਲੀਪ ਦੇ ਕਤਲ ਦਾ ਬਦਲਾ ਲੈਣ ਲਈ ਸ਼ਰੀਕ ਭਰਾ ਸਰਦਾਰੇ ਦਾ ਕਤਲ ਕਰ ਦਿੱਤਾ। ਕਤਲ ਕਰਨ ਨਾਲ ਉਹਦਾ ਖੇਡ ਕੈਰੀਅਰ ਹੀ ਨਹੀਂ ਸਾਰਾ ਜੀਵਨ ਹੀ ਬਰਬਾਦ ਹੋ ਗਿਆ। ਭਲਾ ਹੋਵੇ ਸੋਵੀਅਤ ਰੂਸ ਦੇ ਪ੍ਰਧਾਨ ਬੁਲਗਾਨਿਨ ਤੇ ਪ੍ਰਧਾਨ ਮੰਤਰੀ ਖਰੁਸ਼ਚੇਵ ਦਾ ਜਿਨ੍ਹਾਂ ਨੇ 1955 'ਚ ਭਾਰਤ ਦੇ ਦੌਰੇ ਸਮੇਂ ਜੇਲ੍ਹਰ ਦਾਰੇ ਦੀ ਕੁਸ਼ਤੀ ਵੇਖਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਹਿਰੂ ਨੂੰ ਉਹਦੇ 'ਤੇ ਰਹਿਮ ਕਰਨ ਲਈ ਕਿਹਾ। ਦਾਰੇ ਦੀ ਫਾਂਸੀ ਸੁਪਰੀਮ ਕੋਰਟ ਨੇ ਪਹਿਲਾਂ ਹੀ ਵੀਹ ਸਾਲ ਦੀ ਜੇਲ੍ਹ ਵਿਚ ਬਦਲ ਦਿੱਤੀ ਸੀ ਜੋ ਰਹਿਮ ਦੀ ਅਪੀਲ ਨਾਲ ਪੈਰੋਲ ਤੇ ਅਗਾਊਂ ਰਿਹਾਈ ਵਿਚ ਬਦਲ ਦਿੱਤੀ ਗਈ। ਕੁਸ਼ਤੀਆਂ ਤੋਂ 'ਕੱਠਾ ਹੋਇਆ ਦੋ ਲੱਖ ਦਾ ਇਮਦਾਦੀ ਵੀ ਦਾਰੇ ਨੂੰ ਦੇ ਦਿੱਤਾ ਗਿਆ ਜੋ ਉਸ ਨੇ ਗਰੀਬ ਗੁਰਬਿਆਂ 'ਚ ਵੰਡ ਦਿੱਤਾ।

### ਤੋਰੀਏ ਦੀ ਭਰੀ ਤੋਂ ਹੋਇਆ ਸੀ ਕਤਲ

ਦਲੀਪ ਸਿੰਘ ਸਿੰਗਾਪੁਰ ਤੋਂ ਮੁੜ ਕੇ ਇੰਦਰ ਸਿੰਘ ਨਾਲ ਖੇਤੀਬਾੜੀ ਕਰਾਉਣ ਆ ਲੱਗਾ ਸੀ। ਉਨ੍ਹਾਂ ਦਾ ਖੂਹ ਘਸੀਟਪੁਰੇ ਵੱਲ ਸੀ। ਇਕ ਰਾਤ ਉਨ੍ਹਾਂ ਨੇ ਖੂਹ ਤੋਂ ਪੈਲੀ ਸਿੰਜੀ। ਉਸੇ ਰਾਤ ਘਸੀਟਪੁਰੇ ਦੇ ਇਕ ਕਿਸਾਨ ਦਾ ਚੋਰੀਓਂ ਤੋਰੀਆ ਵੱਢਿਆ ਗਿਆ। ਅਗਲੀ



ਲੇਖਕ ਨਾਲ ਦਾਰੇ ਦੇ ਦੋਵੇਂ ਪੋਤਰੇ ਤੇ ਉਹ ਛੱਪੜ ਜਿਸ ਵਿਚ ਦਾਰੇ ਨੇ ਸਰਦਾਰੇ ਨੂੰ ਮਾਰਿਆ

ਸਵੇਰ ਉਹ ਕਿਸਾਨ ਖੇਤਾਂ ਵਾਲਿਆਂ ਤੋਂ ਪੁੱਛਦਾ ਗਿੱਛਦਾ ਦੁਲਚੀਪੁਰੇ ਆ ਗਿਆ। ਉਥੇ ਉਸ ਨੂੰ ਇੰਦਰ ਦਾ ਸ਼ਰੀਕ ਭਰਾ ਸਰਦਾਰਾ ਸਬੱਬੀਂ ਮਿਲ ਪਿਆ। ਕਿਸਾਨ ਨੇ ਉਂਜ ਈ ਕਹਿ ਦਿੱਤਾ ਕਿ ਉਸ ਦਾ ਤੋਰੀਆ ਦੁਲਚੀਪੁਰੇ ਦੇ ਕਿਸੇ ਬੰਦੇ ਨੇ ਚੋਰੀਓਂ ਵੱਢ ਲਿਐ। ਕਿਸੇ ਨੂੰ ਪਤਾ ਹੋਵੇ ਤਾਂ ਦੱਸੋ। ਸਰਦਾਰੇ ਨੂੰ ਕੋਈ ਪਤਾ ਨਹੀਂ ਸੀ ਪਰ ਉਹਦੇ ਮੂੰਹੋਂ ਨਿਕਲ ਗਿਆ, "ਰਾਤੀਂ ਇੰਦਰ ਹੋਰਾਂ ਦਾ ਖੂਹ ਚਲਦਾ ਸੀ। ਉਨ੍ਹਾਂ ਨੂੰ ਪੁੱਛੋ, ਸ਼ਾਇਦ ਉਹਨਾਂ ਨੂੰ ਪਤਾ ਹੋਵੇ।"

ਕਿਸਾਨ ਨੂੰ ਇੰਦਰ ਤੇ ਦਲੀਪ ਪਰ੍ਹੇ 'ਚ ਬੈਠੇ ਮਿਲ ਪਏ। ਲਾਂਭੇ ਹੋ ਕੇ ਗੱਲ ਕਰਨ ਦੀ ਥਾਂ ਕਿਸਾਨ ਉਨ੍ਹਾਂ ਨੂੰ ਪੁੱਛ ਬੈਠਾ, "ਤੁਹਾਂ ਮੇਰਾ ਤੋਰੀਆ ਵੱਢਿਆ?" ਪਰ੍ਹੇ 'ਚ ਚੋਰੀ ਦਾ ਇਲਜ਼ਾਮ ਸੁਣ ਕੇ ਇੰਦਰ ਤੇ ਦਲੀਪ ਬੋਲੇ, "ਮੂੰਹ ਸੰਭਾਲ ਕੇ ਬੋਲ ਓਏ। ਤੈਨੂੰ ਕੀਹਨੇ ਕਿਹਾ ਪਈ ਅਹੀਂ ਤੇਰਾ ਤੋਰੀਆ ਵੱਢਿਆ?"

ਕਿਸਾਨ ਦੇ ਮੂੰਹੋਂ ਨਿਕਲ ਗਿਆ, "ਥਾਡੇ ਸਰਦਾਰੇ ਨੇ ਕਿਹਾ।"

ਸਰਦਾਰੇ ਨੇ ਇਉਂ ਬਿਲਕੁਲ ਨਹੀਂ ਸੀ ਕਿਹਾ। ਪੁੱਛ ਪੜਤਾਲ ਕਰ ਲੈਂਦੇ ਤਾਂ ਗੁੱਸਾ ਘਸੀਟਪੁਰੇ ਦੇ ਕਿਸਾਨ 'ਤੇ ਨਿਕਲਣਾ ਸੀ। ਪਰ ਕਹਾਣੀ ਉਲਟ ਪਾਸੇ ਤੁਰ ਪਈ ਜਿਸ ਨਾਲ ਕਤਲਾਂ ਦਾ ਮੁੱਢ ਬੱਝ ਗਿਆ। ਇੰਦਰ ਤੇ ਦਲੀਪ ਨੇ ਸਰਦਾਰਾ ਬੀਹੀ 'ਚ ਜਾ ਘੇਰਿਆ ਤੇ ਸੋਟੀਆਂ ਮਾਰ ਦਿੱਤੀਆਂ ਜਿਥੋਂ ਉਨ੍ਹਾਂ ਦਾ ਵੈਰ ਪੈ ਗਿਆ। ਸਕੇ ਸੋਧਰੇ ਹੋਣ ਕਰਕੇ ਉਨ੍ਹਾਂ ਦੇ ਘਰ ਨਾਲੋ-ਨਾਲ ਸਨ। ਇੰਦਰ ਹੋਰਾਂ ਦਾ ਬਾਪ ਪਿਆਰਾ ਸਿੰਘ ਤੇ ਸਰਦਾਰੇ ਹੋਰਾਂ ਦਾ ਬਾਪ ਸਾਉਣ ਸਿੰਘ ਚਾਚੇ ਤਾਏ ਦੇ ਪੁੱਤ ਸਨ। ਇਕੋ ਬਾਬੇ ਦੀ ਔਲਾਦ। ਗੁਆਂਢੀ ਪਿੰਡ ਦੇ ਤੋਰੀਏ ਦੀ ਭਰੀ ਨੇ ਉਨ੍ਹਾਂ 'ਚ ਕਲੇਸ਼ ਖੜ੍ਹਾ ਕਰ ਦਿੱਤਾ। ਇੰਦਰ ਹੋਰੀਂ ਦਾਰੇ ਪਹਿਲਵਾਨ ਦੇ ਨਾਂ ਕਰਕੇ ਖੱਬੀ ਖਾਨ ਕਹਾਉਂਦੇ ਸਨ। ਉਨ੍ਹਾਂ ਨੂੰ ਦਾਰੇ ਦੀ ਤਾਕਤ ਦਾ ਗ਼ੁਮਾਨ ਸੀ। ਅੱਗੋਂ ਸ਼ਰੀਕ ਵੀ ਤਿੰਨ ਭਰਾ ਸਨ, ਸਰਦਾਰਾ, ਗੁਰਮੁਖ ਤੇ ਬਾਵਾ। ਨਾਲ ਉਨ੍ਹਾਂ ਦਾ ਚਾਚਾ ਨਰੈਣ ਸਿੰਘ ਸੀ। ਦਾਰੂ ਪੀ ਕੇ ਦੋਹੀਂ ਪਾਸੀਂ ਲਲਕਾਰੇ ਵੱਜਣ ਲੱਗੇ। ਨਰੈਣ ਸਿੰਘ ਨੇ ਇਕ ਦਿਨ ਕਿਹਾ ਕਿ ਇਨ੍ਹਾਂ ਨਾਲ ਤਾਂ ਹੁਣ ਸਿਝਣਾ ਈ ਪੈਣਾ।

ਆਖ਼ਰ ਹੋਣੀ ਦਾ ਦਿਨ ਆ ਗਿਆ। ਦਿਨ ਛਿਪਿਆ ਤਾਂ ਤਿੰਨੇ ਭਰਾਵਾਂ ਤੇ ਉਨ੍ਹਾਂ ਦੇ ਚਾਚੇ ਨਰੈਣੇ ਨੇ ਤਿਆਰੀ ਖਿੱਚ ਲਈ। ਗੁਰਮੁਖ ਬਰਛੀ ਲਕੋਈ ਤਾਰੂ ਅਮਲੀ ਕੇ ਦਰਵਾਜ਼ੇ ਵਿਚ ਲੁਕ ਕੇ ਖੜ੍ਹ ਗਿਆ। ਦਲੀਪ ਗਾਲ੍ਹਾਂ ਕੱਢਦਾ ਬੀਹੀ ਦਾ ਮੋੜ ਮੁੜਿਆ ਤਾਂ ਲੁਕੇ ਹੋਏ ਗੁਰਮੁਖ ਨੇ ਬਰਛੀ ਉਹਦੀ ਵੱਖੀਓਂ ਪਾਰ ਕਰ ਦਿੱਤੀ। ਦੂਜੀ ਬਰਛੀ ਸਰਦਾਰੇ ਨੇ ਮਾਰੀ। ਦਲੀਪ ਦੀਆਂ ਚੀਕਾਂ ਸੁਣ ਕੇ ਇੰਦਰ ਨਿਹੱਥਾ ਹੀ ਭੱਜਾ ਆਇਆ ਤਾਂ ਉਹਨੂੰ ਨਰੈਣ ਸਿੰਘ ਨੇ ਘੇਰ ਲਿਆ ਜੀਹਦੇ ਕੋਲ ਕਿਰਪਾਨ ਸੀ। ਬਾਵੇ ਕੋਲ ਡਾਂਗ ਸੀ। ਨਰੈਣ ਨੇ ਕਿਰਪਾਨ ਦਾ ਸਿੱਧਾ ਵਾਰ ਕੀਤਾ ਜੋ ਇੰਦਰ ਨੇ ਸੱਜਾ ਹੱਥ ਉਠਾ ਕੇ ਰੋਕਣਾ ਚਾਹਿਆ। ਉਹਦਾ ਗੁੱਟ ਵੱਢਿਆ ਗਿਆ। ਦਲੀਪ ਦੀਆਂ ਚੀਕਾਂ ਚੁੱਪ ਹੋਈਆਂ ਤਾਂ ਇੰਦਰ ਦੀਆਂ ਚੀਕਾਂ ਪੈਣ ਲੱਗੀਆਂ। 2006 ਵਿਚ ਮੈਂ ਦਾਰੇ ਦੇ ਪਰਿਵਾਰ ਨੂੰ ਦੁਲਚੀਪੁਰੇ ਮਿਲਣ ਗਿਆ ਤਾਂ ਪਹਿਲੇ ਕਤਲ ਵਾਲੀ ਉਹ ਬੀਹੀ ਵੀ ਵੇਖੀ ਤੇ ਬਦਲਾ ਲਊ ਕਤਲ ਵਾਲਾ ਉਹ ਛੱਪੜ ਵੀ ਵੇਖਿਆ।

ਤੋਰੀਆ ਘਸੀਟਪੁਰੇ ਦਾ, ਵੱਢਣ ਵਾਲਾ ਪਤਾ ਨਹੀਂ ਕੌਣ ਸੀ? ਪਰ ਉਹਦੇ 'ਚ ਘਸੀਟਿਆ ਗਿਆ ਦੁਲਚੀਪੁਰੇ ਦਾ ਸਕਾ ਸੋਧਰਾ ਸਿੱਧੂ ਪਰਿਵਾਰ। ਨਿੱਕੀ ਜਿਹੀ ਗੱਲ ਨੇ ਬੀਜ ਦਿੱਤਾ ਦੁਸ਼ਮਣੀ ਦਾ ਬੀਜ। ਕਤਲਾਂ ਦਾ ਬੱਝ ਗਿਆ ਮੁੱਢ। ਇਹਨੂੰ ਕਹਿੰਦੀ ਆ ਹੋਣੀ!

ਦਲੀਪ ਦੇ ਕਤਲ ਤੇ ਇੰਦਰ ਦੇ ਇਰਾਦਾ ਕਤਲ ਦਾ ਕੇਸ ਅੰਮ੍ਰਿਤਸਰ ਦੀ ਅਦਾਲਤ 'ਚ ਚੱਲਿਆ। ਇੰਦਰ ਸਿੰਘ ਨੇ ਵਾਰਦਾਤ ਵਿਚ ਚਾਰ ਕਾਤਲਾਂ ਸਰਦਾਰੇ, ਗੁਰਮੁਖ, ਬਾਵੇ ਤੇ ਨਰੈਣ ਦੇ ਨਾਂ ਲਿਖਾਏ। ਕਾਤਲ ਧਿਰ ਦੇ ਵਕੀਲ ਨੇ ਆਪਣੇ ਬੰਦਿਆਂ ਨੂੰ ਸਲਾਹ ਦਿੱਤੀ ਕਿ ਸਾਰਾ ਦੋਸ਼ ਨਰੈਣ ਤੇ ਬਾਵਾ ਆਪਣੇ ਸਿਰ ਲੈ ਲੈਣ। ਇਉਂ ਸਰਦਾਰਾ ਤੇ ਗੁਰਮੁਖ ਬਰੀ ਹੋ ਸਕਦੇ ਹਨ। ਨਹੀਂ ਤਾਂ ਚਾਰੇ ਬੱਝਣਗੇ। ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ ਪਰ ਸੈਸ਼ਨ ਜੱਜ ਨੇ ਚਾਰਾਂ 'ਚੋਂ ਕਿਸੇ ਨੂੰ ਵੀ ਨਾ ਬਖ਼ਸ਼ਿਆ। ਸਰਦਾਰੇ ਤੇ ਗੁਰਮੁਖ ਨੂੰ ਫਾਂਸੀ ਅਤੇ ਨਰੈਣ ਤੇ ਬਾਵੇ ਨੂੰ ਉਮਰ ਕੈਦ ਸੁਣਾਈ। ਜੇ ਇਹ ਫੈਸਲਾ ਲਾਗੂ ਹੋ ਜਾਂਦਾ ਤਾਂ ਸੰਭਵ ਸੀ ਟਿਕ-ਟਿਕਾਅ ਹੋ ਜਾਂਦਾ ਤੇ ਕੋਈ ਹੋਰ ਕਤਲ ਨਾ ਹੁੰਦਾ।

ਬਾਕੀ ਹਿਸਾ ਸਫਾ 64ਤੇ ਪੜ੍ਹੋ →

63 ਸਫ਼ੇ ਦੀ ਬਾਕੀ

ਪਰ ਵਕੀਲ ਕਾਹਦੇ ਲਈ ਹੁੰਦੇ ਹਨ? ਮਿਥੀ ਚਾਲ ਮੁਤਾਬਿਕ ਸਰਦਾਰੇ ਤੇ ਗੁਰਮੁਖ ਦੀ ਫਾਂਸੀ ਤੁੜਾਉਣ ਲਈ ਹਾਈ ਕੋਰਟ ਵਿਚ ਅਪੀਲ ਕੀਤੀ ਗਈ। ਹਾਈ ਕੋਰਟ ਤੋਂ ਸਰਦਾਰਾ ਤੇ ਗੁਰਮੁਖ ਤਾਂ ਬਰੀ ਹੋ ਗਏ ਜਦਕਿ ਬਾਵੇ ਤੇ ਨਰੈਣ ਦੀ ਸਜ਼ਾ ਬਰਕਰਾਰ ਰਹੀ। ਬਰੀ ਹੋਇਆਂ ਭਰਾਵਾਂ ਨੇ ਪਿੰਡ ਆ ਕੇ ਖ਼ੂਬ ਜਸ਼ਨ ਮਨਾਇਆ।

ਦਲੀਪ ਦੇ ਕਤਲ ਵੇਲੇ ਦਾਰਾ ਕੁਸ਼ਤੀਆਂ ਲੜਨ ਵਾਸਤੇ ਜਰਮਨੀ ਜਾਣ ਲਈ ਤਿਆਰ ਸੀ। ਭਰਾ ਦੇ ਕਤਲ ਦੀ ਤਾਰ ਮਿਲੀ ਤਾਂ ਜਰਮਨੀ ਜਾਣ ਦੀ ਥਾਂ ਉਹ ਪਤਨੀ ਤੇ ਪੁੱਤਰ ਨੂੰ ਪਿੱਛੇ ਛੱਡ ਦੁਲਚੀਪੁਰੇ ਪਰਤ ਪਿਆ। ਪਿੰਡ ਆ ਕੇ ਅਦਾਲਤੀ ਕੇਸ ਦੀ ਪੈਰਵੀ ਕੀਤੀ। ਹੇਠਲੀ ਕੋਰਟ ਤੋਂ ਸਜ਼ਾ ਦੁਆਈ ਪਰ ਹਾਈ ਕੋਰਟ ਵਿਚ ਵਿਰੋਧੀ ਵਕੀਲ ਨੇ ਪੇਸ਼ ਨਾ ਜਾਣ ਦਿੱਤੀ। ਜਦੋਂ ਸਰਦਾਰਾ ਤੇ ਗੁਰਮੁਖ ਬਰੀ ਹੋ ਗਏ ਤਾਂ ਉਹਦੇ ਦਿਲ ਵਿਚ ਬਦਲੇ ਦੀ ਅੱਗ ਦਾ ਭਾਂਬੜ ਭੜਕ ਉਠਿਆ। ਲੋਕ ਵੀ ਤੁੱਖਣੀਆਂ ਦੇਣ ਲੱਗੇ ਪਈ ਤੁਹਾਡੇ ਭਰਾ ਦੇ ਕਾਤਲ ਸਾਹਮਣੇ ਬੁਕਦੇ ਫਿਰਦੇ ਐ!

ਫਿਰ ਦਾਰਾ, ਸਰਦਾਰੇ ਹੋਰਾਂ ਤੋਂ ਆਪਣੇ ਭਰਾ ਦਾ ਬਦਲਾ ਲੈਣ ਦੀ ਤਾਕ 'ਚ ਰਹਿਣ ਲੱਗਾ। ਉਹਦੀ ਭੈਣ ਪਰਸਿੰਨ ਕੌਰ ਵੀ ਕਹਿੰਦੀ ਰਹਿੰਦੀ, "ਜੇ ਭਾਅ ਦਾ ਬਦਲਾ ਨਾ ਲਿਆ ਤਾਂ ਤੇਰੀ ਏਡੀ ਦੇਹ ਕਿਸ ਕੰਮ?"

ਇੰਦਰ ਬੋਲਿਆ, "ਭਾਊ, ਦਲੀਪ ਦੀ ਰੂਹ ਨੂੰ ਤਾਂ ਓਦੋਂ ਈ ਚੈਨ ਮਿਲੂ ਜਦੋਂ ਇਹ ਦੋਨੋਂ ਦਲੀਪ ਕੋਲ ਪੁਚਾਤੇ।"

ਦਾਰੇ ਧਰਮੂਚੱਕੀਏ ਦਾ ਚਾਚਾ ਨਿਰੰਜਣ ਸਿੰਘ ਦਾਰੇ ਦੁਲਚੀਪੁਰੀਏ ਦਾ ਸਿੰਗਾਪੁਰ ਤੋਂ ਹੀ ਬੇਲੀ ਸੀ। ਉਹ ਅਨੋਖ ਸਿੰਘ ਨੂੰ ਨਾਲ ਲੈ ਕੇ ਦਾਰੇ ਦੀ ਮਦਦ ਲਈ ਪਹੁੰਚਾ। 19 ਅਕਤੂਬਰ 1950 ਦੁਸਹਿਰੇ ਦਿਨ ਸੀ। ਦਿਨ ਢਲੇ ਦਾ ਵੇਲਾ ਸੀ। ਉਹ ਹਥਿਆਰ ਲੈ ਕੇ ਘਰੋਂ ਨਿਕਲੇ। ਖੇਤੋਂ ਸਰਦਾਰਾ ਮੱਝਾਂ ਲੈ ਕੇ ਆ ਰਿਹਾ ਸੀ। ਮੱਝਾਂ ਉਹਨੇ ਛੱਪੜ ਵਿਚ ਵਾੜ ਦਿੱਤੀਆਂ ਤੇ ਆਪ ਪੱਠਿਆਂ ਦੀ ਭਰੀ ਸੁੱਟਣ ਘਰ ਚਲਾ ਗਿਆ। ਉਨ੍ਹਾਂ ਨੂੰ ਲੱਗਾ, ਹੁਣ ਮੱਝਾਂ ਕੱਢਣ ਵੀ ਆਵੇਗਾ।

ਦਾਰੇ ਕੋਲ ਕੁਹਾੜੀ ਸੀ, ਇੰਦਰ ਕੋਲ ਕਿਰਪਾਨ ਅਤੇ ਨਿਰੰਜਣ ਤੇ ਅਨੋਖ ਕੋਲ ਬਰਛੀਆਂ ਸਨ। ਸਰਦਾਰਾ ਮੱਝਾਂ ਕੱਢਣ ਛੱਪੜ ਵਿਚ ਵੜਿਆ ਤਾਂ ਚਾਰਾਂ ਜਣਿਆਂ ਨੇ ਛੱਪੜ ਦੀਆਂ ਚਾਰੇ ਕੰਨੀਆਂ ਮੱਲ ਲਈਆਂ। ਚਾਰੇ ਬੰਨਿਓਂ ਘਿਰਿਆ ਵੇਖ ਸਰਦਾਰਾ ਹਾਲ ਦੁਹਾਈ ਪਾਉਣ ਲੱਗਾ ਜਿਸ ਨਾਲ ਪਿੰਡ ਦੇ ਲੋਕ ਭੱਜੇ ਆਏ। ਦਾਰੇ ਨੇ ਉੱਚੀ ਆਵਾਜ਼ 'ਚ ਕਿਹਾ, "ਅੱਜ ਜੇ ਕੋਈ ਸਾਡੇ ਵਿਚਕਾਰ ਆਇਆ ਤਾਂ ਉਹ ਵੀ ਸਾਡਾ ਦੁਸ਼ਮਣ ਹੋਵੇਗਾ, ਅਸੀਂ ਉਹਨੂੰ ਵੀ ਨਹੀਂ ਛੱਡਾਂਗੇ।" ਡਰ ਦੇ ਮਾਰੇ ਪੇਂਡੂ ਕੋਠਿਆਂ 'ਤੇ ਖੜ੍ਹੇ ਸ਼ਰੀਕਾਂ ਦੀ ਲੜਾਈ ਵੇਖਣ ਲੱਗੇ।

ਸੱਤ ਫੁੱਟਾ ਦਾਰਾ ਕੁਹਾੜੀ ਲੈ ਕੇ ਛੱਪੜ 'ਚ ਵੜਿਆ ਤੇ ਉਹਨੇ ਸਰਦਾਰੇ ਨੂੰ ਧੌਣੋਂ ਜਾ ਫੜਿਆ। ਉਪ੍ਰੋਥਲੀ ਵਾਰ ਕਰਨ ਨਾਲ ਸਿਰ 'ਚੋਂ ਲਹੂ ਦੀਆਂ ਧਾਰਾਂ ਫੁੱਟ ਤੁਰੀਆਂ ਜਿਨ੍ਹਾਂ ਨਾਲ ਛੱਪੜ ਦਾ ਪਾਣੀ ਲਾਲ ਹੋਣਾ ਸ਼ੁਰੂ ਹੋ ਗਿਆ। ਆਖ਼ਰ ਸਰਦਾਰਾ ਤੜਫ ਕੇ ਮਰਿਆ ਤਾਂ ਦਾਰੇ ਨੇ ਪੈਰਾਂ ਨਾਲ ਹੀ ਉਸ ਨੂੰ ਛੱਪੜ ਦੀ ਗਾਰ ਵਿਚ ਦੱਬ ਦਿੱਤਾ।

ਪੁਲਿਸ ਪਾਰਟੀ ਦੇ ਦੁਲਚੀਪੁਰ ਪਹੁੰਚਣ ਤੋਂ ਪਹਿਲਾਂ ਹੀ ਨਿਰੰਜਣ ਸਿੰਘ ਤੇ ਅਨੋਖ ਸਿੰਘ ਧਰਮੂਚੱਕ ਨੂੰ ਪੱਤਰਾ ਵਾਚ ਗਏ। ਦਾਰੇ ਤੇ ਇੰਦਰ ਨੂੰ ਪੁਲਿਸ ਨੇ ਘਰੋਂ ਆ ਫੜਿਆ। ਮੁਕੱਦਮਾ ਅੰਮ੍ਰਿਤਸਰ ਅਦਾਲਤ 'ਚ ਚੱਲਿਆ ਜਿਸ ਦਾ ਫੈਸਲਾ ਐਡੀਸ਼ਨਲ ਸੈਸ਼ਨ ਜੱਜ ਗੁਰਦਿਆਲ ਸਿੰਘ ਨੇ ਸੁਣਾਇਆ। 19 ਅਕਤੂਬਰ 1950 ਨੂੰ ਹੋਏ ਕਤਲ ਦੀ ਸਜ਼ਾ 26 ਮਾਰਚ 1951 ਨੂੰ ਸੁਣਾਈ ਗਈ। ਦਾਰੇ ਨੂੰ ਫਾਂਸੀ ਤੇ ਇੰਦਰ ਨੂੰ ਉਮਰ ਕੈਦ ਬੋਲੀ। ਦਾਰੇ ਰੰਧਾਵੇ ਦਾ ਚਾਚਾ ਨਿਰੰਜਣ ਸਿੰਘ ਤੇ ਅਨੋਖ ਸਿੰਘ ਸ਼ੱਕ ਦੀ ਬਿਨਾ 'ਤੇ ਬਰੀ ਕਰ ਦਿੱਤੇ।

ਦਾਰੇ ਨੂੰ ਪਹਿਲਾਂ ਅੰਮ੍ਰਿਤਸਰ ਤੇ ਫਿਰ ਫਿਰੋਜ਼ਪੁਰ ਜੇਲ੍ਹ ਦੀ ਕਾਲ ਕੋਠੜੀ ਵਿਚ ਡੱਕ ਦਿੱਤਾ ਗਿਆ। ਫਾਂਸੀ ਦੀ ਕੋਠੜੀ 'ਚ ਉਹਦਾ ਲੰਮਾ ਕੱਦ ਨਹੀਂ ਸੀ ਮਿਉਂਦਾ। ਪਰ ਫਸੀ ਨੂੰ ਫਟਕਣ ਕੀ? ਦਾਰੇ ਹੋਰਾਂ ਦੇ ਮੁਕੱਦਮੇ ਦੀ ਪੈਰਵੀ ਉਹਨਾਂ ਦੀ ਭੈਣ ਪਰਸਿੰਨ ਕੌਰ ਕਰ ਰਹੀ ਸੀ। ਵਕੀਲ ਨੇ ਹਾਈ ਕੋਰਟ ਵਿਚ ਅਪੀਲ ਕਰਵਾ ਦਿੱਤੀ ਜਿਸ ਕਰਕੇ ਫੈਸਲਾ ਹੋਣ ਤਕ ਫਾਂਸੀ ਰੁਕੀ ਰਹੀ। ਹਾਈ ਕੋਰਟ ਵਿਚ ਕੀਤੀਆਂ ਦੋ ਵਾਰ ਦੀਆਂ ਅਪੀਲਾਂ ਮਗਰੋਂ ਵੀ ਫਾਂਸੀ ਦੀ ਸਜ਼ਾ ਬਰਕਰਾਰ ਰਹੀ। ਫਿਰ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਗਈ ਜਿਸ ਨਾਲ ਫਾਂਸੀ ਟੁੱਟ ਕੇ ਦਾਰੇ ਦੀ ਸਜ਼ਾ ਵੀਹ ਸਾਲ ਦੀ ਕੈਦ ਵਿਚ ਬਦਲ ਗਈ।

ਫਿਰੋਜ਼ਪੁਰ ਜੇਲ੍ਹ ਵਿਚ ਇਕੋ ਪੜਦਾਦੇ ਦੀ ਔਲਾਦ ਸਜ਼ਾ ਭੁਗਤਣ ਲੱਗੀ। ਦੋ ਦਾਰੇ ਹੋਰੀਂ ਤੇ ਦੋ ਉਨ੍ਹਾਂ ਦੇ ਸ਼ਰੀਕ ਭਰਾ। ਚਾਰੇ ਉਮਰ ਕੈਦੀ। ਦਲੀਪ ਦੇ ਕਤਲ ਕਾਰਨ ਬਾਵਾ ਤੇ ਨਰੈਣ ਅੰਦਰ ਸਨ, ਸਰਦਾਰੇ ਦੇ ਕਤਲ ਕਾਰਨ ਦਾਰਾ ਤੇ ਇੰਦਰ। ਰਿਸ਼ਤੇਦਾਰ ਚੌਹਾਂ ਕੈਦੀਆਂ ਨੂੰ ਮਿਲ ਕੇ ਜਾਂਦੇ। ਜੇਲ੍ਹ 'ਚ ਸਜ਼ਾ ਭੁਗਤਦੇ ਉਹ ਆਪ ਵੀ ਕਦੇ ਕਦੇ ਮਿਲ ਪੈਂਦੇ ਤੇ ਆਪਣੇ ਕੀਤੇ ਉਤੇ ਪਛਤਾਉਂਦੇ। ਅਖ਼ੀਰ ਜੇਲ੍ਹ ਵਿਚ ਹੀ ਉਨ੍ਹਾਂ ਦਾ ਰਾਜ਼ੀਨਾਵਾਂ ਹੋ ਗਿਆ। 1957 ਵਿਚ ਦਾਰੇ ਦੀ ਰਿਹਾਈ ਹੋ ਗਈ। ਫਿਰ ਉਸ ਨੇ ਕੁਝ ਸਾਲ ਕੁਸ਼ਤੀਆਂ ਕੀਤੀਆਂ ਅਤੇ ਦੋ ਫਿਲਮਾਂ 'ਸੈਮਸਨ ਤੇ 'ਖ਼ੂਨ ਕਾ ਬਦਲਾ ਖ਼ੂਨ ਵਿਚ ਕੰਮ ਕੀਤਾ। ਆਖ਼ਰ ਪਿੰਡ ਪਰਤ ਕੇ ਸਰਪੰਚ ਬਣ ਗਿਆ ਤੇ ਦੂਜਾ ਵਿਆਹ ਕਰਵਾ ਲਿਆ।

ਦਾਰੇ ਦਾ ਆਖ਼ਰੀ ਸਮਾਂ ਬੜਾ ਭੈੜਾ ਬੀਤਿਆ। ਉਹ ਬਲੱਡ ਪ੍ਰੈਸ਼ਰ, ਸ਼ੂਗਰ ਤੇ ਜੋੜਾਂ ਦੇ ਦਰਦ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਸੀ। ਪੈਰਾਂ ਦੇ ਅੰਗੂਠੇ ਕੱਟੇ ਗਏ ਸਨ ਤੇ ਚੂਲਾ ਟੁੱਟ ਗਿਆ ਸੀ। ਤਦ ਮਰਨਾਊ ਪਏ ਰੁਸਤਮੇ ਜ਼ਮਾਂ ਨੂੰ ਮਿਲਣ ਗਿਲਣ ਵੀ ਕੋਈ ਘੱਟ ਹੀ ਆਉਂਦਾ ਸੀ। ਉਹਦਾ ਜੁੱਸਾ 135 ਕਿਲੋ ਤੋਂ ਘਟ ਕੇ 70 ਕਿਲੋ ਦਾ ਰਹਿ ਗਿਆ ਸੀ ਤੇ ਉਹ 70ਵੇਂ ਸਾਲ ਦੀ ਉਮਰ 'ਚ ਗੁਜ਼ਰ ਗਿਆ। ਪਿੱਛੇ ਉਹਦੇ ਦੋ ਪੋਤਰੇ ਹਨ ਜੋ ਪਿੰਡੋਂ ਬਾਹਰ ਢਾਣੀ 'ਚ ਰਹਿੰਦੇ ਹਨ। ਇਕ ਵਿਆਹੀ ਵਰੀ ਪੜਪੋਤੀ ਹੈ ਤੇ ਇਕ ਪੋਤਰਾ ਜੋ ਟੋਰਾਂਟੋ 'ਚ ਡਰਾਈਵਿੰਗ ਕਰ ਰਿਹੈ।

*principalsarwansingh@gmail.com*

# ਆਪਣੇ ਆਪ 'ਤੇ ਰੱਖੋ ਭਰੋਸਾ

ਹਰਦੀਪ ਕੌਰ ਨਾਜ਼
ਅਰਬਨ ਅਸਟੇਟ, ਫਗਵਾੜਾ



ਕਹਿੰਦੇ ਨੇ ਇੱਕ ਵਾਰ ਇੱਕ ਮੰਚ ਤੋਂ ਕਿਸੇ ਪ੍ਰਸਿੱਧ ਵਕਤਾ ਨੇ ਆਪਣੇ ਹੱਥ ਵਿੱਚ ਦੋ ਹਜ਼ਾਰ ਰੁਪਏ ਦੇ ਨਵੇਂ ਨੋਟ ਨੂੰ ਆਪਣੇ ਹੱਥ ਵਿੱਚ ਹਿਲਾਉਂਦਿਆਂ ਹਾਜ਼ਰ ਦਰਸ਼ਕਾਂ ਨੂੰ ਪੁੱਛਿਆ ਕਿ, 'ਤੁਹਾਡੇ ਵਿੱਚੋਂ ਕੌਣ ਹੈ ਜੋ ਇਸ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ?' ਤਾਂ ਸਭ ਨੇ ਆਪਣੇ ਹੱਥ ਖੜੇ ਕਰ ਲਏ। ਫਿਰ ਉਸ ਵਕਤਾ ਨੇ ਉਸ ਨੋਟ ਨੂੰ ਆਪਣੇ ਦੋਵਾਂ ਹੱਥਾਂ ਨਾਲ ਗੁੱਛਾ-ਮੁੱਛਾ ਕੀਤਾ, ਚੰਗੀ ਤਰ੍ਹਾਂ ਮਰੋੜਿਆ ਤਾਂ ਉਹ ਨੋਟ ਕੜਕਵੀਂ ਹਾਲਤ ਤੋਂ ਵੱਟੋ-ਵੱਟ ਜਿਹਾ ਹੋ ਗਿਆ। ਹੁਣ ਉਸਨੇ ਦੁਬਾਰਾ ਉਹ ਨੋਟ ਦਰਸ਼ਕਾਂ ਨੂੰ ਦਿਖਾਉਂਦੇ ਹੋਏ ਪੁੱਛਿਆ ਕਿ ਹੁਣ ਦੱਸੋ ਤੁਹਾਡੇ ਵਿੱਚ ਕੌਣ ਹੈ ਜੋ ਇਸ ਨੋਟ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ? ਤਾਂ ਦੁਬਾਰਾ ਵੀ ਸਭ ਦਰਸ਼ਕਾਂ ਨੇ ਹੱਥ ਖੜੇ ਕਰ ਲਏ। ਤੀਜੀ ਵਾਰ ਉਸਨੇ ਨੋਟ ਨੂੰ ਜ਼ਮੀਨ 'ਤੇ ਸੁੱਟਿਆ ਅਤੇ ਪੈਰਾਂ ਹੇਠ ਲਿਤਾੜ ਕੇ ਉਸਦੀ ਹਾਲਤ ਪਹਿਲਾਂ ਨਾਲੋਂ ਵੀ ਖ਼ਰਾਬ ਕਰ ਦਿੱਤੀ ਅਤੇ ਮੁੜ ਆਪਣਾ ਸਵਾਲ ਦੁਹਰਾਇਆ ਤਾਂ ਵੀ ਸਭ ਦਰਸ਼ਕਾਂ ਨੇ ਆਪਣੇ ਹੱਥ ਖੜੇ ਕਰ ਲਏ। ਜਦਕਿ ਹੁਣ ਨੋਟ ਗੰਦਾ ਵੀ ਹੋ ਚੁੱਕਿਆ ਸੀ ਤਾਂ ਨੋਟ ਵਿੱਚ ਪਏ ਵੱਟਾਂ ਨੂੰ ਹੱਥ ਨਾਲ ਕੱਢਦਿਆ ਅਤੇ ਸਾਫ਼ ਕਰਦਿਆਂ ਉਹ ਵਿਅਕਤੀ ਕਹਿਣ ਲੱਗਾ, ਤੁਸੀਂ ਇਸ ਨੂੰ ਇਸ ਹਾਲਤ ਵਿੱਚ ਵੀ ਪ੍ਰਾਪਤ ਕਰਨਾ ਚਾਹੁੰਦੇ ਹੋ ਕਿਉਂਕਿ ਤੁਹਾਨੂੰ ਪਤਾ ਹੈ ਕਿ ਲੱਖ ਮਰੋੜਨ ਜਾਂ ਮੈਲਾ ਹੋਣ ਦੇ ਬਾਵਜੂਦ ਵੀ ਇਸਦੀ ਜੋ ਕੀਮਤ ਹੈ, ਉਸ ਨੂੰ ਕੋਈ ਫ਼ਰਕ ਨਹੀਂ ਪਿਆ। ਹੁਣ ਵੀ ਇਸ ਦੀ ਕੀਮਤ ਦੋ ਹਜ਼ਾਰ ਰੁਪਏ ਹੀ ਹੈ। ਤਾਂ ਯਾਦ ਰੱਖੋ ਇਸੇ ਤਰ੍ਹਾਂ ਸਾਡੀ ਜ਼ਿੰਦਗੀ ਵੀ ਸਾਨੂੰ ਇਸੇ ਤਰ੍ਹਾਂ ਮਰੋੜਦੀ ਹੈ ਅਤੇ ਕਈ ਕਿਸਮ ਦੀਆਂ ਪ੍ਰੇਸ਼ਾਨੀਆਂ/ਸਮੱਸਿਆਵਾਂ ਨਾਲ ਸਾਨੂੰ ਤੰਗ ਕਰਦੀ ਹੈ ਅਤੇ ਕੁਝ ਲੋਕ ਇਹਨਾਂ ਪ੍ਰੇਸ਼ਾਨੀਆਂ ਜਾਂ ਦੁੱਖਾਂ ਵਿੱਚੋਂ ਲੰਘਦੇ ਹੋਏ ਆਪਣੀ ਕੀਮਤ ਘੱਟ ਮੰਨਣ ਲੱਗ ਜਾਂਦੇ ਹਨ, ਜੋ ਕਿ ਸਹੀ ਨਹੀਂ ਹੈ।



ਜ਼ਿੰਦਗੀ ਦੇ ਸਫ਼ਰ ਵਿੱਚ ਸਾਡੇ ਨਾਲ ਕੀ ਵਾਪਰ ਰਿਹਾ ਹੈ ਕਿਵੇਂ ਵਾਪਰ ਰਿਹਾ ਹੈ ਜਾਂ ਸਾਡੀ ਮੰਜ਼ਲ ਦੇ ਰਸਤੇ ਵਿੱਚ ਕਿਹੜੀਆਂ ਸਮੱਸਿਆਵਾਂ ਹਨ ਇਹ ਸੋਚ ਕੇ ਸਾਨੂੰ ਇਹ ਨਹੀਂ ਮੰਨਣਾ ਚਾਹੀਦਾ ਕਿ ਸਾਡੀ ਕੀਮਤ ਘੱਟ ਗਈ ਹੈ ਜਾਂ ਸਾਡੀ ਕਿਸਮਤ ਖ਼ਰਾਬ ਹੈ, ਬਲਕਿ ਆਪਣੀ ਕੀਮਤ ਨੂੰ ਸਮਝਦੇ ਹੋਏ ਹਮੇਸ਼ਾਂ ਲਗਨ, ਦ੍ਰਿੜਤਾ ਅਤੇ ਲਗਨ ਨਾਲ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ ਤਾਂ ਦੇਖਿਓ ਇੱਕ ਦਿਨ ਤੁਸੀਂ ਜ਼ਰੂਰ ਕਾਮਯਾਬ ਹੋਵੋਗੇ ਅਤੇ ਲੋਕ ਤੁਹਾਡੇ ਕੰਮ ਜਾਂ ਤੁਹਾਡੀ ਪ੍ਰਾਪਤੀ ਦੀ ਕੀਮਤ ਨੂੰ ਸਮਝ ਸਕਣਗੇ। ਇਸ ਲਈ ਜ਼ਰੂਰੀ ਹੈ ਕਿ ਆਪਣੇ ਆਪ 'ਤੇ ਪੂਰਨ ਭਰੋਸਾ ਰੱਖੋ ਅਤੇ ਆਪਣੇ ਆਪ ਨੂੰ ਕਿਸੇ ਵੀ ਹਾਲਤ ਵਿੱਚ ਕਿਸੇ ਤੋਂ ਘੱਟ ਨਾ ਸਮਝੋ। ਕਿਉਂਕਿ ਜੇਕਰ ਤੁਹਾਡਾ ਭਰੋਸਾ ਹੀ ਡੋਲ ਗਿਆ ਤਾਂ ਤੁਸੀਂ ਯਕੀਨਨ ਆਪਣੇ ਆਪ ਨੂੰ ਕਮਜ਼ੋਰ ਸਮਝਣ ਲੱਗ ਪਵੋਗੇ ਜਿਸ ਨਾਲ ਤੁਹਾਡੇ ਵਿੱਚ ਹੀਣ-ਭਾਵਨਾ ਪੈਦਾ ਹੋਵੇਗੀ ਅਤੇ ਹੀਣ-ਭਾਵਨਾ ਜਾਂ ਨਿਰਾਸ਼ਤਾ ਹਮੇਸ਼ਾਂ ਤੁਹਾਨੂੰ ਅੱਗੇ ਵੱਧਣ ਤੋਂ ਰੋਕੇਗੀ।

ਪਰ ਜੇਕਰ ਤੁਹਾਨੂੰ ਆਪਣੇ ਉਤੇ ਪੂਰਨ ਭਰੋਸਾ ਹੋਵੇਗਾ ਤਾਂ ਤੁਸੀਂ ਆਪਣੇ ਲਈ ਫੈਸਲਿਆਂ 'ਤੇ ਸ਼ੱਕ/ਸੰਦੇਹ ਕਰਨ ਦੀ ਥਾਂ ਆਪਣੇ ਫ਼ੈਸਲੇ ਨੂੰ ਸਹੀ ਸਾਬਤ ਕਰਨ ਲਈ ਯਤਨ ਕਰੋਗੇ ਤਾਂ ਜ਼ਰੂਰ ਕਾਮਯਾਬ ਹੋ ਜਾਵੋਗੇ। ਸਵੈ-ਵਿਸ਼ਵਾਸ, ਸਵੈ-ਮਾਣ ਵਿੱਚ ਵਾਧਾ ਕਰਦਾ ਹੈ ਅਤੇ ਸਵੈ-ਮਾਣ ਹਮੇਸ਼ਾਂ ਤੁਹਾਨੂੰ ਚੰਗਾ ਅਤੇ ਵਧੀਆ ਕਰਨ ਲਈ ਪ੍ਰੇਰਦਾ ਹੈ। ਜਿਸ ਕਿਸੇ ਕਾਰਜ ਤੋਂ ਡਰ ਲੱਗਦਾ ਹੋਵੇ ਉਸਨੂੰ ਚੁਣੌਤੀ ਵਜੋਂ ਸਵਿਕਾਰ ਕਰੋ। ਆਪਣੇ ਆਪ ਦੀ ਤੁਲਨਾ ਕਿਸੇ ਨਾਲ ਨਾ ਕਰੋ। ਸਗੋਂ ਇਹ ਯਾਦ ਰੱਖੋ ਕਿ ਤੁਹਾਡੇ ਅੰਦਰ ਵੀ ਰੱਬਤਾ ਮੌਜੂਦ ਹੈ, ਸਹੀ ਸੋਚ ਅਤੇ ਚੰਗੇਰੇ ਕਾਰਜਾਂ ਲਈ ਉਹ ਵੀ ਤੁਹਾਡੀ ਮੱਦਦ ਕਰੇਗੀ, ਜੇਕਰ ਤੁਸੀਂ ਸਹੀ ਦਿਸ਼ਾ ਵੱਲ ਚੱਲਦੇ ਰਹੋਗੇ ਭਾਵੇਂ ਰਾਹ ਵਿੱਚ ਔਕੜਾਂ ਕਿੰਨੀਆਂ ਵੀ ਕਿਉਂ ਨਾ ਹੋਣ।

ਸੋ! ਆਓ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਸਵੈ-ਭਰੋਸੇ ਨਾਲ ਅੱਗੇ ਵਧੀਏ ਅਤੇ ਕਾਮਯਾਬ ਹੋਈਏ। ਇੱਕ ਚੰਗਾ ਅਤੇ ਨਰੋਆ ਸਮਾਜ ਸਿਰਜਣ ਵਿੱਚ ਮਦਦਗਾਰ ਬਣੀਏ।